ਪੀਲ਼ੇ ਦੈਂਤ ਦਾ ਸ਼ਹਿਰ

ਅਮਰੀਕਾ ਬਾਰੇ ਪੈਂਫਲਿਟ,
ਲੇਖ ਅਤੇ ਚਿੱਠੀਆਂ



ਮੈਕਸਿਮ ਗੋਰਕੀ

ਮੈਕਸਿਮ ਗੋਰਕੀ

ਪੀਲ਼ੇ ਦੈਂਤ ਦਾ ਸ਼ਹਿਰ

ਅਮਰੀਕਾ ਬਾਰੇ ਪੈਂਫਲਿਟ,
ਲੇਖ ਅਤੇ ਚਿੱਠੀਆਂ

ਦਸਤਕ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ, ਪਰਿਕਲਪਨਾ ਪ੍ਰਕਾਸ਼ਨ - ਲਖਨਊ)

ਪੀਲ਼ੇ ਦੈਂਤ
ਦਾ
ਸ਼ਹਿਰ

ਪਹਿਲੀ ਵਾਰ : ਅਕਤੂਬਰ 2012

ਪ੍ਰਕਾਸ਼ਕ : **ਦਸਤਕ ਪ੍ਰਕਾਸ਼ਨ,**
ਸ਼ਹੀਦ ਭਗਤ ਸਿੰਘ ਭਵਨ, ਸ਼ੀਲੋ ਆਣੀ ਰੋਡ, ਰਾਏਕੋਟ, ਜ਼ਿਲ੍ਹਾ-ਲੁਧਿਆਣਾ 141109
ਫੋਨ ਨੰ. 098155-87807. ਈਮੇਲ : janchetnapb@gmail.com
(ਪੰਜਾਬੀ ਵਿਭਾਗ, ਪਰਿਕਲਪਨਾ ਪ੍ਰਕਾਸ਼ਨ-ਲਖਨਊ)
69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ, ਨਿਸ਼ਾਤਗੰਜ, ਲਖਨਊ-226006

ਛਾਪਕ : ਬ੍ਰਾਈਟ ਪ੍ਰਿੰਟਰਜ਼, ਲਕਸ਼ਮੀਪੁਰਾ, ਨੇੜੇ ਪੂਰੀ ਮਾਰਕਿਟ, ਜਲੰਧਰ


THE CITY OF THE YELLOW DEVIL
by **MAXIM GORKY**

ਪੀਲ਼ੇ ਦੈਂਤ ਦਾ ਸ਼ਹਿਰ, ਜਿਵੇਂ ਕਿ ਗੋਰਕੀ ਨੇ ਆਖਿਆ ਸੀ, ਸਾਮਰਾਜੀ ਅਮਰੀਕਾ ਦਾ ਚਿੰਨ੍ਹ ਹੈ।

"ਇਹੋ ਜਿਹਾ ਡਰਾਉਣਾ ਤੇ ਅਨੋਖਾ ਸ਼ਹਿਰ ਮੈਂ ਪਹਿਲਾਂ ਕਦੇ ਨਹੀਂ ਵੇਖਿਆ", ਉਸ ਨੇ ਲਿਖਿਆ ਸੀ, "ਅਤੇ ਕਦੇ ਵੀ ਲੋਕ ਇਤਨੇ ਤੁੱਛ ਤੇ ਇਤਨੇ ਗੁਲਾਮ ਹੋਏ ਜੀਵ ਨਹੀਂ ਸਨ ਵੇਖੇ।"

ਇਸ ਸੰਗ੍ਰਹਿ ਵਿੱਚ ਗੋਰਕੀ ਦੇ ਬਹੁਤ ਪ੍ਰਸਿੱਧ ਅਖ਼ਬਾਰਾਂ ਲਈ ਵਿਸ਼ੇਸ਼ ਲੇਖ, ਪੈਂਫਲਿਟ, ਨਿਬੰਧ ਅਤੇ ਚਿੱਠੀਆਂ ਸ਼ਾਮਲ ਹਨ ਜੋ ਉਸ ਨੇ 1906 ਵਿੱਚ ਅਮਰੀਕਾ ਵਿੱਚ ਆਪਣੇ ਕਿਆਮ ਦੇ ਦੌਰਾਨ ਲਿਖੇ ਸਨ।

ਇਹਨਾਂ ਲਿਖਤਾਂ ਵਿੱਚ ਗੋਰਕੀ ਅਮਰੀਕਾ ਦਾ ਸਾਮਰਾਜੀ ਚਿਹਰਾ, ਬੁਰਜੂਆ ਜਮਹੂਰੀਅਤ ਦਾ ਦੰਭ ਅਤੇ ਕਿਰਤੀ ਲੋਕਾਂ ਬਾਰੇ ਆਪਣੀਆਂ ਭਾਵਨਾਵਾਂ ਦਰਸਾਉਂਦਾ ਹੈ ਜਿਹੜੇ ਕਿਰਤੀ ਲੋਕ "ਇੱਕ ਨਵਾਂ ਜੀਵਨ, ਇੱਕ ਭਰਾਤਰੀ ਜੀਵਨ, ਇੱਕ ਅਜਿਹਾ ਜੀਵਨ ਜੋ ਵਿਵੇਕ ਤੇ ਗਿਆਨ ਅਨੁਸਾਰ ਚੱਲੇਗਾ — ਰਚਣ ਦੇ" ਕਾਬਲ ਹਨ।



ਮੈਕਸਿਮ ਗੋਰਕੀ

(29 ਮਾਰਚ 1868 - 18 ਜੂਨ 1936)

ਸੂਚੀ

ਅਮਰੀਕਾ ਵਿੱਚ

ਪੀਲ਼ੇ ਦੈਂਤ ਦਾ ਸ਼ਹਿਰ

...ਧੂੰਏਂ ਨਾਲ਼ ਰੱਲ਼ਗਡ ਹੋਈ ਧੁੰਦ ਧਰਤੀ ਤੇ ਸਾਗਰ ਉੱਤੇ ਛਾਈ ਹੋਈ ਹੈ ਅਤੇ ਸ਼ਹਿਰ ਦੀਆਂ ਹਨ੍ਹੇਰੀਆਂ ਇਮਾਰਤਾਂ ਤੇ ਸਾਗਰ ਕੰਢੇ ਚਿਕੜੀਲੇ ਪਾਣੀਆਂ ਵਿੱਚ ਮੀਂਹ ਦੀਆਂ ਕਣੀਆਂ ਸਹਿਜੇ ਸਹਿਜੇ ਡਿੱਗ ਰਹੀਆਂ ਹਨ।

ਜਹਾਜ਼ ਦੇ ਇੱਕ ਪਾਸੇ ਪਰਵਾਸੀ ਇਕੱਠੇ ਹੁੰਦੇ ਅਤੇ ਉਹ ਆਸਵੰਦ ਤੇ ਸ਼ੱਕੀ, ਸਹਿਮੀਆਂ ਤੇ ਖੁਸ਼ ਜਿਗਿਆਸੂ ਨਜ਼ਰਾਂ ਨਾਲ਼ ਆਪਣੇ ਆਸੇ ਪਾਸੇ ਅਬੋਲ ਝਾਕਦੇ ਹਨ।

"ਉਹ ਕੀ ਹੈ ?" ਪੋਲੈਂਡ ਦੀ ਇੱਕ ਕੁੜੀ, ਅਜ਼ਾਦੀ ਦੇ ਬੁੱਤ ਵੱਲ ਹੈਰਾਨੀ ਨਾਲ਼ ਝਾਕਦੀ ਹੋਈ ਬੜੀ ਹਲੀਮੀ ਨਾਲ਼ ਪੁੱਛਦੀ ਹੈ।

"ਅਮਰੀਕੀ ਦੇਵੀ", ਕੋਈ ਇੱਕ ਉੱਤਰ ਦੇਂਦਾ ਹੈ।

ਤਾਂਬੇ ਦੀ ਬਣੀ ਔਰਤ ਦਾ ਭਾਰੀ ਅਕਾਰ ਸਿਰ ਤੋਂ ਲੈ ਕੇ ਪੈਰਾਂ ਤੱਕ ਜੰਗਾਲ ਨਾਲ਼ ਕੱਜਿਆ ਹੋਇਆ ਹੈ। ਬੇਹਿਸ ਚਿਹਰਾ, ਅੰਨ੍ਹੀਆਂ ਨਜ਼ਰਾਂ ਧੁੰਦ ਵਿੱਚੋਂ ਸਾਗਰ ਦੇ ਬਰੇਤੇ ਵੱਲ ਝਾਕਦੀਆਂ ਹਨ। ਜਿਵੇਂ ਤਾਂਬੇ ਦਾ ਬੁੱਤ ਸੂਰਜ ਦੀ ਉਡੀਕ ਕਰ ਰਿਹਾ ਹੋਵੇ ਤਾਂ ਜੋ ਉਸ ਦੀਆਂ ਬੇਨੂਰ ਅੱਖਾਂ ਵਿੱਚ ਨਜ਼ਰ ਪਰਤ ਆਵੇ। ਅਜ਼ਾਦੀ ਦੀ ਦੇਵੀ ਦੇ ਪੈਰਾਂ ਹੇਠ ਬਹੁਤ ਥੋੜ੍ਹੀ ਥਾਂ ਹੈ, ਇੰਝ ਜਾਪਦਾ ਹੈ ਜਿਵੇਂ ਉਹ ਸਾਗਰ ਦੀਆਂ ਪਥਰਾਈਆਂ ਲਹਿਰਾਂ ਦੇ ਥੜ੍ਹੇ 'ਤੇ ਖਲ੍ਹੋਤੀ ਹੋਵੇ। ਸਾਗਰ ਤੇ ਜਹਾਜ਼ਾਂ ਦੇ ਮਸਤੂਲਾਂ ਉੱਤੇ ਪਸਰੀ ਉਸ ਦੀ ਬਾਂਹ ਉਸ ਦੀ ਦਿੱਖ ਨੂੰ ਇੱਕ ਮਾਣਮੱਤੀ ਸ਼ਾਨ ਤੇ ਸੁੰਦਰਤਾ ਪ੍ਰਦਾਨ ਕਰਦੀ ਹੈ। ਮਿਸ਼ਾਲ ਉਸ ਦੇ ਹੱਥ ਵਿੱਚ ਇਤਨੀ ਮਜ਼ਬੂਤੀ ਨਾਲ਼ ਪਕੜੀ ਹੋਈ ਹੈ, ਇੰਝ ਜਾਪਦਾ ਹੈ ਜਿਵੇਂ ਹੁਣੇ ਬਲ਼ ਉੱਠੇਗੀ, ਉਸ ਦੀ ਰੌਸ਼ਨ ਲਾਟ ਭੂਰੇ ਧੂੰਏਂ ਨੂੰ ਦੂਰ ਕਰ ਦੇਵੇਗੀ ਅਤੇ ਆਪਣੇ ਆਲ਼ੇ ਦੁਆਲ਼ੇ ਨੂੰ ਤੀਬਰ ਤੇ ਖੁਸ਼ੀਆਂ ਭਰਪੂਰ ਚਾਨਣ ਵਿੱਚ ਡੋਬ ਦੇਵੇਗੀ।

ਅਤੇ ਧਰਤੀ ਦੀ ਉਸ ਅਣਗੌਲੀ ਕਾਤਰ ਦੇ ਆਲ਼ੇ ਦੁਆਲ਼ੇ, ਜਿਸ ਉੱਤੇ ਉਹ ਖਲ੍ਹੋਤੀ ਹੈ, ਇਤਿਹਾਸੋਂ ਪਹਿਲਾਂ ਦੇ ਦਾਨਵਾਂ ਵਾਂਗ ਲੋਹੇ ਦੇ ਭਾਰੀ ਬੇੜੇ ਰੀਂਗ ਰਹੇ ਹਨ ਅਤੇ ਨਿੱਕਚੂ ਸੈਲਾਨੀ ਬੇੜੀਆਂ ਭੁੱਖੇ ਸ਼ਿਕਾਰੀ ਜਾਨਵਰਾਂ ਵਾਂਗ ਏਧਰ ਓਧਰ ਦੌੜ ਰਹੀਆਂ ਹਨ। ਘੁਗੂ ਹਵਾਂਕਦੇ ਹਨ, ਰੋਹ ਭਰੀਆਂ ਸੀਟੀਆਂ ਚੀਕਦੀਆਂ ਹਨ, ਲੰਗਰਾਂ ਦੇ ਸੰਗਲ ਖੜਕਦੇ ਹਨ ਅਤੇ ਸਾਗਰ ਦੀਆਂ ਲਹਿਰਾਂ ਬੇਦਰਦੀ ਨਾਲ਼ ਕੰਢੇ ਨਾਲ਼ ਟਕਰਾ ਰਹੀਆਂ ਹਨ।

ਹਰ ਸ਼ੈਅ ਦੌੜ ਰਹੀ ਹੈ, ਕਾਹਲੀ ਵਿੱਚ ਹੈ, ਤੀਬਰਤਾ ਨਾਲ਼ ਥਰਥਰਾ ਰਹੀ ਹੈ। ਸਟੀਮਰਾਂ

ਦੇ ਚੱਪੂ ਤੇਜ਼ੀ ਨਾਲ਼ ਪਾਣੀ ਨੂੰ ਰਿੜਕ ਰਹੇ ਹਨ, ਜੋ ਪੀਲ਼ੀ ਝੱਗ ਨਾਲ਼ ਕੱਜਿਆ ਹੋਇਆ ਹੈ ਅਤੇ ਉਸ ਨੂੰ ਝੁਰੜੀਆਂ ਦੀਆਂ ਸਿਉਣਾਂ ਵੱਜੀਆਂ ਹੋਈਆਂ ਹਨ।

ਅਤੇ ਹਰ ਸ਼ੈਅ — ਲੋਹਾ, ਪੱਥਰ, ਪਾਣੀ ਤੇ ਲੱਕੜ — ਉਸ ਜੀਵਨ ਦੇ ਵਿਰੁੱਧ ਰੋਸ ਪ੍ਰਗਟ ਕਰਦੀ ਜਾਪਦੀ ਹੈ, ਜਿਸ ਵਿੱਚ ਨਾ ਤਾਂ ਸੂਰਜ ਦੀ ਰੌਸ਼ਨੀ ਹੈ, ਨਾ ਗੀਤ ਹਨ ਤੇ ਨਾ ਹੀ ਖੁਸ਼ੀ ਅਤੇ ਜੋ ਥਕਾ ਦੇਣ ਵਾਲ਼ੀ ਕਰੜੀ ਮਿਹਨਤ ਦਾ ਕੈਦੀ ਹੈ। ਹਰ ਸ਼ੈਅ ਜੋ ਕਿਸੇ ਮਨੁੱਖ ਦੋਖੀ ਗੁੱਝੀ ਸ਼ਕਤੀ ਦੀ ਅਣਚਾਹੀ ਆਗਿਆ ਵਿੱਚ ਹੈ ਕਰਾਹ ਰਹੀ ਹੈ, ਹੁਆਂਕ ਰਹੀ ਹੈ, ਦੰਦੀਆਂ ਪੀਹ ਰਹੀ ਹੈ। ਪਾਣੀਆਂ ਦੇ ਵਿਸ਼ਾਲ ਸੀਨੇ ਉੱਤੇ, ਜਿਸ ਉਤੇ ਲੋਹੇ ਦਾ ਹੱਲ ਵਗਿਆ ਹੋਇਆ ਹੈ ਤੇ ਲੰਗਾਰ ਪਏ ਹੋਏ ਹਨ, ਤੇਲ ਦੇ ਥਿੰਦੇ ਧੱਬੇ ਵਿਖਾਈ ਦੇਂਦੇ ਹਨ, ਲੱਕੜ ਦੇ ਛੌਡੇ ਤੇ ਮੁੰਨੇ ਹੋਏ ਵਾਲ਼ਾਂ ਦੇ ਗੁੱਛੇ, ਤੀਲੇ ਅਤੇ ਖੁਰਾਕ ਦੀ ਰਹਿੰਦ ਖੂੰਹਦ ਦੇ ਟੁਕੜੇ ਖਿਲਰੇ ਹੋਏ ਹਨ। ਇੱਕ ਬੇਰਹਿਮ ਤੇ ਵੈਲੀ ਤਾਕਤ ਅਦਿੱਖ ਤੌਰ ’ਤੇ ਕਾਰੇ ਲੱਗੀ ਹੋਈ ਹੈ। ਇਸ ਚਕਰਾ ਦੇਣ ਵਾਲ਼ੀ ਮਸ਼ੀਨ ਨੂੰ ਇਹ ਤਾਕਤ ਨਿਰਦਈ ਤੇ ਅਕਾਊ ਢੰਗ ਨਾਲ਼ ਚਲਾਉਂਦੀ ਹੈ। ਇਸ ਮਸ਼ੀਨ ਵਿੱਚ ਜਹਾਜ਼ ਤੇ ਗੋਦੀਆਂ ਕੇਵਲ ਛੋਟੇ ਛੋਟੇ ਹਿੱਸੇ ਪੁਰਜ਼ੇ ਹਨ ਅਤੇ ਮਨੁੱਖ ਇੱਕ ਤੁੱਛ ਜਿਹਾ ਪੇਚ ਹੈ, ਜੋ ਲੋਹੇ ਤੇ ਲੱਕੜ ਦੇ ਉੱਲਝੇ ਹੋਏ ਕੋਕੇ ਤੇ ਗੁੰਦੇ ਤਾਣੇ ਪੇਟੇ ਵਿਚਾਲੇ, ਸਟੀਮਰਾਂ, ਬੇੜੀਆਂ ਤੇ ਕਾਰਾਂ ਨਾਲ਼ ਲੱਦੇ ਬਜਰਿਆਂ ਦੇ ਸ਼ੋਰ ਸ਼ਰਾਬੇ ਵਿਚਾਲੇ ਇੱਕ ਅਦਿੱਖ ਨੁਕਤਾ ਹੈ।

ਬੌਂਦਲਿਆ, ਰੌਲ਼ੇ ਨਾਲ਼ ਬੋਲਾ ਹੋਇਆ, ਨਿਰਜੀਵ ਪਦਾਰਥ ਦੇ ਇਸ ਪਾਗਲ ਨਾਚ ਰਾਹੀਂ ਥੱਕਿਆ ਟੁੱਟਿਆ ਇਹ ਦੋ ਲੱਤਾਂ ਵਾਲ਼ਾ ਜੀਵ, ਸਿਰ ਤੋਂ ਪੈਰਾਂ ਤੱਕ ਧੁਆਂਖਿਆਂ ਤੇ ਥਿੰਦਾ ਥੰਦਾਰ, ਜਿਸ ਦੇ ਆਪਣੇ ਦੋਵੇਂ ਹੱਥ ਆਪਣੀਆਂ ਜੇਬ੍ਹਾਂ ਵਿੱਚ ਤੁੰਨ੍ਹੇ ਹੋਏ ਹਨ, ਖੋਚਰੀ ਨਜ਼ਰਾਂ ਨਾਲ਼ ਮੇਰੇ ਵੱਲ ਝਾਕ ਰਿਹਾ ਹੈ। ਇਸ ਦੇ ਚਿਹਰੇ ਉੱਤੇ ਥਿੰਧੀ ਧੂੜ ਦਾ ਇੱਕ ਲੇਪ ਚੜ੍ਹਿਆ ਹੋਇਆ ਹੈ, ਜਿਸ ਉੱਤੇ ਮਨੁੱਖੀ ਅੱਖਾਂ ਦੀ ਕਿਰਨ ਦੇ ਚਾਨਣ ਦੀ ਨਹੀਂ, ਸਗੋਂ ਚਿੱਟੇ ਦੰਦਾਂ ਦੀ ਸਫੈਦੀ ਦੀ ਸੁੰਦਰਤਾ ਵਿਖਾਈ ਦੇਂਦੀ ਹੈ।

ਹੌਲ਼ੀ ਹੌਲ਼ੀ ਸਟੀਮਰ ਬੇੜਿਆਂ ਦੀ ਭੀੜ ਵਿੱਚੋਂ ਰਾਹ ਬਣਾਉਂਦਾ ਤੁਰਦਾ ਹੈ। ਪਰਵਾਸੀਆਂ ਦੇ ਚਿਹਰੇ ਅਜੀਬ ਜਿਹੇ ਭੂਰੇ ਤੇ ਬੇਹਿਸ ਵਿਖਾਈ ਦੇਂਦੇ ਹਨ, ਜਿਨ੍ਹਾਂ ਦੀਆਂ ਅੱਖਾਂ ਵਿੱਚ ਭੇਡਾਂ ਵਰਗੀ ਸਮਾਨਤਾ ਵਿਖਾਈ ਦੇਂਦੀ ਹੈ। ਜਹਾਜ਼ ਦੇ ਇੱਕ ਪਾਸੇ ਇਕੱਠੇ ਹੋਏ ਉਹ ਚੁੱਪਚਾਪ ਧੁੰਧ ਵੱਲ ਵੇਖਦੇ ਹਨ।

ਇਸ ਧੁੰਦ ਵਿੱਚ ਸਮਝੋਂ ਬਾਹਰੀ ਇੱਕ ਵਿਸ਼ਾਲ ਚੀਜ਼ ਨੇ ਜਿਸ ਵਿੱਚੋਂ ਖੋਖਲੀ ਬੁੜਬੁੜ ਸੁਣਾਈ ਦੇਂਦੀ ਹੈ, ਜਨਮ ਲਿਆ ਹੈ, ਇਹ ਵੱਧਦੀ ਹੈ, ਇਸ ਦਾ ਭਾਰੀ ਸੁਗੰਧਮਈ ਸਾਹ ਲੋਕਾਂ ਤੱਕ ਪੁੱਜਦਾ ਹੈ ਅਤੇ ਇਸ ਦੀ ਅਵਾਜ਼ ਦਾ ਇੱਕ ਡਰਾਉਣਾ ਤੇ ਰੀਝਵਾਨ ਲਹਿਜਾ ਹੈ।

ਇਹ ਇੱਕ ਸ਼ਹਿਰ ਹੈ। ਇਹ ਨਿਊਯਾਰਕ ਹੈ। ਵੀਹ ਮੰਜ਼ਲੇ ਘਰ, ਕਾਲ਼ੀਆਂ ਖਾਮੋਸ਼ ਅਕਾਸ਼ ਛੋਂਹਦੀਆਂ ਇਮਾਰਤਾਂ, ਕੰਢੇ ਉੱਤੇ ਖਲੋਤੀਆਂ ਹਨ। ਚੌਂਕ ਹਨ, ਜਿਨ੍ਹਾਂ ਵਿੱਚ ਖੂਬਸੂਰਤ ਬਣਨ ਦੀ ਕੋਈ ਵੀ ਇੱਛਾ ਨਹੀਂ, ਭਾਰੀਆਂ ਬੋਝਲ ਤੇ ਬੇਡੌਲ ਇਮਾਰਤਾਂ ਉਦਾਸ ਤੇ ਗਮਗੀਨ

ਉਤਾਂਹ ਨੂੰ ਝਾਕ ਰਹੀਆਂ ਹਨ। ਹਰ ਘਰ ਵਿੱਚ ਆਪਣੀ ਉਚਾਈ ਬਾਰੇ ਇੱਕ ਘੁਮੰਡੀ ਆਕੜ ਅਤੇ ਇਸ ਦੀ ਕਰੂਪਤਾ ਮਹਿਸੂਸ ਕੀਤੀ ਜਾਂਦੀ ਹੈ। ਖਿੜਕੀ ਵਿੱਚ ਕੋਈ ਫੁੱਲ ਨਹੀਂ ਅਤੇ ਵੇਖਣ ਨੂੰ ਕੋਈ ਬੱਚਾ ਨਹੀਂ...।

ਇਸ ਦੂਰੀ ਤੋਂ ਸ਼ਹਿਰ ਇੱਕ ਚੌੜੇ ਜਬਾੜੇ ਵਾਂਗ ਵਿਖਾਈ ਦੇਂਦਾ ਹੈ, ਜਿਸ ਵਿਚਲੇ ਕਾਲ਼ੇ ਦੰਦ ਉੱਘੜ ਦੁੱਘੜੇ ਉੱਚੇ ਨੀਵੇਂ ਹਨ। ਇਹ ਅਸਮਾਨ ਵਿੱਚ ਕਾਲ਼ੇ ਧੂੰਏਂ ਦੇ ਬੱਦਲਾਂ ਦੇ ਸਾਹ ਛੱਡਦਾ ਹੈ ਅਤੇ ਇੱਕ ਮੋਟਾਪੇ ਦੇ ਸ਼ਿਕਾਰ ਪੇਟੂ ਵਾਂਗ ਹੌਂਕਦਾ ਹੈ।

ਸ਼ਹਿਰ ਵਿੱਚ ਦਾਖਲ ਹੋਣਾ ਪੱਥਰ ਤੇ ਲੋਹੇ ਦੇ ਪੇਟ ਵਿੱਚ ਦਾਖਲ ਹੋਣ ਵਾਂਗ ਹੈ, ਇੱਕ ਅਜਿਹਾ ਪੇਟ ਜੋ ਲੱਖਾਂ ਲੋਕਾਂ ਨੂੰ ਨਿਗਲ਼ ਗਿਆ ਹੈ ਅਤੇ ਉਹਨਾਂ ਨੂੰ ਪੀਹ ਰਿਹਾ ਹੈ ਤੇ ਹਜ਼ਮ ਕਰ ਰਿਹਾ ਹੈ।

ਗਲੀ ਇੱਕ ਤਿਲਕਵਾਂ ਲੋਭੀ ਗਲ਼ਾ ਹੈ ਜਿਸ ਦੀ ਡੂੰਘਾਈ ਵਿੱਚ ਸ਼ਹਿਰ ਦੀ ਖਾਧ ਖੁਰਾਕ ਦੇ ਕਾਲ਼ੇ ਭੋਰੇ — ਜੀਉਂਦੇ ਮਨੁੱਖ ਤਰਦੇ ਹਨ। ਹਰ ਥਾਂ ’ਤੇ — ਸਿਰ ਉੱਤੇ, ਪੈਰਾਂ ਹੇਠ, ਆਲ਼ੇ ਦੁਆਲ਼ੇ ਲੋਹੇ ਦੀ ਟੁਣਕਾਰ ਆਪਣੀ ਜਿੱਤ ਤੇ ਖੁਸ਼ ਹੋ ਰਹੀ ਹੈ। ਸੋਨੇ ਦੀ ਤਾਕਤ ਰਾਹੀਂ ਸਜੀਵ ਰੂਪ ਧਾਰ ਕੇ ਤੇ ਜੋਸ਼ ਨਾਲ਼ ਭਰਪੂਰ ਇਹ ਮਨੁੱਖ ਦੇ ਦੁਆਲ਼ੇ ਆਪਣਾ ਜਾਲ਼ਾ ਤਣਦਾ ਹੈ, ਉਸ ਦਾ ਸੰਘ ਘੋਪਦਾ ਹੈ, ਉਸ ਦਾ ਲਹੂ ਤੇ ਦਿਮਾਗ ਚੂਸਦਾ ਹੈ, ਉਸ ਦੇ ਪੱਠਿਆਂ ਤੇ ਤੰਤੂਆਂ ਨੂੰ ਹੜੱਪਦਾ ਹੈ ਅਤੇ ਬੇਅਵਾਜ਼ ਪੱਥਰ ਉੱਤੇ ਸਸਤਾਂਦਿਆਂ ਵੱਧਦਾ ਹੀ ਵੱਧਦਾ ਜਾਂਦਾ ਹੈ ਅਤੇ ਕਿਤੇ ਬਹੁਤ ਦੂਰ ਦੁਰਾਡੇ ਤੱਕ ਆਪਣੀ ਜ਼ੰਜੀਰ ਨੂੰ ਫੈਲਾ ਰਿਹਾ ਹੈ।

ਅਥਾਹ ਮੋਟੇ ਕੀੜਿਆਂ ਵਾਂਗ ਇੰਜਣ ਕੁਰਬਲ ਕੁਰਬਲ ਕਰ ਰਹੇ ਹਨ, ਉਹਨਾਂ ਦੇ ਪਿੱਛੇ ਡੱਬੇ ਘਿਸਟਦੇ ਜਾ ਰਹੇ ਹਨ, ਇੰਜਣਾਂ ਦੇ ਹਾਰਨ ਮੋਟੀਆਂ ਬਤਕਾਂ ਵਾਂਗ ਟਰੈਂ ਟਰੈਂ ਕਰਦੇ ਹਨ, ਬਿਜਲੀ ਦੀਆਂ ਤਾਰਾਂ ਨੀਰਸ ਗੁਣ-ਗੁਣਾਉਂਦੀਆਂ ਹਨ। ਗਲ਼ ਘੋਟੂ ਹਨ। ਆਪਣੇ ਵਿੱਚ ਜਜ਼ਬ ਕੀਤੀਆਂ ਹਜ਼ਾਰਾਂ ਕੁਰੱਖਤ ਆਵਾਜ਼ਾਂ ਨਾਲ਼ ਧੜਕਦੀਆਂ ਹਨ। ਜਿਵੇਂ ਸਪੰਜ ਆਪਣੇ ਅੰਦਰ ਨਮੀ ਨੂੰ ਜਜ਼ਬ ਕਰ ਲੈਂਦਾ ਹੈ ਉੱਪਰੋਂ ਹੇਠਾਂ ਦਬਾਇਆਂ। ਫੈਕਟਰੀਆਂ ਦੇ ਧੂੰਏਂ ਨਾਲ਼ ਪਲੀਤ ਹੋਇਆ ਇਹ ਨਿਰਦਈ ਸ਼ਹਿਰ ਉੱਚੀਆਂ, ਕਾਲਖ ਲਿੱਪੀਆਂ ਕੰਧਾਂ ਵਿਚਾਲੇ ਬੇਹਰਕਤ ਲਟਕ ਰਿਹਾ ਹੈ।

ਚੌਂਕਾਂ ਅਤੇ ਲੋਕਾਂ ਲਈ ਛੋਟੇ ਬਾਗਾਂ ਵਿੱਚ, ਜਿੱਥੇ ਰੁੱਖਾਂ ਦੀਆਂ ਸ਼ਾਖਾਂ ਉੱਤੇ ਧੂੜ ਲਿਬੜੇ ਨਿਰਜਿੰਦ ਪੱਤੇ ਸਿਰ ਨਿਵਾਈ ਲਟਕਦੇ ਹਨ। ਕਾਲ਼ੇ ਯਾਦਗਾਰੀ ਬੁੱਤ ਖਲੋਤੇ ਹਨ। ਬੁੱਤਾਂ ਦੇ ਚਿਹਰੇ ਮਿੱਟੀ ਦੀ ਮੋਟੀ ਤਹਿ ਨਾਲ਼ ਕੱਜੇ ਹੋਏ ਹਨ। ਅੱਖਾਂ ਜੋ ਕਿਸੇ ਸਮੇਂ ਆਪਣੇ ਦੇਸ਼ ਦੇ ਪਿਆਰ ਨਾਲ਼ ਦਗ ਦਗ ਕਰਦੀਆਂ ਸਨ, ਸ਼ਹਿਰ ਦੀ ਧੂੜ ਨਾਲ਼ ਭਰੀਆਂ ਹੋਈਆਂ ਹਨ। ਇਹ ਤਾਂਬੇ ਦੇ ਲੋਕ, ਜੋ ਬਹੁ-ਮੰਜ਼ਲੀਆਂ ਇਮਾਰਤਾਂ ਦੇ ਜਾਲ਼ ਵਿਚਾਲੇ ਬਹੁਤ ਹੀ ਨਿਆਸਰੇ ਤੇ ਇਕੱਲੇ ਹਨ ਅਤੇ ਜੋ ਉੱਚੀਆਂ ਕੰਧਾਂ ਦੇ ਹਨ੍ਹੇਰੇ ਪਰਛਾਵੇਂ ਵਿੱਚ ਗਿਠਮੁੱਠੀਆਂ ਨਾਲ਼ੋਂ ਉੱਚੇ ਨਹੀਂ, ਆਪਣੇ ਦੁਆਲ਼ੇ ਪਸਰੇ ਹੋਏ ਪਾਗਲਪਣ ਦੇ ਰੌਲ਼ੇ ਵਿੱਚ ਆਪਣਾ ਰਾਹ ਭੁੱਲ ਗਏ ਹਨ ਅਤੇ ਅੱਧ-ਅੰਨ੍ਹਿਆਂ ਵਾਂਗ ਖਲੋਤੇ ਹਨ। ਆਪਣੇ ਪੈਰਾਂ ਵਿੱਚ ਲੋਕਾਂ ਦੀ ਹਾਬੜੀ ਹੋਈ

ਗਹਿਮਾ-ਗਹਿਮੀ ਨੂੰ ਦੁੱਖਦੇ ਦਿਲਾਂ ਨਾਲ਼ ਸੋਗਵਾਨ ਹੋਏ ਵੇਖ ਰਹੇ ਹਨ। ਛੋਟੇ ਕਾਲ਼ੇ ਆਕਾਰ ਤੇਜ਼ੀ ਨਾਲ਼ ਰੌਲ਼ਾ ਪਾਉਂਦੇ ਇਹਨਾਂ ਯਾਦਗਾਰੀ ਬੁੱਤਾਂ ਕੋਲ਼ੋਂ ਲੰਘ ਗਏ ਹਨ ਪਰ ਕਿਸੇ ਨੇ ਵੀ ਨਾਇਕ ਦੇ ਚਿਹਰੇ ਵੱਲ ਝਾਕਿਆ ਤੱਕ ਨਹੀਂ। ਰਾਜਧਾਨੀ ਦੇ ਸਮੁੰਦਰੀ ਦੈਂਤਾਂ ਨੇ ਲੋਕਾਂ ਦੀ ਯਾਦ ਵਿੱਚ ਉਹਨਾਂ ਦੀ ਮਹੱਤਤਾ ਪੇਸ਼ ਕੀਤੀ ਹੈ ਜਿਨ੍ਹਾਂ ਨੇ ਅਜ਼ਾਦੀ ਨੂੰ ਸਿਰਜਿਆ ਸੀ।

ਤਾਂਬੇ ਦੇ ਮਨੁੱਖ ਇੱਕੋ ਇੱਕ ਉਦਾਸ ਵਿਚਾਰ ਉਤੇ ਮਗਜ਼ ਖਪਾ ਰਹੇ ਹਨ:

"ਕੀ ਇਹ ਉਹੋ ਜੀਵਨ ਹੈ, ਜਿਸ ਨੂੰ ਮੈਂ ਸਿਰਜਣਾ ਚਾਹੁੰਦਾ ਸਾਂ ?"

ਉਹਨਾਂ ਦੇ ਦੁਆਲ਼ੇ ਬੁਖਾਰ ਨਾਲ਼ ਤਪਦਾ ਜੀਵਨ ਸਟੋਵ ਉਤਲੇ ਸ਼ੋਰਬੇ ਵਾਂਗ ਉਬਲਦਾ ਹੈ ਅਤੇ ਛੋਟੇ ਲੋਕ ਠਿੱਪ-ਠਿਪਾਂਦੇ ਦੌੜਦੇ ਭੱਜਦੇ ਤੇ ਚੱਕਰ ਕੱਟਦੇ ਹਨ, ਮਾਸ ਦੀ ਤਰੀ ਵਿੱਚ ਭੋਰਿਆਂ ਵਾਂਗ, ਸਾਗਰ ਵਿੱਚ ਮਾਚਸ ਦੀ ਤੀਲ ਵਾਂਗ ਖੌਲ਼ਦੀ ਘੁੰਮਣਘੇਰੀ ਵਿੱਚ ਅਲੋਪ ਹੋ ਰਹੇ ਹਨ। ਸ਼ਹਿਰ ਧੌਂਕਦਾ ਹੈ ਅਤੇ ਉਹਨਾਂ ਨੂੰ ਇੱਕ ਪਿੱਛੋਂ ਦੂਜੇ ਨੂੰ ਆਪਣੇ ਭੁੱਖੜ ਪੇਟ ਵਿੱਚ ਹੜੱਪ ਕਰਦਾ ਜਾਂਦਾ ਹੈ।

ਕੁਝ ਕੁ ਤਾਂਬੇ ਦੇ ਨਾਇਕਾਂ ਨੇ ਆਪਣੇ ਹੱਥ ਨੀਵੇਂ ਕਰ ਲਏ ਹਨ, ਕਈਆਂ ਨੇ ਉੱਚੇ ਕਰ ਲਏ ਹਨ, ਲੋਕਾਂ ਦੇ ਸਿਰਾਂ ਉੱਤੇ ਫੈਲਾਉਂਦਿਆਂ ਚਿਤਾਵਣੀ ਦੇਂਦੇ ਹਨ:

"ਰੁਕੋ ! ਇਹ ਕੋਈ ਜੀਵਨ ਨਹੀਂ, ਇਹ ਪਾਗਲਪਣ ਹੈ..."

ਜੀਵਨ ਗਲੀ ਦੇ ਸ਼ੋਰ ਸ਼ਰਾਬੇ ਵਿੱਚ ਇਹ ਸਾਰੇ ਦੇ ਸਾਰੇ ਫਾਲਤੂ ਹਨ, ਹਾਬੜ ਦੀ ਵਹਿਸ਼ੀ ਹਵਾਂਕਣੀ ਵਿੱਚ, ਪੱਥਰ, ਸ਼ੀਸ਼ੇ ਤੇ ਲੋਹੇ ਦੀ ਬਣੀ ਇਸ ਗਮਗੀਨ ਕਲਪਨਾ ਦੀ ਤੰਗ ਕੈਦ ਵਿੱਚ ਸਾਰੇ ਦੇ ਸਾਰੇ ਕਢੁੱਕਵੇਂ ਹਨ।

ਇੱਕ ਰਾਤ ਇਹ ਸਾਰੇ ਆਪਣੇ ਆਪਣੇ ਥੜ੍ਹਿਆਂ ਤੋਂ ਉੱਤਰ ਆਉਣਗੇ ਅਤੇ ਜਬਰ ਦੇ ਸ਼ਿਕਾਰ ਹੋਇਆਂ ਵਾਂਗ ਬੋਝਲ ਕਦਮਾਂ ਨਾਲ਼ ਗਲੀਆਂ ਵਿੱਚੋਂ ਤੁਰਦੇ ਇਸ ਸ਼ਹਿਰ ਵਿੱਚੋਂ ਖੇਤਾਂ ਵਿੱਚ ਚਲੇ ਜਾਣਗੇ, ਜਿੱਥੇ ਚੰਨ ਚਮਕ ਰਿਹਾ ਹੈ ਅਤੇ ਜਿੱਥੇ ਤਾਜ਼ਾ ਹਵਾ ਤੇ ਸਥਾਈ ਅਮਨ ਹੈ। ਜਦੋਂ ਇੱਕ ਮਨੁੱਖ ਨੇ ਆਪਣੀ ਸਾਰੀ ਉਮਰ ਆਪਣੇ ਦੇਸ਼ ਦੇ ਭਲ਼ੇ ਲਈ ਘਾਲਣਾ ਘਾਲੀ ਹੈ, ਨਿਰਸੰਦੇਹ ਉਸ ਦਾ ਇਹ ਹੱਕ ਬਣਦਾ ਹੈ ਕਿ ਮਰਨ ਪਿੱਛੋਂ ਉਸ ਨੂੰ ਅਮਨ ਚੈਨ ਵਿੱਚ ਰਹਿਣ ਦਿੱਤਾ ਜਾਵੇ।

ਲੋਕ ਗਲੀਆਂ ਦੇ ਹਰ ਪਾਸੇ ਰਾਹਾਂ ਉੱਤੇ ਇੱਧਰ ਉੱਧਰ ਕਾਹਲੀ ਨਾਲ਼ ਤੁਰ ਰਹੇ ਹਨ। ਉਹਨਾਂ ਨੂੰ ਪੱਥਰ ਦੀਆਂ ਕੰਧਾਂ ਦੇ ਡੂੰਘੇ ਮੁਸਾਮਾਂ ਰਾਹੀਂ ਚੂਸ ਲਿਆ ਗਿਆ ਹੈ। ਲੋਹੇ ਦੀ ਬਾਘੀਆਂ ਪਾਉਂਦੀ ਕੜਕੜਾਹਟ, ਬਿਜਲੀ ਦੀ ਚੀਰਵੀਂ ਉੱਚੀ ਚਾਂਗਰ, ਕੁਝ ਨਵੀਂ ਫੌਲਾਦ ਉਸਾਰੀ 'ਤੇ ਜਾਂ ਪੱਥਰ ਦੀਆਂ ਨਵੀਆਂ ਕੰਧਾਂ ਉੱਤੇ ਹੋ ਰਹੇ ਕੰਮ ਦੀ ਖੜਖੜਾਹਟ ਮਨੁੱਖੀ ਅਵਾਜ਼ਾਂ ਨੂੰ ਇਸ ਤਰ੍ਹਾਂ ਦਬਾਅ ਦੇਂਦੀਆਂ ਹਨ ਜਿਵੇਂ ਸਮੁੰਦਰੀ ਪੰਛੀਆਂ ਦੇ ਚੀਕ ਚਿਹਾੜੇ ਨੂੰ ਡਬੋ ਦੇਂਦਾ ਹੈ।

ਲੋਕਾਂ ਦੇ ਚਿਹਰਿਆਂ ਉੱਤੇ ਇੱਕ ਸਥਿਰ ਸਕੂਨ ਪਸਰਿਆ ਹੋਇਆ ਹੈ। ਵੇਖਣ ਨੂੰ ਉਹਨਾਂ ਵਿੱਚੋਂ ਇੱਕ ਵੀ ਜੀਵਨ ਦੇ ਗੁਲਾਮ ਹੋਣ ਵਿੱਚ, ਸ਼ਹਿਰ ਦੇ ਦੈਂਤ ਦਾ ਆਹਾਰ ਬਣਨ

ਵਿੱਚ, ਆਪਣੇ ਮੰਦੇ ਭਾਗਾਂ ਤੋਂ ਜਾਣੂ ਨਹੀਂ ਹੈ। ਆਪਣੇ ਤਰਸਯੋਗ ਘੁਮੰਡ ਵਿੱਚ ਉਹ ਆਪਣੇ ਆਪ ਨੂੰ ਆਪਣੀ ਹੋਣੀ ਦੇ ਮਾਲਕ ਕਿਆਸਦੇ ਹਨ, ਉਹਨਾਂ ਦੀ ਸੁਤੰਤਰਤਾ ਦੀ ਚੇਤਨਤਾ ਕਦੇ ਕਦੇ ਉਹਨਾਂ ਦੀਆਂ ਅੱਖਾਂ ਵਿੱਚ ਲਿਸ਼ਕਦੀ ਹੈ, ਪਰ ਉਹ ਇਹ ਗੱਲ ਸਪੱਸ਼ਟ ਰੂਪ ਵਿੱਚ ਨਹੀਂ ਸਮਝਦੇ ਕਿ ਉਹ ਕੇਵਲ ਤਰਖਾਣ ਦੇ ਹੱਥ ਵਿੱਚ ਕੁਹਾੜੀ ਦੀ, ਲੁਹਾਰ ਦੇ ਹੱਥ ਵਿੱਚ ਹਥੌੜੇ ਦੀ, ਅਦਿੱਖ ਇੱਟਾਂ ਲਾਉਣ ਵਾਲ਼ੇ ਦੇ ਹੱਥ ਵਿੱਚ ਇੱਟ ਦੀ ਸੁਤੰਤਰਤਾ ਹੈ ਜਿਹੜਾ ਛਲਪੂਰਨ ਕੱਛਾਂ ਵਜਾਉਂਦਿਆਂ ਸਾਰਿਆਂ ਲਈ ਇੱਕ ਵਿਸ਼ਾਲ ਪਰ ਤੰਗ ਜੇਲ੍ਹ ਉਸਾਰ ਰਿਹਾ ਹੈ। ਉਹਨਾਂ ਵਿਚਾਲੇ ਕਈ ਰਿਸ਼ਟ ਪੁਸ਼ਟ ਚਿਹਰੇ ਵੀ ਹਨ, ਪਰ ਹਰ ਇੱਕ ਚਿਹਰੇ ਵਿੱਚ ਕੋਈ ਵੀ ਸਭ ਤੋਂ ਪਹਿਲਾਂ ਉਹਨਾਂ ਨੂੰ ਹੀ ਵੇਖਦਾ ਹੈ। ਅੰਦਰਲੀ ਅਜ਼ਾਦੀ, ਰੂਹ ਦੀ ਅਜ਼ਾਦੀ ਵਿਹਲਿਆਂ ਬੰਦਿਆਂ ਦੀਆਂ ਅੱਖਾਂ ਵਿੱਚ ਨਹੀਂ ਲਿਸ਼ਕਦੀ। ਇਹਨਾਂ ਦੀ ਅਜ਼ਾਦੀ ਰਹਿਤ ਸ਼ਕਤੀ ਉਸ ਚਾਕੂ ਦੀ ਬੇਹਿੱਸ ਚਮਕ ਚੇਤੇ ਕਰਾਉਂਦੀ ਹੈ ਜਿਹੜਾ ਅਜੇ ਖੁੰਡਾ ਨਹੀਂ ਹੋਇਆ ਹੁੰਦਾ। ਉਹ ਪੀਲ਼ਾ ਦੈਂਤ—ਸੋਨੇ ਦੇ ਹੱਥਾਂ ਵਿੱਚ ਵਿਸਾਹ-ਘਾਤੀ, ਔਜ਼ਾਰਾਂ ਦੀ ਅਜ਼ਾਦੀ ਹੈ।

ਇਹ ਪਹਿਲੀ ਵਾਰ ਹੈ ਕਿ ਮੈਂ ਇੱਕ ਸ਼ਹਿਰ ਨੂੰ, ਇਤਨੇ ਭਿਅੰਕਰ ਸ਼ਹਿਰ ਨੂੰ ਦੇਖਿਆ ਹੈ ਅਤੇ ਕਦੇ ਵੀ ਇਸ ਤੋਂ ਪਹਿਲਾਂ ਲੋਕ ਮੈਨੂੰ ਇਤਨੇ ਤੁੱਛ, ਇਤਨੇ ਗੁਲਾਮ ਵਿਖਾਈ ਨਹੀਂ ਦਿੱਤੇ। ਇਸੇ ਸਮੇਂ ਕਿਸੇ ਥਾਂ 'ਤੇ ਵੀ ਮੈਂ ਲੋਕਾਂ ਨੂੰ ਆਪਣੇ ਆਪ ਨਾਲ਼ ਦੁੱਖ ਸੁੱਖ ਵਿੱਚ ਇਤਨਾ ਸੰਤੁਸ਼ਟ ਨਹੀਂ ਦੇਖਿਆ ਜਿੰਨੇ ਕਿ ਉਹ ਇੱਕ ਭੁੱਖੜ ਤੇ ਗੰਦਗੀ ਭਰਪੂਰ ਪੇਟ ਵਿੱਚ ਸੰਤੁਸ਼ਟ ਹਨ ਜਿਹੜਾ ਲਾਲਚ ਨਾਲ਼ ਇੱਕ ਸ਼ੈਦਾਈ ਵਿੱਚ ਬਦਲ ਗਿਆ ਹੈ, ਉਹ ਇੱਕ ਜਾਨਵਰ ਦੀ ਜਾਂਗਲੀ ਭਬਕ ਨਾਲ਼ ਦਿਮਾਗਾਂ ਤੇ ਤੰਤੂਆਂ ਨੂੰ ਨਿਗਲ਼ ਜਾਂਦਾ ਹੈ...।

ਲੋਕਾਂ ਬਾਰੇ ਗੱਲਾਂ ਕਰਨੀਆਂ ਇੱਕ ਦੁਖਦਾਈ ਤੇ ਭਿਆਨਕ ਕਿਰਿਆ ਹੈ।

ਕੜਕਦਾ ਤੇ ਖੜ੍ਹਕਦਾ ਚੁੱਕਵੀਂ ਰੇਲਵੇ ਦਾ ਡੱਬਾ ਤੀਜੀ ਮੰਜ਼ਲ ਦੀ ਉਚਾਈ ਉੱਤੇ ਤੰਗ ਗਲੀ ਵਿੱਚੋਂ ਤੇਜ਼ੀ ਨਾਲ਼ ਦੌੜਦਾ ਹੋਇਆ ਲੰਘਦਾ ਹੈ, ਪਿਛਲੇ ਘਰ ਦੀਆਂ ਕੰਧਾਂ ਅੱਗ ਤੋਂ ਬਚਾਅ ਦੀਆਂ ਤਾਰਾਂ ਦੇ ਜਾਲ਼ ਨਾਲ਼ ਕੱਜੀਆਂ ਹੋਈਆਂ ਹਨ। ਖਿੜਕੀਆਂ ਖੁੱਲ੍ਹੀਆਂ ਹਨ, ਉਸ ਵਿੱਚ ਵੱਸਦਿਆਂ ਦੇ ਅਕਾਰ ਲਗਭਗ ਹਰ ਵਿਅਕਤੀ ਦੇ ਵੇਖੇ ਜਾ ਸਕਦੇ ਹਨ। ਕੁਝ ਲੋਕ ਕੰਮ ਕਰ ਰਹੇ ਹਨ, ਸੀੜ ਰਹੇ ਹਨ ਜਾਂ ਗਿਣਤੀ ਕਰ ਰਹੇ ਹਨ, ਉਹਨਾਂ ਦੇ ਸਿਰ ਉਹਨਾਂ ਮੇਜ਼ਾਂ ਉੱਤੇ ਝੁਕੇ ਹੋਏ ਹਨ, ਦੂਜੇ ਕੇਵਲ ਖਿੜਕੀਆਂ ਵਿੱਚ ਬੈਠੇ ਹੋਏ ਹਨ ਜਾਂ ਮੁਹਾਠਾਂ ਤੋਂ ਹੇਠਾਂ ਝੁਕੇ ਹੋਏ ਹਨ, ਰੇਲ ਦੇ ਡੱਬਿਆਂ ਨੂੰ ਵਾਚ ਰਹੇ ਹਨ ਜੋ ਹਰ ਮਿੰਟ ਤੇਜ਼ੀ ਨਾਲ਼ ਲੰਘ ਰਹੇ ਹਨ। ਬੁੱਢੇ, ਜਵਾਨ ਤੇ ਬੱਚੇ ਖਾਮੋਸ਼ ਹਨ, ਸਾਰੇ ਦੇ ਸਾਰੇ ਪ੍ਰੇਸ਼ਾਨ ਨਹੀਂ ਹਨ। ਉਹ ਇਸ ਬਿਨਾਂ ਕਿਸੇ ਮੰਤਵ ਲਈ ਯਤਨ ਕਰਨ ਦੇ ਆਦੀ ਹੋ ਗਏ ਹਨ, ਉਹ ਇਹ ਸੋਚਣ ਦੇ ਆਦੀ ਹੋ ਗਏ ਹਨ ਕਿ ਇਸ ਦਾ ਇੱਕ ਮੰਤਵ ਹੈ। ਉਹਨਾਂ ਦੀਆਂ ਅੱਖਾਂ ਵਿੱਚ ਲੋਹੇ ਦੇ ਭਾਰੂ ਹੋਣ ਬਾਰੇ ਕੋਈ ਗੁੱਸਾ ਨਹੀਂ, ਲੋਹੇ ਦੀ ਜਿੱਤ ਬਾਰੇ ਕੋਈ ਘ੍ਰਿਣਾ ਨਹੀਂ। ਰੇਲ ਦਾ ਰਾਹ ਘਰਾਂ ਦੀਆਂ ਕੰਧਾਂ ਨੂੰ ਹਿਲਾ ਦੇਂਦਾ ਹੈ — ਔਰਤਾਂ ਦੀਆਂ ਛਾਤੀਆਂ, ਮਰਦਾਂ ਦੇ ਸਿਰ ਕੰਬ ਜਾਂਦੇ ਹਨ ਤੇ ਛੱਜੇ ਦੇ

ਜੰਗਲੇ ਉੱਤੇ ਪਲਾਮਦੇ ਬੱਚਿਆਂ ਦੇ ਜੁੱਸਿਆਂ ਨੂੰ ਝੰਜੋੜ ਦੇਂਦਾ ਹੈ, ਇਸ ਸਭ ਕੁਝ ਨੇ ਉਹਨਾਂ ਨੂੰ ਇਸ ਅਸਾਧਾਰਨ ਜੀਵਨ ਨੂੰ ਅਟੱਲ ਤੌਰ ’ਤੇ ਪਰਵਾਨ ਕਰਨ ਦਾ ਆਦੀ ਬਣਾ ਦਿੱਤਾ ਹੈ, ਦਿਮਾਗਾਂ ਵਿੱਚ, ਜੋ ਲਗਾਤਾਰ ਝੰਜੋੜੇ ਜਾ ਰਹੇ ਹਨ, ਯਕੀਨੀ ਤੌਰ ’ਤੇ ਵਿਚਾਰਾਂ ਲਈ ਲੈਸ ਦੇ ਸ਼ਾਨਦਾਰ ਉੱਘੜਵੇਂ ਨਮੂਨੇ ਉਣਨੇ ਅਸੰਭਵ ਹਨ, ਜੀਉਣ ਲਈ ਇੱਕ ਸ਼ਾਨਦਾਰ ਤੇ ਨਿਡਰ ਸੁਪਨੇ ਦਾ ਜੰਮਣਾ ਅਸੰਭਵ ਹੈ।

ਸਾਹਮਣਿਉਂ ਖੁੱਲ੍ਹੀ ਮੈਲ਼ੀ ਚੋਲ਼ੀ ਵਾਲ਼ੀ ਬੁੱਢੀ ਔਰਤ ਦੇ ਕਾਲ਼ੇ ਚਿਹਰੇ ਉੱਤੇ ਉੱਡਦੀ ਉੱਡਦੀ ਝਲਕ ਪੈਂਦੀ ਹੈ। ਰੇਲ ਗੱਡੀ ਵਿੱਚੋਂ ਪੀੜਾਂ ਭੰਨੀ, ਵਿਹੁਲੀ ਹਵਾ ਨਿਕਲ਼ ਕੇ ਦਹਿਸ਼ਤ ਫੈਲਾਉਂਦੀ ਖਿੜਕੀ ਵਿੱਚੋਂ ਲੰਘ ਗਈ ਹੈ ਅਤੇ ਬੁੱਢੀ ਔਰਤ ਦੇ ਮਟਿਆਲੇ ਵਾਲ਼ ਭੂਰੇ ਮੱਛੀਆਂ ਦੇ ਖੰਭਾਂ ਵਾਂਗ ਫੜ ਫੜਾਉਂਦੇ ਹਨ। ਉਸ ਨੇ ਆਪਣੀਆਂ ਧੁੰਦਲੀਆਂ ਤੇ ਭਾਰੀ ਅੱਖਾਂ ਬੰਦ ਕਰ ਲਈਆਂ ਹਨ। ਅਤੇ ਉਹ ਦਿੱਸਣੋਂ ਹੱਟ ਗਈ ਹੈ।

ਅੰਦਰਵਾਰ ਦੇ ਧੁੰਦਲੇਪਣ ਵਿੱਚ ਲੋਹੇ ਦੇ ਮੰਜੇ, ਜਿਨ੍ਹਾਂ ਉੱਤੇ ਚੀਥੜਿਆਂ ਦੇ ਢੇਰ ਲੱਗੇ ਹੋਏ ਹਨ, ਗੰਦੀਆਂ ਪਲੇਟਾਂ ਅਤੇ ਮੇਜ਼ਾਂ ਉੱਤੇ ਖਾਣੇ ਦੀ ਰਹਿੰਦ ਖੂੰਹਦ ਦੇ ਟੁਕੜੇ ਵਿਖਾਈ ਦੇਂਦੇ ਹਨ। ਕਿਸੇ ਨੂੰ ਖਿੜਕੀਆਂ ਵਿੱਚ ਫੁੱਲਾਂ ਨੂੰ ਵੇਖਣ ਦੀ ਸਧਰ ਰਹਿੰਦੀ ਹੈ, ਕੋਈ ਕਿਸੇ ਨੂੰ ਪੁਸਤਕ ਪੜ੍ਹਦਾ ਵੇਖਣ ਲਈ ਬਾਹਰ ਝਾਕਦਾ ਹੈ। ਕੰਧਾਂ ਇਤਨੀ ਤੇਜ਼ੀ ਨਾਲ਼ ਉੱਡਦੀਆਂ ਜਾ ਰਹੀਆਂ ਹਨ ਜਿਵੇਂ ਪਿਘਲ ਕੇ ਇੱਕ ਹੋ ਗਈਆਂ ਹੋਣ, ਜਿਵੇਂ ਕੋਲ਼ ਜਿਹੇ ਗੰਧਲਾ ਤੇ ਵਿਆਕਲ ਹੜ੍ਹ ਆਇਆ ਹੋਵੇ ਅਤੇ ਇਸ ਦੇ ਤੇਜ਼ ਵਹਾ ਵਿੱਚ ਬੜੀ ਤਰਸਯੋਗ ਹਾਲਤ ਵਿੱਚ ਕਿਣਕਿਣਾਉਂਦੇ ਰੁੜ੍ਹਦੇ ਜਾ ਰਹੇ ਹਨ।

ਖਿੜਕੀ ਦੇ ਮਿਟਿਆਲੇ ਸ਼ੀਸ਼ੇ ਦੇ ਪਿੱਛੇ, ਇੱਕ ਗੰਜਾ ਸਿਰ ਇੱਕ ਛਿਨ ਲਈ ਲਿਸ਼ਕਦਾ ਹੈ। ਸਿਰ ਕੰਮ ਦੇ ਮੇਜ਼ ਉੱਪਰ ਹਿੱਲਦਾ ਵਿਖਾਈ ਦੇਂਦਾ ਹੈ। ਇੱਕ ਪਤਲੀ, ਲਾਲ ਵਾਲ਼ਾਂ ਵਾਲ਼ੀ ਕੁੜੀ ਇੱਕ ਖਿੜਕੀ ਵਿੱਚ ਬੈਠੀ ਜੁਰਾਬ ਉਣ ਰਹੀ ਹੈ, ਉਸ ਦੀਆਂ ਕਾਲ਼ੀਆਂ ਅੱਖਾਂ ਘੁਰਿਆਂ ਨੂੰ ਗਿਣਦੀਆਂ ਜਾਪਦੀਆਂ ਹਨ। ਵਾਅ ਦੇ ਤੇਜ਼ ਬੁੱਲ੍ਹੇ ਨੇ ਖਿੜਕੀ ਵਿੱਚੋਂ ਉਸ ਦੀ ਪਿੱਠ ਨੂੰ ਪਿਛਾਂਹ ਧੱਕ ਦਿੱਤਾ ਹੈ, ਪਰ ਉਹ ਆਪਣਾ ਸਿਰ ਆਪਣੇ ਕੰਮ ਤੋਂ ਉਤਾਂਹ ਨਹੀਂ ਉਠਾਉਂਦੀ ਅਤੇ ਨਾ ਹੀ ਤੇਜ਼ ਵੱਗਦੀ ਹਵਾ ਨਾਲ਼ ਉਲਟ ਪੁਲਟ ਹੋਏ ਪਹਿਰਾਵੇ ਨੂੰ ਸੰਵਾਰਦੀ ਹੈ। ਕੋਈ ਮਸਾਂ ਪੰਜਾਂ ਵਰ੍ਹਿਆਂ ਦੇ ਦੋ ਛੋਟੇ ਮੁੰਡੇ ਛੱਜੇ ਵਿੱਚ ਬੈਠੇ ਕਿਸੇ ਸ਼ੈਅ ਦੇ ਟੁਕੜਿਆਂ ਨੂੰ ਜੋੜ ਕੇ ਇੱਕ ਘਰ ਉਸਾਰ ਰਹੇ ਹਨ। ਉਹਨਾਂ ਦੀ ਕਮਜ਼ੋਰ ਇਮਾਰਤ ਕੰਬਣੀ ਦੇ ਕਾਰਨ ਢਹਿ ਢੇਰੀ ਹੋ ਜਾਂਦੀ ਹੈ। ਬੱਚੇ ਟੁਕੜਿਆਂ ਨੂੰ ਛੱਜੇ ਦੀਆਂ ਸੀਖਾਂ ਵਿੱਚੋਂ ਹੇਠਾਂ ਗਲੀ ਵਿੱਚ ਡਿੱਗਣੋਂ ਰੋਕਣ ਲਈ ਝਪਟ ਕੇ ਪਕੜਦੇ ਹਨ, ਉਹ ਰੇਲ ਗੱਡੀ ਵੱਲ ਨਹੀਂ ਵੇਖਦੇ ਜਿਸ ਨੇ ਉਹਨਾਂ ਦਾ ਯਤਨ ਅਸਫਲ ਬਣਾ ਦਿੱਤਾ ਹੈ। ਚਿਹਰੇ, ਵਧੇਰੇ ਚਿਹਰੇ, ਇੱਕ ਪਿੱਛੋਂ ਦੂਜਾ ਛਿਨ ਦੇ ਛਿਨ ਲਈ ਖਿੜਕੀਆਂ ਵਿੱਚ ਇੰਝ ਵਿਖਾਈ ਦੇਂਦੇ ਹਨ ਜਿਵੇਂ ਇੱਕ ਸਾਲਮ, ਕੋਈ ਵੱਡੀ ਚੀਜ਼ ਟੁੱਟ ਕੇ ਟੁਕੜੇ ਟੁਕੜੇ ਹੋ ਗਈ ਹੋਵੇ, ਅਤਿ ਨਿੱਕਚੂ ਕਿਣਕਿਆਂ ਵਿੱਚ ਵੰਡੀ ਗਈ ਹੋਵੇ ਤੇ ਧਰਤੀ ਉੱਤੇ ਡਿੱਗ ਕੇ ਰੇਤ ਦੇ ਜ਼ਰਿਆ ਵਿੱਚ ਖਿਲਰ ਗਈ ਹੋਵੇ।

ਰੇਲ ਗੱਡੀਆਂ ਦੀ ਪਾਗਲ ਦੌੜ ਰਹੀ ਤੇਜ਼ ਵੱਗਦੀ ਹਵਾ ਲੋਕਾਂ ਦੇ ਵਾਲ਼ਾਂ ਤੇ ਕੱਪੜਿਆਂ

ਨੂੰ ਫੜਫੜਾਉਂਦੀ ਹੈ, ਉਹਨਾਂ ਦੇ ਚਿਹਰਿਆਂ ਨੂੰ ਗਰਮ ਸਾਹਘੋਟੂ ਬੁੱਲ੍ਹਿਆਂ ਨਾਲ਼ ਫੰਡਦੀ ਹੈ, ਉਹਨਾਂ ਦੇ ਕੰਨਾਂ ਵਿੱਚ ਹਜ਼ਾਰਾਂ ਅਵਾਜ਼ਾਂ ਤੁੰਨ੍ਹਦੀ ਹੈ, ਉਹਨਾਂ ਦੀਆਂ ਅੱਖਾਂ ਵਿੱਚ ਬੁਰੀ ਤਰ੍ਹਾਂ ਚੁੱਭਵੀਂ ਧੂੰਦ ਦੇ ਛੱਟੇ ਮਾਰਦੀ ਹੈ, ਉਹਨਾਂ ਨੂੰ ਅੰਨ੍ਹਾ ਕਰਦੀ ਹੈ ਅਤੇ ਕੁਰਲਾਉਂਦੀ ਅਮੁੱਕ ਹੁਆਂਕਣੀ ਨਾਲ਼ ਉਹਨਾਂ ਦੇ ਕੰਨਾਂ ਨੂੰ ਪਾੜਦੀ ਹੈ...।

ਇਕ ਜਿਊਂਦਾ ਮਨੁੱਖ, ਜੋ ਸੋਚਦਾ ਹੈ, ਜੋ ਸੁਪਨੇ ਸਿਰਜਦਾ ਹੈ, ਆਪਣੇ ਮਨ ਵਿੱਚ ਤਸਵੀਰਾਂ ਤੇ ਬਿੰਬ ਰਚਦਾ ਹੈ, ਜਿਸ ਦੇ ਅੰਦਰ ਇਛਾਵਾਂ ਪੈਦਾ ਹੁੰਦੀਆਂ ਹਨ, ਜੋ ਸਧਰਾਉਂਦਾ ਹੈ, ਕੁਝ ਚਾਹੁੰਦਾ ਹੈ, ਕੁਝ ਤਿਆਗਦਾ ਹੈ, ਕੁਝ ਨੂੰ ਉਡੀਕਦਾ ਹੈ—ਇੱਕ ਜਿਊਂਦਾ ਮਨੁੱਖ ਇੱਕ ਵਹਿਸ਼ੀ ਹੁਆਂਕਣੀ ਤੋਂ, ਚੀਕ ਚਿਹਾੜੇ ਤੇ ਗਰਜਣਾਂ ਤੋਂ, ਪਥਰੀਲੀਆਂ ਕੰਧਾਂ ਦੀ ਕੰਬਣੀ ਤੋਂ, ਖਿੜਕੀਆਂ ਵਿੱਚ ਲੱਗੇ ਸ਼ੀਸ਼ਿਆਂ ਦੀ ਡਰਪੋਕ ਥਰਥਰਾਹਟ ਤੋਂ ਜ਼ਰੂਰ ਖਿਝੇਗਾ। ਤਿਰਸਕਾਰਿਆ, ਉਹ ਆਪਣੇ ਘਰ ਵਿੱਚੋਂ ਬਾਹਰ ਨਿਕਲੇਗਾ ਅਤੇ ਇਸ ਧਰਤੀ ਤੋਂ ਉਤਾਂਹ ਬਣਾਏ ਰੇਲ ਦੇ ਘ੍ਰਿਣਤ ਢਾਂਚੇ ਨੂੰ ਭੰਨ ਤੋੜ ਦਏਗਾ ਤੇ ਤਬਾਹ ਕਰ ਦਏਗਾ ਤੇ ਉਹ ਲੋਹੇ ਦੀ ਗੁਸਤਾਖ ਚੀਕ ਦਾ ਮੂੰਹ ਬੰਦ ਕਰ ਦਏਗਾ, ਕਿਉਂ ਜੋ ਉਹ ਜੀਵਨ ਦਾ ਸਿਰਜਕ ਹੈ, ਜੀਵਨ ਉਸੇ ਲਈ ਹੈ ਅਤੇ ਉਹ ਸਭ ਕੁਝ ਜੋ ਉਸ ਦੇ ਜੀਵਨ ਨੂੰ ਰੋਕਦਾ ਹੈ ਤਬਾਹ ਕਰ ਦਿੱਤਾ ਜਾਣਾ ਚਾਹੀਦਾ ਹੈ।

ਪੀਲ਼ੇ ਦੈਂਤ ਦੇ ਸ਼ਹਿਰ ਦੇ ਘਰਾਂ ਵਿੱਚ ਲੋਕ ਉਸ ਸਭ ਕੁਝ ਨੂੰ ਬੜੇ ਅਰਾਮ ਨਾਲ਼ ਸਹਿੰਦੇ ਹਨ ਜੋ ਮਨੁੱਖ ਨੂੰ ਕਤਲ ਕਰਦਾ ਹੈ।

ਹੇਠਾਂ, ਉਚਾਈ ਉੱਤੇ ਉਸਰੇ ਰੇਲਵੇ ਦੇ ਲੋਹੇ ਦੇ ਜਾਲ਼ ਹੇਠਲੇ ਰਾਹਾਂ ਦੀ ਧੂੜ ਦੇ ਘੱਟੇ ਵਿੱਚ ਬੇ-ਜ਼ਬਾਨ ਬੱਚੇ ਖੇਡ ਰਹੇ ਹਨ—ਬੇ-ਜ਼ਬਾਨ, ਭਾਵੇਂ ਉਹ ਸਾਰੇ ਜਹਾਨ ਦੇ ਬੱਚਿਆਂ ਵਾਂਗ ਹੱਸਦੇ ਤੇ ਚੀਖਦੇ ਹਨ, ਪਰ ਉਹਨਾਂ ਦੀਆਂ ਅਵਾਜ਼ਾਂ, ਸਿਰਾਂ ਉੱਤਲੀ ਹੁੱਲੜਬਾਜ਼ੀ ਵਿੱਚ ਇਸ ਤਰ੍ਹਾਂ ਡੁੱਬ ਜਾਂਦੀਆਂ ਹਨ ਜਿਵੇਂ ਮਹਾਂਸਾਗਰ ਵਿੱਚ ਮੀਂਹ ਦੀਆਂ ਕਣੀਆਂ ਡਿੱਗ ਕੇ ਗੁੰਮ ਹੋ ਜਾਂਦੀਆਂ ਹਨ। ਬੱਚੇ ਉਹਨਾਂ ਫੁੱਲਾਂ ਵਰਗੇ ਹਨ ਜਿਨ੍ਹਾਂ ਨੂੰ ਕਿਸੇ ਕੁਪੱਤੇ ਹੱਥ ਨਾਲ਼ ਖਿੜਕੀ ਵਿੱਚੋਂ ਗਲੀ ਦੇ ਮਿੱਟੀ ਘੱਟੇ ਵਿੱਚ ਵਗਾਹ ਮਾਰਿਆ ਹੈ। ਉਹਨਾਂ ਦੇ ਸਰੀਰ ਸ਼ਹਿਰ ਦੇ ਥਿੰਧੇ ਮੁੜ੍ਹਕੇ ਉੱਤੇ ਪਲ਼ਦੇ ਹਨ, ਉਹ ਪੀਲ਼ੇ ਭੂਕ ਤੇ ਭੁੱਸੇ ਹਨ, ਉਹਨਾਂ ਦੇ ਲਹੂ ਵਿੱਚ ਜ਼ਹਿਰ ਰਲ਼ੀ ਹੋਈ ਹੈ, ਉਹਨਾਂ ਦੇ ਤੰਤੂ ਜੰਗਾਲ ਖਾਧੀ ਧਾਤ ਦੀ ਧਰੋਹੀ ਚੀਕ, ਧੋਖੇ ਨਾਲ਼ ਕੈਦ ਕੀਤੀ ਲਿਸ਼ਕੋਰ ਦੀ ਸੋਗਵਾਨ ਕੁਰਲਾਹਟ ਰਾਹੀਂ ਖਿਝੇ ਹੋਏ ਹਨ।

ਕੀ ਇਹ ਬੱਚੇ ਵੱਡੇ ਹੋ ਕੇ ਸਿਹਤਮੰਦ, ਦਲੇਰ ਤੇ ਮਾਣਮੱਤੇ ਹੋਣਗੇ ? ਕੋਈ ਆਪਣੇ ਆਪ ਨੂੰ ਪੁੱਛਦਾ ਹੈ। ਇਸ ਦਾ ਕੇਵਲ ਉੱਤਰ ਹੈ: ਇੱਕ ਕਰੀਚ, ਇੱਕ ਠਹਾਕਾ ਇੱਕ ਕਰੋਧਵਾਨ ਚੀਕ।

ਰੇਲ ਗੱਡੀਆਂ ਪੂਰਬ ਵੱਲ, ਜਿਧਰ ਸ਼ਹਿਰ ਦੀ ਬਦਰੋ ਹੈ ਤੇ ਜਿੱਥੇ ਗਰੀਬ ਲੋਕ ਵਸਦੇ ਹਨ ਤੇਜ਼ੀ ਨਾਲ਼ ਗੜਗੜਾਉਂਦੀਆਂ ਭੱਜੀਆਂ ਜਾਂਦੀਆਂ ਹਨ। ਇਹ ਗੰਦੇ ਨਾਲ਼ੇ ਵਾਂਗ ਡੂੰਘੀਆਂ ਗਲੀਆਂ ਲੋਕਾਂ ਨੂੰ ਕਿਤੇ ਸ਼ਹਿਰ ਦੇ ਐਨ ਵਿਚਕਾਰ ਲਈ ਜਾਂਦੀਆਂ ਹਨ ਜਿਵੇਂ

ਕੋਈ ਇਹ ਕਿਆਸਦਾ ਹੈ ਕਿ ਉੱਥੇ ਜ਼ਰੂਰ ਇੱਕ ਵਿਸ਼ਾਲ ਅਥਾਹ ਡੂੰਘੀ ਮੋਰੀ ਹੈ, ਇੱਕ ਦੇਗਬਰਾ ਜਾਂ ਕੜਾਹੀ ਹੋਵੇਗੀ, ਜਿਸ ਵਿੱਚ ਇਹ ਸਾਰੇ ਲੋਕ ਜਾ ਡਿੱਗਦੇ ਹਨ ਤਾਂ ਜੋ ਪਿਘਲਾ ਕੇ ਉਹਨਾਂ ਵਿੱਚੋਂ ਸੋਨਾ ਪ੍ਰਾਪਤ ਕੀਤਾ ਜਾਵੇ। ਗੰਦੇ ਨਾਲ਼ੇ ਵਰਗੀਆਂ ਗਲੀਆਂ ਬੱਚਿਆਂ ਨਾਲ਼ ਨੱਕੋ ਨੱਕ ਭਰੀਆਂ ਪਈਆਂ ਹਨ।

ਮੈਂ ਆਪਣੇ ਜੀਵਨ ਵਿੱਚ ਹੱਦੋਂ ਬਾਹਰੀ ਗਰੀਬੀ ਵੇਖੀ ਹੈ, ਮੈਂ ਇਸ ਦੇ ਰਤ ਰਹਿਤ, ਹੱਡਲ, ਸਾਵੇ ਚਿਹਰੇ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ। ਮੈਂ ਇਸ ਦੀਆਂ ਅੱਖਾਂ ਹਰ ਥਾਂ ਵੇਖੀਆਂ ਹਨ, ਭੁੱਖ ਨਾਲ਼ ਬੇਹਿਸ ਹੋਈਆਂ ਅਤੇ ਲੋਭ ਵਿੱਚ ਭੱਖਦੀਆਂ, ਖਚਰੀਆਂ ਤੇ ਖ਼ੁਣਸੀ ਜਾਂ ਗੁਲਾਮਾਂ ਵਰਗੀਆਂ ਮਸਕੀਨ ਅਤੇ ਹਮੇਸ਼ਾਂ ਅਣ-ਮਨੁੱਖੀ, ਪਰ ਪੂਰਬ ਵੱਲ ਦੀ ਗਰੀਬੀ ਦੀ ਦਹਿਸ਼ਤ ਹਰ ਉਸ ਸ਼ੈਅ ਨਾਲ਼ੋਂ ਕਿਤੇ ਵਧੇਰੇ ਸੋਗਮਈ ਹੈ ਜਿਨ੍ਹਾਂ ਨੂੰ ਮੈਂ ਹੁਣ ਤੱਕ ਜਾਣਦਾ ਹਾਂ।

ਇਹਨਾਂ ਗਲੀਆਂ ਬਜ਼ਾਰਾਂ ਵਿੱਚ, ਜੋ ਲੋਕਾਂ ਨਾਲ਼ ਇੰਝ ਨੱਕੋ ਨੱਕ ਭਰੇ ਹੋਏ ਹਨ ਜਿਵੇਂ ਬੋਰੀਆਂ ਵਿੱਚ ਅਨਾਜ ਭਰਿਆ ਹੁੰਦਾ ਹੈ, ਬੱਚੇ ਰਾਹਾਂ ਦੇ ਇੱਕ ਪਾਸੇ ਪਏ ਕੂੜੇ ਕਰਕਟ ਦੇ ਡੱਬਿਆਂ ਵਿੱਚੋਂ ਗਲੀਆਂ ਸੜੀਆਂ ਸਬਜ਼ੀਆਂ ਹਾਬੜੇ ਹੋਏ ਭਾਲ਼ਦੇ ਹਨ ਤੇ ਉੱਲੀ ਲੱਗਿਆ ਤੇ ਸਭ ਕੁਝ, ਜੋ ਵੀ ਮਿਲ਼ਦਾ ਹੈ ਉਸ ਥਾਂ ’ਤੇ ਇਸ ਕਰੜੀ ਗਰਮੀ ਤੇ ਮਿੱਟੀ ਘੱਟੇ ਵਿੱਚ ਨਿਗਲੀ ਜਾਂਦੇ ਹਨ।

ਗਲ਼ੀ ਸੜੀ ਰੋਟੀ ਦੀ ਇੱਕ ਪੇਪੜੀ ਉਹਨਾਂ ਵਿਚਾਲੇ ਇੱਕ ਘੋਰ ਦੁਸ਼ਮਣੀ ਪੈਦਾ ਕਰਦੀ ਹੈ ਤੇ ਇਸ ਨੂੰ ਹੜੱਪ ਕਰਨ ਦੀ ਇੱਛਾ ਵਿੱਚ ਉਤਾਵਲੇ, ਉਹ ਛੋਟੇ ਕੁੱਤਿਆਂ ਵਾਂਗ ਆਪੋ ਵਿੱਚ ਲੜਦੇ ਹਨ। ਭੁੱਖੜ ਕਬੂਤਰਾਂ ਦੇ ਝੁੰਡਾਂ ਵਾਂਗ ਉਹ ਪੜਦਿਆਂ ਉੱਤੇ ਕੁਰਬਲ ਕੁਰਬਲ ਕਰਦੇ ਫਿਰਦੇ ਹਨ, ਇੱਕ ਵਜੇ, ਸਵੇਰ ਦੇ ਦੋ ਵਜੇ ਅਤੇ ਇਸ ਤੋਂ ਮਗਰੋਂ ਵੀ, ਉਹ ਗੰਦਗੀ ਨੂੰ ਫੋਲ ਰਹੇ ਹੁੰਦੇ ਹਨ, ਇਹ ਕੰਗਾਲੀ ਦੇ ਤਰਸ ਯੋਗ ਕੀਟਾਣੂ, ਪੀਲ਼ੇ ਦੈਂਤ ਦੇ ਧਨਵਾਨ ਗੁਲਾਮਾਂ ਦੀ ਤ੍ਰਿਸ਼ਨਾ ਪ੍ਰਤੀ ਇੱਕ ਜਿਊਂਦਾ ਜਾਗਦਾ ਤਿਰਸਕਾਰ।

ਕੂੜੇ ਕਰਕਟ ਨਾਲ਼ ਭਰੀਆਂ ਗਲੀਆਂ ਬਾਜ਼ਾਰਾਂ ਦੀਆਂ ਨੁੱਕਰਾਂ ਤੇ ਸਟੋਵਾਂ ਤੇ ਅੰਗੀਠੀਆਂ ਦੇ ਨਮੂਨੇ ਖਲ੍ਹੋਤੇ ਹਨ ਜਿਨ੍ਹਾਂ ਵਿੱਚ ਕੋਈ ਸ਼ੈਅ ਪੱਕ ਰਹੀ ਹੈ; ਇੱਕ ਪਤਲੀ ਜਿਹੀ ਨਾਲ਼ੀ ਵਿੱਚੋਂ ਭਾਪ ਰਿਸ ਕੇ ਹਵਾ ਵਿੱਚ ਫੈਲ ਰਹੀ ਹੈ, ਇਸ ਦੇ ਸਿਰੇ ’ਤੇ ਇੱਕ ਸੀਟੀ ਵੱਜਦੀ ਹੈ। ਇਹ ਮੱਧਮ ਤੇ ਚੀਰਵੀਂ ਸੀਟੀ ਆਪਣੀ ਥਰਥਰਾਉਂਦੀ ਤੀਖਣਤਾ ਨਾਲ਼ ਗਲੀਆਂ ਦੀਆਂ ਹੋਰ ਅਵਾਜ਼ਾਂ ਉੱਤੇ ਭਾਰੂ ਹੈ ਅਤੇ ਅੱਖਾਂ ਚੁੰਧਿਆਂ ਦੇਣ ਵਾਲ਼ੇ ਅਮੁੱਕ ਸਫੈਦ ਧਾਗੇ ਵਾਂਗ ਲਮਕਦੀ ਜਾਂਦੀ ਹੈ, ਡੰਡੇ ਵਿਖਾਈ ਦੇਂਦੇ ਹਨ, ਜਿਨ੍ਹਾਂ ਉੱਤੇ ਘਰ ਦਾ ਕੂੜਾ ਕਰਕਟ ਖਿਲਰਿਆ ਹੋਇਆ ਹੈ, ਇੰਝ ਜਾਪਦਾ ਹੈ ਘਰ ਅੰਦਰਲੀ ਹਰ ਚੀਜ਼ ਕਿਸੇ ਬੋ ਮਾਰਦੀ ਲਾਸ਼ ਵਾਂਗ ਗਲ਼ਸੜ ਕੇ ਸੜ੍ਹਿਆਂਦ ਛੱਡ ਰਹੀ ਹੈ। ਅਤੇ ਲੋਕ ਕੁਰਬਲ ਕੁਰਬਲ ਕਰਦੇ ਕੀੜਿਆਂ ਵਾਂਗ ਹਨ...।

ਇੱਕ ਮੋਟੀਆਂ ਤੇ ਕਾਲ਼ੀਆਂ ਅੱਖਾਂ ਵਾਲ਼ੀ ਲੰਮੇ ਕੱਦ ਦੀ ਔਰਤ ਬੱਚੇ ਨੂੰ ਕੁੱਛੜ ਚੁੱਕੀ ਬੂਹੇ ਵਿੱਚ ਖਲ੍ਹੋਤੀ ਹੈ, ਉਸ ਦੀ ਚੋਲੀ ਖੁਲ੍ਹੀ ਹੋਈ ਹੈ ਅਤੇ ਨੀਲੀਆਂ ਜਿਹੀਆਂ ਢਿਲਕਵੀਆਂ ਛਾਤੀਆਂ ਲੰਮੇ ਥੈਲਿਆਂ ਵਾਂਗ ਲਮਕ ਰਹੀਆਂ ਹਨ। ਬੱਚਾ ਚੀਕਦਾ ਹੈ। ਮਾਂ ਦੇ ਮਰੀਅਲ ਤੇ

ਭੱਖੇ ਮਾਸ ਨੂੰ ਢੂੰਡਦਾ ਹੈ, ਉਸ ਨਾਲ਼ ਆਪਣੀ ਥੁਥਨੀ ਰਗੜਦਾ ਹੈ, ਚੁੰਘਣ ਦੀਆਂ ਅਵਾਜ਼ਾਂ ਕੱਢਦਾ ਹੈ, ਫਿਰ ਇੱਕ ਛਿਨ ਚੁੱਪ ਰਹਿਣ ਮਗਰੋਂ ਮਾਂ ਦੀਆਂ ਛਾਤੀਆਂ ਨੂੰ ਟੱਕਰਾਂ ਮਾਰਦਾ ਤੇ ਕੁੱਟਦਾ ਉੱਚੀ ਉੱਚੀ ਰੋਣ ਲੱਗ ਜਾਂਦਾ ਹੈ। ਮਾਂ ਇੰਝ ਖਲ੍ਹੋਤੀ ਹੈ ਜਿਵੇਂ ਪੱਥਰਾ ਗਈ ਹੋਵੇ, ਆਪਣੇ ਸਾਹਮਣੇ ਦੀ ਕਿਸੇ ਸ਼ੈਅ ਵੱਲ ਟਿਕਵੀਂ ਨਜ਼ਰ ਨਾਲ਼ ਇੰਝ ਵੇਖਦੀ ਹੈ ਜਿਵੇਂ ਇੱਕ ਉੱਲੂ। ਇੰਝ ਮਹਿਸੂਸ ਹੁੰਦਾ ਹੈ ਜਿਵੇਂ ਉਹ ਰੋਟੀ ਤੋਂ ਬਿਨਾਂ ਕਿਸੇ ਸੈਅ ਨੂੰ ਨਹੀਂ ਵੇਖ ਰਹੀ। ਉਸ ਦੇ ਹੋਠ ਜ਼ੋਰ ਨਾਲ਼ ਝਪੀਟੇ ਹੋਏ ਹਨ, ਉਹ ਆਪਣੇ ਨੱਕ ਰਾਹੀਂ ਸਾਹ ਲੈਂਦੀ ਹੈ, ਉਸ ਦੀਆਂ ਨਾਸਾਂ ਕੰਬਦੀਆਂ ਹਨ ਜਦੋਂ ਉਹ ਬਦਬੂ ਵਾਰ ਹਵਾ ਨੂੰ ਅੰਦਰ ਖਿੱਚਦੀ ਹੈ। ਇਹ ਔਰਤ ਕੱਲ੍ਹ ਦੀ ਖਾਧੀ ਖੁਰਾਕ ਦੀਆਂ ਯਾਦਾਂ ਉੱਤੇ ਜਿਊਂਦੀ ਹੈ ਭਵਿੱਖ ਵਿੱਚ ਕਿਸੇ ਸਮੇਂ ਸਬਜ਼ੀ ਨਾਲ਼ ਖਾਧੀ ਜਾ ਸਕਣ ਵਾਲ਼ੀ ਬੁਰਕੀ ਦੇ ਸੁਪਨੇ ਲੈਂਦੀ ਹੈ। ਬੱਚਾ ਚੀਕਦਾ ਹੈ, ਉਸ ਦੇ ਛੋਟੇ ਪੀਲ਼ੇ ਭੂਕ ਸਰੀਰ ਵਿੱਚ ਕੜਵੱਲ ਪੈਂਦੇ ਹਨ, ਪਰ ਮਾਂ ਉਸ ਦੀਆਂ ਨਾ ਚੀਕਾਂ ਸੁਣਦੀ ਹੈ ਤੇ ਨਾ ਹੀ ਬੱਚੇ ਦੀਆਂ ਮਰੀਅਲ ਜਿਹੀਆਂ ਮੁੱਕੀਆਂ ਨੂੰ ਮਹਿਸੂਸ ਕਰਦੀ ਹੈ...।

ਸਿਰੋਂ ਨੰਗਾ, ਲੰਮਾ, ਪਤਲਾ, ਧੂੰਏਂ ਰੰਗਾ ਇੱਕ ਬੁੱਢਾ ਆਦਮੀ ਭੁੱਖੜ ਨਜ਼ਰਾਂ ਨਾਲ਼ ਕੂੜੇ ਕਰਕਟ ਦੇ ਇੱਕ ਢੇਰ ਨੂੰ ਬੜੀ ਹੁਸ਼ਿਆਰੀ ਨਾਲ਼ ਫਰੋਲ ਰਿਹਾ ਹੈ, ਕੋਲ਼ੇ ਦੇ ਛੋਟੇ ਛੋਟੇ ਟੁਕੜਿਆਂ ਨੂੰ ਚੁਣਦਿਆਂ ਉਹ ਆਪਣੀਆਂ ਦੁੱਖਦੀਆਂ ਅੱਖਾਂ ਦੇ ਲਾਲ ਛੱਪਰਾਂ ਨੂੰ ਸੰਗੋੜਦਾ ਹੈ। ਜਦੋਂ ਕੋਈ ਉਸ ਦੇ ਨੇੜੇ ਆਉਂਦਾ ਹੈ, ਉਹ ਇੱਕ ਬਘਿਆੜ ਵਾਂਗ ਉਸ ਵੱਲ ਮੁੜ ਕੇ ਵੇਖਦਾ ਹੈ ਅਤੇ ਕੁਝ ਬੁੜਬੜਾਉਣ ਲੱਗ ਜਾਂਦਾ ਹੈ।

ਇੱਕ ਪਤਲਾ ਦੁਬਲਾ ਤੇ ਭੂਸਲਾ ਨੌਜਵਾਨ ਬਿਜਲੀ ਦੇ ਖੰਭੇ ਨਾਲ਼ ਕੁੱਬਾ ਹੋਇਆ ਖਲ੍ਹੋਤਾ ਹੈ, ਉਸ ਦੀਆਂ ਉਦਾਸ ਅੱਖਾਂ ਗਲੀ ਦੇ ਆਸੇ ਪਾਸੇ ਦੇਖ ਰਹੀਆਂ ਹਨ। ਕਦੇ ਕਦੇ ਉਹ ਆਪਣੇ ਘੁੰਗਰਾਲੇ ਸਿਰ ਨੂੰ ਹਿਲਾਉਂਦਾ ਹੈ। ਉਸ ਨੇ ਆਪਣੇ ਹੱਥ ਪਤਲੂਣ ਦੀਆਂ ਜੇਬ੍ਹਾਂ ਵਿੱਚ ਤੁੰਨੇ ਹੋਏ ਹਨ, ਉਹ ਉਂਗਲਾਂ ਨੂੰ ਮਚਕੋੜ ਰਿਹਾ ਹੈ...।

ਏਥੇ ਇਹਨਾਂ ਗੱਲੀਆਂ ਵਿੱਚ, ਬੰਦਾ ਬਹੁਤ ਹੀ ਉੱਘੜਵਾਂ ਹੈ ਅਤੇ ਉਸ ਦੀ ਅਵਾਜ਼ ਗੁਸੈਲੀ, ਖਿੱਝਵੀਂ ਤੇ ਬਦਲੇਖੋਰ ਸੁਣਾਈ ਦੇਂਦੀ ਹੈ। ਇੱਥੋਂ ਦੇ ਮਨੁੱਖ ਦਾ ਚਿਹਰਾ ਭੁੱਖਾ, ਉਤੇਜਿਤ ਤੇ ਸੰਤਾਪੀ ਹੈ। ਜੋ ਕੁਝ ਲੋਕ ਮਹਿਸੂਸ ਕਰਦੇ ਹਨ ਅਵੱਸ਼ਕ ਹੈ, ਜੋ ਕੁਝ ਉਹ ਸੋਚਦੇ ਹਨ ਜਾਣਿਆਂ ਜਾਣ ਵਾਲ਼ਾ ਹੈ। ਇਹ ਗੰਦੇ ਨਾਲ਼ੇ ਵਿੱਚ ਕੁਰਬਲ ਕੁਰਬਲ ਕਰਦੀ ਗੰਧਲੀ ਧਾਰਾ ਵਿੱਚ ਰੁੜ੍ਹਦੀਆਂ ਚੀਜ਼ਾਂ ਵਾਂਗ ਇੱਕ ਦੂਜੇ ਨਾਲ਼ ਟਕਰਾਉਂਦੇ ਹਨ ਤੇ ਇਹ ਭੁੱਖਾਂ-ਭੰਨੇ ਉਛਲਦੇ ਤੇ ਘੁੰਮਣ ਘੇਰੀਆਂ ਖਾਂਦੇ ਹਨ, ਇਹ ਕੁਝ ਖਾਣ ਦੀ ਤੀਬਰ ਇੱਛਾ ਨਾਲ਼ ਸਜੀਵ ਜੋਸ਼ ਭਰਪੂਰ ਹਨ।

ਇਸੇ ਸਮੇਂ, ਖੁਰਾਕ ਅਤੇ ਤ੍ਰਿਪਤ ਹੋਣ ਦੀ ਅੱਯਾਸ਼ ਖੁਸ਼ੀ ਦੇ ਚਟਕਾਰੇ ਲੈਂਦਿਆਂ ਇਹ ਜ਼ਹਿਰੀਲੀ ਹਵਾ ਨੂੰ ਨਿਗਲਦੇ ਹਨ ਅਤੇ ਇਹ ਆਪਣੇ ਆਪ ਨੂੰ ਗਲ਼ੇ ਦੇ ਦੁਆਲ਼ੇ ਵਲ੍ਹੇਟੀ ਜਾ ਰਹੀ ਹੈ, ਪਾਗਲ ਬਣਾ ਰਹੀ ਹੈ, ਕਿਸੇ ਥਾਂ 'ਤੇ ਕਿਸੇ ਨੂੰ ਉਕਸਾਉਂਦੀ ਹੈ ਅਤੇ ਇਹ ਛਿਨ ਲਈ ਵੀ ਬੰਦ ਹੋਏ ਬਿਨਾਂ ਤਰੱਕੀਆਂ ਵਸਤਾਂ ਦੀ ਸੜਿਆਂਦ ਵਿੱਚ ਥਰਥਰਾਉਂਦੀ ਹੈ, ਇਹ ਮਸ਼ਕਰੀਆਂ ਉਡਾਉਂਦੀ ਹੈ, ਖੁਣਸ ਨਾਲ਼ ਥਰਥਰਾਉਂਦੀ ਉਸ ਜੀਵਨ ਵਿੱਚ ਰੱਚਦੀ ਜਾ ਰਹੀ

ਹੈ ਜੋ ਗੰਦਗੀ ਵਿੱਚ ਧੱਸਿਆ ਹੋਇਆ ਹੈ।

ਧੂੜ ਘੱਟਾ ਇੱਕ ਅੰਸ਼ ਹੈ, ਇਹ ਹਰ ਥਾਂ ਵਿੱਚ ਧੱਸ ਗਿਆ ਹੈ : ਘਰਾਂ ਦੀਆਂ ਕੰਧਾਂ, ਖਿੜਕੀਆਂ ਦੇ ਸ਼ੀਸ਼ਿਆਂ, ਲੋਕਾਂ ਦੇ ਕੱਪੜਿਆਂ, ਜੁੱਸਿਆਂ ਦੇ ਮੁਸਾਮਾਂ, ਉਹਨਾਂ ਦੇ ਦਿਮਾਗਾਂ, ਇੱਛਾਵਾਂ, ਵਿਚਾਰਾਂ ਵਿੱਚ ਰਚ ਗਿਆ ਹੈ।

ਇਹਨਾਂ ਗਲੀਆਂ ਵਿੱਚ ਦਰਵਾਜ਼ਿਆਂ ਦੇ ਖੁੱਲ੍ਹੇ ਮੂੰਹ ਕੰਧ ਦੇ ਪੱਥਰਾਂ ਵਿੱਚ ਬੋ ਮਾਰਦੇ ਜ਼ਖਮ ਹਨ। ਜਦੋਂ ਕੋਈ ਇਹਨਾਂ ਉੱਤੇ ਝਾਤ ਪਾਉਂਦਾ ਹੈ ਤਾਂ ਉਸ ਨੂੰ ਪੌੜੀਆਂ ਦੇ ਗੰਦੇ ਰੂਹਾਂ ਦੀਆਂ ਹਨ੍ਹੇਰੀਆਂ ਡੂੰਘਾਈਆਂ ਵਿੱਚ ਪ੍ਰਚੰਡ ਵਿਚਾਰ, ਮੱਕਾਰ ਭਾਵਨਾਵਾਂ ਤੇ ਮੁਜ਼ਰਮਾਨਾ ਖਾਹਿਸ਼ਾਂ ਜਨਮ ਲੈਂਦੀਆਂ ਹਨ।

ਇਹ ਸ਼ਹਿਰ ਦੇ ਮਿਹਦੇ ਵਿੱਚ ਰੋਗੀ ਕੀੜਿਆਂ ਵਾਂਗ ਹਨ ਅਤੇ ਸਮਾਂ ਆਵੇਗਾ ਜਦੋਂ ਉਹ ਇਸ ਸ਼ਹਿਰ ਨੂੰ ਉਹਨਾਂ ਹੀ ਘਾਤਕ ਜ਼ਹਿਰਾਂ ਨਾਲ਼ ਰੋਗੀ ਬਣਾ ਦੇਣਗੇ ਜਿਨ੍ਹਾਂ ਨਾਲ਼ ਇਹ ਉਹਨਾਂ ਨੂੰ ਬੜੀ ਖੁੱਲ੍ਹਦਿਲੀ ਨਾਲ਼ ਪਾਲ ਰਿਹਾ ਹੈ।

ਬਿਜਲੀ ਦੇ ਖੰਭੇ ਨਾਲ਼ ਪਿੱਠ ਜੋੜ ਕੇ ਖਲੋਤਾ ਨੌਜਵਾਨ ਕਦੇ ਕਦੇ ਆਪਣਾ ਸਿਰ ਹਿਲਾਉਂਦਾ ਹੈ। ਉਸ ਦੇ ਭੁੱਖੇ ਦੰਦ ਕਰੜਾਈ ਨਾਲ਼ ਮੀਚੇ ਹੋਏ ਹਨ। ਮੇਰਾ ਵਿਸ਼ਵਾਸ ਹੈ, ਜਿਸ ਬਾਰੇ ਉਹ ਸੋਚ ਰਿਹਾ ਹੈ, ਜੋ ਉਹ ਚਾਹੁੰਦਾ ਹੈ ਉਸ ਨੂੰ ਮੈਂ ਜਾਣਦਾ ਹਾਂ—ਮੇਰਾ ਵਿਸ਼ਵਾਸ ਹੈ ਉਹ ਭਿਅੰਕਰ ਸ਼ਕਤੀ ਵਾਲ਼ੇ ਅਥਾਹ ਭਾਰੀ ਹੱਥ ਅਤੇ ਆਪਣੀ ਪਿੱਠ ਉੱਤੇ ਖੰਭ ਚਾਹੁੰਦਾ ਹੈ। ਤਾਂ ਜੋ ਉਹ ਇੱਕ ਦਿਨ ਸ਼ਹਿਰ ਦੇ ਉੱਪਰ ਉੱਡਦਾ ਉੱਡਦਾ ਆਪਣੇ ਹੱਥਾਂ ਵਿੱਚ ਫੜੀਆਂ ਫੌਲਾਦੀ ਤੁਲਾਂ ਨਾਲ਼ ਹੇਠਾਂ ਝਪਟ ਪਏ ਅਤੇ ਸਭ ਕੁਝ ਨੂੰ, ਇੱਟਾਂ ਤੇ ਹੀਰਿਆਂ ਨੂੰ, ਸੋਨੇ ਦੇ ਦਾਸਾਂ ਦੇ ਮਾਸ ਨੂੰ, ਸ਼ੀਸ਼ੇ ਤੇ ਕਰੋੜਪਤੀਆਂ ਨੂੰ, ਗੰਦਗੀ, ਮੂਰਖਾਂ, ਮੰਦਰਾਂ, ਮਿੱਟੀ ਘੱਟੇ ਨਾਲ਼ ਵਿਹੁਲੇ ਹੋਏ ਰੁੱਖਾਂ ਨੂੰ ਅਤੇ ਇਹਨਾਂ ਵਲੱਲੀਆਂ, ਅਕਾਸ਼ ਛੂੰਹਦੀਆਂ ਬਹੁ-ਮੰਜ਼ਲੀ ਇਮਾਰਤਾਂ ਨੂੰ, ਹਰ ਚੀਜ਼ ਨੂੰ ਰੱਲ਼ਗਡ ਕਰਦਿਆਂ ਢਾਹ-ਢੇਰੀ ਕਰ ਕੇ ਸਾਰੇ ਸ਼ਹਿਰ ਨੂੰ ਕੂੜੇ ਕਰਕਟ ਤੇ ਸੁਆਹ ਦੇ ਢੇਰ ਵਿੱਚ, ਮਿੱਟੀ ਤੇ ਲੋਕਾਂ ਦੇ ਲਹੂ ਦੇ ਗਾਰੇ ਵਿੱਚ—ਇੱਕ ਘ੍ਰਿਣਤ ਧੰਧੂਕਾਰ ਵਿੱਚ ਬਦਲ ਦੇਵੇ। ਇਸ ਨੌਜਵਾਨ ਦੇ ਮਨ ਵਿੱਚ ਇਹ ਭਿਅੰਕਰ ਇੱਛਾ ਇਸੇ ਤਰ੍ਹਾਂ ਕੁਦਰਤੀ ਹੈ ਜਿਵੇਂ ਕਿਸੇ ਬਿਮਾਰ ਬੰਦੇ ਦੇ ਜੁੱਸੇ ਉੱਤੇ ਇੱਕ ਫੋੜਾ। ਜਿੱਥੇ ਕਿੱਥੇ ਵੀ ਦਾਸਾਂ ਲਈ ਅਜਿਹਾ ਕੰਮ ਹੋਵੇਗਾ, ਉੱਥੇ ਸੁਤੰਤਰ ਰਚਨਾਤਮਕ ਵਿਚਾਰ ਲਈ ਕੋਈ ਥਾਂ ਨਹੀਂ ਹੈ, ਉੱਥੇ ਕੇਵਲ ਤਬਾਹੀ ਦੇ ਵਿਚਾਰ, ਬਦਲੇ ਦੇ ਵਿਹੁਲੇ ਫੁੱਲ, ਜ਼ਾਲਮ ਵਹਿਸ਼ੀ ਜਾਨਵਰ ਦਾ ਖੌਲਦਾ ਰੋਸ ਪਰਫੁੱਲਤ ਹੋ ਸਕਦੇ ਹਨ। ਇਹ ਗੱਲ ਸਮਝਣ ਯੋਗ ਹੈ — ਜੇ ਤੁਸੀਂ ਕਿਸੇ ਬੰਦੇ ਦੀ ਆਤਮਾ ਨੂੰ ਮਰੋੜਾ ਚਾੜ੍ਹੋਗੇ ਤਾਂ ਤੁਹਾਨੂੰ ਉਸ ਤੋਂ ਰਹਿਮ ਦੀ ਆਸ ਨਹੀਂ ਕਰਨੀ ਚਾਹੀਦੀ।

ਮਨੁੱਖ ਨੂੰ ਬਦਲਾ ਲੈਣ ਦਾ ਅਧਿਕਾਰ ਹੈ — ਉਹ ਅਧਿਕਾਰ ਉਸ ਨੂੰ ਬੰਦਿਆਂ ਵੱਲੋਂ ਮਿਲ਼ਿਆ ਹੋਇਆ ਹੈ।

ਦਿਨ ਉਦਾਸ ਧੁਆਂਖੇ ਅੰਬਰ ਵਿੱਚ ਢਲ਼ਦਾ ਜਾਂਦਾ ਹੈ। ਅਥਾਹ ਵੱਡੇ ਘਰ ਵਧੇਰੇ ਗਮਗੀਨ ਤੇ ਬੇਡੌਲ ਹੁੰਦੇ ਜਾਂਦੇ ਹਨ। ਉਹਨਾਂ ਦੀਆਂ ਹਨ੍ਹੇਰੀਆਂ ਡੂੰਘਾਈਆਂ ਵਿੱਚ ਇਧਰ

ਉੱਧਰ ਰੌਸ਼ਨੀਆਂ ਟਿਮਟਮਾਉਂਦੀਆਂ ਹਨ। ਉਹਨਾਂ ਅਦਭੁੱਤ ਵਹਿਸ਼ੀ ਜਾਨਵਰਾਂ ਦੀਆਂ ਪੀਲ਼ੀਆਂ ਅੱਖਾਂ ਚਮਕਦੀਆਂ ਹਨ ਜਿਨ੍ਹਾਂ ਨੂੰ ਇਹਨਾਂ ਕਬਰਾਂ ਵਿੱਚ ਭੰਡਾਰ ਕੀਤੀ ਮੁਰਦਾ ਦੌਲਤ ਦੀ ਸਾਰੀ ਰਾਤ ਰਾਖੀ ਕਰਨੀ ਹੈ।

ਲੋਕਾਂ ਨੇ ਦਿਨ ਦਾ ਕੰਮ ਮੁਕਾ ਲਿਆ ਹੈ ਅਤੇ ਕਦੇ ਵੀ ਦਿਨ ਬਾਰੇ ਨਾ ਸੋਚਦਿਆਂ ਕਿ ਇਹ ਕਿਉਂ ਕੀਤਾ ਗਿਆ ਹੈ ਜਾਂ ਕੀ ਇਹ ਉਹਨਾਂ ਲਈ ਕੋਈ ਲਾਹੇਵੰਦ ਵੀ ਹੈ—ਤੇਜ਼ੀ ਨਾਲ਼ ਘਰਾਂ ਨੂੰ ਪਰਤਣ ਲਈ ਦੌੜੀ ਜਾਂਦੇ ਹਨ। ਪਾਸੇ ਦੀਆਂ ਪਟੜੀਆਂ ਉੱਤੇ ਮਨੁੱਖਾਂ ਦੇ ਕਾਲ਼ੇ ਵਹਿਣਾਂ ਦਾ ਹੜ੍ਹ ਆਇਆ ਹੋਇਆ ਹੈ। ਸਾਰੇ ਸਿਰ ਉਹਨਾਂ ਹੀ ਕਾਲ਼ੇ ਟੋਪਾਂ ਨਾਲ਼ ਕੱਜੇ ਹੋਏ ਹਨ ਅਤੇ ਸਾਰੇ ਦਿਮਾਗ—ਜਿਵੇਂ ਕਿ ਉਹ ਅੱਖਾਂ ਨਾਲ਼ ਵੇਖੇ ਜਾ ਸਕਦੇ ਹੋਣ—ਪਹਿਲਾਂ ਹੀ ਸੁੱਤੇ ਹੋਏ ਹਨ। ਬੱਸ ਕੰਮ ਹੋ ਗਿਆ ਹੈ, ਇਸ ਤੋਂ ਬਿਨਾਂ ਹੋਰ ਕੁਝ ਵੀ ਸੋਚੇ ਜਾਣ ਲਈ ਨਹੀਂ ਹੈ। ਉਹਨਾਂ ਦੀ ਸੋਚਣੀ ਉਹਨਾਂ ਦੇ ਮਾਲਕਾਂ ਦੇ ਹੱਥ ਵਿੱਚ ਹੈ, ਆਪਣੇ ਬਾਰੇ ਕੁਝ ਸੋਚਣ ਲਈ ਉਹਨਾਂ ਕੋਲ਼ ਹੈ ਹੀ ਕੀ ? ਜੇ ਕੰਮ ਹੈ ਤਾਂ ਰੋਟੀ ਤੇ ਜੀਵਣ ਲਈ ਸਸਤੇ ਮੌਜ ਮੇਲੇ ਵੀ ਹੋਣਗੇ, ਇਸ ਤੋਂ ਵੱਧ, ਇਸ ਪੀਲ਼ੇ ਦੈਂਤ ਦੇ ਸ਼ਹਿਰ ਵਿੱਚ ਬੰਦੇ ਨੂੰ ਹੋਰ ਸੋਚਣ ਦੀ ਲੋੜ ਵੀ ਕੀ ਹੈ ?

ਲੋਕ ਆਪਣੇ ਮੰਜਿਆਂ 'ਤੇ ਆਪਣੀਆਂ ਔਰਤਾਂ ਕੋਲ਼, ਆਪਣੇ ਮਰਦਾਂ ਕੋਲ਼ ਜਾਂਦੇ ਹਨ ਅਤੇ ਉਹ ਮੁੜ੍ਹਕੇ ਨਾਲ਼ ਭਿੱਜੇ ਉਹਨਾਂ ਬਦਬੂਦਾਰ ਕੱਪੜਿਆਂ ਵਿੱਚ ਰਾਤ ਨੂੰ ਪਿਆਰ ਕਰਨਗੇ, ਤਾਂ ਜੋ ਸ਼ਹਿਰ ਲਈ ਨਵੇਂ ਤਾਜ਼ੇ ਭੋਜਨ ਨੂੰ ਜਨਮਿਆ ਜਾਵੇ...।

ਉਹ ਜਾਂਦੇ ਹਨ, ਕੋਈ ਹਾਸਾ ਜਾਂ ਟਹਿਕਵੀਂ ਗੱਲਬਾਤ ਸੁਣਾਈ ਨਹੀਂ ਦੇਂਦੀ, ਇੱਥੇ ਮੁਸਕਣੀਆਂ ਉੱਕਾ ਨਹੀਂ ਲਿਸ਼ਕਦੀਆਂ।

ਇੰਜਣ ਚੀਕਦੇ ਹਨ, ਚਾਬਕਾਂ ਕੜਕਦੀਆਂ ਹਨ, ਬਿਜਲੀ ਦੀਆਂ ਤਾਰਾਂ ਭਿਣਭਿਣਾਉਂਦੀਆਂ ਹਨ, ਰੇਲਗੱਡੀਆਂ ਖੜਖੜ ਕਰਦੀਆਂ ਹਨ। ਹਾਂ, ਕਿਤੇ ਦੂਰੋਂ ਸੰਗੀਤ ਦੀ ਆਵਾਜ਼ ਜ਼ਰੂਰ ਆਉਂਦੀ ਹੈ...।

ਅਖ਼ਬਾਰਾਂ ਵੇਚਣ ਵਾਲ਼ੇ ਮੁੰਡੇ ਚੀਕ ਚੀਕ ਕੇ ਅਖ਼ਬਾਰਾਂ ਦੇ ਨਾਂ ਪੁਕਾਰਦੇ ਹਨ। ਕਿਸੇ ਅਣਘੜ੍ਹ ਸਾਜ਼ ਦੀ ਦਰਦੀਲੀ ਅਵਾਜ਼ ਅਤੇ ਕਿਸੇ ਦੀ ਕਿਲਕਾਰੀ ਕਾਤਲ ਤੇ ਮੰਡੂਏ ਦੇ ਬਾਹਰ ਖਲੋਤੇ ਮਸਖੇਰ ਦੀ ਦੁੱਖ ਸੁਖਾਵੀਂ ਗਲਵੱਕੜੀ ਵਿੱਚ ਇੱਕਮਿਕ ਹੋ ਰਹੀਆਂ ਹਨ। ਛੋਟੇ ਲੋਕ ਪਹਾੜੀ ਤੋਂ ਹੇਠਾਂ ਵੱਲ ਰਿੜ੍ਹਦੇ ਗੀਟਿਆਂ ਵਾਂਗ ਅਣਗੌਲ਼ੇ ਤੁਰੇ ਜਾ ਰਹੇ ਹਨ....।

ਵਧੇਰੇ ਤੋਂ ਵਧੇਰੇ ਪੀਲ਼ੀਆਂ ਬੱਤੀਆਂ ਜਗਦੀਆਂ ਹਨ—ਬੀਅਰ, ਵਿਸਕੀ, ਸਾਬਣ, ਨਵੇਂ ਰੇਜ਼ਰ, ਹੈਟ, ਸਿਗਾਰ ਅਤੇ ਖੇਡ ਤਮਾਸ਼ੇ ਜਿਹੇ ਭੜਕੀਲੇ ਸ਼ਬਦਾਂ ਨਾਲ਼ ਪੂਰੀਆਂ ਦੀਆਂ ਪੂਰੀਆਂ ਕੰਧਾਂ ਲਟ ਲਟ ਬਲ ਉੱਠਦੀਆਂ ਹਨ। ਲੋਹੇ ਦੀ ਟੁਣਕਾਰ, ਜਿਸ ਨੂੰ ਸੋਨੇ ਦੀ ਭੁੱਖੜ ਹੁੱਝ ਹਰ ਥਾਂ ਤੇ ਗਲੀਆਂ ਵਿੱਚ ਹਿੱਕੀ ਜਾ ਰਹੀ ਹੈ—ਕਦੇ ਵੀ ਚੁੱਪ ਨਹੀਂ ਹੁੰਦੀ। ਹੁਣ, ਜਦ ਕਿ ਬੱਤੀਆਂ ਹਰ ਪਾਸੇ ਜਗਮਗਾਉਂਦੀਆਂ ਹਨ ਇਸ ਨਿਰੰਤਰ ਚਾਂਗਰ ਦੀ ਮਹੱਤਤਾ ਪਸਰੀ ਜਾਂਦੀ ਹੈ, ਇਸ ਨੂੰ ਨਵੇਂ ਅਰਥ, ਨਵੀਂ ਤੇ ਵਧੇਰੇ ਤਾਕਤ ਪ੍ਰਾਪਤ ਹੁੰਦੀ ਜਾ ਰਹੀ ਹੈ।

ਘਰਾਂ ਦੀਆਂ ਕੰਧਾਂ ਵਿੱਚੋਂ, ਦੁਕਾਨਾਂ ਦੇ ਫੱਟਿਆਂ ਅਤੇ ਰੈਸਤੋਰਾਂ ਦੀਆਂ ਖਿੜਕੀਆਂ

ਵਿੱਚੋਂ ਪਿਘਲੇ ਹੋਏ ਸੋਨੇ ਦੀ ਚੁੰਧਿਆਉਂਦੀ ਢੀਠਤਾਈ ਡੁੱਲ੍ਹ ਰਹੀ ਹੈ। ਹਰ ਥਾਂ 'ਤੇ ਜਿੱਤ ਪ੍ਰਾਪਤ ਕਰਦਾ ਉਹ ਗੁਸਤਾਖ ਤੇ ਖਰੂਦੀ ਅੱਖਾਂ ਨੂੰ ਹੋਰ ਚੰਟ ਬਣਾਉਂਦਾ ਹੈ, ਆਪਣੀ ਠੰਢੀ ਚਮਕ ਦਮਕ ਨਾਲ਼ ਚਿਹਰਿਆਂ ਨੂੰ ਵਿਗਾੜਦਾ ਹੈ। ਉਹ ਸ਼ਾਤਰ ਚਮਕਾਰ ਲੋਕਾਂ ਦੀਆਂ ਜੇਬ੍ਹਾਂ ਵਿੱਚੋਂ ਉਹਨਾਂ ਦੀ ਤੁੱਛ ਜਿਹੀ ਕਮਾਈ ਵੀ ਹਥਿਆਉਣ ਦੀ ਬੇਰਹਿਮ ਲਾਲਸਾ ਨਾਲ਼ ਭਰਪੂਰ ਹੈ ਅਤੇ ਇਹ ਇਸ ਲਾਲਸਾ ਨੂੰ ਸੰਕੇਤਕ ਸ਼ਬਦਾਂ ਵਿੱਚ ਕਰ ਦੇਂਦਾ ਹੈ ਜਿਹੜੇ ਕਾਮਿਆਂ ਨੂੰ ਸਸਤੀਆਂ ਖੁਸ਼ੀਆਂ ਵੱਲ ਖਾਮੋਸ਼ ਇਸ਼ਾਰੇ ਕਰਦੇ ਹਨ ਅਤੇ ਉਹਨਾਂ ਨੂੰ ਜੋ ਕੁਝ ਵੀ ਗੰਦ ਮੰਦ ਮਿਲ਼ਦਾ ਹੈ ਪੇਸ਼ ਕਰਦੇ ਹਨ।

ਸ਼ਹਿਰ ਵਿੱਚ ਰੌਸ਼ਨੀ ਦੀ ਡਰਾਉਣੀ ਬਹੁਤਾਤ ਹੈ। ਪਹਿਲੇ ਪਹਿਲ ਉਹ ਦਿਲਕਸ਼ ਜਾਪਦੀ ਹੈ, ਉਹ ਭਾਵਾਂ ਨੂੰ ਗਰਮਾਉਂਦੀ ਤੇ ਮਨ ਨੂੰ ਪ੍ਰਸੰਨ ਕਰਦੀ ਹੈ। ਰੌਸ਼ਨੀ ਇੱਕ ਅਜ਼ਾਦ ਵਸਤੂ ਹੈ, ਸੂਰਜ ਦਾ ਮਾਣਮੱਤਾ ਪੁੱਤਰ ਹੈ। ਜਦੋਂ ਇਹ ਭਰ ਜੋਬਨ ਵਿੱਚ ਖਿੜਦਾ ਹੈ, ਇਸ ਦੀਆਂ ਛਾਤੀਆਂ ਥਰਥਰਾਉਂਦੀਆਂ ਸਜੀਵ ਹੋ ਉੱਠਦੀਆਂ ਹਨ, ਧਰਤੀ ਦੇ ਕਿਸੇ ਫੁੱਲ ਨਾਲ਼ੋਂ ਕਿਤੇ ਵਧੇਰੇ ਖੂਬਸੂਰਤ, ਉਹ ਜੀਵਨ ਨੂੰ ਸਵੱਛ ਤੇ ਨਿਰਮਲ ਬਣਾਉਂਦੀ ਹੈ, ਜੋ ਕੁਝ ਛਿੱਜ ਕੇ ਪੁਰਾਣਾ ਹੋ ਗਿਆ, ਜੋ ਕੁਝ ਵੀ ਛਿੱਜ ਗਿਆ ਹੈ, ਮੁਰਦਾ ਤੇ ਗਲ਼ ਸੜ ਗਿਆ ਹੈ ਉਸ ਨੂੰ ਨਸ਼ਟ ਕਰ ਸਕਦੀ ਹੈ।

ਪਰ, ਇਸ ਸ਼ਹਿਰ ਵਿੱਚ ਜਦੋਂ ਕੋਈ ਰੌਸ਼ਨੀ ਵੱਲ ਵੇਖਦਾ ਹੈ, ਸ਼ੀਸ਼ੇ ਦੇ ਪਾਰਦਰਸ਼ੀ ਕੈਦਖਾਨੇ ਵਿੱਚ ਬੰਦ ਹੋਇਆ ਉਹ ਸਮਝਦਾ ਹੈ ਕਿ ਇੱਥੇ ਹਰ ਦੂਜੀ ਸ਼ੈਅ ਵਾਂਗ ਰੌਸ਼ਨੀ ਗੁਲਾਮ ਬਣਾਈ ਹੋਈ ਹੈ। ਇਹ ਸੋਨੇ ਦੀ ਸੇਵਕ ਹੈ, ਇਹ ਹੈ ਹੀ ਸੋਨੇ ਲਈ ਅਤੇ ਦੁਸ਼ਮਣਾਂ ਵਾਂਗ ਲੋਕਾਂ ਤੋਂ ਦੂਰ ਹੈ...।

ਹਰ ਸ਼ੈਅ — ਲੋਹਾ, ਪੱਥਰ, ਲੱਕੜ — ਵਾਂਗ ਰੌਸ਼ਨੀ ਵੀ ਮਨੁੱਖ ਦੇ ਵਿਰੁੱਧ ਸਾਜ਼ਸ਼ ਵਿੱਚ ਸ਼ਾਮਲ ਹੈ ਉਸ ਨੂੰ ਚੁੰਧਿਆਉਂਦੀ ਅਵਾਜ਼ ਦੇਂਦੀ ਹੈ।

"ਮੇਰੇ ਕੋਲ਼ ਆ!"

ਅਤੇ ਉਸ ਨੂੰ ਭੁਚਲਾਉਂਦੀ ਹੈ।

"ਪੈਸਾ ਧੇਲਾ ਮੇਰੇ ਹਵਾਲੇ ਕਰ ਦੇ।"

ਲੋਕ ਇਸ ਬੁਲਾਵੇ ਤੇ ਫੁੱਲ ਚੜ੍ਹਾਉਂਦੇ ਹਨ, ਗੰਦ ਮੰਦ ਖਰੀਦਦੇ, ਜਿਸ ਦੀ ਉਹਨਾਂ ਨੂੰ ਲੋੜ ਨਹੀਂ ਹੁੰਦੀ, ਖੇਡ ਤਮਾਸ਼ੇ ਵੇਖਦੇ ਹਨ ਜੋ ਉਹਨਾਂ ਦੀ ਅਕਲ ਨੂੰ ਖੁੰਢਾ ਕਰਦੇ ਹਨ।

ਇੰਝ ਹੈ ਜਿਵੇਂ ਕਿਤੇ ਸ਼ਹਿਰ ਦੇ ਐਨ ਵਿਚਕਾਰ ਸੋਨੇ ਦਾ ਇੱਕ ਬਹੁਤ ਵੱਡਾ ਢੇਲਾ ਭਿਅੰਕਰ ਰਫਤਾਰ ਤੇ ਵਿਭਚਾਰੀ ਘੂਕਰ ਕੱਢਦਾ ਘੁੰਮ ਰਿਹਾ ਹੈ, ਆਪਣੀ ਕੀਮਤੀ ਧੂੜ ਗਲੀਆਂ ਵਿੱਚ ਖਿਲਾਰ ਰਿਹਾ ਹੈ, ਜਿਸ ਨੂੰ ਲੋਕ ਸਾਰਾ ਦਿਨ ਬੜੇ ਚਾਅ ਨਾਲ ਪਕੜਦੇ ਹਨ, ਢੂੰਡਦੇ ਹਨ ਅਤੇ ਮੁੱਠਾਂ ਵਿੱਚ ਘੁੱਟੀ ਜਾਂਦੇ ਹਨ। ਪਰ ਅਖੀਰ ਤਰਕਾਲਾਂ ਢਲ਼ਦੀਆਂ ਹਨ, ਸੋਨੇ ਦਾ ਢੇਲਾ ਉਲਟੇ ਪਾਸੇ ਘੁੰਮਣਾ ਸ਼ੁਰੂ ਕਰ ਦੇਂਦਾ ਹੈ, ਇੱਕ ਠੰਡੀ ਯਖ ਜਗਮਗਾਹਟ ਦਾ ਭੰਵਰ ਪੈਦਾ ਕਰਦਾ ਹੈ ਲੋਕਾਂ ਨੂੰ ਆਪਣੇ ਵੱਲ ਖਿੱਚਦਾ ਹੈ ਤਾਂ ਜੋ ਉਹ ਦਿਨ ਦੇ ਸਮੇਂ ਸਮੇਟੀ ਹੋਈ ਸੁਨਹਿਰੀ ਧੂੜ ਵਾਪਸ ਦੇ ਜਾਣ। ਉਹ ਹਮੇਸ਼ਾਂ ਜਿੰਨੀ ਉਹਨਾਂ ਨੇ ਪ੍ਰਾਪਤ ਕੀਤੀ

ਹੁੰਦੀ ਹੈ ਉਸ ਤੋਂ ਵਧੇਰੇ ਮੋੜ ਜਾਂਦੇ ਹਨ ਤੇ ਅਗਲੀ ਸਵੇਰ ਸੋਨੇ ਦਾ ਢੇਲਾ ਹੋਰ ਵੱਡਾ ਹੋ ਜਾਂਦਾ ਹੈ, ਉਹ ਪਹਿਲਾਂ ਤੋਂ ਤੇਜ਼ ਰਫਤਾਰ ਨਾਲ਼ ਘੁੰਮਦਾ ਹੈ ਅਤੇ ਇਸ ਦਾ ਗੁਲਾਮ ਲੋਹੇ ਦੀ ਬਾਘੀਆਂ ਪਾਉਂਦੀ ਚੀਕ, ਇਸ ਦੀਆਂ ਗੁਲਾਮ ਬਣਾਈਆਂ ਸਾਰੀਆਂ ਤਾਕਤਾਂ ਦਾ ਖੜਾਕ ਪਹਿਲਾਂ ਤੋਂ ਵਧੇਰੇ ਉੱਚੀ ਅਵਾਜ਼ ਵਿੱਚ ਸੁਣਾਈ ਦੇਂਦਾ ਹੈ।

ਫਿਰ ਅਗਲੇ ਦਿਨ, ਪਿਛਲੇ ਦਿਨ ਤੋਂ ਵੀ ਬਹੁਤੀ ਹਾਬੜ ਨਾਲ਼, ਵਧੇਰੇ ਚਸਕੇ ਨਾਲ਼ ਲੋਕਾਂ ਦਾ ਲਹੂ ਤੇ ਦਿਮਾਗ ਚੂਸਦਾ ਹੈ ਤਾਂ ਜੋ ਤਰਕਾਲਾਂ ਤੱਕ ਇਹੋ ਲਹੂ ਤੇ ਦਿਮਾਗ ਠੰਡੀ ਯਖ ਪੀਲ਼ੀ ਧਾਤ ਵਿੱਚ ਬਦਲ ਜਾਵੇ। ਸੋਨੇ ਦਾ ਢੇਲਾ ਸ਼ਹਿਰ ਦਾ ਦਿਲ ਹੈ। ਸ਼ਹਿਰ ਦੀ ਸਾਰੀ ਜ਼ਿੰਦਗੀ ਇਸ ਦੇ ਧੜਕਣ ਵਿੱਚ ਹੈ, ਜ਼ਿੰਦਗੀ ਦੇ ਸਾਰੇ ਅਰਥ ਇਸ ਦੇ ਵਾਧੇ ਵਿੱਚ ਸਮਾਏ ਹੋਏ ਹਨ।

ਇਹੋ ਹੀ ਹੈ, ਜਿਸ ਲਈ ਲੋਕ ਹਰ ਦਿਹਾੜੀ ਮਿੱਟੀ ਪੁੱਟਦੇ ਹਨ, ਲੋਹਾ ਢਾਲਦੇ ਹਨ, ਘਰ ਉਸਾਰਦੇ ਹਨ, ਫੈਕਟਰੀਆਂ ਦੇ ਧੂੰਏਂ ਵਿੱਚ ਸਾਹ ਲੈਂਦੇ ਹਨ, ਆਪਣੇ ਜੁੱਸਿਆਂ ਦੇ ਮੁਸਾਮਾਂ ਰਾਹੀਂ ਪਲੀਤ ਹੋਈ ਹਵਾ ਦੀ ਗੰਦਗੀ ਨਿਗਲਦੇ ਹਨ, ਇਹੋ ਹੀ ਹੈ ਜਿਸ ਲਈ ਲੋਕ ਆਪਣੇ ਸੁੰਦਰ ਸਰੀਰ ਵੇਚਦੇ ਹਨ।

ਵੈਲੀ ਜਾਦੂਗਰੀ ਉਹਨਾਂ ਦੀਆਂ ਰੂਹਾਂ ਨੂੰ ਲੋਰੀਆਂ ਦੇ ਕੇ ਸੁਆ ਦੇਂਦੀ ਹੈ, ਪੀਲੇ ਦੈਂਤ ਦੇ ਹੱਥਾਂ ਵਿੱਚ ਉਹਨਾਂ ਨੂੰ ਲਚਕੀਲੇ ਔਜ਼ਾਰ ਬਣਾ ਦੇਂਦੀ ਹੈ, ਜਿਸ ਵਿੱਚੋਂ ਨਿਰੰਤਰ ਪਿਘਲ ਪਿਘਲ ਕੇ ਨਿਕਲ਼ਦਾ ਸੋਨਾ ਉਸ ਦਾ ਲਹੂ ਤੇ ਮਾਸ ਹੈ।

ਮਹਾਂਸਾਗਰ ਦੇ ਥਲ ਤੋਂ ਰਾਤ ਆਉਂਦੀ ਹੈ ਅਤੇ ਸ਼ਹਿਰ ਉੱਤੇ ਇੱਕ ਠੰਡੇ, ਸਲੂਣੇ ਸਾਹ ਦੇ ਫਰਾਟੇ ਛੱਡਦੀ ਹੈ। ਠੰਡੀ ਰੌਸ਼ਨੀ ਆਪਣੇ ਹਜ਼ਾਰਾਂ ਤੀਰਾਂ ਨਾਲ਼ ਇਸ ਨੂੰ ਵਿੰਨ੍ਹਦੀ ਹੈ। ਆਪਣੇ ਕਾਲ਼ੇ ਕੱਪੜਿਆਂ ਦੀ, ਬਦਸੂਰਤੀ ਤੇ ਤੰਗ ਗਲੀਆਂ ਦੀ ਭਿਆਨਕਤਾ ਨੂੰ ਰਹਿਮ-ਦਿਲੀ ਨਾਲ਼ ਲੁਕਾਉਂਦਿਆ ਅਤੇ ਕੰਗਾਲੀ ਦੇ ਘਿਨਾਉਣੇ ਚੀਥੜਿਆਂ ਉੱਤੇ ਪਰਦਾ ਪਾਉਂਦਿਆਂ ਇਹ ਸਹਿਜੇ ਸਹਿਜੇ ਤੁਰਦੀ ਜਾਂਦੀ ਹੈ। ਲੋਭੀ ਪਾਗਲਪਣ ਦੀ ਇੱਕ ਵਹਿਸ਼ੀ ਹੂਕ ਇਸ ਦੀ ਖਾਮੋਸ਼ੀ ਨੂੰ ਚੀਰਦੀ ਹੋਈ ਇਸ ਨੂੰ ਧਾ ਕੇ ਮਿਲ਼ਦੀ ਹੈ, ਗੁਲਾਮ ਹੋਈ ਰੌਸ਼ਨੀ ਦੀ ਗੁਸਤਾਖ ਚਮਕ ਨੂੰ ਸਹਿਜੇ ਸਹਿਜੇ ਧੁੰਦਿਆਉਂਦੀ ਅਤੇ ਆਪਣੇ ਨਰਮ ਹੱਥ ਨਾਲ਼ ਸ਼ਹਿਰ ਦੇ ਪੀਕ ਨਾਲ ਰਿਸਦੇ ਫੋੜਿਆਂ ਨੂੰ ਕੱਜਦੀ ਹੋਈ ਇਹ ਫਿਰ ਵੀ ਤੁਰੀ ਜਾ ਰਹੀ ਹੈ!

ਪਰ ਜਿਵੇਂ ਹੀ ਇਹ ਗਲੀਆਂ ਦੀਆਂ ਭੂਲ-ਭੁਲੱਈਆਂ ਵਿੱਚ ਪ੍ਰਵੇਸ਼ ਕਰਦੀ ਹੈ ਇਹ ਆਪਣੇ ਸਜਰੇ ਸਾਹ ਨਾਲ਼ ਸ਼ਹਿਰ ਦੀ ਵਿਹੁਲੀ ਹਵਾੜ ਨੂੰ ਦੂਰ ਤੇ ਖੇਰੂੰ ਖੇਰੂੰ ਕਰਨ ਵਿੱਚ ਬੇਬਸ ਮਹਿਸੂਸ ਕਰਦੀ ਹੈ। ਇਹ ਕਲਾ ਦੇ ਪੱਥਰਾਂ ਨਾਲ਼ ਸਹਿਜੇ ਸਹਿਜੇ ਟਕਰਾਉਂਦੀ ਹੈ, ਸੂਰਜ ਇਸ ਨੂੰ ਗਰਮਾਉਂਦਾ ਹੈ, ਇਹ ਛੱਤਾਂ ਦੇ ਜੰਗਾਲੇ ਲੋਹੇ ਉੱਤੇ, ਪੱਟੜੀ ਦੀ ਗੰਦਗੀ ਉੱਤੇ ਰੀਂਗਦੀ ਹੈ ਅਤੇ ਵਿਹੁਲੀ ਧੂੜ ਨਾਲ਼ ਤਰਬਤਰ, ਸ਼ਹਿਰ ਦੀ ਬਦਬੂ ਨਾਲ਼ ਨੱਕੋ ਨੱਕ ਤੂੜੀ ਹੋਈ ਇਹ ਆਪਣੇ ਖੰਭ ਫੈਲਾਉਂਦੀ ਹੈ ਅਤੇ ਘਰਾਂ ਦੀਆਂ ਛੱਤਾਂ ਉੱਤੇ ਬਦਰੌਆਂ ਦੇ ਅੰਦਰ ਲੰਗੜਾਉਂਦੀ ਹੋਈ ਸਥਿਰ ਤੌਰ ’ਤੇ ਟਿਕ ਜਾਂਦੀ ਹੈ। ਚਾਰੇ ਪਾਸੇ ਹਨ੍ਹੇਰਾ ਛਾ ਜਾਂਦਾ ਹੈ

— ਇਸ ਦੀ ਤਾਜ਼ਗੀ ਤੇ ਠੰਡਕ ਖਤਮ ਹੋ ਗਈ ਹੈ, ਜਿਸ ਨੂੰ ਪੱਥਰਾਂ, ਲੋਹੇ, ਲੱਕੜ ਨੇ ਅਤੇ ਲੋਕਾਂ ਦੇ ਪਲੀਤ ਹੋਏ ਫੇਫੜਿਆਂ ਨੇ ਨਿਗਲ਼ ਲਿਆ ਹੈ। ਹੁਣ ਇਸ ਵਿੱਚ ਕੋਈ ਥਿਰਤਾ, ਨਸ਼ਾ ਜਾਂ ਕਾਵਿਮਈ ਰੰਗਣ ਨਹੀਂ ਰਹੀ...।

ਰਾਤ ਅੱਤਿਆਚਾਰੀ ਹਨ੍ਹੇਰੇ ਵਿੱਚ, ਇੱਕ ਧੜਵੈਲ ਜਾਨਵਰ ਵਾਂਗ ਬੁੜਬੜਾਉਂਦੀ ਸੌਂ ਜਾਂਦੀ ਹੈ। ਇਸ ਨੇ ਦਿਨ ਦੇ ਸਮੇਂ ਚੋਖੀ ਖੁਰਾਕ ਹੜੱਪ ਲਈ ਸੀ, ਹੁਣ ਇਹ ਆਪਣੇ ਆਪ ਨੂੰ ਤਪੀ ਹੋਈ ਤੇ ਬੇਚੈਨ ਮਹਿਸੂਸ ਕਰਦੀ ਹੈ, ਇਸ ਦੀ ਸੁਖਾਵੀਂ ਨੀਂਦ ਨੂੰ ਡਰਾਉਣੇ ਸੁਪਨੇ ਭੰਗ ਕਰਦੇ ਹਨ।

ਟਿਮਟਿਮਾਉਂਦੀ ਰੌਸ਼ਨੀ ਬੁੱਝ ਜਾਂਦੀ ਹੈ, ਇਸ ਦਾ ਨੀਚ ਤੇ ਕਮੀਨੀ ਇਸ਼ਤਿਹਾਰਬਾਜ਼ੀ ਦਾ ਭੜਕਾਊ ਧੰਦਾ ਮੁੱਕ ਗਿਆ ਹੈ। ਘਰ ਲੋਕਾਂ ਨੂੰ ਇੱਕ ਇੱਕ ਕਰ ਕੇ ਆਪਣੇ ਪਥਰੀਲੇ ਮਿਹਦੇ ਵਿੱਚ ਨਿਗਲੀ ਜਾਂਦੇ ਹਨ।

ਇੱਕ ਗਲੀ ਦੀ ਨੁੱਕਰ ਤੇ ਇੱਕ ਪਤਲਾ, ਮਰੀਅਲ ਜਿਹਾ ਲੰਮਾ ਆਦਮੀ ਕੋਡਾ ਖਲੋਤਾ ਹੈ ਅਤੇ ਉਹ ਉਦਾਸ ਬੇਰੰਗ ਅੱਖਾਂ ਨਾਲ਼ ਆਪਣੇ ਸਿਰ ਨੂੰ ਸਹਿਜੇ ਸਹਿਜੇ ਘੁਮਾਂਦਿਆਂ ਆਪਣੇ ਸੱਜੇ ਖੱਬੇ ਵੇਖਦਾ ਹੈ। ਇਹ ਕਿੱਧਰ ਜਾਣਾ ਚਾਹੁੰਦਾ ਹੈ ? ਸਾਰੀਆਂ ਗਲੀਆਂ ਇੱਕੋ ਜਿਹੀਆਂ ਹਨ, ਸਾਰੇ ਦੇ ਸਾਰੇ ਘਰ, ਉਹਨਾਂ ਦੀਆਂ ਧੁੰਦਲੀਆਂ ਤੇ ਬੇਰੌਣਕ ਖਿੜਕੀਆਂ ਇੱਕ ਦੂਜੇ ਵੱਲ ਉਸੇ ਨਿਰਜਿੰਦ ਰੁੱਖੇਪਣ ਨਾਲ਼ ਝਾਕਦੀਆਂ ਹਨ।

ਇੱਕ ਸਾਹ ਘੋਟੂ ਉਦਰੇਵਾਂ ਆਪਣੇ ਤਪਦੇ ਹੱਥ ਨਾਲ਼ ਸੰਘੀ ਨੂੰ ਨਪੀੜਦਾ ਹੈ ਤੇ ਉਸ ਲਈ ਸਾਹ ਲੈਣਾ ਔਖਾ ਬਣਾ ਦੇਂਦਾ ਹੈ। ਘਰਾਂ ਦੀਆਂ ਛੱਤਾਂ ਉੱਤੇ ਇਸ ਘ੍ਰਿਣਤ, ਸਰਾਪੇ ਹੋਏ ਸ਼ਹਿਰ ਦੀ ਹਵਾੜ ਦਾ ਇੱਕ ਧੁੰਦਲਾ ਬੱਦਲ ਮੰਡਲਾ ਰਿਹਾ ਹੈ। ਇਸ ਧੁੰਦਲੇ ਪਰਦੇ ਰਾਹੀਂ ਆਕਾਸ਼ ਦੀ ਦੂਰ ਦੁਰੇਡ ਅਨੰਤਤਾ ਵਿੱਚ ਸ਼ਾਂਤ ਸਿਤਾਰੇ ਮੱਧਮ ਟਿਮਕਦੇ ਵਿਖਾਈ ਦੇਂਦੇ ਹਨ।

ਆਦਮੀ ਆਪਣਾ ਹੈਟ ਉਤਾਰਦਾ ਹੈ ਸਿਰ ਉਤਾਂਹ ਨੂੰ ਚੁੱਕਦਾ ਹੈ ਅਤੇ ਆਕਾਸ਼ ਵੱਲ ਵੇਖਦਾ ਹੈ। ਇਸ ਸ਼ਹਿਰ ਵਿੱਚ ਘਰਾਂ ਦੀ ਅਥਾਹ ਉੱਚੀ ਉਚਾਈ ਨੇ ਆਕਾਸ਼ ਨੂੰ ਉਤਾਂਹ ਵੱਲ ਧਕ ਕੇ ਸੰਸਾਰ ਦੀ ਕਿਸੇ ਵੀ ਹੋਰ ਥਾਂ ਨਾਲ਼ੋਂ ਧਰਤੀ ਤੋਂ ਹੋਰ ਪਰ੍ਹਾਂ ਕਰ ਦਿੱਤਾ ਹੈ। ਸਿਤਾਰੇ ਨਿੱਕੇ ਨਿੱਕੇ, ਇਕੱਲੇ ਤੇ ਉਦਾਸ ਧੱਬੇ ਜਾਪਦੇ ਹਨ।

ਕਿਤੋਂ ਦੂਰ ਦੁਰੇਡਿਉਂ ਇੱਕ ਡਰਾਉਣੀ ਤੇ ਗੁਸਤਾਖ ਚਿੰਘਾੜ ਆਉਂਦੀ ਹੈ। ਆਦਮੀ ਦੀਆਂ ਲੱਤਾਂ ਕੰਬਦੀਆਂ ਹਨ ਤੇ ਉਹ ਹੌਲ਼ੀ ਹੌਲ਼ੀ ਕਦਮ ਪੁੱਟਦਾ ਸਿਰ ਨਿਵਾਈ ਤੇ ਬਾਹਾਂ ਹਿਲਾਉਂਦਾ ਇੱਕ ਗਲੀ ਵਿੱਚ ਮੁੜ ਜਾਂਦਾ ਹੈ। ਚੋਖੀ ਦੇਰ ਹੋ ਗਈ ਹੈ ਤੇ ਗਲੀਆਂ ਵਧੇਰੇ ਤੋਂ ਵਧੇਰੇ ਸੱਖਣੀਆਂ ਹੁੰਦੀਆਂ ਜਾਂਦੀਆਂ ਹਨ। ਉਦਾਸ ਤੇ ਇਕੱਲੇ ਛੋਟੇ ਲੋਕ ਮੱਖੀਆਂ ਵਾਂਗ ਅਲੋਪ ਹੁੰਦੇ ਜਾਂਦੇ ਹਨ ਤੇ ਹਨ੍ਹੇਰਾ ਉਹਨਾਂ ਨੂੰ ਨਿਗਲ਼ ਜਾਂਦਾ ਹੈ। ਪੁਲਸੀਏ ਹੱਥਾਂ ਵਿੱਚ ਡੰਡੇ ਪਕੜੀ, ਸਿਰ ’ਤੇ ਸੂਹੇ ਟੋਪ ਪਾਈ ਗਲੀਆਂ ਦੀਆਂ ਨੁੱਕਰਾਂ ’ਤੇ ਅਹਿੱਲ ਖਲੋਤੇ ਹਨ। ਉਹ ਤਮਾਕੂ ਚਿੱਥ ਰਹੇ ਹਨ, ਉਹਨਾਂ ਦੇ ਜਬਾੜੇ ਸਹਿਜੇ ਸਹਿਜੇ ਹਿੱਲ ਰਹੇ ਹਨ।

ਆਦਮੀ ਉਹਨਾਂ ਦੇ ਕੋਲ਼ੋਂ ਲੰਘ ਜਾਂਦਾ ਹੈ, ਉਹ ਟੈਲੀਫੋਨ ਦੇ ਖੰਭਿਆਂ ਕੋਲ਼ੋਂ ਅਤੇ ਘਰਾਂ ਦੀਆਂ ਕੰਧਾਂ ਵਿਚਲੇ ਕਾਲ਼ੇ ਦਰਵਾਜ਼ਿਆਂ ਦੇ ਜਮਘਟੇ ਕੋਲ਼ੋਂ ਗੁਜ਼ਰ ਜਾਂਦਾ ਹੈ—ਕਾਲ਼ੇ ਦਰਵਾਜ਼ੇ,

ਜਿਨ੍ਹਾਂ ਦੇ ਖੁੱਲ੍ਹੇ ਹੋਏ ਜਬਾੜੇ ਉਂਘਲਾਉਂਦੇ ਹੋਏ ਉਬਾਸੀਆਂ ਭਰ ਰਹੇ ਹਨ। ਕਿਤੇ ਪਰ੍ਹਾਂ ਦੂਰ ਜਿਹੇ ਇੱਕ ਕਾਰ ਖੜਾਕ ਕਰਦੀ ਕੁਰਲਾਉਂਦੀ ਹੈ। ਗਲੀਆਂ ਦੇ ਡੂੰਘੇ ਪਿੰਜਰਿਆਂ ਵਿੱਚ ਰਾਤ ਦਾ ਸਾਹ ਘੁੱਟਿਆ ਜਾ ਰਿਹਾ ਹੈ, ਰਾਤ ਦਾ ਅੰਤ ਹੋ ਗਿਆ ਹੈ।

ਆਦਮੀ ਆਪਣੇ ਲੰਮੇ ਝੁੱਕੇ ਹੋਏ ਢਾਂਚੇ ਨੂੰ ਝੁਲਾਉਂਦਿਆਂ ਜਚਵੀਆਂ ਤੁਲਵੀਆਂ ਪੁਲਾਂਘਾ ਪੁੱਟ ਰਿਹਾ ਹੈ। ਉਸ ਦੇ ਮਨ ਵਿੱਚ ਕੁਝ ਵਾਪਰ ਰਿਹਾ ਹੈ, ਕੁਝ ਜਿਸ ਬਾਰੇ ਉਹ ਦੁਚਿੱਤੀਆਂ ਵਿੱਚ ਹੈ, ਜਿਸ ਬਾਰੇ ਅਜੇ ਉਸ ਨੇ ਕੋਈ ਫੈਸਲਾ ਕਰਨਾ ਹੈ...।

ਮੇਰੇ ਖਿਆਲ ਵਿੱਚ ਉਹ ਚੋਰ ਹੈ।

ਇੱਕ ਅਜਿਹੇ ਬੰਦੇ ਨੂੰ ਵੇਖਣਾ ਕਿਤਨਾ ਚੰਗਾ ਜਾਪਦਾ ਹੈ ਜਿਹੜਾ ਸ਼ਹਿਰ ਦੇ ਹਨ੍ਹੇਰੇ ਜਾਲ ਵਿੱਚ ਆਪਣੇ ਆਪ ਨੂੰ ਜਿਊਂਦਾ ਮਹਿਸੂਸ ਕਰਦਾ ਹੈ।

ਖੁੱਲ੍ਹੀਆਂ ਖਿੜਕੀਆਂ ਆਪਣੇ ਅੰਦਰੋਂ ਮਨੁੱਖੀ ਮੁੜ੍ਹਕੇ ਦੀ ਘਿਨਾਉਣੀ ਬਦਬੂ ਉਗਲੱਛ ਰਹੀਆਂ ਹਨ।

ਸਾਹ ਘੋਟੂ, ਡਰਾਉਣੇ ਹਨ੍ਹੇਰੇ ਵਿੱਚ, ਅਜੀਬ, ਉਦਾਸ ਅਵਾਜ਼ਾਂ ਊਂਘ ਰਹੀਆਂ ਹਨ...।

ਆਪਣੀ ਨੀਂਦਰ ਵਿੱਚ ਘੂਕ ਸੁੱਤੇ ਅਤੇ ਅਚੇਤ ਤੌਰ 'ਤੇ ਬੁੜਬੜਾਉਂਦੇ ਪੀਲ਼ੇ ਦੈਂਤ ਦਾ ਇਹ ਡਰਾਉਣਾ ਸ਼ਹਿਰ ਹੈ।

1906

ਉਕਤਸਾਹਟ ਦੀ ਸਲਤਨਤ

ਜਦੋਂ ਰਾਤ ਪੈਂਦੀ ਹੈ, ਰੌਸ਼ਨੀਆਂ ਦਾ ਬੇਤਾਲ ਸ਼ਹਿਰ ਮਹਾਂਸਾਗਰ ਉੱਤੇ ਅਕਾਸ਼ ਵੱਲ ਰੀਂਗਦਾ ਵਿਖਾਈ ਦੇਂਦਾ ਹੈ। ਬੇਅੰਤ ਦਗਦੇ ਹੋਏ ਸ਼ੋਹਲੇ ਹਨ੍ਹੇਰੇ ਵਿੱਚ ਜਗਮਗਾਉਂਦੇ ਹਨ, ਇਹ ਆਕਾਸ਼ ਦੇ ਹਨ੍ਹੇਰੇ ਪਿਛੋਕੜ ਵਿੱਚ ਬੜੀ ਪਰਬੀਨ ਸੂਖਮਤਾ ਨਾਲ਼ ਰੰਗ ਬਰੰਗੇ ਸ਼ੀਸ਼ਿਆਂ ਦੇ ਅਦਭੁੱਤ ਕਿਲਿਆਂ, ਮਹੱਲਾਂ ਤੇ ਮੰਦਰਾਂ ਦੇ ਸ਼ਾਨਦਾਰ ਮੀਨਾਰ ਤੇ ਬੁਰਜ ਉਲੀਕਦੇ ਹਨ। ਇੱਕ ਸੁਨਹਿਰੀ ਜਾਲਾ ਹਵਾ ਵਿੱਚ ਕੰਬਦਾ ਹੈ, ਇਹ ਆਪਣੇ ਆਪ ਨੂੰ ਅੱਗ ਦੇ ਪਾਰਦਰਸ਼ੀ ਨਮੂਨੇ ਵਿੱਚ ਊਣੀ ਜਾ ਰਿਹਾ ਹੈ ਅਤੇ ਪਾਣੀ ਵਿੱਚ ਪੈਂਦੇ ਆਪਣੇ ਪਰਛਾਵੇਂ ਦੀ ਸੁੰਦਰਤਾ ਨੂੰ ਸਲਾਹੁੰਦਾ ਅਹਿੱਲ ਲਟਕ ਰਿਹਾ ਹੈ। ਇਹ ਅਗਨੀ ਜੋ ਬਲ਼ਦੀ ਹੈ ਪਰ ਸਾੜਦੀ ਨਹੀਂ, ਲੁਭਾਉਣੀ ਤੇ ਅਪਾਰ ਹੈ; ਇਸ ਦੀ ਸੱਜਧੱਜ ਅਕੱਥ ਤੌਰ ’ਤੇ ਸ਼ਾਨਦਾਰ ਹੈ, ਇਸ ਦੀ ਝਿਲਮਲਾਹਟ ਦਾ ਰਹੱਸ ਮਸਾਂ ਹੀ ਸਮਝ ਆਉਣ ਵਾਲ਼ਾ ਹੈ, ਇਹ ਅਕਾਸ਼ ਤੇ ਮਹਾਂਸਾਗਰ ਦੇ ਵਿਸ਼ਾਲ ਪਸਾਰ ਵਿਚਾਲੇ ਅਗਨੀ ਦੇ ਇੱਕ ਸ਼ਹਿਰ ਦਾ ਇੱਕ ਜਾਦੂਮਈ ਨਜ਼ਾਰਾ ਰਚਦਾ ਹੈ। ਇਸ ਦੇ ਉੱਪਰ ਇੱਕ ਲਾਲ ਸੂਹੀ ਚਮਕ ਮੰਡਲਾਉਂਦੀ ਹੈ ਅਤੇ ਪਾਣੀ ਇਸ ਦੇ ਨਕਸ਼ ਪਰਤਾਉਂਦਾ ਹੈ, ਨਕਸ਼ਾਂ ਨੂੰ ਪਿਘਲੇ ਹੋਏ ਸੋਨੇ ਦੇ ਵਿਲੱਖਣ ਛਿਟਿਆਂ ਵਿੱਚ ਘੋਲ ਰਿਹਾ ਹੈ...।

ਰੌਸ਼ਨੀਆਂ ਦੀ ਇਹ ਖੇਡ ਅਜੀਬ ਅਜੀਬ ਵਿਚਾਰਾਂ ਨੂੰ ਜਨਮ ਦੇਂਦੀ ਹੈ : ਕੋਈ ਮਹਿਸੂਸ ਕਰਦਾ ਹੈ ਜਿਵੇਂ ਪਰੀ ਮਹੱਲਾਂ ਦੇ ਹਾਲ ਕਮਰਿਆਂ ਵਿੱਚ, ਭੜਕਵੀਂ ਖ਼ੁਸ਼ੀ ਦੀ ਚਮਕੀਲੀ ਰੌਸ਼ਨੀ ਦੇ ਵਿਚਾਲੇ, ਸੰਗੀਤ ਦੀਆਂ ਮੱਧਮ, ਮਾਣਮਤੀਆਂ ਧੁਨਾਂ ਜ਼ਰੂਰ ਸੁਣਾਈ ਦੇ ਰਹੀਆਂ ਹਨ, ਜਿਹੋ ਜਿਹਾ ਸੰਗੀਤ ਪਹਿਲਾਂ ਕਦੇ ਨਾ ਸੁਣਿਆ ਹੋਵੇਗਾ। ਉੱਡਦੇ ਹੋਏ ਤਾਰਿਆਂ ਵਾਂਗ ਧਰਤੀ ਦੇ ਅਤਿ ਉੱਤਮ ਵਿਚਾਰ ਇਸ ਪਿਆਰੀ ਧਨ ਤੇ ਸੁਆਰ ਹੋਏ ਜ਼ਰੂਰ ਉੱਡੀ ਜਾ ਰਹੇ ਹਨ। ਇਸ ਦੈਵੀ ਨਾਚ ਵਿੱਚ ਇੱਕ ਦੂਜੇ ਨੂੰ ਢੂੰਡਦੇ ਹਨ ਅਤੇ ਇੱਕ ਛਿਨ ਭਰ ਦੀ ਗਲਵੱਕੜੀ ਵਿੱਚ ਲਾਟਾਂ ਛੱਡਦੇ, ਇੱਕ ਨਵੀਂ ਰੌਸ਼ਨੀ, ਨਵੇਂ ਵਿਚਾਰਾਂ ਨਾਲ਼ ਗਰਭਿਤ ਹੁੰਦੇ ਹਨ।

ਮਹਿਸੂਸ ਹੁੰਦਾ ਹੈ ਕਿ ਉਸ ਮਖਮਲੀ ਹਨ੍ਹੇਰੇ ਵਿੱਚ ਇੱਕ ਬਹੁਤ ਵੱਡਾ ਪੰਘੂੜਾ, ਜੋ ਸੁਨਹਿਰੀ ਧਾਗਿਆਂ, ਫੁੱਲਾਂ ਤੇ ਸਤਾਰਿਆਂ ਨਾਲ਼ ਚਮਤਕਾਰੀ ਰੂਪ ਵਿੱਚ ਉਣਿਆ ਹੋਇਆ ਹੈ ਮਹਾਂਸਾਗਰ ਦੀ ਹਿਲੋਰੇ ਖਾਂਦੀ ਛਾਤੀ ਉੱਤੇ ਸਹਿਜੇ ਸਹਿਜੇ ਝੂਲ ਰਿਹਾ ਹੈ ਅਤੇ ਇਸ ਵਿੱਚ ਸੂਰਜ ਸਵੇਰ ਹੋਣ ਤੱਕ ਵਿਸਰਾਮ ਕਰ ਰਿਹਾ ਹੈ।

ਸੂਰਜ ਮਨੁੱਖ ਨੂੰ ਹਕੀਕਤ ਦੇ ਨੇੜੇ ਲਿਆਉਂਦਾ ਹੈ। ਦਿਨ ਦੀ ਰੌਸ਼ਨੀ ਵਿੱਚ ਅਗਨੀ ਦਾ ਇਹ ਕਲਪਤ ਸ਼ਹਿਰ ਨਸ਼ਟ ਹੋਇਆ ਜਾਪਦਾ ਹੈ ਅਤੇ ਚਿੱਟੀਆਂ ਇਮਾਰਤਾਂ ਦਾ ਇੱਕ ਸੰਗ੍ਰਹਿ ਵਿਖਾਈ ਦੇਂਦਾ ਹੈ।

ਮਹਾਂਸਾਗਰ ਦੇ ਸਾਹ ਦੀ ਨੀਲੀ ਧੁੰਦ ਸ਼ਹਿਰ ਦੇ ਸੰਘਣੇ ਭੂਰੇ ਧੂੰਏਂ ਵਿੱਚ ਘੁੱਲਮਿਲ ਜਾਂਦੀ ਹੈ। ਨਾਜ਼ਕ ਸਫੈਦ ਢਾਂਚੇ ਇੱਕ ਪਾਰਦਰਸ਼ੀ ਪਰਦੇ ਵਿੱਚ ਲਪੇਟੇ ਜਾਂਦੇ ਹਨ ਅਤੇ ਇਹ ਇੱਕ ਨਜ਼ਰ ਦੇ ਧੋਖੇ ਵਾਂਗ ਕਿਸੇ ਖ਼ੂਬਸੂਰਤ ਤੇ ਸੁਖਾਵੀਂ ਚੀਜ਼ ਲਈ ਭਰਮਾਉਂਦੇ, ਸੈਨਤਾਂ ਨਾਲ਼ ਬੁਲਾਉਂਦੇ ਇਕਰਾਰ ਕਰਦੇ, ਥਰਥਰਾਉਂਦੇ ਹਨ।

ਧੂੰਏਂ ਤੇ ਧੂੜ ਘੱਟੇ ਦੇ ਬਦਲਾਂ ਵਿਚਾਲੇ, ਪਿਛੋਕੜ ਵਿੱਚ ਸ਼ਹਿਰ ਦੀਆਂ ਚੌਰਸ ਇਮਾਰਤਾਂ ਦੁੱਬਕੀਆਂ ਹੋਈਆਂ ਹਨ, ਸ਼ਹਿਰ ਹਵਾ ਨੂੰ ਆਪਣੀ ਅਤ੍ਰਿਪਤ, ਭੁੱਖੜ–ਲੋਭੀ ਗੜਗੜਾਹਟ ਨਾਲ਼ ਪੈਰੀਂ ਪੈਣਾ ਕਰਦਾ ਹੈ। ਇਹ ਤਿੱਖਾ ਰੌਲਾ ਜੋ ਹਵਾ ਤੇ ਰੂਹ ਨੂੰ ਕੰਬਾਅ ਰਿਹਾ ਹੈ, ਤਣੀਆਂ ਹੋਈਆਂ ਫੌਲਾਦੀ ਤਾਰਾਂ ਦੀ ਇਹ ਨਿਰੰਤਰ ਹੂਕ, ਸੋਨੇ ਦੇ ਪੈਰਾਂ ਵਿੱਚ ਲਿਤਾੜੀਆਂ ਜਾ ਰਹੀਆਂ ਜੀਵਨ ਸ਼ਕਤੀਆਂ ਦਾ ਦਰਦੀਲਾ ਵਰਲਾਪ, ਪੀਲ਼ੇ ਦੈਂਤ ਦੀ ਰੁੱਖੀ ਖਿਝਾਉਣੀ ਚੀਕ—ਇਹ ਆਵਾਜ਼ਾਂ ਹਰ ਕਿਸੇ ਨੂੰ ਮਿੱਟੀ ਘੱਟੇ ਨਾਲ਼ ਲਿਬੜੇ ਪਲੀਤ ਹੋਏ ਸ਼ਹਿਰ ਦੇ ਬੂ ਮਾਰਦੇ ਜੁੱਸੇ ਤੋਂ ਪਰਾਂ ਦੂਰ ਧੱਕੀ ਜਾਂਦੀਆਂ ਹਨ ਅਤੇ ਇਸ ਤਰ੍ਹਾਂ ਲੋਕ ਮਹਾਂਸਾਗਰ ਦੇ ਕੰਢੇ ਵੱਲ ਜਾਂਦੇ ਹਨ ਜਿੱਥੇ ਇਹ ਖ਼ੂਬਸੂਰਤ ਸਫੈਦ ਇਮਾਰਤਾਂ ਅਮਨ ਤੇ ਚੈਨ ਦੇ ਇਕਰਾਰ ਲਈ ਖਲ੍ਹੋਤੀਆਂ ਹਨ।

ਹਨ੍ਹੇਰੇ ਪਾਣੀਆਂ ਵਿੱਚ ਡੂੰਘੀ ਖੁੱਭੀ ਹੋਈ ਤਲਵਾਰ ਵਾਂਗ ਪਾਣੀ ਵਿੱਚ ਦੂਰ ਧਸੀ ਹੋਈ ਰੇਤ ਦੀ ਨੋਕ ਉੱਤੇ ਏਥੇ ਇਹ ਇਮਾਰਤਾਂ ਨੇੜੇ ਨੇੜੇ ਢੁੱਕ ਕੇ ਖਲ੍ਹੋਤੀਆਂ ਹਨ। ਸੂਰਜ ਦੀ ਰੌਸ਼ਨੀ ਵਿੱਚ ਤਪਦੀ ਹੋਈ ਰੇਤ ਚਮਕਦੀ ਹੈ ਅਤੇ ਪਾਰਦਰਸ਼ੀ ਇਮਾਰਤਾਂ ਪੀਲ਼ੀ ਮਖਮਲ ਉੱਤੇ ਅਤਿ ਸੁੰਦਰ ਚਿੱਟੀ ਸਿਲਕ ਦੀ ਕਸੀਦਾਕਾਰੀ ਵਾਂਗ ਵਿਖਾਈ ਦੇਂਦੀਆਂ ਹਨ। ਇੰਞ ਜਾਪਦਾ ਹੈ ਜਿਵੇਂ ਕੋਈ ਦੇਵਤਾ ਅਸਮਾਨੋਂ ਉੱਤਰ ਕੇ ਰੇਤ ਦੀ ਇਸ ਪਤਲੀ ਕਾਤਰ ਉੱਤੇ ਉੱਤਰ ਆਇਆ ਹੋਵੇ ਅਤੇ ਉਸ ਨੇ ਪਾਣੀਆਂ ਵਿੱਚ ਛਾਲ ਕੱਢ ਮਾਰੀ ਹੋਵੇ ਤੇ ਆਪਣੇ ਕੀਮਤੀ ਕੱਪੜੇ ਪਾਣੀਆਂ ਦੀ ਛਾਤੀ ਉੱਤੇ ਉਛਾਲ ਰਿਹਾ ਹੋਵੇ।

ਇਹ ਜ਼ੋਰਦਾਰ ਖਾਹਿਸ਼ ਪੈਦਾ ਹੁੰਦੀ ਹੈ ਕਿ ਇਹਨਾਂ ਨਰਮ, ਲਾਡ ਲਡਾਉਂਦੇ ਕੱਪੜਿਆਂ ਨੂੰ ਜਾ ਕੇ ਛੁਹਿਆਂ ਜਾਏ, ਉਹਨਾਂ ਦੇ ਵਿਲਾਸਮਈ ਵੱਟਾਂ ਉੱਤੇ ਚੌਫਾਲ ਲੇਟਿਆ ਜਾਵੇ ਅਤੇ ਆਪਣੀਆਂ ਅੱਖਾਂ ਵਿੱਚ ਵਿਸ਼ਾਲ ਚੌੜਿਤਣ ਦੇ ਅਨੰਦ ਨੂੰ ਭਰ ਲਿਆ ਜਾਏ, ਜਿਵੇਂ ਚਿੱਟੇ ਪੰਛੀ ਬਿਨਾਂ ਕਿਸੇ ਸ਼ੋਰ ਦੇ ਤੇਜ਼ੀ ਨਾਲ਼ ਏਧਰ ਉੱਧਰ ਉੱਡਦੇ ਹਨ, ਜਿੱਥੇ ਮਹਾਂਸਾਗਰ ਤੇ ਅੰਬਰ ਸੂਰਜ ਦੀ ਤੇਜ਼ ਚਮਕਦੀ ਧੁੱਪ ਵਿੱਚ ਊਂਘ ਰਹੇ ਹਨ।

... ...

ਇਹ ਕੋਨੀ ਟਾਪੂ ਹੈ।

ਹਰ ਸੋਮਵਾਰ ਅਖ਼ਬਾਰਾਂ ਬੜੇ ਮਾਣ ਨਾਲ਼ ਆਪਣੇ ਪਾਠਕਾਂ ਨੂੰ ਸੂਚਤ ਕਰਦੀਆਂ ਹਨ:

"ਕੱਲ੍ਹ 3,00,000 ਲੋਕ ਕੋਨੀ ਟਾਪੂ ਦੀ ਸੈਰ ਕਰਨ ਗਏ। 23 ਬੱਚੇ ਗਵਾਚ ਗਏ।

...ਬਰੁਕਲੀਨ ਤੇ ਲੌਂਗ ਟਾਪੂ ਦੀਆਂ ਧੂੜ ਘੱਟੇ ਨਾਲ਼ ਭਰੀਆਂ ਤੇ ਸ਼ੋਰੀਲੀਆਂ ਗਲੀਆਂ ਵਿੱਚੋਂ ਦੀ ਕਾਰ ਰਾਹੀਂ ਲੰਘਦਿਆਂ ਚੁੰਧਿਆ ਦੇਣ ਵਾਲ਼ੇ ਸ਼ਾਨਦਾਰ ਕੋਨੀ ਟਾਪੂ ਤੱਕ ਇੱਕ ਲੰਮਾ ਪੈਂਡਾ ਹੈ ਅਤੇ, ਜਿਵੇਂ ਹੀ ਇੱਕ ਬੰਦਾ ਰੌਸ਼ਨੀਆਂ ਦੇ ਇਸ ਸ਼ਹਿਰ ਦੇ ਦੁਆਰ 'ਤੇ ਜਾ ਖਲ੍ਹੋਂਦਾ ਹੈ, ਅਵੱਸ਼ ਹੀ ਉਸ ਦੀਆਂ ਅੱਖਾਂ ਬੰਦ ਹੋ ਜਾਂਦੀਆਂ ਹਨ। ਇਹ ਸ਼ਹਿਰ ਉਸ ਦੀਆਂ ਅੱਖਾਂ ਵਿੱਚ ਲੱਖਾਂ ਠੰਡੇ ਯਖ ਸਫੈਦ ਚਿੰਗਿਆੜੇ ਵਗਾਹ ਵਗਾਹ ਮਾਰਦਾ ਹੈ ਅਤੇ ਬੜੀ ਦੇਰ ਤੱਕ ਉਸ ਚੁੰਧਿਆਉਂਦੀ ਧੂੜ ਵਿੱਚ ਕੁਝ ਵੀ ਸਮਝ ਨਹੀਂ ਪੈਂਦੀ। ਉਸ ਦੇ ਦੁਆਲ਼ੇ ਦੀ ਹਰ ਚੀਜ਼ ਭੱਖਦੀ ਝੱਗ ਦੀ ਇੱਕ ਤੂਫਾਨੀ ਘੁੰਮਣਘੇਰ ਹੈ, ਹਰ ਸ਼ੈਅ ਘੁੰਮਦੀ, ਚਮਕਦੀ ਤੇ ਸੈਨਤਾਂ ਮਾਰਦੀ ਹੈ। ਬੰਦਾ ਤੁਰੰਤ ਬੌਂਦਲਾ ਜਾਂਦਾ ਹੈ, ਉਸ ਦੇ ਮਨ ਵਿੱਚੋਂ ਇਸ ਸਾਰੀ ਚਮਕ ਦਮਕ ਨਾਲ਼ ਸਭ ਕੁਝ ਮਿੱਟ ਜਾਂਦਾ ਹੈ, ਸਾਰੇ ਵਿਚਾਰ ਉਸ ਦੇ ਦਿਮਾਗ ਵਿੱਚੋਂ ਬਾਹਰ ਧੱਕੇ ਜਾਂਦੇ ਹਨ ਅਤੇ ਉਹ ਇਸ ਭੀੜ-ਭੜੱਕੇ ਦਾ ਇੱਕ ਕਿਣਕਾ ਬਣ ਜਾਂਦਾ ਹੈ। ਚਕਰਾਉਂਦੇ ਦਿਮਾਗਾਂ ਨਾਲ਼ ਲੋਕ ਟਿਮਟਿਮਾਉਂਦੀ ਰੌਸ਼ਨੀ ਵਿਚਾਲੇ ਐਵੇਂ ਬਿਨਾਂ ਕਿਸੇ ਮੰਤਵ ਦੇ ਆਵਾਰਾ ਫਿਰਦੇ ਰਹਿੰਦੇ ਹਨ। ਇਕ ਧੁੰਦਲਾ ਸਫੈਦ ਕੁਹਰਾ ਉਹਨਾਂ ਦੇ ਦਿਮਾਗ ਅੰਦਰ ਧੱਸਦਾ ਜਾਂਦਾ ਹੈ, ਇੱਕ ਉਤਾਵਲੀ ਉਡੀਕ ਦੀ ਭਾਵਨਾ ਰੂਹ ਉੱਤੇ ਇੱਕ ਲੇਸਦਾਰ ਉਛਾੜ ਚਾੜ੍ਹਦੀ ਹੈ। ਚਮਕ ਦਮਕ ਨਾਲ਼ ਚੁੰਧਿਆਉਂਦੀ ਲੋਕਾਂ ਦੀ ਭੀੜ, ਇੱਕ ਹਨ੍ਹੇਰੀ ਸ਼ਾਮ ਵਾਂਗ ਰੌਸ਼ਨੀ ਦੇ ਅਹਿੱਲ ਤਲਾਅ ਵਿੱਚ ਡਿੱਗਦੀ ਜਾਂਦੀ ਹੈ, ਇਸ ਤਲਾਅ ਦੇ ਚੌਫੇਰੇ ਰਾਤ ਦੀਆਂ ਹਨ੍ਹੇਰੀਆਂ ਹੱਦਾਂ ਦੀ ਝਾਲਰ ਲੱਗੀ ਹੋਈ ਹੈ।

ਨਿੱਕਚੂ ਨਿੱਕਚੂ ਬੱਤੀਆਂ, ਹਰ ਚੀਜ਼ ਉੱਤੇ ਠੰਡੀ ਰੌਸ਼ਨੀ ਸੁੱਟ ਰਹੀਆਂ ਹਨ: ਇਹ ਸਾਰੇ ਖੰਭਿਆਂ ਤੇ ਕੰਧਾਂ ਨਾਲ਼, ਖਿੜਕੀਆਂ ਦੇ ਫਰੇਮਾਂ ਤੇ ਇਮਾਰਤਾਂ ਦੇ ਛੱਜਿਆਂ ਨਾਲ਼ ਲੱਗੀਆਂ ਹੋਈਆਂ ਹਨ। ਇਹ ਬਿਜਲੀ ਘਰ ਦੀ ਲੰਮੀ ਚਿਮਨੀ ਦੇ ਆਲ਼ੇ ਦੁਆਲ਼ੇ ਲਿਪਟੀਆਂ ਲੜੀਆਂ ਵਿੱਚ ਹਨ, ਇਹ ਸਾਰੀਆਂ ਛੱਤਾਂ ਉੱਤੇ ਬਲ਼ਦੀਆਂ ਹਨ, ਇਹ ਨਿਰਜਿੰਦ ਚਮਕ ਦੀਆਂ ਤੇਜ਼ ਸੂਈਆਂ ਨਾਲ਼ ਲੋਕਾਂ ਦੀਆਂ ਅੱਖਾਂ ਨੂੰ ਵਲੂੰਧਰਦੀਆਂ ਹਨ—ਲੋਕ ਅੱਖਾਂ ਝਮਕਦੇ ਹਨ ਅਤੇ ਮੂਰਖਾਂ ਵਾਂਗ ਮੁਸਕਰਾਉਂਦਿਆਂ ਇੱਕ ਉਲਝੀ ਹੋਈ ਜ਼ੰਜੀਰ ਦੀਆਂ ਭਾਰੀਆਂ ਕੜੀਆਂ ਵਾਂਗ ਧਰਤੀ ਉੱਤੇ ਹੌਲ਼ੀ ਹੌਲ਼ੀ ਆਪਣੇ ਆਪ ਨੂੰ ਧੂਈ ਜਾਂਦੇ ਹਨ...।

ਮਨੁੱਖ ਲਈ ਇੱਕ ਬਹੁਤ ਵੱਡੀ ਹੌਂਸਲੇ ਵਾਲ਼ੀ ਕੋਸ਼ਿਸ਼ ਹੈ ਕਿ ਉਹ ਅਜਿਹੀ ਭੀੜ ਵਿੱਚ ਮੌਜੂਦ ਹੈ, ਉਹ ਇੱਕ ਅਜੀਬ ਕੌਤਕ ਰਾਹੀਂ ਕੁਚਲਿਆ ਜਾ ਰਿਹਾ ਹੈ ਜਿਸ ਵਿੱਚ ਨਾ ਕੋਈ ਖੁਸ਼ੀ ਹੈ ਨਾ ਅਨੰਦ ਅਤੇ ਜਿਹੜਾ ਵੀ ਕੋਈ ਇਸ ਭੀੜ ਵਿੱਚ ਮੌਜੂਦ ਹੈ, ਵੇਖਦਾ ਹੈ ਕਿ ਇਹ ਲੱਖਾਂ ਬੱਤੀਆਂ ਇੱਕ ਉਦਾਸ, ਵਸਤਰਹੀਨ ਕਰਨ ਵਾਲ਼ੀ ਰੌਸ਼ਨੀ ਖਿਲੇਰਦੀਆਂ ਹਨ, ਜੋ ਇੱਕ ਪਾਸੇ ਸੁੰਦਰਤਾ ਦੀ ਸੰਭਾਵਨਾ ਵੱਲ ਸੰਕੇਤ ਕਰਦੀ ਹੈ ਤਾਂ ਦੂਜੇ ਪਾਸੇ ਆਲ਼ੇ ਦੁਆਲ਼ੇ ਦੀ ਉਜਾੜ, ਵੀਰਾਨ ਕਰੂਪਤਾ ਨੂੰ ਨੰਗਾ ਕਰਦੀ ਹੈ। ਪਰ ਜਾਦੂਈ ਸ਼ਹਿਰ ਦੇ ਨੇੜੇ ਵਿਖਾਈ ਦੇਂਦਾ ਪਰਛਾਵਾਂ ਜੰਗਲ ਵਿੱਚ ਸਿਧੀਆਂ ਲੀਕਾਂ ਦਾ ਇੱਕ ਬੇਅਰਥ ਗੋਰਖ ਧੰਦਾ ਹੈ, ਬੱਚਿਆਂ ਨੂੰ ਖੁਸ਼ ਕਰਨ ਲਈ ਸਸਤੇ, ਕਾਹਲੀ ਵਿੱਚ ਖੜ੍ਹੇ ਕੀਤੇ ਢਾਂਚੇ ਹਨ, ਜੋ ਕਿਸੇ ਘਬਰਾਏ ਹੋਏ ਬੱਚਿਆਂ ਦੇ ਬੁੱਢੇ ਉਸਤਾਦ ਦਾ ਕੰਮ ਜਾਪਦਾ ਹੈ ਜਿਹੜਾ ਬੱਚਿਆਂ ਦੀਆਂ ਖੁੱਲ੍ਹਾਂ ਤੋਂ ਪ੍ਰੇਸ਼ਾਨ

ਹੈ ਅਤੇ ਉਹਨਾਂ ਨੂੰ ਉਹਨਾਂ ਦੇ ਖਿਡੌਣਿਆਂ ਰਾਹੀਂ ਵੀ ਨਿਮਰਤਾ ਤੇ ਸਹਿਣਸ਼ੀਲਤਾ ਸਿਖਾਉਣਾ ਚਾਹੁੰਦਾ ਹੈ। ਇੱਥੇ ਲਗਭਗ ਦਰਜਨਾਂ ਸਫੈਦ ਇਮਾਰਤਾਂ ਦੀ ਇੱਕ ਕਰੂਪ ਵੰਨਗੀ ਹੈ ਅਤੇ ਇਹਨਾਂ ਵਿੱਚੋਂ ਕਿਸੇ ਇੱਕ ਉੱਤੇ ਨਾਂ-ਮਾਤਰ ਵੀ ਖ਼ੂਬਸੂਰਤੀ ਨਹੀਂ। ਇਹ ਲਕੜੀ ਦੀਆਂ ਬਣੀਆਂ ਹੋਈਆਂ ਹਨ, ਇਹ ਉੱਖੜ ਉੱਖੜ ਕੇ ਲਹਿ ਰਹੇ ਚਿੱਟੇ ਰੋਗਨ ਨਾਲ਼ ਕੱਜੀਆਂ ਹੋਈਆਂ ਹਨ ਅਤੇ ਇੱਕੋ ਜਿਹੇ ਚਮੜੀ ਰੋਗ ਦੀਆਂ ਸ਼ਿਕਾਰ ਜਾਪਦੀਆਂ ਹਨ। ਉੱਚੇ ਮੀਨਾਰ ਅਤੇ ਨੀਵੇਂ ਖੰਭੇ ਦੋ ਖਤਰਨਾਕ ਸਾਂਵੀਆਂ ਲਾਈਨਾਂ ਵਿੱਚ ਫੈਲੇ ਹੋਏ ਹਨ ਅਤੇ ਬੇਤਰਤੀਬੇ ਰਲਗੱਡ ਹੋਏ ਹੋਏ ਹਨ। ਹਰ ਸ਼ੈਅ ਅਲਫ ਨੰਗੀ ਹੈ ਜਿਸ ਨੂੰ ਰੌਸ਼ਨੀਆਂ ਦੀ ਨਿਰਪੱਖ ਚਮਕ ਨੇ ਲੁੱਟ ਲਿਆ ਹੈ। ਇਹ ਨਿਰਪੱਖ ਚਮਕ ਹਰ ਥਾਂ 'ਤੇ ਮੌਜੂਦ ਤੇ ਕਿਧਰੇ ਵੀ ਪਰਛਾਵਾਂ ਨਹੀਂ। ਹਰ ਇਮਾਰਤ ਇੰਝ ਖਲੋਤੀ ਹੈ ਜਿਵੇਂ ਕੋਈ ਮੂਰਖ ਮੂੰਹ ਅੱਡੀ ਉਬਾਸੀ ਲੈ ਰਿਹਾ ਹੋਵੇ ਅਤੇ ਧੂੰਏਂ ਦੇ ਇੱਕ ਬੱਦਲ ਦੀ ਇੱਕ ਝਲਕ ਵਿੱਚ, ਪਿੱਤਲ ਦੀਆਂ ਭਰੜਾਈਆਂ ਹਵਾਂਕਣੀਆਂ ਅਤੇ ਕਿਸੇ ਸਾਜ਼ ਦੀ ਚਾਂਗਰ ਸੁਣਦੀ ਹੈ ਅਤੇ ਲੋਕਾਂ ਦੇ ਕਾਲ਼ੇ ਕਾਲ਼ੇ ਅਕਾਰ ਵੇਖਦੀ ਹੈ। ਲੋਕ ਜਿਹੜੇ ਖਾ ਰਹੇ ਹਨ, ਪੀ ਰਹੇ ਹਨ ਤੇ ਸੂਟੇ ਮਾਰ ਰਹੇ ਹਨ।

ਪਰ ਮਨੁੱਖ ਦਾ ਕੁਝ ਵੀ ਸੁਣਾਈ ਨਹੀਂ ਦੇਂਦਾ। ਹਵਾ ਝੂਲਦੀਆਂ ਬੱਤੀਆਂ ਦੀ ਸ਼ੂਕਰ, ਸੰਗੀਤ ਦੇ ਅਸੰਗਤ ਟੁਕੜਿਆਂ, ਲੱਕੜੀ ਦੀ ਬੰਸਰੀ ਦੀ ਪਵਿੱਤਰ ਹੂਕ, ਠਠਿਆਰਾਂ ਦੀ ਫੂਕਣੀ ਦੀ ਇੱਕਸਾਰ ਬਰੀਕ ਸੀਟੀ ਨਾਲ਼ ਭਰੀ ਪਈ ਹੈ। ਇਹ ਸਭ ਕੁਝ ਇੱਕ ਖਿੱਝਵੀਂ ਭਿਣਭਿਣਾਹਟ, ਜਿਵੇਂ ਕਿਸੇ ਮੋਟੀ ਤੇ ਤਣੀ ਹੋਈ ਅਦਿੱਖ ਤਾਰ ਦੀ ਟੁਣਕਾਰ ਵਿੱਚ ਰਲ਼ ਮਿਲ਼ ਜਾਂਦੀ ਹੈ ਅਤੇ ਜਦੋਂ ਇੱਕ ਮਨੁੱਖੀ ਆਵਾਜ਼ ਇਸ ਨਿਰੰਤਰ ਭਿਣਭਿਣਾਹਟ ਉੱਤੇ ਧਾਵਾ ਬੋਲਦੀ ਹੈ, ਇਹ ਇੱਕ ਸਹਿਮੀ ਹੋਈ ਘੁਸਰ ਮੁਸਰ ਵਰਗੀ ਸੁਣਾਈ ਦੇਂਦੀ ਹੈ। ਹਰ ਸ਼ੈਅ ਆਪਣੀ ਬੇ-ਰੌਣਕ ਕਰੂਪਤਾ ਨੂੰ ਨੰਗਾ ਕਰਦੀ ਹੋਈ ਨਿਰਲੱਜਤਾ ਨਾਲ਼ ਚਮਕਦੀ ਹੈ...।

ਰੂਹ ਇੱਕ ਸਜੀਵ, ਲਾਲ ਸੂਹੇ, ਦਗਦਗ ਕਰਦੇ ਸ਼ੋਹਲੇ ਦੀ ਇੱਕ ਭੱਖਵੀਂ ਖਾਹਿਸ਼ ਨਾਲ਼ ਬੇਚੈਨ ਹੈ, ਜੋ ਲੋਕਾਂ ਨੂੰ ਇਸ ਦਾਗਦਾਰ ਅਕੇਵੇਂ ਦੀ ਜਕੜ ਵਿੱਚੋਂ ਅਜ਼ਾਦ ਕਰ ਦੇਵੇਗੀ, ਜਿਹੜਾ ਅਕੇਵਾਂ ਬੋਲਾ ਬਣਾਉਂਦਾ ਹੈ ਤੇ ਅੰਨ੍ਹਾ ਕਰਦਾ ਹੈ...। ਕੋਈ ਵੀ ਇਸ ਸਜਾਵਟ ਨੂੰ ਫੂਕ ਦੇਣਾ ਚਾਹੇਗਾ ਅਤੇ ਵਹਿਸ਼ੀ ਵੇਗ ਵਿੱਚ ਨੱਚਣਾ ਚਾਹੇਗਾ, ਇੱਕ ਦਗਦਗ ਕਰਦੇ ਸ਼ੋਹਲੇ ਦੀਆਂ ਭੱਖਦੀਆਂ ਜੀਭਾਂ ਦੀ ਭੜਥੂ ਪਾਉਣ ਵਾਲ਼ੀ ਖੇਡ ਵਿੱਚ ਕੂਕਣਾ ਤੇ ਗਾਉਣਾ ਚਾਹੇਗਾ, ਰੂਹਾਨੀ ਗਰੀਬੀ ਦੀ ਨਿਰਜਿੰਦ ਸ਼ਾਨੋ ਸੌਕਤ ਦੀ ਤਬਾਹੀ ਦੇ ਨਸ਼ਈ ਜਸ਼ਨ ਵਿੱਚ ਰੰਗਰਲੀਆਂ ਮਨਾਉਣਾ ਚਾਹੇਗਾ...।

ਕੋਨੀ ਟਾਪੂ ਵਿੱਚ ਨਿਰਸੰਦੇਹ ਹਜ਼ਾਰਾਂ ਲੋਕ ਉਸ ਦੇ ਦਾਸ ਹਨ। ਇਹ ਲੋਕ ਇਸ ਦੇ ਵਿਸ਼ਾਲ ਇਲਾਕੇ ਉੱਤੇ ਕਾਲ਼ੀਆਂ ਮੱਖੀਆਂ ਦੇ ਬੱਦਲਾਂ ਵਾਂਗ ਭਿਣਭਿਣਾਉਂਦੇ ਹਨ, ਪਿੰਜਰੇ ਵਰਗੇ ਚਿੱਟੇ ਢਾਂਚਿਆਂ ਵਿੱਚ ਅਤੇ ਇਮਾਰਤਾਂ ਦੇ ਸਾਰੇ ਹਾਲ ਕਮਰਿਆਂ ਵਿੱਚ ਇੱਕ ਦੂਜੇ ਨਾਲ਼ ਜੁੜੇ ਹੋਏ ਤੇ ਤੂੜੇ ਹੋਏ ਹਨ। ਗਰਭਵਤੀ ਔਰਤਾਂ ਨੇ ਬੜੇ ਧੀਰਜ ਨਾਲ਼ ਆਪਣੇ ਪੇਟਾਂ ਦਾ ਬੋਝ ਚੁੱਕਿਆ ਹੋਇਆ ਹੈ। ਬੱਚੇ ਇੱਕ ਦੂਜੇ ਤੋਂ ਥੋੜ੍ਹੀ ਵਿੱਥ 'ਤੇ ਚੁੱਪ ਚਾਪ ਤੁਰ ਰਹੇ ਹਨ

ਅਤੇ ਆਪਣੇ ਆਲ਼ੇ ਦੁਆਲ਼ੇ ਘਬਰਾਈਆਂ ਅੱਖਾਂ ਨਾਲ਼ ਇਤਨੀ ਤੀਖਣਤਾ ਤੇ ਗੰਭੀਰਤਾ ਨਾਲ਼ ਝਾਕ ਰਹੇ ਹਨ ਕਿ ਕੋਈ ਵੀ ਉਹਨਾਂ ਲਈ ਤਰਸ ਨਾਲ਼ ਪੀੜਤ ਹੋ ਉੱਠਦਾ ਹੈ ਕਿਉਂ ਜੋ ਉਹ ਆਪਣੀਆਂ ਰੂਹਾਂ ਨੂੰ ਕਰੂਪਤਾ ਉੱਤੇ ਪਾਲਦੇ ਹਨ, ਜਿਸ ਨੂੰ ਉਹ ਗਲਤੀ ਨਾਲ਼ ਖ਼ੂਬਸੂਰਤੀ ਸਮਝਦੇ ਹਨ। ਆਦਮੀਆਂ ਦੇ ਸਫਾ ਚੱਟ ਚਿਹਰੇ ਜੋ ਅਜੀਬ ਤੌਰ 'ਤੇ ਇੱਕੋ ਤਰ੍ਹਾਂ ਦੇ ਵਿਖਾਈ ਦੇਂਦੇ ਹਨ, ਉਤਸ਼ਾਹਹੀਨ ਤੇ ਨਿਰਾਸ਼ ਹਨ। ਉਹਨਾਂ ਵਿੱਚੋਂ ਬਹੁਤਿਆਂ ਨੇ ਆਪਣੇ ਨਾਲ਼ ਆਪਣੀਆਂ ਵਾਹੁਟੀਆਂ ਤੇ ਬੱਚੇ ਵੀ ਲਿਆਂਦੇ ਹੋਏ ਹਨ। ਅਤੇ ਉਹ ਆਪਣੇ ਟੱਬਰਾਂ ਦੇ, ਉਹਨਾਂ ਨੂੰ ਕੇਵਲ ਰੋਟੀ ਹੀ ਨਹੀਂ ਸਗੋਂ ਸ਼ਾਨਦਾਰ ਨਜ਼ਾਰੇ ਪ੍ਰਦਾਨ ਕਰ ਕੇ ਆਪਣੇ ਆਪ ਨੂੰ ਦਾਤੇ ਸਮਝਦੇ ਹਨ। ਉਹ ਆਪ ਇਸ ਚਮਕ ਦਮਕ ਨੂੰ ਪਸੰਧ ਕਰਦੇ ਹਨ, ਪਰ ਉਹ ਇਤਨੇ ਗੰਭੀਰ ਹਨ ਕਿ ਆਪਣੇ ਜਜ਼ਬਿਆਂ ਨੂੰ ਪ੍ਰਗਟ ਨਹੀਂ ਕਰ ਸਕਦੇ ਅਤੇ ਇਸ ਲਈ ਇਹ ਸਾਰੇ ਆਪਣੇ ਪਤਲੇ ਹੋਠਾਂ ਨੂੰ ਝਪੀਟਦੇ ਅਤੇ ਆਪਣੀਆਂ ਅੱਖਾਂ ਨੂੰ ਮੀਚਦੇ ਹਨ ਅਤੇ ਅਜਿਹੇ ਵਿਅਕਤੀ ਦੇ ਅੰਦਾਜ਼ ਨਾਲ਼ ਮੱਥੇ ਤੇ ਵੱਟ ਪਾਉਂਦੇ ਹਨ ਜਿਸ ਨੂੰ ਕੋਈ ਵੀ ਸ਼ੈਅ ਪ੍ਰਭਾਵਤ ਨਹੀਂ ਕਰ ਸਕਦੀ। ਫਿਰ ਵੀ ਹਰ ਕੋਈ ਪ੍ਰੌਢ ਤਜ਼ਰਬੇ ਤੋਂ ਜਨਮੀ ਇਸ ਬਾਹਰੋਂ ਵਿਖਾਈ ਦੇਂਦੀ ਤਸੱਲੀ ਤੇ ਠਰ੍ਹਮੇ ਦੇ ਪਿੱਛੇ ਜਾਦੂਈ ਸ਼ਹਿਰ ਵੱਲੋਂ ਪੇਸ਼ ਕੀਤੀਆਂ ਜਾਂਦੀਆਂ ਸਾਰੀਆਂ ਖੁਸ਼ੀਆਂ ਦਾ ਸੁਆਦ ਚਖਣ ਦਾ, ਇੱਕ ਪ੍ਰਚੰਡ ਉਤਾਵਲਾਪਣ ਮਹਿਸੂਸ ਕਰਦਾ ਹੈ ਅਤੇ ਇਸ ਤਰ੍ਹਾਂ ਇਹ ਇਜ਼ਤਦਾਰ ਉਸ ਖੁਸ਼ੀ ਦੀ ਚਮਕ ਨੂੰ ਲੁਕਾਉਣ ਲਈ ਜਿਹੜੀ ਉਹਨਾਂ ਦੀਆਂ ਅੱਖਾਂ ਨੂੰ ਰੁਸ਼ਨਾਉਂਦੀ ਹੈ ਗਿਣੀਆਂ ਮਿੱਥੀਆਂ ਪ੍ਰਤੀਕੂਲ ਪ੍ਰਗਟਾਅ ਵਾਲ਼ੀਆਂ ਮੁਸਕਾਨਾਂ ਨਾਲ਼ ਬਿਜਲੀ ਨਾਲ਼ ਚੱਲਣ ਵਾਲ਼ੇ ਝੂਲਿਆਂ ਦੇ ਲੱਕੜੀ ਦੇ ਬਣੇ ਘੋੜਿਆਂ ਤੇ ਹਾਥੀਆਂ ਦੀਆਂ ਪਿੱਠਾਂ ਉੱਤੇ ਚੜ੍ਹਦੇ ਹਨ, ਰੇਲਾਂ ਉੱਤੇ ਘੁਮੇਟੀਆਂ ਖਾਣ, ਉਤਾਂਹ ਨੂੰ ਉਛਲਣ ਦੀ ਤੇ ਫਿਰ ਹਵਾ ਵਿੱਚ ਸੀਟੀਆਂ ਵਜਾਉਂਦਿਆਂ ਹੇਠਾਂ ਆਉਣ ਦੀ ਤੀਬਰ ਖੁਸ਼ੀ ਦੀ ਉਤੇਜਤ ਸੰਭਾਵਨਾ ਵਿੱਚ ਉਡੀਕਦੇ ਹਨ। ਜਿਵੇਂ ਹੀ ਇਹ ਹੁਝਕੋਲਿਆਂ ਤੇ ਠੇਡਿਆਂ ਵਾਲ਼ਾ ਸਫਰ ਪੂਰਾ ਹੁੰਦਾ ਹੈ, ਉਹ ਆਪਣੇ ਚਿਹਰਿਆਂ ਉੱਤੇ ਚਮੜੀ ਨੂੰ ਮੁੜ ਕਸ ਕੇ ਤਾਣ ਲੈਂਦੇ ਹਨ ਤੇ ਹੋਰਨਾਂ ਖੁਸ਼ੀਆਂ ਵੱਲ ਤੁਰ ਪੈਂਦੇ ਹਨ...।

ਮਨੋਰੰਜਨ ਅਣਗਿਣਤ ਹਨ : ਲੋਹੇ ਦੇ ਇੱਕ ਮੀਨਾਰ ਉੱਤੇ ਦੋ ਸਫੈਦ ਖੰਭ ਹੌਲ਼ੀ ਹੌਲ਼ੀ ਘੁੰਮ ਰਹੇ ਹਨ ਤੇ ਉਹਨਾਂ ਦੇ ਸਿਰਿਆਂ ਨਾਲ਼ ਪਿੰਜਰੇ ਲਟਕਦੇ ਹਨ ਜਿਨ੍ਹਾਂ ਵਿੱਚ ਲੋਕ ਬੈਠੇ ਹਨ। ਜਦੋਂ ਇੱਕ ਖੰਭ ਉਤਾਂਹ ਨੂੰ ਜਾਂਦਾ ਹਵਾ ਵਿੱਚ ਤੈਰਦਾ ਹੈ ਤਾਂ ਪਿੰਜਰੇ ਵਿੱਚ ਬੈਠੇ ਲੋਕਾਂ ਦੇ ਚਿਹਰਿਆਂ ਉੱਤੇ ਪੀੜਤ ਗੰਭੀਰਤਾ ਪਸਰ ਜਾਂਦੀ ਹੈ ਅਤੇ ਇੱਕੋ ਜਿਹੇ ਪ੍ਰਗਟਾਅ ਨਾਲ਼ ਉਹ ਖਾਮੋਸ਼ੀ ਨਾਲ਼ ਅੱਖਾਂ ਅੱਡੀ ਤਣਾਅ ਪੂਰਨ ਹਾਲਤ ਵਿੱਚ ਦੂਰ ਹੁੰਦੀ ਜਾਂਦੀ ਧਰਤੀ ਵੱਲ ਝਾਕਦੇ ਹਨ ਅਤੇ ਦੂਜੇ ਖੰਭ ਦੇ ਪਿੰਜਰਿਆਂ ਵਿੱਚ, ਜੋ ਉਸੇ ਸਮੇਂ ਬੜੀ ਸਾਵਧਾਨੀ ਨਾਲ਼ ਹੇਠਾਂ ਨੂੰ ਆ ਰਿਹਾ ਹੈ, ਲੋਕਾਂ ਦੇ ਚਿਹਰੇ ਮੁਸਕਰਾਉਂਦੇ ਖਿੜ ਉੱਠਦੇ ਹਨ ਅਤੇ ਖੁਸ਼ੀ ਦੀਆਂ ਅਵਾਜ਼ਾਂ ਸੁਣਾਈ ਦੇਂਦੀਆਂ ਹਨ। ਇਹ ਅਵਾਜ਼ਾਂ ਸਾਨੂੰ ਉਸ ਕਤੂਰੇ ਦੀ ਖੁਸ਼ੀਪੂਰਨ ਚੀਕ ਦਾ ਚੇਤਾ ਦਿਵਾਉਂਦੀਆਂ ਹਨ ਜਦੋਂ ਉਸ ਨੂੰ ਗਿੱਚੀ ਤੋਂ ਪਕੜ ਕੇ ਹਵਾ ਵਿੱਚ ਲਟਕਾਈ ਰੱਖਣ ਮਗਰੋਂ ਫ਼ਰਸ਼ ਉੱਤੇ ਰੱਖ ਦਿੱਤਾ ਜਾਂਦਾ ਹੈ।

ਇੱਕ ਹੋਰ ਮੀਨਾਰ ਦੇ ਸਿਰੇ ਉੱਤੇ ਬੇੜੀਆਂ ਹਵਾ ਵਿੱਚ ਉੱਡਦੀਆਂ ਹਨ, ਤੀਜੇ ਮੀਨਾਰ ਉੱਤੇ ਧਾਤ ਦੇ ਲੰਬੂਤਰੇ ਝੂਲੇ ਚੱਕਰ ਕੱਟ ਰਹੇ ਹਨ, ਚੌਥਾ ਤੇ ਫਿਰ ਪੰਜਵਾਂ—ਇਹ ਸਾਰੇ ਹਰਕਤ ਵਿੱਚ ਹਨ, ਚਮਕਦੇ ਹਨ ਅਤੇ ਆਪਣੀਆਂ ਉਦਾਸ ਬੱਤੀਆਂ ਦੀ ਬੇਅਵਾਜ਼ ਕੂਕ ਨਾਲ ਸੈਨਤਾਂ ਕਰ ਕੇ ਲੋਕਾਂ ਦਾ ਧਿਆਨ ਆਪਣੇ ਵੱਲ ਖਿੱਚਦੇ ਹਨ। ਹਰ ਸ਼ੈਅ ਝੂਮਦੀ ਹੈ, ਗੀਂ ਗੀਂ ਕਰਦੀ ਹੈ, ਘੂਕਦੀ ਹੈ, ਲੋਕਾਂ ਨੂੰ ਘੁਮਾਟੀਆਂ ਦੇ ਕੇ ਪੀੜਤ ਤੇ ਬਿਲਕੁੱਲ ਸੁਸਤ ਬਣਾਉਂਦੀ ਹੈ, ਹਰਕਤ ਦੇ ਪੇਚੀਦਾ ਭੰਵਰ ਜਾਲ ਅਤੇ ਬੱਤੀਆਂ ਦੀ ਲਿਸ਼ਕ ਨਾਲ਼ ਉਹਨਾਂ ਦੇ ਸਾਹਸ ਤੇ ਦਲੇਰੀ ਨੂੰ ਖਤਮ ਕਰਦੀ ਹੈ। ਲਿਸ਼ਕਦੀਆਂ ਅੱਖਾਂ ਹੋਰ ਵੀ ਚਮਕੀਲੀਆਂ ਹੁੰਦੀਆਂ ਜਾਂਦੀਆਂ ਹਨ ਜਦ ਕਿ ਦਿਮਾਗ ਪੀਲ਼ੇ ਤੇ ਲਿੱਸੇ ਪੈਂਦੇ ਜਾਂਦੇ ਸਨ, ਇਹਨਾਂ ਦਾ ਲਹੂ ਸਫੈਦ ਚੰਗਿਆੜੇ ਛੱਡਦੇ ਜੰਗਲ ਦੀ ਟੂਣੇਹਾਰੀ ਬਣਾਵਟ ਦੇ ਵੱਲ ਵਹਿੰਦਾ ਜਾਂਦਾ ਹੈ ਅਤੇ ਇੰਝ ਜਾਪਦਾ ਹੈ ਕਿ ਉਕਤਾਹਟ ਜੋ ਸਵੈ ਬੇਮੁੱਖਤਾ ਦੇ ਬੋਝ ਥੱਲੇ ਦਮ ਤੋੜ ਰਹੀ ਹੈ ਆਪਣੇ ਉਦਾਸ ਨਾਚ ਵਿੱਚ ਹਜ਼ਾਰਾਂ ਇੱਕੋ ਜਿਹੇ ਕਾਲ਼ੇ ਲੋਕਾਂ ਨੂੰ ਖਿੱਚਦਿਆਂ, ਉਹਨਾਂ ਨੂੰ ਹੂੰਝਦਿਆਂ ਜਿਵੇਂ ਤੇਜ਼ ਹਵਾ ਗਲੀਆਂ ਵਿੱਚੋਂ ਕੂੜੇ ਕਰਕਟ ਨੂੰ ਹੂੰਝਦੀ ਆਗਿਆਕਾਰ ਢੇਰਾਂ ਵਿੱਚ ਇਕੱਤਰ ਕਰਦੀ ਤੇ ਫਿਰ ਉਹਨਾਂ ਨੂੰ ਮੁੜ ਕੇ ਖਿਲਾਰਦੀ ਹੈ ਤਾਂ ਜੋ ਇਹਨਾਂ ਨੂੰ ਫਿਰ ਹੂੰਝਿਆ ਜਾਵੇ, ਇੱਕ ਮੱਠੀ ਮੱਠੀ ਪੀੜ ਨਾਲ਼ ਚਾਰੇ ਪਾਸੇ ਚੱਕਰ ਲਾ ਰਹੀ ਹੈ।...

ਖੁਸ਼ੀਆਂ ਇਮਾਰਤਾਂ ਵਿੱਚ ਵੀ ਲੋਕਾਂ ਦੀ ਉਡੀਕ ਕਰਦੀਆਂ ਹਨ, ਪਰ ਇਹ ਖੁਸ਼ੀਆਂ ਗੰਭੀਰ ਖੁਸ਼ੀਆਂ ਹਨ, ਇਹ ਸਿੱਖਿਆ ਪ੍ਰਦਾਨ ਕਰਦੀਆਂ ਹਨ। ਇੱਥੋਂ ਲੋਕਾਂ ਨੂੰ ਦੋਜ਼ਖ ਦਾ ਕਠੋਰ ਸ਼ਾਸਨ ਅਤੇ ਵੰਨ ਸਵੰਨੇ ਤਸੀਹੇ ਵਿਖਾਏ ਜਾਂਦੇ ਹਨ ਜੋ ਮਰਦਾਂ ਤੇ ਔਰਤਾਂ ਨੂੰ ਉਡੀਕਦੇ ਹਨ ਜਿਹੜੇ ਕਾਨੂੰਨਾਂ ਦੀ ਪਵਿੱਤਰਤਾ ਨੂੰ ਭੰਗ ਕਰਦੇ ਹਨ। ਕਾਨੂੰਨ ਜੋ ਉਹਨਾਂ ਲਈ ਬਣਾਏ ਗਏ ਹਨ...।

ਇਹ ਦੋਜ਼ਖ ਗੁੰਨ੍ਹੇ ਹੋਏ ਕਾਗਜ਼ ਦਾ ਬਣਿਆ ਹੋਇਆ ਹੈ ਜਿਸ ਉੱਤੇ ਫਿੱਕਾ ਕਿਰਮਚੀ ਰੋਗਨ ਕੀਤਾ ਹੋਇਆ ਹੈ, ਸਾਰਾ ਦੋਜ਼ਖ ਕਿਸੇ ਅੱਗ ਰੋਕ ਪਦਾਰਥ ਵਿੱਚ ਭਿੱਜਿਆ ਹੋਇਆ ਹੈ ਅਤੇ ਜਿਸ ਵਿੱਚੋਂ ਕਿਸੇ ਮੋਟੇ ਪਸ਼ੂ ਦੀ ਚਰਬੀ ਦੀ ਦੁਰਗੰਧ ਰਿਸ ਰਿਸ ਕੇ ਬਾਹਰ ਨਿਕਲ਼ ਰਹੀ ਹੈ। ਦੋਜ਼ਖ ਬਹੁਤ ਹੀ ਭੱਦੇ ਢੰਗ ਨਾਲ਼ ਬਣਾਇਆ ਗਿਆ ਹੈ। ਇਹ ਬਹੁਤ ਹੀ ਸਿੱਧੜ ਜਿਹੇ ਦਰਸ਼ਕ ਦੇ ਮਨ ਵਿੱਚ ਵੀ ਉਪਰਾਮਤਾ ਪੈਦਾ ਕਰ ਸਕਦਾ ਹੈ। ਇਹ ਇੱਕ ਗਾਰ ਵਰਗਾ ਜਾਪਦਾ ਹੈ ਜਿਸ ਦੇ ਅੰਦਰ ਲੇਵੀ ਨਾਲ਼ ਮੋਟੇ ਕਾਗਜ਼ ਨੂੰ ਜੋੜ ਕੇ ਬੜੀਆਂ ਬੜੀਆਂ ਚੱਟਾਨਾਂ ਏਧਰ ਉੱਧਰ ਖਿਲਾਰੀਆਂ ਪਈਆਂ ਹਨ ਅਤੇ ਗਾਰ ਇੱਕ ਲਾਲ ਭਾਅ ਮਾਰਦੇ ਹਨ੍ਹੇਰੇ ਨਾਲ਼ ਭਰੀ ਪਈ ਹੈ। ਇੱਕ ਚੱਟਾਨ ਉੱਤੇ ਸੰਧੂਰੀ ਕਸਵੇਂ ਕੱਪੜੇ ਪਾਈ ਸ਼ੈਤਾਨ ਬੈਠਾ ਹੈ ਜੋ ਆਪਣੇ ਡਰਾਉਣੇ ਕਾਲ਼ੇ ਚਿਹਰੇ ਨੂੰ ਮਰੋੜੇ ਦੇ ਕੇ ਵੱਖ ਵੱਖ ਸ਼ਕਲਾਂ ਵਿੱਚ ਚੱਘੇ ਲਾ ਰਿਹਾ ਹੈ ਅਤੇ ਆਪਣੇ ਹੱਥ ਉਸ ਆਦਮੀ ਵਾਂਗ ਮਲ਼ ਰਿਹਾ ਹੈ ਜਿਸ ਨੇ ਹੁਣੇ ਹੁਣੇ ਚੰਗਾ ਚੋਖਾ ਮੁਨਾਫਾ ਕਮਾਇਆ ਹੋਵੇ। ਨਿਰਸੰਦੇਹ ਉਹ ਉਸ ਤਿਲਕਵੀਂ ਚੱਟਾਨ ਉੱਤੇ ਜੋ ਉਸ ਦੇ ਥੱਲੇ ਤਿੜਕਦੀ ਤੇ ਡੋਲਦੀ ਹੈ ਬਹੁਤ ਹੀ ਔਖਾ ਹੋ ਕੇ ਬੈਠਾ ਹੈ, ਪਰ ਉਹ ਇਸ ਹਕੀਕਤ ਤੋਂ ਅਣਜਾਣ ਜਾਪਦਾ ਹੈ, ਕਿਉਂ ਜੋ ਉਸ ਦੇ ਧਿਆਨ ਨੂੰ ਉਹ ਕਸ਼ਟ ਤੇ ਤਸੀਹੇ ਜਜ਼ਬ ਕਰਦੇ ਜਾ ਰਹੇ ਹਨ

ਜੋ ਉਸ ਦੇ ਜਮਦੂਤ ਉਸ ਦੇ ਪੈਰਾਂ ਵਿੱਚ ਪਏ ਗੁਨਾਹੀਆਂ ਉੱਤੇ ਢਾਹ ਰਹੇ ਹਨ।

ਇਸ ਕੁੜੀ ਵੱਲ ਵੇਖੋ, ਜਿਸ ਨੇ ਹੁਣੇ ਹੁਣੇ ਆਪਣੇ ਲਈ ਇੱਕ ਨਵਾਂ ਟੋਪ ਖਰੀਦਿਆਂ ਹੈ ਅਤੇ ਜੋ ਸ਼ੀਸ਼ੇ ਵਿੱਚ ਵੇਖ ਕੇ ਬੜੇ ਚਾਅ ਨਾਲ਼ ਆਪਣੇ ਆਪ ਨੂੰ ਸਲਾਹ ਰਹੀ ਹੈ। ਛੋਟੇ ਪਰ ਵੇਖਣ ਨੂੰ ਬਹੁਤ ਹੀ ਭੁੱਖੇ ਜਮਦੂਤਾਂ ਦਾ ਇੱਕ ਜੋੜਾ ਦੱਬੇ ਪੈਰੀਂ ਉਸ ਤੋਂ ਨਜ਼ਰ ਬਚਾਂਦਿਆਂ ਪਿੱਛੋਂ ਦੀ ਜਾ ਕੇ ਉਸ ਨੂੰ ਬਾਹਾਂ ਤੋਂ ਪਕੜ ਲੈਂਦਾ ਹੈ, ਕੁੜੀ ਚੀਕਦੀ ਹੈ, ਪਰ ਹੁਣ ਕੁਝ ਵੀ ਨਹੀਂ ਹੋ ਸਕਦਾ। ਜਮਦੂਤ ਉਸ ਨੂੰ ਇੱਕ ਲੰਮੀ, ਪੱਧਰੀ ਤੇ ਢਾਲਵੀਂ ਵਹਿਣੀ ਵਿੱਚ ਲਿਟਾ ਦੇਂਦੇ ਹਨ, ਇਹ ਵਹਿਣੀ ਗਾਰ ਦੇ ਵਿਚਕਾਰ ਇਕ ਟੋਏ ਵਿੱਚ ਜਾ ਡਿੱਗਦੀ ਹੈ। ਟੋਏ ਵਿੱਚੋਂ ਭੂਰੇ ਰੰਗ ਦੀ ਭਾਪ ਨਿਕਲ਼ਦੀ ਹੈ, ਲਾਲ ਕਾਗਜ਼ਾਂ ਦੇ ਬਣਾਏ ਗਏ ਸ਼ੋਹਲਿਆਂ ਦੀਆਂ ਚੀਘਾਂ ਉਤਾਂਹ ਨੂੰ ਲਪਕਦੀਆਂ ਹਨ ਅਤੇ ਇਸ ਢਾਲਵੀਂ ਵਹਿਣੀ ਵਿੱਚ ਉੱਪਰੋਂ ਰਿੜ੍ਹਦੀ ਹੋਈ ਕੁੜੀ ਆਪਣੇ ਸ਼ੀਸ਼ੇ ਤੇ ਹੈਟ ਸਮੇਤ ਹੇਠਾਂ ਟੋਏ ਵਿੱਚ ਜਾ ਡਿੱਗਦੀ ਹੈ।

ਇੱਕ ਜਵਾਨ ਆਦਮੀ ਵਿਸਕੀ ਦਾ ਇੱਕ ਗਿਲਾਸ ਪੀਂਦਾ ਹੈ — ਝੱਟ ਹੀ ਜਮਦੂਤ ਉਸ ਨੂੰ ਮੰਚ ਹੇਠਲੀ ਮੋਰੀ ਵਿੱਚ ਤੁੰਨ ਦੇਂਦੇ ਹਨ।

ਦੋਜ਼ਖ ਵਿੱਚ ਸਾਹਘੋਟੂ ਹੁਸਨ ਹੈ, ਜਮਦੂਤ ਮਾੜੂਏ ਤੇ ਕਮਜ਼ੋਰ ਜਿਹੇ ਹਨ; ਉਹ ਆਪਣੇ ਇਸ ਕੰਮ ਕਾਰਨ ਮਰ ਮੁੱਕ ਗਏ ਥੱਕੇ ਟੁੱਟੇ ਜਾਪਦੇ ਹਨ, ਇਸ ਕੰਮ ਦੀ ਇਕਸਾਰਤਾ ਤੇ ਪ੍ਰਤੱਖ ਵਿਅਰਥਤਾ ਸਾਫ ਤੌਰ 'ਤੇ ਉਹਨਾਂ ਨੂੰ ਖਿਝਾਉਂਦੀ ਹੈ ਅਤੇ ਇਸ ਲਈ ਉਹ ਗੁਨਾਹਗਾਰਾਂ ਨਾਲ਼ ਬੜੀ ਬੇਦਰਦੀ ਨਾਲ਼ ਵਰਤਦੇ ਹਨ, ਉਹਨਾਂ ਨੂੰ ਲੱਤਾਂ ਤੋਂ ਪਕੜ ਕੇ ਲੱਕੜ ਦੀਆਂ ਗੇਲੀਆਂ ਵਾਂਗ ਵਹਿਣੀ ਵਿੱਚ ਵਗਾਹ ਵਗਾਹ ਕੇ ਸੁੱਟਦੇ ਹਨ। ਉਹਨਾਂ ਵੱਲ ਵੇਖਦਿਆਂ ਤੁਸੀਂ ਚੀਕ ਕੇ ਕਹਿਣਾ ਚਾਹੋਗੇ:

"ਬੱਸ, ਬਹੁਤ ਹੋ ਗਈ ਇਹ ਬੇਹੂਦਗੀ! ਤੁਸੀਂ ਹੜਤਾਲ ਕਿਉਂ ਨਹੀਂ ਕਰ ਦੇਂਦੇ, ਮੁੰਡਿਓ!"

ਇੱਕ ਮੁਟਿਆਰ ਆਪਣੇ ਗਵਾਂਢੀ ਦੇ ਬਟੂਏ ਵਿੱਚੋਂ ਕੁਝ ਸਿੱਕੇ ਚੁਰਾ ਲੈਂਦੀ ਹੈ, ਉਸੇ ਵੇਲ਼ੇ ਝਟਪਟ ਜਮਦੂਤ ਸ਼ੈਤਾਨ ਨੂੰ ਖੁਸ਼ ਕਰਨ ਲਈ ਜੋ ਖੁਸ਼ੀ ਵਿੱਚ ਆਪਣੀਆਂ ਲੱਤਾਂ ਝੁਲਾਉਂਦਾ ਨਾਸਾਂ ਹਿੱਚ ਹਿੱਚ ਕਰ ਰਿਹਾ ਹੈ, ਉਸ ਕੁੜੀ ਨੂੰ ਵਹਿਣੀ ਵਿੱਚ ਸੁੱਟ ਦੇਂਦੇ ਹਨ। ਜਮਦੂਤ ਵਿਹਲੜ ਨਿਕੰਮੇ ਸ਼ੈਤਾਨ ਵੱਲ ਗੁਸੈਲੀਆਂ ਨਜ਼ਰਾਂ ਨਾਲ਼ ਵੇਖਦੇ ਹਨ ਅਤੇ ਲਟ ਲਟ ਬਲਦੇ ਟੋਏ ਦੇ ਪੇਟ ਵਿੱਚ ਹਰ ਉਸ ਵਿਅਕਤੀ ਨੂੰ ਬੇਰਹਿਮੀ ਨਾਲ਼ ਸੁੱਟੀ ਜਾਂਦੇ ਹਨ, ਜੋ ਵੀ ਕੁਝ ਜਾਣਨ ਦੀ ਉਤਸੁਕਤਾ ਨਾਲ਼ ਦੋਜ਼ਖ ਦੇ ਅੰਦਰ ਝਾਕਣ ਦਾ ਯਤਨ ਕਰਦਾ ਹੈ...।

ਆਮ ਲੋਕ ਇਹਨਾਂ ਭਿਅੰਕਰ ਜ਼ੁਲਮਾਂ ਨੂੰ ਇੱਕ ਗੰਭੀਰ ਖਾਮੋਸ਼ੀ ਨਾਲ਼ ਵਾਚਦੇ ਹਨ। ਹਾਲ ਕਮਰੇ ਵਿੱਚ ਹਨ੍ਹੇਰਾ ਹੈ। ਇੱਕ ਹੱਟਾ ਕੱਟਾ ਘੁੰਘਰਾਲੇ ਵਾਲ਼ਾਂ ਵਾਲ਼ਾ ਜੁਆਨ ਆਦਮੀ, ਜਿਸ ਨੇ ਮੋਟੀ ਜੈਕਟ ਪਹਿਨੀ ਹੋਈ ਹੈ, ਇੱਕ ਨਿਰਾਸ ਤੇ ਭਾਰੀ ਆਵਾਜ਼ ਵਿੱਚ ਭਾਸ਼ਣ ਝਾੜਦਾ ਹੈ।

ਮੰਚ ਵੱਲ ਇਸ਼ਾਰਾ ਕਰਦਿਆਂ ਉਹ ਉਪਦੇਸ਼ ਦੇਂਦਾ ਹੈ ਕਿ ਜੇ ਲੋਕ ਇਸ ਚੁਸਤ ਲਾਲ ਕੱਪੜੇ ਪਾਈ ਵਿੰਗ-ਲੱਤੇ ਸ਼ੈਤਾਨ ਦਾ ਸ਼ਿਕਾਰ ਨਹੀਂ ਬਣਨਾ ਚਾਹੁੰਦੇ, ਤਾਂ ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕੁੜੀਆਂ ਨੂੰ ਬਿਨਾਂ ਉਹਨਾਂ ਨਾਲ਼ ਵਿਆਹ ਕਰਾਏ ਚੁੰਮਣਾ ਗਲਤ ਹੈ,

ਨਹੀਂ ਤਾਂ ਹੋ ਸਕਦਾ ਹੈ ਕੁੜੀਆਂ ਵੇਸਵਾਵਾਂ ਬਣ ਜਾਣ; ਗਿਰਜੇ ਦੀ ਮਨਜ਼ੂਰੀ ਤੋਂ ਬਿਨਾਂ ਜਵਾਨ ਆਦਮੀਆਂ ਨੂੰ ਚੁੰਮਣਾ ਗਲਤ ਹੈ ਕਿਉਂ ਜੋ ਹੋ ਸਕਦਾ ਹੈ ਇਸ ਦੇ ਫਲਸਰੂਪ ਛੋਟੇ ਮੁੰਡੇ ਕੁੜੀਆਂ ਜੰਮ ਪੈਣ; ਵੇਸ਼ਵਾਵਾਂ ਨੂੰ ਆਪਣੇ ਗਾਹਕਾਂ ਦੀਆਂ ਜੇਬ੍ਹਾਂ ਵਿੱਚੋਂ ਪੈਸਾ ਨਹੀਂ ਚੁਰਾਉਣਾ ਚਾਹੀਦਾ; ਆਮ ਤੌਰ 'ਤੇ ਲੋਕਾਂ ਨੂੰ ਸ਼ਰਾਬ ਜਾਂ ਹੋਰ ਕੋਈ ਅਜਿਹੀ ਚੀਜ਼ ਨਹੀਂ ਪੀਣੀ ਚਾਹੀਦੀ ਜੋ ਜਜ਼ਬਿਆਂ ਨੂੰ ਭੜਕਾਉਂਦੀ ਹੈ ਤੇ ਉਹਨਾਂ ਨੂੰ ਸ਼ਰਾਬਖਾਨਿਆਂ ਦੀ ਥਾਂ 'ਤੇ ਗਿਰਜਿਆਂ ਵਿੱਚ ਜਾਣਾ ਚਾਹੀਦਾ ਹੈ, ਇਹ ਗੱਲ ਰੂਹਾਂ ਲਈ ਚੰਗੇਰੀ ਅਤੇ ਸਸਤੀ ਵੀ ਹੈ...।

ਉਹ ਇਹ ਸਭ ਕੁਝ ਨੀਰਸ ਤੇ ਇੱਕਸਾਰ ਅਵਾਜ਼ ਵਿੱਚ ਕਹਿੰਦਾ ਜਾਂਦਾ ਹੈ ਅਤੇ ਇਹ ਪ੍ਰਤੱਖ ਹੈ ਕਿ ਉਹ ਆਪ ਇਸ ਤਰ੍ਹਾਂ ਦੀ ਜ਼ਿੰਦਗੀ ਵਿੱਚ ਵਿਸ਼ਵਾਸ ਨਹੀਂ ਰੱਖਦਾ, ਜਿਸ ਬਾਰੇ ਉਪਦੇਸ਼ ਦੇਣ ਲਈ ਉਸ ਨੂੰ ਹਿਦਾਇਤ ਕੀਤੀ ਗਈ ਹੈ।

ਗੁਨਾਹਗਾਰਾਂ ਲਈ ਇਸ ਸ਼ਾਨਦਾਰ ਮਨੋਰੰਜਨ ਦੇ ਮਾਲਕਾਂ ਨੂੰ ਕੋਈ ਵੀ ਇਹ ਜ਼ਰੂਰ ਕਹਿਣਾ ਚਾਹੇਗਾ:

"ਭੱਦਰ ਪੁਰਸ਼ੋ! ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਉਪਦੇਸ਼ ਨਾਲ਼ ਮਨੁੱਖੀ ਰੂਹਾਂ ਗੁਨਾਹਾਂ ਤੋਂ ਪਾਕ ਹੋ ਜਾਣ, ਜਿਵੇਂ ਕਸਟਰੈਲ ਪੇਟ ਨੂੰ ਸਾਫ ਕਰ ਦੇਂਦਾ ਹੈ ਤਾਂ ਤੁਹਾਨੂੰ ਆਪਣੇ ਪ੍ਰਚਾਰਕਾਂ ਨੂੰ ਵਧੇਰੇ ਉਜਰਤ ਦੇਣੀ ਚਾਹੀਦੀ ਹੈ!"

ਇਸ ਭਿਆਨਕ ਤਮਾਸ਼ੇ ਦੇ ਅੰਤ 'ਤੇ ਗਾਰ ਦੀ ਇੱਕ ਨੁੱਕਰ ਵਿੱਚੋਂ ਇੱਕ ਕਰੂਪਤਾ ਦੀ ਹੱਦ ਤੱਕ ਸੁੰਦਰ ਦੇਵਤਾ ਪ੍ਰਗਟ ਹੁੰਦਾ ਹੈ। ਉਹ ਇੱਕ ਤਾਰ ਵਿੱਚ ਬੱਝਾ ਸਾਰੀ ਗਾਰ ਦੇ ਅੰਦਰ ਹਵਾ ਵਿੱਚ ਤੈਰਦਾ ਹੈ, ਉਸ ਨੇ ਆਪਣੇ ਦੰਦਾਂ ਵਿਚਾਲੇ ਚਮਕੀਲੇ ਕਾਗਜ਼ ਵਿੱਚ ਵਲ੍ਹੇਟਿਆ ਬਿਗਲ ਪਕੜਿਆ ਹੋਇਆ ਹੈ। ਉਸ ਨੂੰ ਵੇਖਦਿਆਂ ਹੀ ਸ਼ੈਤਾਨ ਇੱਕ ਡੱਡੂ ਵਾਂਗ ਉੱਛਲ ਕੇ ਉਸ ਟੋਏ ਵਿੱਚ ਗੁਨਾਹਗਾਰਾਂ ਦੇ ਮਗਰ ਜਾ ਡਿੱਗਦਾ ਹੈ, ਕੁਝ ਤਿੜਕਣ ਤੇ ਮੁੜਕਣ ਦੀ ਅਵਾਜ਼ ਆਉਂਦੀ ਹੈ, ਲੇਵੀ ਨਾਲ਼ ਜੋੜੇ ਕਾਗਜ਼ ਦੀਆਂ ਬਣੀਆਂ ਚੱਟਾਨਾਂ ਏਧਰ ਉੱਧਰ ਲੁੜ੍ਹਕਦੀਆਂ ਹਨ, ਜਮਦੂਤ ਆਪਣੀ ਕਰੜੀ ਮਿਹਨਤ ਤੋਂ ਮੁਕਤ ਹੋਏ ਖੁਸ਼ੀ ਨਾਲ਼ ਏਧਰ ਉੱਧਰ ਦੌੜਦੇ ਹਨ—ਅਤੇ ਪਰਦਾ ਡਿੱਗਦਾ ਹੈ। ਭੀੜ ਉੱਠਦੀ ਹੈ ਤੇ ਹਾਲ ਵਿੱਚੋਂ ਬਾਹਰ ਨਿਕਲ਼ ਜਾਂਦੀ ਹੈ। ਕੁਝ ਕੁ ਹੱਸਣ ਦੀ ਦਲੇਰੀ ਕਰਦੇ ਹਨ, ਪਰ ਬਹੁਤੇ ਗਮਗੀਨ ਤੇ ਉਦਾਸ ਹਨ। ਸ਼ਾਇਦ ਉਹ ਇਹ ਸੋਚ ਰਹੇ ਹਨ: "ਜੇ ਦੋਜ਼ਖ ਇਤਨਾ ਭਿਅੰਕਰ ਹੈ, ਤਾਂ ਗੁਨਾਹ ਨਾ ਕਰਨਾ ਹੀ ਚੰਗੀ ਗੱਲ ਹੈ।"

ਉਹ ਟੁਰਦੇ ਜਾਂਦੇ ਹਨ। ਅਗਲੀ ਇਮਾਰਤ ਵਿੱਚ ਉਹਨਾਂ ਨੂੰ "ਪਰਲੋਕ" ਵਿਖਾਇਆ ਜਾਂਦਾ ਹੈ। ਇਹ ਇੱਕ ਵੱਡਾ ਸੰਸਥਾਨ ਹੈ, ਇਸ ਵਿੱਚ ਵੀ ਗੁੰਨ੍ਹੇ ਹੋਏ ਕਾਗਜ਼ ਦੇ ਟੋਏ ਹਨ ਜਿਨ੍ਹਾਂ ਵਿੱਚ ਪਾਟੇ ਪੁਰਾਣੇ ਕੱਪੜੇ ਪਾਈ ਮੋਇਆਂ ਦੀਆਂ ਰੂਹਾਂ ਐਵੇਂ ਹੀ ਏਧਰ ਉੱਧਰ ਫਿਰ ਰਹੀਆਂ ਹਨ। ਤੁਸੀਂ ਉਹਨਾਂ ਨਾਲ਼ ਅੱਖਾਂ ਝਮਕਾ ਸਕਦੇ ਹੋ, ਪਰ ਉਹਨਾਂ ਨੂੰ ਚੂੰਢੀ ਨਹੀਂ ਵੱਢ ਸਕਦੇ — ਇਹ ਬਿਲਕੁੱਲ ਸਪੱਸ਼ਟ ਹੈ। ਕੱਚੀਆਂ, ਕੰਮ ਚਲਾਊ ਕੰਧਾਂ ਜੋ ਸਿਲ੍ਹੀ ਹਵਾ ਨੂੰ ਠੰਡੀ ਭਾਪ ਨਾਲ਼ ਭਿੱਜੀਆਂ ਪਈਆਂ ਹਨ ਵਿਚਾਲੇ ਧਰਤ ਹੇਠਲੇ ਗੋਰਖ ਧੰਦੇ ਦੇ ਹਨ੍ਹੇਰੇ ਵਿੱਚ

ਰਹਿਣਾ ਉਹਨਾਂ ਲਈ ਅਵੱਸ਼ ਹੀ ਬਹੁਤ ਬੇਸੁਆਦੀ ਗੱਲ ਹੈ। ਕਈ ਰੂਹਾਂ ਨੂੰ ਬਹੁਤ ਭੈੜੀ ਖੰਘ ਲੱਗੀ ਹੋਈ ਹੈ, ਬਾਕੀ ਦੀਆਂ ਰੂਹਾਂ ਚੁੱਪ ਚਾਪ ਤਮਾਕੂ ਚੱਬ ਰਹੀਆਂ ਹਨ, ਧਰਤੀ ਉੱਤੇ ਪੀਲ਼ੀ ਥੁੱਕ ਦੀਆਂ ਰਾਲ੍ਹਾਂ ਵਗ ਰਹੀਆਂ ਹਨ, ਇੱਕ ਰੂਹ ਇੱਕ ਨੁੱਕਰ ਵਿੱਚ ਕੰਧ ਨਾਲ਼ ਢੋਹ ਲਾਈ ਬੀਅਰ ਪੀ ਰਹੀ ਹੈ...।

ਜਿਵੇਂ ਹੀ ਤੁਸੀਂ ਉਹਨਾਂ ਦੇ ਕੋਲ਼ੋਂ ਲੰਘਦੇ ਹੋ ਉਹ ਆਪਣੀਆਂ ਬੇਰੰਗ ਅੱਖਾਂ ਨਾਲ਼ ਤੁਹਾਡੇ ਵੱਲ ਵੇਖਦੀਆਂ ਹਨ ਅਤੇ ਬੜੀ ਸਖਤਾਈ ਨਾਲ਼ ਆਪਣੇ ਬੁੱਲ੍ਹਾਂ ਨੂੰ ਝਪੀੜਦਿਆਂ ਉਹ ਆਪਣੇ ਠੰਡੇ ਯਖ ਹੱਥਾਂ ਨੂੰ ਆਪਣੇ ਅਜੀਬ ਚੀਥੜਿਆਂ ਦੇ ਕਾਲ਼ੇ ਵੱਟਾਂ ਵਿੱਚ ਲੁਕਾਉਂਦੀਆਂ ਹਨ। ਇਹ ਬਦਨਸੀਬ ਰੂਹਾਂ ਭੁੱਖੀਆਂ ਹਨ ਅਤੇ ਕਈਆਂ ਨੂੰ ਤਾਂ ਗੰਠੀਆਂ ਹੋਇਆ ਸਪੱਸ਼ਟ ਦਿਖਾਈ ਦੇਂਦਾ ਹੈ। ਆਮ ਲੋਕ ਉਹਨਾਂ ਵੱਲ ਖਾਮੋਸ਼ੀ ਨਾਲ਼ ਝਾਕਦੇ ਹਨ ਅਤੇ ਸਿਲ੍ਹੀ ਹਵਾ ਨੂੰ ਆਪਣੇ ਅੰਦਰ ਨਿਗਲਦਿਆਂ, ਆਪਣੀ ਰੂਹ ਨੂੰ ਉਦਾਸ ਵੀਰਾਨ ਉਕਤਾਹਟ ਉੱਤੇ ਪਾਲ਼ਦੇ ਹਨ ਜਿਹੜੀ ਉਕਤਾਹਟ ਚਿੰਤਨ ਸ਼ਕਤੀ ਨੂੰ ਇੰਝ ਬੁਝਾਉਂਦੀ ਹੈ ਜਿਵੇਂ ਮੱਧਮ ਮੱਧਮ ਸੁਲਗਦੇ ਕੋਲ਼ਿਆਂ ਉੱਤੇ ਕੋਈ ਗੰਦਾ ਭਿੱਜਿਆ ਹੋਇਆ ਚੀਥੜਾ ਸੁੱਟ ਦਿੱਤਾ ਜਾਵੇ...।

ਇੱਕ ਹੋਰ ਇਮਾਰਤ ਵਿੱਚ ਤੁਸੀਂ "ਹਜ਼ਰਤ ਨੂਹ ਦੀ ਜਲ-ਪਰਲੋ" ਵੇਖ ਸਕਦੇ ਹੋ, ਜਿਸ ਨੂੰ ਜਿਵੇਂ ਕਿ ਹਰ ਕੋਈ ਜਾਣਦਾ ਹੈ, ਗੁਨਾਹਗਾਰਾਂ ਨੂੰ ਸਜ਼ਾ ਦੇਣ ਲਈ ਭੇਜਿਆ ਗਿਆ ਸੀ...।

ਇਸ ਸ਼ਹਿਰ ਦੇ ਸਾਰੇ ਨਜ਼ਾਰਿਆਂ ਦਾ ਨਿਰਸੰਦੇਹ, ਇੱਕੋ ਹੀ ਉਦੇਸ਼ ਹੈ : ਲੋਕਾਂ ਨੂੰ ਇਹ ਵਿਖਾਉਣਾ ਕਿ ਮੌਤ ਦੇ ਮਗਰੋਂ ਉਹਨਾਂ ਨੂੰ ਉਹਨਾਂ ਦੇ ਗੁਨਾਹਾਂ ਲਈ ਕਿੱਥੇ ਤੇ ਕਿਵੇਂ ਸਜ਼ਾ ਦਿੱਤੀ ਜਾਵੇਗੀ, ਉਹਨਾਂ ਨੂੰ ਇਸ ਸਬੰਧ ਵਿੱਚ ਨਿਮਰਤਾ ਨਾਲ਼ ਰਹਿਣਾ ਤੇ ਕਾਨੂੰਨਾਂ ਦੀ ਪਾਲਣਾ ਕਰਨੀ ਸਿਖਾਉਣਾ ਹੈ...।

"ਤੁਸੀਂ ਗੁਨਾਹ ਮਤ ਕਰੋ!" ਉਹਨਾਂ ਦਾ ਇੱਕ ਰੱਬੀ ਫਰਮਾਨ ਹੈ।

ਦਰਸ਼ਕਾਂ ਦੀ ਬਹੁ-ਗਿਣਤੀ ਪਿੰਡਾਂ ਦੇ ਕਿਰਤੀ ਲੋਕਾਂ ਦੀ ਹੈ।

ਪਰ ਪੈਸਾ ਜ਼ਰੂਰ ਬਣਾਉਣਾ ਚਾਹੀਦਾ ਹੈ ਅਤੇ ਸੋ, ਇਸ ਧਰਤੀ ਦੀ ਹਰ ਥਾਂ ਵਾਂਗ ਜਗਮਗਾਂਉਂਦੇ ਸ਼ਹਿਰ ਦੀਆਂ ਖਾਮੋਸ਼ ਨੁੱਕਰਾਂ ਵਿੱਚ ਪੈਸਾ ਕਮਾਉਣ ਦੀ ਹਵਸ ਦੰਭ ਤੇ ਝੂਠਾਂ ਦਾ ਮੂੰਹ ਚਿੜ੍ਹਾਉਂਦੀ ਹੈ। ਨਿਰਸੰਦੇਹ, ਇਹ ਲੁਕਵੀਂ ਹੈ ਅਤੇ ਕੁਦਰਤੀ ਤੌਰ 'ਤੇ, ਇਹ ਬੇਸੁਆਦ ਹੈ, ਕਿਉਂ ਜੋ ਇਹ "ਲੋਕਾਂ ਲਈ" ਹੈ। ਇਸ ਨੂੰ ਇੱਕ ਲਾਹੇਵੰਦ ਵਪਾਰ ਵਜੋਂ, ਬੰਦੇ ਦੀ ਜੇਬ੍ਹ ਵਿੱਚੋਂ ਉਸ ਦੀ ਤਨਖਾਹ ਚੁਰਾਉਣ ਦੇ ਇੱਕ ਯੰਤਰ ਵਜੋਂ ਜਥੇਬੰਦ ਕੀਤਾ ਗਿਆ ਹੈ, ਇਹ ਸੋਨੇ ਲਈ ਇੱਕ ਜ਼ੋਰਦਾਰ ਜਜ਼ਬੇ ਨਾਲ਼ ਤਰ-ਬ-ਤਰ ਹੈ, ਇਹ ਇਸ ਝਿਲਮਿਲਾਉਂਦੀ ਉਕਤਾਹਟ ਦੀ ਇਸ ਜਿੱਲ੍ਹਣ ਵਿੱਚ ਬਹੁਤ ਹੀ ਘ੍ਰਿਣਤ ਤੇ ਘਿਨਾਉਣੀ ਹੈ...।

ਲੋਕ ਇਸ ਦਾ ਅਨੰਦ ਮਾਣਦੇ ਹਨ...।

...ਉਹ ਚੁੰਧਿਆਉਂਦੀ ਰੌਸ਼ਨੀ ਨਾਲ਼ ਜਗਮਗ ਕਰਦੀਆਂ ਇਮਾਰਤਾਂ ਦੀਆਂ ਦੋ ਪਾਲਾਂ

ਵਿਚਾਲੇ ਇੱਕ ਸੰਘਣੀ ਧਾਰਾ ਵਿੱਚ ਵਹੀ ਜਾਂਦੇ ਹਨ ਅਤੇ ਇਮਾਰਤਾਂ ਉਹਨਾਂ ਨੂੰ ਆਪਣੇ ਭੁੱਖੇ ਪੇਟਾਂ ਵਿੱਚ ਨਿਗਲੀ ਜਾ ਰਹੀਆਂ ਹਨ। ਸੱਜੇ ਪਾਸੇ ਦੀਆਂ ਇਮਾਰਤਾਂ ਉਹਨਾਂ ਨੂੰ ਸਦੀਵੀ ਸੰਤਾਪ ਦੇ ਭੈ ਨਾਲ਼ ਡਰਾਉਂਦੀਆਂ ਇਹ ਐਲਾਨ ਕਰਦੀਆਂ ਹਨ:

"ਗੁਨਾਹ ਮਤ ਕਰੋ! ਇਹ ਖਤਰਨਾਕ ਗੱਲ ਹੈ!"

ਖੱਬੇ ਪਾਸੇ ਇਮਾਰਤਾਂ ਦੇ ਖੁੱਲ੍ਹੇ ਹਾਲ ਕਮਰਿਆਂ ਵਿੱਚ ਔਰਤਾਂ ਫਰਸ਼ ਉੱਤੇ ਹੌਲ਼ੀ ਹੌਲ਼ੀ ਨਚਦੀਆਂ ਚੱਕਰ ਕੱਟਦੀਆਂ ਹਨ ਤੇ ਦੁਆਲ਼ੇ ਦੀ ਹਰ ਚੀਜ਼ ਉਹਨਾਂ ਨੂੰ ਉਕਸਾਉਂਦੀ ਹੈ:

"ਗੁਨਾਹ ਕਰੋ! ਇਹ ਮਜ਼ੇਦਾਰ ਚੀਜ਼ ਹੈ...।"

ਬੱਤੀਆਂ ਦੀ ਰੌਸ਼ਨੀ ਨਾਲ਼ ਅੰਨ੍ਹੇ ਹੋਏ, ਸਸਤੀ ਪਰ ਚਕਾਚੌਂਧ ਕਰਦੀ ਅੱਯਾਸ਼ੀ ਤੋਂ ਉਤੇਜਤ ਹੋਏ, ਸ਼ੋਰ ਸ਼ਰਾਬੇ ਨਾਲ਼ ਨਸ਼ਿਆਏ ਲੋਕ ਘੁਣ ਵਾਂਗ ਖਾਈ ਜਾ ਰਹੀ ਉਕਤਾਹਟ ਦੇ ਮੱਧਮ ਨਾਚ ਦੇ ਚੱਕਰ ਵਿੱਚ ਜੁੜੀ ਜਾਂਦੇ ਹਨ ਅਤੇ ਬੜੇ ਚਾਅ ਨਾਲ਼ ਅੰਨ੍ਹੇ ਵਾਹ ਖੱਬੇ ਪਾਸੇ ਵੱਲ ਗੁਨਾਹ ਕਰਨ ਲਈ ਅਤੇ ਸੱਜੇ ਪਾਸੇ ਦੇ ਘਰਾਂ ਵੱਲ ਤੁਰੀ ਜਾਂਦੇ ਹਨ ਜਿੱਥੇ ਪਾਰਸਾਈ ਦਾ ਪ੍ਰਚਾਰ ਹੁੰਦਾ ਹੈ।

ਇਹ ਖੱਬੇ ਤੇ ਸੱਜੇ ਦੀ ਮਸਤਾਨੀ ਆਵਾਜ਼ਾਈ ਸਦਾਚਾਰ ਦੇ ਅਤੇ ਗੁਨਾਹਾਂ ਦੇ ਵਪਾਰੀਆਂ ਲਈ ਇੱਕੋ ਜਿਹੀ ਲਾਹੇਵੰਦ ਹੈ।

ਜ਼ਿੰਦਗੀ ਇਸ ਤਰ੍ਹਾਂ ਦੀ ਬਣਾ ਦਿੱਤੀ ਗਈ ਹੈ ਕਿ ਲੋਕ ਛੇ ਦਿਨ ਤਾਂ ਕੰਮ ਕਰਨ ਅਤੇ ਸੱਤਵੇਂ ਦਿਨ ਗੁਨਾਹ। ਉਹ ਆਪਣੇ ਗੁਨਾਹਾਂ ਲਈ ਪੈਸੇ ਦੇਣ ਅਤੇ ਗੁਨਾਹ ਬਖਸ਼ਾਉਣ ਲਈ ਵੀ ਪੈਸੇ ਦੇਣ, ਬੱਸ ਇਹੋ ਹੈ ਜ਼ਿੰਦਗੀ ਹੋਰ ਕੁਝ ਨਹੀਂ।

ਬੱਝਵੀਂ ਰੌਸ਼ਨੀ ਸੁੱਟਣ ਵਾਲ਼ੀਆਂ ਬੱਤੀਆਂ ਰੋਹ ਵਿੱਚ ਆ ਕੇ ਹਜ਼ਾਰਾਂ ਸੱਪਾਂ ਵਾਂਗ ਫੁੰਕਾਰਦੀਆਂ ਹਨ ਅਤੇ ਲੋਕਾਂ ਦੀ ਕਾਲ਼ੀ ਮਖਿਆਰੀ ਭੀੜ ਇੱਕ ਉਦਾਸ ਨਪੁੰਸਕਤਾ ਨਾਲ਼ ਭਿਣਭਿਣਾਉਂਦੀ ਹੈ, ਜਿਉਂ ਜਿਉਂ ਉਹ ਇਮਾਰਤਾਂ ਦੇ ਜਗਮਗਾਉਂਦੇ, ਸੁੰਦਰ ਜਾਲ਼ੇ ਵਿੱਚ ਫਸੇ ਚੱਕਰ ਕੱਟੀ ਜਾਂਦੇ ਹਨ। ਬਿਨਾਂ ਕਿਸੇ ਕਾਹਲ ਦੇ ਆਪਣੇ ਸਫਾ-ਚੱਟ ਚਿਹਰਿਆਂ ਉੱਤੇ ਬਿਨਾਂ ਕਿਸੇ ਮੁਸਕਰਾਹਟ ਦੇ ਜਿਲ੍ਹਿਆਂ ਵਾਂਗ ਉਹ ਹਰ ਦਰਵਾਜ਼ੇ ਵਿੱਚ ਦਾਖਲ ਹੁੰਦੇ ਹਨ, ਜਾਨਵਰਾਂ ਦੇ ਪਿੰਜਰਿਆਂ ਦੇ ਮੂਹਰੇ ਝੁੱਕ ਕੇ ਝਾਕਦੇ ਹਨ, ਤਮਾਕੂ ਚੰਬਦੇ ਤੇ ਥੁੱਕੀ ਜਾਂਦੇ ਹਨ।

ਇੱਕ ਬਹੁਤ ਵੱਡੇ ਪਿੰਜਰੇ ਵਿੱਚ ਇੱਕ ਆਦਮੀ ਕੁਝ ਬੰਗਾਲੀ ਚੀਤਿਆਂ ਦਾ ਪਿੱਛਾ ਕਰਦਾ ਘੁੰਮ ਰਿਹਾ ਹੈ, ਪਸਤੌਲ ਚਲਾਉਂਦਾ ਹੈ ਅਤੇ ਇੱਕ ਵਧੀਆ ਚਾਬਕ ਨਾਲ ਉਹਨਾਂ ਨੂੰ ਕੁੱਟ ਰਿਹਾ ਹੈ। ਡਰ ਨਾਲ਼ ਪਾਗਲ ਹੋਏ, ਰੌਸ਼ਨੀਆਂ ਕਾਰਨ ਚੁੰਧਿਆਏ, ਸੰਗੀਤ ਤੇ ਗੋਲੀਆਂ ਚੱਲਣ ਦੀ ਅਵਾਜ਼ ਨਾਲ਼ ਬੰਨ੍ਹੇ ਹੋਏ ਇਹ ਸੁੰਦਰ ਜਾਨਵਰ ਲੋਹੇ ਦੀਆਂ ਸੀਖਾਂ ਵਿਚਾਲੇ ਚੰਘਿਆੜਦੇ ਤੇ ਗਰਜਦੇ ਏਧਰ ਉੱਧਰ ਦੌੜਦੇ ਹਨ, ਉਹਨਾਂ ਦੀਆਂ ਹਰੀਆਂ ਅੱਖਾਂ ਲਿਸ਼ਕਦੀਆਂ ਹਨ, ਉਹਨਾਂ ਦੇ ਬੁੱਲ੍ਹ ਕੰਬਦੇ ਹਨ, ਆਪਣੇ ਗੁਸੈਲੇ ਦੰਦ ਬਾਹਰ ਕੱਢਦਿਆਂ, ਚਿੜ੍ਹੇ ਹੋਏ ਕਦੇ ਇੱਕ ਕਦੇ ਦੂਜਾ ਪੰਜਾ ਹਵਾ ਵਿੱਚ ਉਲਾਰਦੇ ਹਨ। ਪਰ ਆਦਮੀ ਫਿਰ ਉਹਨਾਂ ਦੀਆਂ ਅੱਖਾਂ 'ਤੇ ਵਾਰ ਕਰਦਾ ਹੈ ਅਤੇ ਖਾਲੀ ਕਾਰਤੂਸਾਂ ਦੀ ਅਵਾਜ਼ ਅਤੇ ਚਾਬਕ

ਦੀ ਸਖਤ ਪੀੜ, ਤਾਕਤਵਾਰ, ਲਹਿਰਦਾਰ ਜੁੱਸੇ ਵਾਲ਼ੇ ਜਾਨਵਰ ਨੂੰ ਪਿੰਜਰੇ ਦੀ ਇੱਕ ਨੁੱਕਰ ਵਿੱਚ ਧੱਕ ਦੇਂਦਾ ਹੈ। ਕਰੋਧਵਾਨ ਨਾਰਾਜ਼ਗੀ ਨਾਲ਼ ਝਲਿਆ ਕੇ ਟਾਕਰੇ ਦੇ ਕਠੋਰ ਰੋਸ ਨਾਲ਼ ਪਾਗਲ ਹੋਇਆ, ਬੇਇੱਜ਼ਤੀ ਦੀ ਪੀੜ ਨਾਲ਼ ਭਰਿਆ ਪੀਤਾ ਪਿੰਜਰੇ ਵਿੱਚ ਬੰਦ ਹੋਇਆ ਜਾਨਵਰ ਛਿਨ ਪਲ ਲਈ ਉਸ ਦੀ ਨੁੱਕਰ ਵਿੱਚ ਦੜਿਆ ਹੋਇਆ ਹੈ ਅਤੇ ਆਪਣੀ ਸੱਪ ਵਰਗੀ ਪੂਛਲ ਨੂੰ ਬੇਵੱਸ ਹੋਇਆ ਝਟਕਦਿਆਂ ਗੁਸੈਲੀਆਂ ਅੱਖਾਂ ਨਾਲ਼ ਸਾਹਮਣੇ ਵੱਲ ਝਾਕਦਾ ਹੈ...।

ਉਸ ਦਾ ਲਚਕੀਲਾ ਜੁੱਸਾ ਪੱਠਿਆਂ ਦੀ ਇੱਕ ਸਖਤ ਪੰਡ ਵਿੱਚ ਤਣ ਜਾਂਦਾ ਹੈ ਤੇ ਕੰਬਦਾ ਹੈ, ਜਿਵੇਂ ਉਹ ਝਪਕਣ ਲਈ ਅਤੇ ਆਪਣੇ ਪੰਜੇ ਚਾਬਕ ਪਕੜੀ ਆਦਮੀ ਦੇ ਮਾਸ ਵਿੱਚ ਖੁਭੋ ਦੇਣ ਲਈ ਤੇ ਉਸ ਨੂੰ ਟੁਕੜੇ ਟੁਕੜੇ ਕਰਨ ਲਈ ਤੇ ਤਬਾਹ ਕਰਨ ਲਈ ਤਿਆਰ ਹੋਵੇ...।

ਪਿਛਲੀਆਂ ਲੱਤਾਂ ਕਮਾਨੀਆਂ ਵਾਂਗ ਮੁੜੀਆਂ ਹੋਈਆਂ, ਧੌਣ ਅਗਾਂਹ ਨੂੰ ਉੱਭਰੀ ਹੋਈ ਅਤੇ ਸਾਵੀਆਂ ਅੱਖਾਂ ਵਿੱਚ ਖੁਸ਼ੀ ਦੇ ਨਾਚ ਦੇ ਲਹੂ-ਰੱਤੇ ਚਿੰਗਿਆੜੇ।

ਇੱਕੋ ਜਿਹੇ ਭੁੱਸੇ ਚਿਹਰਿਆਂ ਦੀ, ਜਿਹੜੇ ਪਿੰਜਰੇ ਦੀਆਂ ਸੀਖਾਂ ਤੋਂ ਪਾਰ ਇੱਕ ਮੱਧਮ ਜਿਹੇ ਤਾਂਬੇ ਰੰਗੇ ਥਿੰਮ੍ਹ ਵਿੱਚ ਬਦਲ ਗਏ ਜਾਪਦੇ ਹਨ, ਬੇਰੰਗ, ਰੁੱਖੀ ਜਿਹੀ ਆਸਵਾਨ ਤੱਕਣੀ ਸੈਆਂ ਖੁੰਢੀਆਂ ਚੋਭਾਂ ਨਾਲ਼ ਜਾਨਵਰ ਦੀਆਂ ਪੁਤਲੀਆਂ ਨੂੰ ਵਿੰਨ੍ਹਦੀ ਹੈ।

ਆਪਣੀ ਨਿਰਜਿੰਦ ਅਚੱਲਤਾ ਨਾਲ਼ ਡਰਾਉਂਦਿਆਂ ਲੋਕਾਈ ਦਾ ਚਿਹਰਾ ਉਡੀਕਦਾ ਹੈ — ਲੋਕਾਂ ਦੀ ਭੀੜ ਵੀ ਲਹੂ ਡੁੱਲ੍ਹਦਾ ਵੇਖਣਾ ਚਾਹੁੰਦੀ ਹੈ ਤੇ ਇਸ ਨੂੰ ਉਡੀਕ ਰਹੀ ਹੈ, ਇਹ ਬਦਲਾ ਲੈਣ ਦੀ ਇੱਛਾ ਕਾਰਨ ਨਹੀਂ ਉਡੀਕਦੀ ਸਗੋਂ ਇਹ ਵੇਖਣਾ ਚਾਹੁੰਦੀ ਹੈ ਕਿ ਇਹ ਜੰਗਲੀ ਜਾਨਵਰ ਜਿਸ ਨੂੰ ਲੰਮੇ ਸਮੇਂ ਲਈ ਸਿਧਾਇਆ ਗਿਆ ਹੈ, ਸ਼ਾਇਦ ਬਦਲਾ ਲੈਣ ਲਈ ਉਡੀਕਦਾ ਹੋਵੇ।

ਚੀਤਾ ਆਪਣਾ ਸਿਰ ਆਪਣੇ ਮੋਢਿਆਂ ਵਿੱਚ ਵਾੜ ਲੈਂਦਾ ਹੈ, ਪੀੜ ਨਾਲ਼ ਆਪਣੀਆਂ ਅੱਖਾਂ ਟੱਡਦਾ ਹੈ ਅਤੇ ਆਪਣੀ ਨਰਮ, ਲਹਿ ਦੀ ਹਰਕਤ ਨਾਲ਼ ਆਪਣਾ ਜੁੱਸਾ ਪਿਛਾਂਹ ਨੂੰ ਖਿੱਚ ਲੈਂਦਾ ਹੈ, ਜਿਵੇਂ ਬਦਲਾ ਲੈਣ ਦੀ ਇੱਛਾ ਨਾਲ਼ ਭੱਖਦੀਆਂ ਉਸਦੇ ਪਿੰਡੇ 'ਤੇ ਪਈਆਂ ਚਾਬਕਾਂ ਦੀਆਂ ਲਾਸਾਂ ਠੰਡੀ ਯਖ ਵਾਛੜ ਨਾਲ਼ ਅਚਾਨਕ ਸ਼ਾਂਤ ਹੋ ਗਈਆਂ ਹਨ।

ਆਦਮੀ ਰੀਵਾਲਵਰ ਚਲਾਉਂਦਾ ਹੈ, ਚਾਬਕ ਨੂੰ ਪਟਾਕਦਾ ਹੈ, ਪਾਗਲ ਬੰਦੇ ਵਾਂਗ ਚੀਕਦਾ ਹੈ — ਉਹ ਚੀਤੇ ਦੇ ਸਾਹਮਣੇ ਆਪਣੇ ਗੰਭੀਰ ਖੌਫ ਨੂੰ ਲੁਕਾਉਣ ਲਈ ਅਤੇ ਲੋਕਾਂ ਦੀ ਭੀੜ ਨੂੰ ਖੁਸ਼ ਕਰਨ ਦੇ ਆਪਣੇ ਗੁਲਾਮਾਂ ਵਰਗੇ ਤੌਖਲੇ ਨੂੰ ਲੁਕਾਉਣ ਲਈ ਚੀਕਦਾ ਹੈ, ਭੀੜ, ਜਿਹੜੀ ਬੜੇ ਅਰਾਮ ਨਾਲ਼ ਉਸ ਨੂੰ ਦੁੜੰਗੇ ਲਾਉਂਦਿਆਂ ਵੇਖਦੀ ਹੈ ਅਤੇ ਬੜੀ ਖਿਚਾਅ ਪੂਰਨ ਹਾਲਤ ਵਿੱਚ ਚੀਤੇ ਦੀ ਘਾਤਕ ਛਾਲ਼ ਨੂੰ ਉਡੀਕ ਰਹੀ ਹੈ, ਇਹ ਉਡੀਕਦੀ ਹੈ, ਇੱਕ ਉਜੱਡ ਜਿਹੀ ਅੰਤਰ ਪ੍ਰੇਰਣਾ ਉਸ ਦੇ ਅੰਦਰ ਜਾਗ ਪਈ ਹੈ; ਲੜਨ ਲਈ ਵਿਆਕੁਲ ਹੁੰਦੀ ਹੈ, ਉਸ ਸਮੇਂ ਦੇ ਵੇਗਮਈ ਤਜ਼ਰਬੇ ਲਈ ਤਾਂਘਦੀ ਜਦੋਂ ਦੋ ਸਰੀਰ ਆਪੋ ਵਿੱਚ ਚਿਪਟ ਜਾਣਗੇ, ਲਹੂ ਦੇ ਫੁਹਾਰੇ ਛੁੱਟਣਗੇ, ਹਵਾੜ ਛੱਡਦਾ ਮਨੁੱਖੀ ਮਾਸ ਉੱਡ ਕੇ ਪਿੰਜਰੇ ਦੇ ਫਰਸ਼

ਉੱਤੇ ਜਾ ਡਿੱਗੇਗਾ ਅਤੇ ਇੱਕ ਗਰਜ ਅਤੇ ਇੱਕ ਚੀਕ ਹਵਾ ਨੂੰ ਚੀਰ ਦੇਵੇਗੀ...।

ਪਰ ਇੱਜੜ ਦਾ ਦਿਮਾਗ ਭਿੰਨ ਭਿੰਨ ਮਨਾਹੀਆਂ ਤੇ ਡਰਾਂ ਦੀ ਜ਼ਹਿਰ ਨਾਲ਼ ਪਹਿਲਾਂ ਹੀ ਭਰਿਆ ਪਿਆ ਹੈ, ਭਾਵੇਂ ਇਸ ਨੂੰ ਲਹੂ ਦੀ ਤਰੇਹ ਹੈ, ਭੀੜ ਡਰੀ ਹੋਈ ਹੈ, ਇਹ ਇਸ ਨੂੰ ਚਾਹੁੰਦੀ ਹੈ ਤੇ ਨਹੀਂ ਵੀ ਚਾਹੁੰਦੀ, ਆਪਣੇ ਅੰਦਰ ਹੋ ਰਹੇ ਇਸ ਕਾਲ਼ੇ ਟਾਕਰੇ ਵਿੱਚ ਇਹ ਬੜੀ ਡੂੰਘੀ ਖੁਸ਼ੀ ਅਨੁਭਵ ਕਰਦੀ ਹੈ—ਇਹ ਜੀਅ ਰਹੀ ਹੈ...।

ਆਦਮੀ ਨੇ ਸਾਰੇ ਜਾਨਵਰਾਂ ਨੂੰ ਭੈਭੀਤ ਕਰ ਦਿੱਤਾ ਹੈ, ਚੀਤੇ ਆਪਣੇ ਪੰਜਿਆਂ ਭਾਰ ਪਿੰਜਰੇ ਦੇ ਪਿੱਛੇ ਵੱਲ ਪਿਛਾਂਹ ਨੂੰ ਹੱਟ ਜਾਂਦੇ ਹਨ ਅਤੇ ਆਦਮੀ ਤਰੇਲੀਓ ਤਰੇਲੀ ਹੋਇਆ ਅਤੇ ਇਸ ਗੱਲੋਂ ਸੁੱਖ ਦਾ ਸਾਹ ਲੈਂਦਿਆਂ ਕਿ ਅੱਜ ਉਹ ਬਚ ਗਿਆ ਹੈ, ਪੀਲ਼ੇ ਹੋਠਾਂ ਨਾਲ਼ ਮੁਸਕਰਾਉਂਦਾ ਹੈ ਜਿਨ੍ਹਾਂ ਦੀ ਕੰਬਣੀ ਨੂੰ ਉਹ ਲੁਕਾਉਣ ਦਾ ਯਤਨ ਕਰਦਾ ਹੈ ਅਤੇ ਭੀੜ ਦੇ ਤਾਂਬੇ ਰੰਗੇ ਚਿਹਰੇ ਮੂਹਰੇ ਝੁੱਕਦਾ ਹੈ ਜਿਵੇਂ ਉਹ ਕਿਸੇ ਦੇਵਤੇ ਦੀ ਮੂਰਤੀ ਨੂੰ ਸ਼ਰਧਾਂਜਲੀ ਭੇਟ ਕਰ ਰਿਹਾ ਹੋਵੇ।

ਲੁਕਾਈ ਬੜ੍ਹਕਦੀ ਹੈ ਤੇ ਤਾੜੀਆਂ ਮਾਰਦੀ ਹੈ ਅਤੇ ਕਾਲ਼ੇ ਥਿਮਕਣਿਆਂ ਵਿੱਚ ਵੰਡੀ ਜਾਂਦੀ ਹੈ ਅਤੇ ਆਲ਼ੇ ਦੁਆਲ਼ੇ ਦੀ ਉਕਤਾਹਟ ਦੀ ਚੀੜ੍ਹੀ ਜਿਲ੍ਹਣ ਉੱਤੇ ਰੀਂਗਣਾ ਜਾਰੀ ਰੱਖਦੀ ਹੈ....।

ਜਾਨਵਰਾਂ ਨਾਲ਼ ਆਦਮੀ ਦੇ ਮੁਕਾਬਲੇ ਦੇ ਪੂਰੇ ਨਜ਼ਾਰੇ ਦਾ ਅਨੰਦ ਮਾਣ ਕੇ, ਇੱਜੜ ਕਿਸੇ ਹੋਰ ਮਨੋਰੰਜਨ ਦੀ ਭਾਲ਼ ਵਿੱਚ ਤੁਰ ਪੈਂਦਾ ਹੈ। ਇਹ ਸਰਕਸ ਹੈ। ਐਨ ਵਿਚਕਾਰ ਇੱਕ ਘੇਰੇ ਵਿੱਚ ਆਦਮੀ ਆਪਣੀ ਲੰਮੀਆਂ ਲੱਤਾਂ ਨਾਲ਼ ਦੋ ਬੱਚਿਆਂ ਨੂੰ ਹਵਾ ਵਿੱਚ ਉਛਾਲਦਾ ਹੈ। ਬੱਚੇ ਉਸ ਦੇ ਉੱਪਰ ਟੁੱਟੇ ਖੰਭਾਂ ਵਾਲ਼ੀਆਂ ਦੋ ਚਿੱਟੀਆਂ ਘੁੱਗੀਆਂ ਵਾਂਗ ਛਿਨ ਭਰ ਲਈ ਲਿਸ਼ਕਦੇ ਹਨ, ਬਹੁਤ ਵਾਰੀ ਉਹ ਆਦਮੀ ਦੇ ਪੈਰਾਂ ’ਤੇ ਡਿੱਗਣੋਂ ਖੁੰਝ ਜਾਂਦੇ ਹਨ ਤੇ ਧਰਤੀ ਉੱਤੇ ਜਾ ਡਿੱਗਦੇ ਹਨ ਅਤੇ ਆਪਣੇ ਪਿਉ ਜਾਂ ਮਾਲਕ ਦੇ ਉਤਾਂਹ ਨੂੰ ਉੱਠੇ ਲਹੂ ਦੀ ਲਾਲੀ ਨਾਲ਼ ਦਗਦੇ ਚਿਹਰੇ ਉੱਤੇ ਇੱਕ ਭੈਭੀਤ ਨਜ਼ਰ ਸੁੱਟਦਿਆਂ ਉਹ ਮੁੜ ਹਵਾ ਵਿੱਚ ਉਛਲਣਾ ਡਿੱਗਣਾ ਸ਼ੁਰੂ ਕਰ ਦੇਂਦੇ ਹਨ। ਚੱਕਰ ਦੇ ਦੁਆਲ਼ੇ ਇੱਕ ਭੀੜ ਜੁੜ ਗਈ ਹੈ। ਉਹ ਸਾਰੇ ਹੀ ਝਾਕਦੇ ਹਨ ਅਤੇ ਦੋਹਾਂ ਵਿੱਚੋਂ ਇੱਕ ਬੱਚਾ ਕਲਾਕਾਰ ਦੇ ਪੈਰ ਨੂੰ ਖੁੰਝਾ ਦੇਂਦਾ ਹੈ ਤਾਂ ਝੱਟ ਇਹਨਾਂ ਚਿਹਰਿਆਂ ਉੱਤੇ ਇੱਕ ਜੋਸ਼ੀਲੀ ਥਰਥਰਾਹਟ ਪਸਰ ਜਾਂਦੀ ਹੈ, ਚਿਕੜਾਲੇ ਚਲ੍ਹੇ ਦੇ ਨਿੰਦਰਿਆਏ ਪਾਣੀ ਵਿੱਚ ਮੱਠੀ ਮੱਠੀ ਰੁਮਕਦੀ ਹਵਾ ਨਿੱਕੀਆਂ ਨਿੱਕੀਆਂ ਲਹਿਰਾਂ ਪੈਦਾ ਕਰ ਦੇਂਦੀ ਹੈ।

ਚਮਕਦੇ ਚਿਹਰੇ ਵਾਲ਼ੇ ਕਿਸੇ ਸ਼ਰਾਬੀ ਨੂੰ ਰਿੜ੍ਹਦਿਆਂ ਝੂਮਦੇ ਹੋਏ ਡੱਕੋ ਡੋਲੇ ਖਾਂਦਿਆਂ, ਗਾਂਦਿਆਂ ਤੇ ਉੱਚੀ ਉੱਚੀ ਬੋਲਦਿਆਂ ਖੁਸ਼ਬਾਸ਼ ਵੇਖਣਾ ਇੱਕ ਸੁੱਖਾਂ ਲੱਧੀ ਗੱਲ ਹੁੰਦੀ ਹੈ, ਕਿਉਂ ਜੋ ਉਹ ਸ਼ਰਾਬੀ ਹੈ ਅਤੇ ਉਹ ਆਪਣੀ ਦਿਲੀ ਡੂੰਘਾਈ ਵਿੱਚੋਂ ਸਾਰੇ ਚੰਗੇ ਲੋਕਾਂ ਲਈ ਇਸ ਸ਼ੈਅ ਦੀ ਕਾਮਨਾ ਕਰਦਾ ਹੈ...।

ਸੰਗੀਤ ਵੱਜਦਾ ਹੈ ਅਤੇ ਹਵਾ ਵਿੱਚ ਲਹਿਰਾਂ ਖਿਲਾਰਦਾ ਜਾਂਦਾ ਹੈ। ਬੈਂਡ ਭੈੜਾ ਤੇ ਸੰਗੀਤਕਾਰ ਥੱਕੇ ਹੋਏ ਹਨ, ਇੱਕਸੁਰਤਾ ਦੀ ਘਾਟ ਕਾਰਨ ਵੱਖ ਵੱਖ ਅਵਾਜ਼ਾਂ ਸੁਣਾਈ

ਦੇਂਦੀਆਂ ਹਨ, ਲੰਗੜਾਉਂਦੀਆਂ, ਉਹ ਕਦਮ ਮਿਲ਼ ਕੇ ਟੁਰਨ ਦੇ ਅਯੋਗ ਹਨ ਤੇ ਉਹ ਟੁੱਟੀ ਭੱਜੀ ਲੀਹ ਉੱਤੇ ਦੌੜ ਰਹੀਆਂ ਹਨ, ਹਿਚਕੋਲੇ ਖਾਂਦੀਆਂ ਇੱਕ ਦੂਜੀ ਤੋਂ ਅਗਾਂਹ ਲੰਘਦੀਆਂ ਤੇ ਪਿਛਾਂਹ ਨੂੰ ਧੱਕਦੀਆਂ ਗੜਬੜ ਮਚਾ ਰਹੀਆਂ ਹਨ। ਕੁਝ ਕਾਰਨਾਂ ਕਰਕੇ ਕਲਪਨਾ ਹਰ ਇੱਕ ਧੁਨ ਨੂੰ ਟੀਨ ਦੀ ਚਾਦਰ ਵਾਂਗ ਕਲਪਦੀ ਹੈ, ਜਿਸ ਨੂੰ ਇੱਕ ਮਨੁੱਖ ਵਰਗੀ ਸ਼ਕਲ ਪ੍ਰਦਾਨ ਕਰ ਦਿੱਤੀ ਗਈ ਹੈ—ਇੱਕ ਮੂੰਹ, ਅੱਖਾਂ ਅਤੇ ਕੱਟ ਕੇ ਨੱਕ ਬਣਾ ਦਿੱਤਾ ਗਿਆ ਹੈ ਅਤੇ ਲੰਮੇ ਸਫੈਦ ਦੋ ਕੰਨ ਨਾਲ਼ ਜੋੜ ਦਿੱਤੇ ਗਏ ਹਨ। ਆਦਮੀ ਆਪਣਾ ਡੰਡਾ ਸੰਗੀਤਕਾਰਾਂ ਦੇ ਸਿਰਾਂ ਉੱਤੇ ਲਹਿਰਾਂਦਾ ਹੈ, ਸੰਗੀਤਕਾਰ ਜਿਹੜੇ ਉਸ ਆਦਮੀ ਵੱਲ ਕੋਈ ਧਿਆਨ ਨਹੀਂ ਦੇ ਰਹੇ ਜਿਸ ਨੇ ਧਾਤ ਦੇ ਇਹਨਾਂ ਟੁਕੜਿਆਂ ਨੂੰ ਦਸਤਿਆਂ ਵਰਗੇ ਕੰਨਾਂ ਤੋਂ ਪਕੜਿਆਂ ਹੋਇਆ ਹੈ ਅਦਿੱਖ ਤੌਰ ’ਤੇ ਉਹਨਾਂ ਨੂੰ ਹਵਾ ਵਿੱਚ ਉਲਾਰਦਾ ਹੈ। ਉਹ ਇੱਕ ਦੂਜੇ ਨਾਲ਼ ਟਕਰਾਉਂਦੇ ਹਨ, ਹਵਾ ਮੂੰਹ ਦੇ ਲੰਗਾਰ ਵਿੱਚ ਸੀਟੀਆਂ ਵਜਾਉਂਦੀ ਹੈ ਅਤੇ ਇਸ ਤਰ੍ਹਾਂ ਸੰਗੀਤ ਪੈਦਾ ਹੁੰਦਾ ਹੈ ਜਿਸ ਤੋਂ ਸਰਕਸ ਦੇ ਘੋੜੇ ਵੀ ਜਿਹੜੇ ਹਰ ਗੱਲ ਲਈ ਹਿੱਲੇ ਹੋਏ ਹੁੰਦੇ ਹਨ, ਡਰ ਕੇ ਤ੍ਰਬਕ ਜਾਂਦੇ ਹਨ, ਬੌਂਦਲੇ ਹੋਏ ਆਪਣੇ ਕੰਨ ਮਰੋੜਦੇ ਹਨ ਜਿਵੇਂ ਉਹ ਇਹਨਾਂ ਚੁੱਭਵੀਆਂ ਤੇ ਭਰੜਾਉਂਦੀਆਂ ਅਵਾਜ਼ਾਂ ਨੂੰ ਛੱਡ ਕੇ ਪਰ੍ਹਾਂ ਸੁੱਟਣਾ ਚਾਹੁੰਦੇ ਹੋਣ...।

ਗੁਲਾਮਾਂ ਦੇ ਮਨੋਰੰਜਨ ਲਈ ਮੰਗਤਿਆਂ ਦੇ ਇਸ ਸੰਗੀਤ ਦੇ ਕਾਰਨ ਅਜੀਬ ਅਜੀਬ ਖਿਆਲ ਜਨਮ ਲੈਂਦੇ ਹਨ। ਕੋਈ ਵਜਾਉਣ ਵਾਲ਼ੇ ਦੇ ਹੱਥੋਂ ਸਭ ਤੋਂ ਵੱਡਾ ਪਿੱਤਲ ਦਾ ਨਰਸਿੰਗਾ ਖੋਹ ਲੈਣਾ ਚਾਹੁੰਦਾ ਹੈ ਅਤੇ ਆਪਣੇ ਪੂਰੇ ਜ਼ੋਰ ਨਾਲ਼ ਉਸ ਨੂੰ ਵਜਾਉਣਾ ਚਾਹੁੰਦਾ ਹੈ, ਤੇ ਉਸ ਵਿੱਚੋਂ ਉੱਨਾ ਚਿਰ ਇੱਕ ਉੱਚੀ ਤੇ ਭੈਭੀਤ ਕਰਨ ਵਾਲ਼ੀ ਅਵਾਜ਼ ਕੱਢਣੀ ਜਾਰੀ ਰੱਖਣਾ ਚਾਹੁੰਦਾ ਹੈ ਜਦੋਂ ਤੱਕ ਉਸ ਵਹਿਸ਼ੀ ਅਵਾਜ਼ ਦੇ ਖੌਫ ਦੀ ਕੈਦ ਵਿੱਚੋਂ ਮੁਕਤ ਹੋ ਕੇ ਸਾਰੇ ਦੇ ਸਾਰੇ ਦੌੜ ਨਹੀਂ ਜਾਂਦੇ...।

ਸਾਜ਼ਿੰਦਿਆਂ ਦੇ ਨੇੜੇ ਇੱਕ ਪਿੰਜਰੇ ਵਿੱਚ ਰਿੱਛ ਡੱਕੇ ਹੋਏ ਹਨ। ਉਹਨਾਂ ਵਿੱਚੋਂ ਇੱਕ ਪਿੰਜਰੇ ਦੇ ਐਨ ਵਿਚਕਾਰ ਖਲ਼ੋਤਾ ਮੋਟਾ ਤਾਜ਼ਾ ਭੂਰੇ ਰੰਗ ਦਾ ਨਿੱਕਚੂ ਤੇ ਹੁਸ਼ਿਆਰ ਅੱਖਾਂ ਵਾਲ਼ਾ ਰਿੱਛ ਖਲ਼ੋਤਾ ਹੈ ਅਤੇ ਬੱਝਵੀਂ ਲੈ ਵਿੱਚ ਆਪਣਾ ਸਿਰ ਹਿਲਾਉਂਦਾ ਹੈ। ਉਹ ਇਹ ਸੋਚ ਰਿਹਾ ਜਾਪਦਾ ਹੈ:

“ਮੈਂ ਇਸ ਨੂੰ ਤਾਂ ਹੀ ਉਚਿੱਤ ਤੇ ਯੋਗ ਸਮਝ ਸਕਦਾ ਹਾਂ ਜੇ ਮੈਨੂੰ ਇਹ ਵਿਖਾਇਆ ਜਾਵੇ ਕਿ ਇਹ ਸਾਰਾ ਅਡੰਬਰ ਜਾਣ ਬੁੱਝ ਕੇ ਲੋਕਾਂ ਨੂੰ ਬੁੱਧੂ ਬਣਾਉਣ ਲਈ ਅਤੇ ਉਹਨੂੰ ਬੋਲ਼ਾ ਤੇ ਲੂਲਾ ਲੰਗੜਾ ਬਣਾਉਣ ਲਈ ਰਚਿਆ ਗਿਆ ਹੈ। ਉਸ ਹਾਲਤ ਵਿੱਚ ਹੀ, ਇਸ ਦੀ ਮੰਤਵ ਸਾਧਨਾਂ ਨੂੰ ਹੱਕੀ ਠਹਿਰਾਉਂਦਾ ਹੈ। ਜੇ... ਪਰ ਲੋਕ ਗੰਭੀਰਤਾ ਨਾਲ਼ ਇਹ ਵਿਸ਼ਵਾਸ ਕਰਦੇ ਹਨ ਕਿ ਇਹ ਸਭ ਕੁਝ ਖੁਸ਼ ਕਰਨ ਲਈ ਹੈ, ਤਾਂ ਮੈਨੂੰ ਉਹਨਾਂ ਦੀਆਂ ਦਿਮਾਗੀ ਸ਼ਕਤੀਆਂ ਉੱਤੇ ਉੱਕਾ ਹੀ ਵਿਸ਼ਵਾਸ ਨਹੀਂ ਹੈ...।”

ਦੋ ਹੋਰ ਰਿੱਛ ਆਹਮੋ ਸਾਹਮਣੇ ਬੈਠੇ ਹਨ ਜਿਵੇਂ ਸ਼ਤਰੰਜ ਖੇਡ ਰਹੇ ਹੋਣ। ਚੌਥਾ ਬੜੇ ਗੰਭੀਰ ਅੰਦਾਜ਼ ਨਾਲ਼ ਪਿੰਜਰੇ ਦੀ ਇੱਕ ਨੁੱਕਰ ਵਿੱਚ ਪਏ ਨਾੜ ਨਾਲ਼ ਬੂਥੀ ਰਗੜ ਰਿਹਾ ਹੈ। ਉਸ ਦੇ ਕਾਲ਼ੇ ਪੰਜੇ ਸੀਖਾਂ ਵਿਚਾਲੇ ਪਏ ਹਨ। ਉਸ ਦੇ ਚਿਹਰੇ ’ਤੇ ਇੱਕ ਸੰਤੋਖਮਈ ਤਿਆਗ

ਦੀ ਦਿੱਖ ਪਸਰੀ ਹੋਈ ਹੈ। ਗੱਲ ਕੀ ਉਹ ਜ਼ਿੰਦਗੀ ਤੋਂ ਕਿਸੇ ਚੀਜ਼ ਦੀ ਆਸ ਨਹੀਂ ਰੱਖਦਾ ਅਤੇ ਉਸ ਨੇ ਸੌਣ ਦਾ ਫੈਸਲਾ ਕਰ ਲਿਆ ਹੈ...।

ਜਾਨਵਰ ਡੂੰਘੀ ਦਿਲਚਸਪੀ ਜਗਾਉਂਦੇ ਹਨ — ਲੋਕ ਹੰਝਿਆਈਆਂ ਅੱਖਾਂ ਨਾਲ਼ ਉਹਨਾਂ ਦੀ ਹਰ ਹਰਕਤ ਨੂੰ ਵਾਚਦੇ ਹਨ ਜਿਵੇਂ ਉਹ ਸ਼ੇਰਾਂ ਤੇ ਚੀਤਿਆਂ ਦੇ ਸ਼ਾਨਦਾਰ ਜੁੱਸਿਆਂ ਦੀਆਂ ਤਾਕਤਵਰ ਹਰਕਤਾਂ ਵਿੱਚੋਂ ਲੰਮੇਂ ਸਮੇਂ ਤੋਂ ਭੁੱਲੀ ਵਿਸਰੀ ਕਿਸੇ ਚੀਜ਼ ਦੀ ਭਾਲ਼ ਕਰ ਰਹੇ ਹੋਣ। ਪਿੰਜਰਿਆਂ ਦੇ ਸਾਹਮਣੇ ਖਲੋਤੇ ਹੋਏ ਲੋਕ ਖਾਮੋਸ਼ੀ ਨਾਲ਼ ਸੀਖਾਂ ਦੀਆਂ ਵਿਰਲਾਂ ਵਿੱਚੋਂ ਜਾਨਵਰਾਂ ਦੇ ਢਿੱਡ ਜਾਂ ਵੱਖੀਆਂ ਵਿੱਚ ਸੋਟੀਆਂ ਖੋਭਦੇ ਹਨ, ਇਹ ਵੇਖਣ ਦੀ ਉਤਸੁਕਤਾ ਨਾਲ਼ ਕਿ ਕੀ ਵਾਪਰੇਗਾ...।

ਉਹ ਜਾਨਵਰ ਜਿਨ੍ਹਾਂ ਨੇ ਅਜੇ ਮਨੁੱਖੀ ਚਰਿੱਤਰ ਨਹੀਂ ਸਿੱਖਿਆ, ਰੋਹ ਵਿੱਚ ਆ ਜਾਂਦੇ ਹਨ, ਆਪਣੇ ਪੰਜੇ ਸੀਖਾਂ ਨਾਲ਼ ਮਾਰਦੇ ਹਨ ਤੇ ਗੁੱਸੇ ਵਿੱਚ ਕੰਬਦੇ ਹੋਏ ਆਪਣੇ ਜਬਾੜਿਆਂ ਨੂੰ ਪੂਰੀ ਤਰ੍ਹਾਂ ਖੋਲ੍ਹਦਿਆਂ ਗੱਜਦੇ ਹਨ। ਇਹ ਗੱਲ ਭੀੜ ਨੂੰ ਖੁਸ਼ ਕਰਦੀ ਹੈ। ਲੋਹੇ ਦੀਆਂ ਸੀਖਾਂ ਕਾਰਨ ਜਾਨਵਰਾਂ ਦੀਆਂ ਸੱਟਾਂ ਤੋਂ ਸੁਰੱਖਿਅਤ ਆਪਣੇ ਬਚਾਅ ਬਾਰੇ ਨਿਸ਼ਚਿਤ ਹੁੰਦਿਆਂ, ਲੋਕ ਆਪਣੇ ਅਰਾਮ ਨਾਲ਼ ਲਹੂ ਚੋਂਦੀਆਂ ਅੱਖਾਂ ਵਿੱਚ ਵੇਖਦੇ ਹਨ ਤੇ ਤਸੱਲੀ ਨਾਲ਼ ਮੁਸਕਰਾਉਂਦੇ ਹਨ। ਪਰ ਬਹੁਤੇ ਜਾਨਵਰ ਮਨੁੱਖਾਂ ਵੱਲੋਂ ਬਿਲਕੁੱਲ ਬੇਪਰਵਾਹ ਹਨ। ਕਿਸੇ ਸੋਟੀ ਦੀ ਚੋਭ ਖਾ ਕੇ ਉਹ ਹੌਲ਼ੀ ਹੌਲ਼ੀ ਉੱਠਦੇ ਹਨ ਅਤੇ ਚੋਭ ਲਾਉਣ ਵਾਲ਼ੇ ਵੱਲ ਬਿਨਾਂ ਝਾਕਿਆਂ ਪਿੰਜਰੇ ਦੀ ਦੁਰੇਡੀ ਨੁੱਕਰ ਵਿੱਚ ਚਲੇ ਜਾਂਦੇ ਹਨ। ਹਨ੍ਹੇਰੇ ਵਿੱਚ ਸ਼ੇਰਾਂ, ਚੀਤਿਆਂ, ਬਾਘਾਂ ਤੇ ਸ਼ੀਹਾਂ ਦੇ ਤਾਕਤਵਰ, ਸ਼ਾਨਦਾਰ ਸਰੀਰ ਪਏ ਹਨ ਅਤੇ ਹਨ੍ਹੇਰੇ ਵਿੱਚ ਉਹਨਾਂ ਦੀਆਂ ਅੱਖਾਂ ਮਨੁੱਖ ਲਈ ਤਿਰਸਕਾਰ ਦੀ ਸਾਵੀ ਅੱਗ ਵਿੱਚ ਦੱਗਦੀਆਂ ਹਨ।

ਅਤੇ ਲੋਕੀਂ ਉਹਨਾਂ ਉੱਤੇ ਇੱਕ ਨਜ਼ਰ ਸੁੱਟਣ ਦੇ ਮਗਰੋਂ ਇਹ ਕਹਿੰਦੇ ਹੋਏ ਚਲੇ ਜਾਂਦੇ ਹਨ:

"ਉਸ ਜਾਨਵਰ ਨੇ ਕੋਈ ਖੇਡ ਨਹੀਂ ਵਿਖਾਈ।"

ਕਿਸੇ ਹਨ੍ਹੇਰੇ ਮੂੰਹ ਅੱਡੀ ਪੇਟ ਵੱਲ, ਜਿਸ ਦੇ ਅੰਦਰ ਕੁਰਸੀਆਂ ਦੀਆਂ ਪਿੱਠਾਂ ਦੰਦਾਂ ਦੀਆਂ ਪਾਲਾਂ ਵਾਂਗ ਜਾਪਦੀਆਂ ਹਨ।ਅੱਧ-ਖੁੱਲ੍ਹੇ ਪ੍ਰਵੇਸ਼ ਦੁਆਰ ਉੱਤੇ ਬੜੇ ਜੋਸ਼ ਨਾਲ਼ ਵੱਜ ਰਹੇ ਬੈਂਡ ਦੇ ਸੰਗੀਤਕਾਰਾਂ ਦੇ ਸਾਹਮਣੇ ਇੱਕ ਖੰਭਾ ਖਲੋਤਾ ਹੈ ਜਿਸ ਨਾਲ਼ ਇੱਕ ਬਾਂਦਰੀ ਤੇ ਇੱਕ ਉਸ ਦਾ ਬੱਚਾ ਪਤਲੀ ਜ਼ੰਜੀਰ ਨਾਲ਼ ਬੱਝੇ ਹੋਏ ਹਨ, ਬੱਚਾ ਆਪਣੀ ਮਾਂ ਦੀ ਛਾਤੀ ਨਾਲ਼ ਚੰਬੜਿਆਂ ਹੋਇਆ ਹੈ, ਉਸ ਦੀ ਲੰਮੀ ਪਤਲੀ ਤੇ ਮਰੀਅਲ ਜਿਹੀ ਬਾਂਹ ਮਾਂ ਦੀ ਧੌਣ ਦੁਆਲ਼ੇ ਵਲ਼ੀ ਹੋਈ ਹੈ ਅਤੇ ਪਿੱਛੋਂ ਨਿੱਕਚੂ ਨਿੱਕਚੂ ਉਂਗਲਾਂ ਨੇ ਧੌਣ ਨੂੰ ਘੁੱਟ ਕੇ ਪੱਕੜਿਆ ਹੋਇਆ ਹੈ। ਮਾਂ ਨੇ ਇੱਕ ਬਾਂਹ ਨਾਲ਼ ਬੱਚੇ ਨੂੰ ਪੂਰੇ ਜ਼ੋਰ ਨਾਲ਼ ਆਪਣੇ ਵੱਲ ਘੁੱਟਿਆ ਹੋਇਆ ਹੈ ਜਦ ਕਿ ਦੂਜੀ ਬਾਂਹ ਉਸਨੇ ਲੜਨੇ ਲਈ ਉਲਾਰੀ ਹੋਈ ਹੈ, ਜਿਸ ਦੀਆਂ ਮੁੜੀਆਂ ਹੋਈਆਂ ਉਂਗਲਾਂ ਕਿਸੇ ਦਾ ਵੀ ਮੂੰਹ ਵਲੂੰਧਰਨ ਤੇ ਵਾਰ ਕਰਨ ਲਈ ਤਿਆਰ ਹਨ। ਮਾਂ ਦੀਆਂ ਅੱਖਾਂ ਤੀਬਰਤਾ ਨਾਲ਼ ਟੱਡੀਆਂ ਹੋਈਆਂ ਹਨ, ਉਹ ਇੱਕ ਲਾਚਾਰ ਨਿਰਾਸ਼ਾ ਨੂੰ, ਇੱਕ ਅਟੱਲ ਜ਼ਖਮ ਦੀ ਪੀੜਤ ਸੰਭਾਵਨਾ ਨੂੰ, ਇੱਕ ਉਚਾਟ ਗੁੱਸੇ ਤੇ ਨਾਰਾਜ਼ਗੀ ਨੂੰ

ਪ੍ਰਗਟਾਉਂਦੀਆਂ ਹਨ। ਬੱਚਾ, ਆਪਣੀ ਮਾਂ ਦੀ ਛਾਤੀ ਨਾਲ਼ ਆਪਣੀਆਂ ਗੱਲ੍ਹਾਂ ਨੂੰ ਦਬਾਈ ਆਪਣੀਆਂ ਅੱਖਾਂ ਦੀ ਨੁੱਕਰ ਵਿੱਚੋਂ ਸਹਿਮਿਆ ਹੋਇਆ ਲੋਕਾਂ ਵੱਲ ਵੇਖਦਾ ਹੈ, ਪ੍ਰਤੱਖ ਹੈ ਇਹ ਆਪਣੇ ਜੰਮਣ ਵਾਲ਼ੇ ਦਿਨ ਤੋਂ ਹੀ ਡਰ ਤੋਂ ਜਾਣੂੰ ਹੋ ਗਿਆ ਹੈ ਅਤੇ ਡਰ ਇਸ ਦੀ ਉਮਰ ਦੇ ਬਾਕੀ ਦੇ ਦਿਨਾਂ ਲਈ ਇਸ ਦੇ ਅੰਦਰ ਪੱਥਰਾ ਗਿਆ ਹੈ। ਮਾਂ, ਆਪਣੀਆਂ ਛੋਟੀਆਂ ਛੋਟੀਆਂ ਦੰਦੀਆਂ ਬਾਹਰ ਕੱਢਦਿਆਂ ਅਤੇ ਇੱਕ ਛਿਨ ਲਈ ਵੀ ਆਪਣੇ ਨਾਲ਼ ਘੁੱਟ ਕੇ ਲਾਏ ਛੋਟੇ ਸਰੀਰ ਨਾਲ਼ੋਂ ਆਪਣੀ ਬਾਂਹ ਪਰ੍ਹਾਂ ਨਾ ਹਟਾਂਦਿਆਂ, ਆਪਣੀ ਦੂਜੀ ਬਾਂਹ ਨਾਲ਼ ਉਹ ਉਸ ਦੇ ਸੰਤਾਪ ਦੇ ਦਰਸ਼ਕਾਂ ਵੱਲੋਂ ਉਸ ਨੂੰ ਚੋਭੀਆਂ ਜਾ ਰਹੀਆਂ ਸੋਟੀਆਂ ਤੇ ਛੱਤਰੀਆਂ ਨੂੰ ਰੋਕ ਰਹੀ ਹੈ।

ਇੱਥੇ ਕਿੰਨੇ ਹੀ ਚਿੱਟ-ਚਮੜੀਏ ਵਹਿਸ਼ੀ ਵੀ ਹਨ, ਮਰਦ ਤੇ ਔਰਤਾਂ ਜਿਨ੍ਹਾਂ ਨੇ ਸਖਤ ਟੋਪ ਤੇ ਖੰਭਾਂ ਵਾਲ਼ੇ ਹੈਟ ਪਾਏ ਹੋਏ ਹਨ ਅਤੇ ਇਹ ਸਾਰੇ ਇਹ ਵੇਖ ਕੇ ਪਾਗਲਾਂ ਵਾਂਗ ਖੁਸ਼ ਹੁੰਦੇ ਹਨ ਕਿ ਬਾਂਦਰੀ ਆਪਣੇ ਬੱਚੇ ਨੂੰ ਕਿੰਨੀ ਹੁਸ਼ਿਆਰੀ ਨਾਲ਼ ਉਸ ਵੱਲ ਸੇਧਤ ਹੁੱਝਾਂ ਤੋਂ ਬਚਾਉਂਦੀ ਹੈ...।

ਕਿਸੇ ਵੀ ਛਿਨ ਦਰਸ਼ਕਾਂ ਦੇ ਪੈਰਾਂ ਵਿੱਚ ਡਿੱਗ ਪੈਣ ਦਾ ਖਤਰਾ ਸਹੇੜਦਿਆਂ ਬਾਂਦਰੀ ਇੱਕ ਪਲੇਟ ਜਿੰਨੀ ਥਾਂ ਉੱਤੇ ਤੇਜ਼ੀ ਨਾਲ਼ ਚੱਕਰ ਕੱਟਦੀ ਹੈ। ਅਜੇ ਜੋ ਕੋਈ ਵੀ ਉਸ ਦੇ ਬੱਚੇ ਵੱਲ ਹੱਥ ਵਧਾਉਂਦਾ ਹੈ ਉਸ ਨੂੰ ਬੜੇ ਜੋਸ਼ ਨਾਲ਼ ਅਣਥੱਕ ਤੌਰ 'ਤੇ ਪਿਛਾਂਹ ਧੱਕਦੀ ਜਾਂਦੀ ਹੈ, ਕਦੇ ਕਦੇ ਕਿਸੇ ਹੁੱਝ ਨੂੰ ਰੋਕਣ ਵਿੱਚ ਅਸਫਲ ਰਹਿੰਦਿਆਂ ਉਹ ਬੜੀਆਂ ਤਰਸਵਾਨ ਅਵਾਜ਼ਾਂ ਕੱਢਦੀ ਹੈ। ਉਸ ਦੀ ਬਾਂਹ ਚਾਬਕ ਵਾਂਗ ਆਲ਼ੇ ਦੁਆਲ਼ੇ ਝੂਲ਼ਦੀ ਹੈ, ਪਰ ਉੱਥੇ ਤਾਂ ਕਿੰਨੇ ਹੀ ਦਰਸ਼ਕ ਹਨ ਤੇ ਉਹਨਾਂ ਵਿੱਚੋਂ ਹਰ ਕੋਈ ਹੁੱਝ ਮਾਰਨ ਲਈ, ਬਾਂਦਰ ਦੀ ਪੂਛਲ ਫੜ ਕੇ ਖਿੱਚਣ ਲਈ ਜਾਂ ਉਸ ਦੇ ਗਲ਼ ਦੁਆਲ਼ੇ ਪਈ ਸੰਗਲੀ ਨੂੰ ਝਟਕਾ ਦੇਣ ਲਈ ਉਤਾਵਲਾ ਹੈ, ਇਸ ਲਈ ਬਾਂਦਰੀ ਵਿਚਾਰੀ ਹਰ ਇੱਕ ਦੇ ਸਾਵੇਂ ਨਹੀਂ ਆ ਸਕਦੀ। ਤਰਸ ਭਰੀਆਂ ਉਸ ਦੀਆਂ ਅੱਖਾਂ ਫਰਕਦੀਆਂ ਹਨ, ਉਸ ਦੇ ਮੂੰਹ ਦੁਆਲ਼ੇ ਦਰਦ ਤੇ ਰਹਿਮ ਦੀਆਂ ਰੇਖਾਵਾਂ ਉੱਭਰਦੀਆਂ ਹਨ।

ਬੱਚੇ ਦੀਆਂ ਬਾਂਹਾਂ ਉਸ ਦੀ ਛਾਤੀ ਨਾਲ਼ ਘੁੱਟੀਆਂ ਹੋਈਆਂ ਹਨ, ਉਹ ਉਸ ਨਾਲ਼ ਇਤਨੀ ਸਖਤਾਈ ਨਾਲ਼ ਚਿਮੜਿਆ ਹੋਇਆ ਹੈ ਕਿ ਉਸ ਦੀਆਂ ਉਂਗਲੀਆਂ ਮਾਂ ਦੀ ਪੇਤਲੀ ਬੁਰ ਵਿੱਚ ਲਗਭਗ ਲੁਕੀਆਂ ਹੋਈਆਂ ਹਨ। ਉਸ ਦੀਆਂ ਅੱਖਾਂ ਚਿਹਰਿਆਂ ਦੇ ਪੀਲ਼ੇ ਟਿਮਕਣਿਆਂ ਉੱਤੇ, ਲੋਕਾਂ ਦੀਆਂ ਧੁੰਦਲੀਆਂ ਅੱਖਾਂ ਉੱਤੇ ਟਿਕੀਆਂ ਹੋਈਆਂ ਹਨ, ਲੋਕ ਉਸ ਦੇ ਸਹਿਮ ਵਿੱਚੋਂ ਖੁਸ਼ੀ ਪ੍ਰਾਪਤ ਕਰਦੇ ਹਨ...।

ਥੋੜ੍ਹੇ ਥੋੜ੍ਹੇ ਵਕਫੇ ਮਗਰੋਂ ਕੋਈ ਸੰਗੀਤਕਾਰ ਆਪਣੇ ਪਿੱਤਲ ਦੇ ਬਿਗਲ ਦਾ ਭੱਦਾ ਮੂੰਹ ਬਾਂਦਰੀ ਵੱਲ ਕਰ ਦੇਂਦਾ ਹੈ, ਉਸ ਨੂੰ ਭਰੜਾਈ ਅਵਾਜ਼ ਨਾਲ਼ ਭਿਉਂ ਦੇਂਦਾ ਹੈ — ਉਹ ਲੇਲ੍ਹੜੀਆਂ ਕੱਢਦੀ ਹੈ, ਦੰਦੀਆਂ ਵਿਖਾਉਂਦੀ ਹੈ ਅਤੇ ਆਪਣੀਆਂ ਤਿੱਖੀਆਂ ਨਜ਼ਰਾਂ ਤਸੀਹੇ ਦੇਣ ਵਾਲ਼ਿਆਂ ਵੱਲ ਮੋੜਦੀ ਹੈ...।

ਭੀੜ ਹੱਸਦੀ ਹੈ ਅਤੇ ਸੰਗੀਤਕਾਰ ਦੀ ਇਸ ਹਰਕਤ ਨੂੰ ਪਸੰਦ ਕਰਦਿਆਂ ਸਿਰ

ਹਿਲਾਉਂਦੀ ਹੈ। ਉਹ ਖੁਸ਼ ਹੁੰਦਾ ਹੈ ਅਤੇ ਇੱਕ ਛਿਨ ਦੇ ਮਗਰੋਂ ਉਹ ਇਸੇ ਹਰਕਤ ਨੂੰ ਮੁੜ ਦੁਹਰਾਉਂਦਾ ਹੈ।

ਦਰਸ਼ਕਾਂ ਵਿੱਚ ਔਰਤਾਂ ਵੀ ਹਨ, ਉਹਨਾਂ ਵਿੱਚੋਂ ਕੁਝ ਤਾਂ ਹਰ ਹਾਲਤ ਵਿੱਚ ਮਾਂਵਾਂ ਹਨ। ਫਿਰ ਵੀ ਉਹਨਾਂ ਵਿੱਚੋਂ ਇੱਕ ਵੀ ਇਸ ਨੀਚ ਮਨੋਰੰਜਨ ਦੇ ਵਿਰੁੱਧ ਰੋਸ ਪ੍ਰਗਟ ਨਹੀਂ ਕਰਦੀ। ਉਹ ਸਾਰੀਆਂ ਇਸ ਦਾ ਅਨੰਦ ਮਾਣ ਰਹੀਆਂ ਹਨ...।

ਕੁਝ ਅੱਖਾਂ ਤਾਂ ਬਾਂਦਰੀ ਨੂੰ ਦਿੱਤੇ ਜਾ ਰਹੇ ਤਸੀਹਿਆਂ ਤੇ ਬੱਚੇ ਦੇ ਵਹਿਸ਼ੀ ਖੌਫ ਨੂੰ ਵੇਖਣ ਦੀ ਪੀੜਾ ਨਾਲ਼ ਪਾਟ ਕੇ ਉੱਛਲ ਪੈਣ ਨੂੰ ਤਿਆਰ ਹਨ।

ਬੈਂਡ ਤੋਂ ਅੱਗੇ ਹਾਥੀ, ਇੱਕ ਵਡੇਰੀ ਉਮਰ ਦੇ ਭੱਦਰ ਪੁਰਸ਼ ਦਾ ਪਿੰਜਰਾ ਹੈ, ਜਿਸ ਦੇ ਸਿਰ ਦੀ ਖੁੱਥੜ ਜਿਹੀ ਚਮੜੀ ਲਿਸ਼ਕ ਰਹੀ ਹੈ। ਉਸਨੇ ਆਪਣੀ ਸੁੰਡ ਪਿੰਜਰੇ ਦੀਆਂ ਸੀਖਾਂ ਵਿੱਚੋਂ ਬਾਹਰ ਕੱਢੀ ਹੋਈ ਹੈ ਅਤੇ ਉਹ ਇਸ ਤਰ੍ਹਾਂ ਝੁਲਾ ਰਿਹਾ ਜਾਪਦਾ ਹੈ ਜਿਵੇਂ ਉਹ ਲੋਕਾਂ ਨੂੰ ਵਾਚ ਰਿਹਾ ਹੈ ਅਤੇ ਇੱਕ ਦਿਆਲੂ ਤੇ ਸੂਝਵਾਨ ਜਾਨਵਰ ਹੋਣ ਕਾਰਨ ਉਹ ਸੋਚ ਰਿਹਾ ਹੈ:

"ਨਿਰਸੰਦੇਹ, ਇਹ ਕੂੜਾ ਕਰਕਟ ਜੋ ਉਕਤਾਹਟ ਦੀ ਗੰਦੀ ਬਹੁਕਰ ਨਾਲ਼ ਹੂੰਝਿਆ ਇਸ ਰਾਹ 'ਤੇ ਆ ਖਿਲਰਿਆ ਹੈ ਆਪਣੇ ਹੀ ਪੈਗੰਬਰਾਂ—ਜਿਵੇਂ ਕਿ ਮੈਂ ਬੁੱਢੇ ਹਾਥੀਆਂ ਦਾ ਕਥਨ ਸੁਣਿਆ ਹੋਇਆ ਹੈ, ਦੀ ਵੀ ਖਿੱਲੀ ਉਡਾਉਣ ਦੇ ਯੋਗ ਹੈ। ਫਿਰ ਵੀ ਮੈਂ ਬਾਂਦਰ ਲਈ ਅਫਸੋਸ ਮਹਿਸੂਸ ਕਰਨੋਂ ਨਹੀਂ ਰਹਿ ਸਕਦਾ...। ਮੈਂ ਇਹ ਵੀ ਸੁਣਿਆ ਹੈ ਕਿ ਆਦਮੀ ਗਿੱਦੜਾਂ ਤੇ ਲੱਕੜਬੱਘਿਆਂ ਵਾਂਗ, ਕਈ ਵਾਰ ਇੱਕ ਦੂਜੇ ਨੂੰ ਟੁਕੜੇ ਟੁਕੜੇ ਕਰ ਦੇਂਦੇ ਹਨ, ਪਰ ਅਫਸੋਸ, ਇੰਞ ਕਰਨਾ ਬਾਂਦਰਾਂ ਲਈ ਇਤਨੀ ਸੁਖਾਲੀ ਗੱਲ ਨਹੀਂ।"

ਕੋਈ ਉਸ ਮਾਂ ਦੀਆਂ, ਜੋ ਆਪਣੇ ਬੱਚੇ ਦੀ ਹਿਫਾਜ਼ਤ ਕਰਨੋਂ ਅਸਮਰੱਥ ਹੈ ਦੁੱਖ ਨਾਲ਼ ਉੱਛਲਦੀਆਂ ਅੱਖਾਂ ਵੱਲ ਅਤੇ ਉਸ ਬੱਚੇ ਦੀਆਂ ਅੱਖਾਂ ਵੱਲ ਜੋ ਮਨੁੱਖ ਦੇ ਡੂੰਘੇ ਬੇਕਿਰਕ ਖੌਫ ਨਾਲ਼ ਜੰਮ ਗਈਆਂ ਹਨ ਵੇਖਦਾ ਹੈ, ਕੋਈ ਉਹਨਾਂ ਲੋਕਾਂ ਵੱਲ ਵੇਖਦਾ ਹੈ ਜਿਹੜੇ ਇੱਕ ਜਿਉਂਦੇ ਜਾਗਦੇ ਜੀਵ ਨੂੰ ਤਸੀਹੇ ਦੇਣ ਵਿੱਚ ਖੁਸ਼ੀ ਭਾਲ਼ਦੇ ਹਨ ਅਤੇ ਕੋਈ ਬਾਂਦਰੀ ਵੱਲ ਮੂੰਹ ਕਰਕੇ ਫੁਸਫੁਸਾਉਂਦਾ ਹੈ:

"ਜਾਨਵਰ ਜੀ! ਇਹਨਾਂ ਨੂੰ ਖਿਮਾ ਕਰ ਦਿਓ! ਸਮਾਂ ਪਾ ਕੇ ਇਹ ਸੁਧਰ ਜਾਣਗੇ...।"

ਨਿਰਸੰਦੇਹ, ਇੰਞ ਸੋਚਣਾ ਇੱਕ ਵਾਹਯਾਤ ਤੇ ਮੂਰਖਾਂ ਵਾਲ਼ੀ ਗੱਲ ਹੈ ਅਤੇ ਬੇਅਰਥ ਹੈ। ਹੈ ਕੋਈ ਅਜਿਹੀ ਮਾਂ ਜੋ ਆਪਣੇ ਬੱਚੇ ਨੂੰ ਦਿੱਤੇ ਗਏ ਤਸੀਹਿਆਂ ਨੂੰ ਖਿਮਾ ਕਰ ਦੇਵੇਗੀ? ਮੇਰੇ ਖਿਆਲ ਵਿੱਚ ਅਜਿਹੀ ਮਾਂ ਕਿਤੇ ਵੀ ਨਹੀਂ, ਇੱਥੋਂ ਤੱਕ ਕਿ ਕੁੱਤਿਆਂ ਵਿੱਚ ਵੀ ਨਹੀਂ...।

ਸੂਰਾਂ ਵਿੱਚ ਵੀ ਸ਼ਾਇਦ ਹੀ ਹੋਵੇ...।

ਹਾਂ, ਹਾਂ...।

ਅਤੇ ਇਸੇ ਤਰ੍ਹਾਂ — ਜਦੋਂ ਰਾਤ ਪੈਂਦੀ ਹੈ — ਰੌਸ਼ਨੀਆਂ ਦੇ ਇਸ ਸ਼ਹਿਰ ਦਾ ਭੂਤ ਪਰਛਾਵਾਂ ਮਹਾਂਸਾਗਰ ਦੇ ਕੰਢੇ ਉੱਤੇ ਜਗਮਗਾ ਉੱਠਦਾ ਹੈ। ਇਹ ਲੰਮੇ ਸਮੇਂ ਤੱਕ — ਬਿਨਾਂ ਬਲ਼ਿਆ — ਰਾਤਰੀ ਅਕਾਸ਼ ਦੇ ਹਨ੍ਹੇਰੇ ਪਿਛੋਕੜ ਵਿੱਚ ਦਗਦਾ ਰਹਿੰਦਾ ਹੈ, ਇਸ ਦੀ ਸੁੰਦਰਤਾ ਮਹਾਂ ਸਾਗਰ ਦੀ ਚਮਕੀਲੀ ਚੌੜਿਤਣ ਵਿੱਚ ਪ੍ਰਤੀਬਿੰਬਤ ਹੁੰਦੀ ਹੈ। ਅਰਧ–

ਪਾਰਦਰਸ਼ੀ ਇਮਾਰਤਾਂ ਦੇ ਸ਼ਾਨਦਾਰ ਮਕੜੀ ਜਾਲ਼ ਵਿੱਚ ਬੇਰੰਗ ਅੱਖਾਂ ਵਾਲ਼ੇ ਹਜ਼ਾਰਾਂ ਭੂਰੇ ਰੰਗੇ ਲੋਕ ਅੱਕੇ ਹੋਏ ਏਧਰ ਉੱਧਰ ਇਸ ਤਰ੍ਹਾਂ ਰੀਂਗ ਰਹੇ ਹਨ ਜਿਵੇਂ ਮੰਗਤੇ ਦੇ ਚੀਥੜਿਆਂ ਵਿੱਚ ਜੂਆਂ।

ਕਮੀਨਗੀ ਤੇ ਲਾਲਚ ਉਹਨਾਂ ਨੂੰ ਉਹਨਾਂ ਦੇ ਝੂਠਾਂ ਦੀ ਨਿਰਾਸ਼ਾਜਨਕ ਨਗਨਤਾ ਅਤੇ ਉਹਨਾਂ ਦੀ ਮੱਕਾਰੀ ਦੀ ਨਿਰਛਲਤਾ ਨੂੰ ਉਹਨਾਂ ਦੇ ਫਰੇਬ ਅਤੇ ਉਹਨਾਂ ਦੇ ਲਾਲਚ ਦੀ ਭੁੱਖੜ ਤਾਕਤ ਨੂੰ ਵਿਖਾਉਂਦੀ ਹੈ। ਮੱਧਮ ਰੌਸ਼ਨੀ ਦੀ ਫਿੱਕੀ ਲਿਸ਼ਕ ਬੇਸ਼ੱਕ ਗਰੀਬੀ ਨੂੰ ਨੰਗਾ ਕਰਦੀ ਹੈ, ਜਿਸ ਨੇ ਇੱਕ ਜੇਤੂ ਚਮਕ ਨਾਲ਼ ਇਹਨਾਂ ਲੋਕਾਂ ਦੇ ਆਲ਼ੇ ਦੁਆਲ਼ੇ ਦੀ ਹਰ ਸ਼ੈਅ ਉੱਤੇ ਆਪਣੀ ਛਾਪ ਲਾ ਦਿੱਤੀ ਹੈ...।

ਇਹ ਲੋਕ ਇਤਨੀ ਬੁਰੀ ਤਰ੍ਹਾਂ ਚੁੰਧਿਆਂ ਗਏ ਹਨ ਕਿ ਖਾਮੋਸ਼ ਖੁਸ਼ੀ ਵਿੱਚ ਉਹ ਮਨਹੂਸ ਜ਼ਹਿਰ ਨੂੰ ਡੀਕ ਲਾ ਕੇ ਪੀਂਦੇ ਹਨ ਜੋ ਉਹਨਾਂ ਦੀਆਂ ਰੂਹਾਂ ਨੂੰ ਵਿਹੁਣਾ ਬਣਾਉਂਦੀ ਹੈ।

ਉਕਤਾਹਟ ਸਹਿਜੇ ਸਹਿਜੇ ਇੱਕ ਜਿਲ੍ਹੇ ਨਾਚ ਵਿੱਚ ਤੁਰਦੀ ਹੈ, ਆਪਣੀ ਨਿਪੁੰਸਕਤਾ ਦੀ ਪੀੜ ਵਿੱਚ ਖਤਮ ਹੁੰਦੀ ਜਾਂਦੀ ਹੈ।

ਰੌਸ਼ਨੀਆਂ ਦੇ ਸ਼ਹਿਰ ਬਾਰੇ ਇੱਕੋ ਇੱਕ ਚੰਗੀ ਗੱਲ ਇਹ ਹੈ ਕਿ ਤੁਸੀਂ ਬੇਹੂਦਗੀ ਦੀ ਸੱਤ੍ਹਾ ਲਈ ਪੂਰੀ ਉਮਰ ਦੀ ਘ੍ਰਿਣਾ ਵਿੱਚ ਆਪਣੀ ਰੂਹ ਨੂੰ ਭਿਉਂ ਸਕਦੇ ਹੋ...।

1906

ਭੀੜ

...ਮੇਰੇ ਕਮਰੇ ਦੀ ਬਾਰੀ ਦਾ ਮੂੰਹ ਇੱਕ ਚੌਂਕ ਵੱਲ ਖੁੱਲ੍ਹਦਾ ਹੈ; ਸਾਰਾ ਦਿਨ ਲੋਕ ਇਸ ਦੇ ਅੰਦਰ ਪੰਜਾਂ ਗਲੀਆਂ ਵਿੱਚੋਂ ਇਸ ਤਰ੍ਹਾਂ ਵਹਿੰਦੇ ਆਉਂਦੇ ਹਨ ਜਿਵੇਂ ਬੋਰੀਆਂ ਵਿੱਚੋਂ ਆਲੂ ਰਿੜ੍ਹਦੇ ਹੋਏ ਨਿਕਲਦੇ ਹਨ। ਉਹ ਆਲ਼ੇ ਦੁਆਲ਼ੇ ਘੁੰਮਦੇ ਹਨ ਅਤੇ ਫਿਰ ਤੇਜ਼ੀ ਨਾਲ਼ ਉੱਥੋਂ ਖਿਸਕ ਜਾਂਦੇ ਹਨ ਅਤੇ ਮੁੜਕੇ ਗਲੀਆਂ ਉਹਨਾਂ ਨੂੰ ਆਪਣੇ ਪੇਟਿਆਂ ਵਿੱਚ ਨਿਗਲ਼ ਲੈਂਦੀਆਂ ਹਨ। ਚੌਂਕ ਗੋਲ਼ ਹੈ ਤੇ ਗੰਦਾ ਹੈ, ਜਿਵੇਂ ਇੱਕ ਤਸਲਾ ਲੰਮੇ ਸਮੇਂ ਤੱਕ ਮਾਸ ਭੁੰਨਣ ਨਾਲ਼ ਗੰਦਾ ਹੋ ਜਾਂਦਾ ਹੈ ਪਰ ਅਜੇ ਮਾਂਜਿਆ ਨਾ ਗਿਆ ਹੋਵੇ। ਚਾਰ ਸਟਰੀਟ ਕਾਰਾਂ ਦੀਆਂ ਲਾਈਨਾਂ ਇਸ ਭੀੜ ਭੜੱਕੇ ਵਾਲ਼ੇ ਚੌਂਕ ਵਿੱਚ ਪੈਂਦੀਆਂ ਹਰ ਮਿੰਟ ਬੰਦਿਆਂ ਨਾਲ਼ ਤੂਸੀਆਂ, ਮੋੜ ਮੁੜਦਿਆਂ ਚੀਕਦੀਆਂ ਕਾਰਾਂ ਏਧਰ ਧਾਈ ਪਾਉਂਦੀਆਂ ਹਨ। ਲੋਹੇ ਦਾ ਇੱਕ ਉਤਾਵਲਾ ਤੇ ਪ੍ਰੇਸ਼ਾਨ ਖੜਾਕ ਕਰਦੀਆਂ ਇਹ ਭੱਜੀਆਂ ਆਉਂਦੀਆਂ ਹਨ ਜਦ ਕਿ ਉਹਨਾਂ ਦੇ ਹੇਠਾਂ ਬਿਜਲੀ ਦੀ ਚੀਰਵੀਂ ਭਿਣਭਿਣਾਹਟ ਦੀ ਅਵਾਜ਼ ਆਉਂਦੀ ਹੈ। ਮਿਟਿਆਲੀ ਹਵਾ ਇਹਨਾਂ ਬਾਰੀਆਂ ਦੇ ਸ਼ੀਸ਼ਿਆਂ ਦੀ ਰੋਗੀ ਖੜਖੜਾਹਟ ਅਤੇ ਪੱਟੜੀ ਦੀਆਂ ਰੇਲਾਂ ਨਾਲ਼ ਰਗੜੀਂਦੇ ਉਹਨਾਂ ਦੇ ਪਹੀਆਂ ਦੀ ਬਰੀਕ ਚੀਂ ਚੀਂ ਨਾਲ਼ ਭਰਪੂਰ ਹੈ। ਸ਼ਹਿਰ ਦਾ ਵਿਆਕੁਲ ਸੰਗੀਤ ਲਗਾਤਾਰ ਹਵਾਂਕਦਾ ਹੈ — ਭਰੜਾਂਦੀਆਂ ਆਵਾਜ਼ਾਂ ਦੀ ਇੱਕ ਵਹਿਸ਼ੀ ਲੜਾਈ ਜੋ ਇੱਕ ਦੂਜੀ ਨੂੰ ਛੁਰੇ ਘੋਪਦੀਆਂ ਹਨ ਤੇ ਸੰਘੀਆਂ ਘੁੱਟਦੀਆਂ ਹਨ, ਅਜੀਬ ਤੇ ਧੁੰਦਲੇ ਕਲਪਤ ਵਿਚਾਰ ਪੈਦਾ ਕਰਦੀਆਂ ਹਨ।

...ਬਹੁਤ ਵੱਡੀਆਂ ਸੰਨ੍ਹੀਆਂ ਤੇ ਚਾਕੂਆਂ ਤੇ ਆਰੀਆਂ ਅਤੇ ਲੋਹੇ ਨਾਲ਼ ਬਣ ਸਕਣ ਵਾਲ਼ੀ ਹਰ ਚੀਜ਼ ਨਾਲ਼ ਲੈਸ ਪਾਗਲ ਹੋਏ ਰਾਖਸ਼ਾਂ ਦੀ ਇੱਕ **ਭੀੜ** ਕੀੜਿਆਂ ਦੇ ਭੌਣ ਵਾਂਗ ਉਸਲਵੱਟੇ ਭੰਨ੍ਹਦੀ ਹੈ, ਇੱਕ ਔਰਤ ਦੇ ਸਰੀਰ ਦੁਆਲ਼ੇ ਅੰਨ੍ਹੀ ਦੀਵਾਨਗੀ ਵਿੱਚ ਘੁਮਾਟੀਆਂ ਖਾਂਦੀ ਹੈ, ਔਰਤ ਜਿਸ ਨੂੰ ਇਸ ਆਪਣੇ ਲਾਲਚੀ ਹੱਥਾਂ ਵਿੱਚ ਪਕੜ ਕੇ ਧਰਤੀ ਉੱਤੇ ਮਿੱਟੀ ਘੱਟੇ ਵਿੱਚ ਪਟਕਾ ਕੇ ਸੁੱਟ ਦਿੱਤਾ ਹੈ — ਅਤੇ ਇਹ **ਭੀੜ** ਉਸ ਦੀਆਂ ਛਾਤੀਆਂ ਨੂੰ ਨੋਚਦੀ ਹੈ, ਉਸ ਦਾ ਮਾਸ ਤੋੜਦੀ ਹੈ, ਉਸ ਦਾ ਲਹੂ ਪੀਂਦੀ ਹੈ, ਉਸ ਨਾਲ਼ ਜਬਰ-ਜਨਾਹ ਕਰਦੀ ਹੈ, ਅਤੇ ਉਸ ਲਈ ਅੰਨ੍ਹਿਆਂ ਵਾਂਗ ਬੜੇ ਜੋਸ਼ ਨਾਲ਼ ਆਪੋ ਵਿੱਚ ਲੜਦੀ ਹੈ।

ਇਹ ਔਰਤ ਕੌਣ ਹੈ ? ਵਿਖਾਈ ਨਹੀਂ ਦੇਂਦੀ; ਉਹ ਲੋਕਾਂ ਦੇ ਮਿਟਿਆਲੇ ਪੀਲ਼ੇ ਢੇਰ ਦੇ ਹੇਠਾਂ ਦੱਬੀ ਪਈ ਹੈ ਜੋ ਉਸ ਦੇ ਹਰ ਪਾਸੇ ਭੀਚ ਕੇ ਜੁੜੇ ਹੋਏ ਖਲ੍ਹੋਤੇ ਹਨ, ਉਹਨਾਂ ਆਪਣੇ

ਮਰੀਅਲ ਪਤਲੇ ਪਤੰਗ ਸਰੀਰਾਂ ਨੂੰ ਉਸ ਦੇ ਆਲ਼ੇ ਦੁਆਲ਼ੇ ਵਲ੍ਹੇਟਿਆਂ ਹੋਇਆ ਹੈ, ਜਿੱਥੇ ਕਿਤੇ ਵੀ ਕੋਈ ਥਾਂ ਵਿਖਾਈ ਦੇਂਦੀ ਹੈ ਉਹ ਉਸ ਨੂੰ ਚੰਬੜੇ ਹੋਏ ਹਨ ਅਤੇ ਆਪਣੇ ਲਾਲਚੀ ਹੋਠਾਂ ਨਾਲ਼ ਉਸ ਦੇ ਸਰੀਰ ਦੇ ਹਰ ਰੋਮ ਵਿੱਚੋਂ ਉਸ ਦਾ ਲਹੂ ਡੀਕੀ ਜਾ ਰਹੇ ਹਨ...। ਇੱਕ ਭੁੱਖੜ ਤੇ ਅਣਥੱਕ ਹਿਰਸ ਦੀ ਤੜਫਣੀ ਵਿੱਚ ਉਹ ਇੱਕ ਦੂਜੇ ਨੂੰ ਠੁੱਡੇ ਮਾਰ ਕੇ ਆਪਣੇ ਸ਼ਿਕਾਰ ਤੋਂ ਪਰ੍ਹਾਂ ਹਟਾਉਂਦੇ ਹਨ, ਇੱਕ ਦੂਜੇ ਨੂੰ ਕੁੱਟਦੇ ਪੈਰਾਂ ਹੇਠ ਲਿਤਾੜਦੇ, ਮਲੀਆਮੇਟ ਕਰਦੇ ਹਨ। ਹਰ ਕੋਈ ਓਨਾਂ ਚਾਹੁੰਦਾ ਹੈ ਜਿੰਨਾਂ ਉਹ ਪ੍ਰਾਪਤ ਕਰ ਸਕਦਾ ਹੈ ਅਤੇ ਉਹ ਸਾਰੇ ਇਸ ਡਰੋਂ ਬੁਰੀ ਤਰ੍ਹਾਂ ਝਲਿਆਏ ਹੋਏ ਕੰਬਦੇ ਹਨ ਕਿ ਕੀ ਪਤਾ ਉਹਨਾਂ ਲਈ ਬਾਕੀ ਕੁਝ ਵੀ ਨਾ ਰਹਿ ਜਾਏ, ਉਹ ਦੰਦੀਆਂ ਕਰੀਚਦੇ ਹਨ ਲੋਹਾ ਉਹਨਾਂ ਦੇ ਹੱਥਾਂ ਵਿਚ ਖੜ੍ਹਕਦਾ ਹੈ, ਪੀੜ ਤੇ ਦਰਦ ਦੀਆਂ ਸਿਸਕੀਆਂ, ਲਾਲਚ ਦੀਆਂ ਹਵਾਂਕਣੀਆਂ, ਅਸਫਲਤਾ ਦੀਆਂ ਚੀਕਾਂ, ਭੁੱਖੇ ਗੁੱਸੇ ਦੀ ਗਰਜਣਾ — ਇਹ ਸਾਰੀਆਂ ਅਵਾਜ਼ਾਂ ਕਤਲ ਕੀਤੇ ਗਏ ਸ਼ਿਕਾਰ ਦੀ ਲਾਸ਼ ਉੱਤੇ ਮਾਤਮੀ ਵਿਰਲਾਪ ਵਿੱਚ ਘੁੱਲ਼ ਮਿਲ਼ ਗਈਆਂ ਹਨ, ਲਾਸ਼ ਜਿਹੜੀ ਟੋਟੇ ਟੋਟੇ ਹੋਈ, ਹਜ਼ਾਰਾਂ ਜਬਰ-ਜਨਾਹਾਂ ਨਾਲ਼ ਲੁੱਟੀ ਤੇ ਉੱਜੜੀ ਹੋਈ, ਮਿੱਟੀ ਘੱਟੇ ਵਿੱਚ ਲਿਬੜੀ ਤੇ ਕਲੰਕਤ ਹੋਈ ਧਰਤੀ 'ਤੇ ਪਈ ਹੈ।

ਅਤੇ ਇਸ ਵਹਿਸ਼ੀ ਕੁਰਲਾਹਟ ਵਿੱਚ ਪਛਾੜੇ ਗਿਆਂ ਦੀ, ਜਿਨ੍ਹਾਂ ਨੂੰ ਠੁੱਡੇ ਮਾਰ ਕੇ ਇੱਕ ਪਾਸੇ ਸੁੱਟ ਦਿੱਤਾ ਗਿਆ ਹੈ ਤੇ ਜੋ ਹੁਣ ਇੱਕ ਰੱਜ ਕੇ ਪੇਟ ਭਰਨ ਦੀ ਖੁਸ਼ੀ ਵਾਸਤੇ ਭੁੱਖੜ ਤਾਂਘ ਵਿੱਚ ਨਿਰਾਸ਼ ਹੋਏ ਲਾਲਾਂ ਸੁੱਟ ਰਹੇ ਹਨ ਤਰਸਯੋਗ ਪੀੜਾ ਮਿਲ਼ ਰਹੀ ਹੈ। ਇਹ ਕਮਜ਼ੋਰ ਤੇ ਬੁਜ਼ਦਿਲ ਇਸ ਲਈ ਲੜ ਨਹੀਂ ਸਕਦੇ।

ਇਹ ਹੈ ਤਸਵੀਰ ਜੋ ਸ਼ਹਿਰ ਦੇ ਸੰਗੀਤ ਨੇ ਤਿਆਰ ਕੀਤੀ ਹੈ।

ਅੱਜ ਐਤਵਾਰ ਹੈ। ਲੋਕ ਕੰਮ ਨਹੀਂ ਕਰਦੇ।

ਇਸੇ ਲਈ ਬਹੁਤੇ ਦਿਲਗੀਰ, ਵਿਆਕੁਲ, ਲਗਭਗ ਖਿੱਝੇ ਹੋਏ ਤੇ ਪ੍ਰੇਸ਼ਾਨ ਵਿਖਾਈ ਦੇਂਦੇ ਹਨ। ਬੀਤੇ ਕੱਲ੍ਹ ਦਾ ਇੱਕ ਸਾਦਾ ਤੇ ਨਿਸ਼ਚਿਤ ਅਰਥ ਸੀ — ਉਹਨਾਂ ਨੇ ਸਵੇਰ ਤੋਂ ਲੈ ਕੇ ਸ਼ਾਮ ਤੱਕ ਕੰਮ ਕੀਤਾ ਸੀ। ਉਹ ਨਿੱਤ ਦਿਹਾੜੀ ਦੇ ਸਮੇਂ ਜਾਗੇ ਸਨ ਅਤੇ ਫੈਕਟਰੀ ਜਾਂ ਦਫਤਰ ਵਿੱਚ ਗਏ ਸਨ। ਉਹ ਆਮ ਵਰਗੀਆਂ, ਇਸੇ ਲਈ ਸੁਖਦਾਈ ਥਾਵਾਂ 'ਤੇ ਖਲੋਤੇ ਜਾਂ ਬੈਠੇ ਸਨ। ਉਹਨਾਂ ਪੈਸੇ ਗਿਣੇ, ਚੀਜ਼ਾਂ ਵੇਚੀਆਂ, ਮਿੱਟੀ ਪੁੱਟੀ, ਲੱਕੜਾਂ ਕੱਟੀਆਂ, ਪੱਥਰ ਤੋੜੇ, ਵਰਮਾਈ ਤੇ ਢਲਾਈ ਕੀਤੀ — ਉਹਨਾਂ ਨੇ ਸਾਰਾ ਦਿਨ ਹੱਥੀਂ ਕੰਮ ਕੀਤਾ। ਉਹ ਆਮ ਵਰਗੀ ਥਕਾਵਟ ਮਹਿਸੂਸ ਕਰਦੇ ਬਿਸਤਰਿਆਂ ਵਿੱਚ ਸੁੱਤੇ — ਅਤੇ ਅੱਜ ਜਦੋਂ ਉਹ ਜਾਗੇ ਤਾਂ ਉਹਨਾਂ ਦੀਆਂ ਅੱਖਾਂ ਵਿੱਚ ਸੁਆਲ ਪੁੱਛਦੀ ਵਿਹਲ ਝਾਕ ਰਹੀ ਸੀ, ਇਹ ਮੰਗ ਕਰ ਰਹੀ ਸੀ ਕਿ ਇਸ ਦੇ ਖਲਾਅ ਨੂੰ ਭਰਨਾ ਚਾਹੀਦਾ ਹੈ...।

ਉਹਨਾਂ ਨੂੰ ਕੰਮ ਕਰਨਾ ਸਿਖਾਇਆ ਗਿਆ ਸੀ ਪਰ ਜਿਉਣਾ ਨਹੀਂ ਅਤੇ ਸੋ ਅਰਾਮ ਦਾ ਦਿਨ ਉਹਨਾਂ ਲਈ ਮੁਸੀਬਤ ਦਾ ਦਿਨ ਹੈ। ਉਹ ਔਜ਼ਾਰ ਤੇ ਹਥਿਆਰ ਹਨ ਜੋ ਮਸ਼ੀਨਾਂ, ਸੋਨੇ ਦੇ ਵੱਡੇ ਗਿਰਜੇ, ਵੱਡੇ ਸਮੁੰਦਰੀ ਜਹਾਜ਼ ਤੇ ਨਿੱਕ ਸੁੱਕ ਬਣਾਉਣ ਦੇ ਪੂਰੀ ਤਰ੍ਹਾਂ ਯੋਗ

ਹਨ। ਆਪਣੇ ਨਿੱਤ-ਦਿਹਾੜੀ ਦੇ ਮੈਕਾਨਕੀ ਕੰਮ ਤੋਂ ਬਿਨਾਂ ਕਿਸੇ ਵੀ ਹੋਰ ਚੀਜ਼ ਨਾਲ਼ ਆਪਣੇ ਆਪ ਨੂੰ ਇਸ ਨੂੰ ਭਰਨ ਦੇ ਯੋਗ ਮਹਿਸੂਸ ਨਹੀਂ ਕਰਦੇ। ਉਹ ਮਨੁੱਖੀ ਜੀਵ ਆਪਣੇ ਆਪ ਨੂੰ ਫੈਕਟਰੀਆਂ, ਦਫਤਰਾਂ ਤੇ ਦੁਕਾਨਾਂ ਵਿੱਚ ਗਰਾਰੀਆਂ ਤੇ ਪਹੀਏ ਮਹਿਸੂਸ ਕਰਦੇ ਹਨ। ਉਥੇ ਉਹ ਆਪਣੇ ਵਰਗੇ ਪਹੀਆਂ ਤੇ ਗਰਾਰੀਆਂ ਨਾਲ਼ ਮਿਲ਼ ਕੇ ਇਕ ਇੱਕਸੁਰ ਸਰੀਰਕ ਪ੍ਰਬੰਧ ਸਿਰਜਦੇ ਹਨ ਜੋ ਆਪਣੀਆਂ ਨਾੜੀਆਂ ਦੇ ਜਾਨਦਾਰ ਮੁੜ੍ਹਕੇ ਤੋਂ ਮਿਹਨਤ ਨਾਲ਼ ਕਦਰਾਂ ਪੈਦਾ ਕਰਦਾ ਹੈ ਪਰ ਆਪਣੇ ਲਈ ਨਹੀਂ।

ਛੇ ਦਿਨਾਂ ਦੇ ਹਫਤੇ ਦਾ ਜੀਵਨ ਬਹੁਤ ਹੀ ਸਾਦਾ ਹੈ। ਇਹ ਇੱਕ ਬਹੁਤ ਵੱਡੀ ਮਸ਼ੀਨ ਹੈ ਅਤੇ ਇਹ ਸਾਰੇ ਉਸ ਦੀਆਂ ਗਰਾਰੀਆਂ ਹਨ ਤੇ ਹਰ ਇੱਕ ਉਸ ਵਿੱਚ ਆਪਣੀ ਥਾਂ ਨੂੰ ਪਹਿਚਾਣਦਾ ਹੈ ਤੇ ਹਰ ਕੋਈ ਇਹ ਫਰਜ਼ ਕਰਦਾ ਹੈ ਕਿ ਉਹ ਉਸ ਤੋਂ ਚੰਗੀ ਤਰ੍ਹਾਂ ਜਾਣੂੰ ਹੈ ਅਤੇ ਉਸ ਦੇ ਅੰਨ੍ਹੇ ਭਿਆਨਕ ਚਿਹਰੇ ਨੂੰ ਸਮਝਦਾ ਹੈ। ਪਰ ਸੱਤਵੇਂ ਦਿਨ—ਆਰਾਮ ਤੇ ਵਿਹਲ ਦੇ ਦਿਨ—ਜੀਵਨ ਅਨੋਖੇ ਤੇ ਪਾਟੇ ਪੁਰਾਣੇ ਕੱਪੜੇ ਪਾਈ ਉਸ ਦੇ ਸਾਹਮਣੇ ਡਰਾਉਣੇ ਰੂਪ ਵਿੱਚ ਘੁੰਮਦਾ ਹੈ। ਉਸ ਦਾ ਚਿਹਰਾ ਟੋਟੇ ਟੋਟੇ ਹੋ ਜਾਂਦਾ ਹੈ—ਉਹ ਆਪਣੇ ਨਕਸ਼ ਨੈਣ ਗਵਾ ਬੈਠਦਾ ਹੈ।

ਉਹ ਗਲੀਆਂ ਵਿੱਚ ਘੁੰਮਦੇ ਹਨ, ਹੋਟਲਾਂ ਦੇ ਹਾਲ ਕਮਰਿਆਂ ਵਿੱਚ ਤੇ ਪਾਰਕ ਵਿੱਚ ਬੈਠਦੇ ਹਨ, ਉਹ ਗਿਰਜੇ ਜਾਂਦੇ ਹਨ, ਗਲੀਆਂ ਦੀਆਂ ਨੁੱਕਰਾਂ ਤੇ ਖਲੋਂਦੇ ਹਨ। ਉੱਥੇ ਆਮ ਵਰਗੀ ਹਰਕਤ ਹੈ, ਪਰ ਇੰਝ ਮਹਿਸੂਸ ਹੁੰਦਾ ਹੈ ਇੱਕ ਮਿੰਟ ਵਿੱਚ ਜਾਂ ਸ਼ਾਇਦ ਇੱਕ ਘੰਟੇ ਵਿੱਚ ਟਿਕ ਟਿਕ ਅਚਾਨਕ ਰੁੱਕ ਜਾਵੇਗੀ — ਜੀਵਨ ਵਿੱਚ ਕਿਸੇ ਸ਼ੈਅ ਦੀ ਥੁੜ੍ਹ ਮਹਿਸੂਸ ਹੁੰਦੀ ਹੈ ਅਤੇ ਕੋਈ ਨਵੀਂ ਚੀਜ਼ ਉਸ ਵਿੱਚ ਪ੍ਰਵੇਸ਼ ਕਰਨ ਦਾ ਯਤਨ ਕਰ ਰਹੀ ਹੈ। ਕੋਈ ਵੀ ਇਸ ਭਾਵਨਾ ਤੋਂ ਪੂਰੀ ਤਰ੍ਹਾਂ ਸੁਚੇਤ ਨਹੀਂ ਹੈ, ਕੋਈ ਵੀ ਇਸ ਨੂੰ ਸ਼ਬਦਾਂ ਵਿੱਚ ਪ੍ਰਗਟ ਨਹੀਂ ਕਰ ਸਕਦਾ, ਪਰ ਹਰ ਕੋਈ ਪੀੜਤ ਹੋਇਆ ਕਿਸੇ ਅਸਾਧਾਰਨ ਤੇ ਪ੍ਰੇਸ਼ਾਨ ਕਰ ਰਹੀ ਸ਼ੈਅ ਤੋਂ ਜਾਣੂੰ ਹੈ। ਸਾਰੇ ਛੋਟੇ ਛੋਟੇ ਸਮਝਣ ਯੋਗ ਅਰਥ ਜੀਵਨ ਵਿੱਚੋਂ ਅਚਾਨਕ ਬਾਹਰ ਨਿਕਲ਼ ਕੇ ਡਿੱਗ ਪਏ ਹਨ, ਜਿਵੇਂ ਮਸੂੜਿਆਂ ਵਿੱਚੋਂ ਦੰਦ।

ਲੋਕ ਗਲੀਆਂ ਵਿੱਚ ਚਹਿਲ ਕਦਮੀ ਕਰ ਰਹੇ ਹਨ, ਉਹ ਸਟਰੀਟ ਕਾਰਾਂ ਤੇ ਚੜ੍ਹਦੇ ਹਨ, ਗੱਪਾਂ ਮਾਰਦੇ। ਵੇਖਣ ਨੂੰ ਉਹ ਬੜੇ ਸੰਤੁਸ਼ਟ ਤੇ ਸ਼ਾਂਤ ਹਨ—ਸਾਲ ਵਿੱਚ ਬਵੰਜਾ ਐਤਵਾਰ ਹੁੰਦੇ ਹਨ ਅਤੇ ਉਹ ਉਹਨਾਂ ਨੂੰ ਇੱਕੋ ਜਿਹੇ ਢੰਗ ਨਾਲ਼ ਬਿਤਾਉਣ ਦੇ ਆਦੀ ਹੋ ਗਏ ਹਨ। ਪਰ ਹਰ ਕੋਈ ਮਹਿਸੂਸ ਕਰਦਾ ਹੈ ਕਿ ਉਹ ਜਿਹੋ ਜਿਹਾ ਕੱਲ੍ਹ ਸੀ ਅੱਜ ਉਸ ਤੋਂ ਵੱਖਰਾ ਹੈ ਅਤੇ ਉਸ ਦਾ ਸਾਥੀ ਵੀ ਕੱਲ੍ਹ ਵਰਗਾ ਨਹੀਂ, ਉਸ ਦੇ ਅੰਦਰ ਕਿਸੇ ਥਾਂ ਸੱਖਣਾਪਣ ਘੁਣ ਵਾਂਗ ਕੁਤਰੀ ਜਾ ਰਿਹਾ ਹੈ, ਧੜਕ ਰਿਹਾ ਹੈ ਅਤੇ ਹੋ ਸਕਦਾ ਹੈ ਅਚਾਨਕ, ਉਸ ਦੇ ਅੰਦਰਵਾਰ ਧੁੰਦਲੀ, ਪ੍ਰੇਸ਼ਾਨ ਤੇ ਭੈ-ਭੀਤ ਕਰਨ ਵਾਲ਼ੀ ਕੋਈ ਸ਼ੈਅ ਹੁਣੇ ਪੈਦਾ ਹੋ ਜਾਵੇ...।

ਹਰ ਕੋਈ ਆਪਣੇ ਅੰਦਰਵਾਰ ਕੋਈ ਲੁਕਵਾਂ ਸ਼ੱਕ ਹਿੱਲਜੁਲ ਪੈਦਾ ਕਰਦਾ ਮਹਿਸੂਸ ਕਰਦਾ ਹੈ ਅਤੇ ਕੁਦਰਤੀ ਸੂਝ ਅਨੁਸਾਰ ਉਹ ਉਸ ਦਾ ਸਾਹਮਣਾ ਕਰਨ ਤੋਂ ਕੰਨੀ ਕਤਰਾਂਦਾ ਹੈ...।

ਕਿਸੇ ਵੇਗ ਵਿੱਚ ਉਹ ਸਾਰੇ ਇੱਕ ਦੂਜੇ ਦੇ ਨੇੜੇ ਢੁੱਕਦੇ ਜਾਂਦੇ ਹਨ, ਟੋਲੀਆਂ ਵਿੱਚ ਇਕੱਠੇ ਹੁੰਦੇ ਜਾਂਦੇ ਹਨ, ਉਹ ਗਲੀਆਂ ਦੀਆਂ ਨੁੱਕਰਾਂ ਤੇ ਚੁੱਪ ਚਾਪ ਖਲੋਤੇ, ਕੀ ਵਾਪਰ ਰਿਹਾ ਹੈ, ਵੇਖਣ ਲਈ ਆਲ਼ੇ ਦੁਆਲ਼ੇ ਝਾਕਦੇ ਹਨ, ਵਧੇਰੇ ਤੋਂ ਵਧੇਰੇ ਜੀਉਂਦੀਆਂ ਟੁਕੜੀਆਂ ਉਹਨਾਂ ਕੋਲ਼ ਆਉਂਦੀਆਂ ਜਾਂਦੀਆਂ ਹਨ ਅਤੇ ਟੁਕੜਿਆਂ ਦਾ ਇੱਕ ਸਾਲਮ ਚੀਜ਼ ਬਣਨ ਦਾ ਯਤਨ ਇੱਕ ਭੀੜ ਦੀ ਰਚਨਾ ਕਰਦਾ ਹੈ।

ਬਿਨਾਂ ਕਿਸੇ ਕਾਰਨ ਦੇ ਆਦਮੀ ਇੱਕ ਦੂਜੇ ਨਾਲ਼ ਜੁੜਦੇ ਜਾਂਦੇ ਹਨ। ਇੱਕ ਸਾਂਝੀ ਕਾਮਨਾ, ਛਾਤੀ ਦੇ ਅੰਦਰਵਾਰ ਇੱਕ ਪ੍ਰੇਸ਼ਾਨ ਖੋਖਲਾਪਣ ਉਹਨਾਂ ਨੂੰ ਖਿਚ ਕੇ ਇੱਕ ਢੇਰ ਬਣਾਈ ਜਾਂਦਾ ਹੈ, ਜਿਵੇਂ ਚਕਮਾਕ ਲੋਹੇ ਦੇ ਬੁਰਾਦੇ ਨੂੰ ਖਿੱਚਦਾ ਹੈ। ਇੱਕ ਦੂਜੇ ਵੱਲ ਲਗਭਗ ਬਿਨਾਂ ਝਾਕਿਆਂ ਉਹ ਮੋਢੇ ਨਾਲ਼ ਮੋਢਾ ਜੋੜ ਕੇ ਖਲੋਤੇ ਹਨ, ਇੱਕ ਦੂਜੇ ਦੇ ਹੋਰ ਨੇੜੇ ਢੁੱਕਦੇ ਜਾਂਦੇ ਹਨ—ਅਤੇ ਚੌਂਕ ਦੀ ਇਕ ਨੁਕਰ ਵਿੱਚ ਅਣਗਿਣਤ ਸਿਰਾਂ ਵਾਲ਼ਾ ਇੱਕ ਮੋਟਾ ਕਾਲ਼ਾ ਸਰੀਰ ਰੂਪ ਧਾਰੀ ਜਾਂਦਾ ਹੈ। ਸਰੀਰ ਨੇ ਰੂਪ ਧਾਰ ਲਿਆ ਅਤੇ ਝੱਟ ਹੀ ਮਗਰੋਂ ਉਸ ਵਿੱਚ ਰੂਹ ਪ੍ਰਗਟ ਹੁੰਦੀ ਹੈ। ਇੱਕ ਚੌੜਾ ਤੇ ਉਦਾਸ ਚਿਹਰਾ ਹੋਂਦ ਵਿੱਚ ਆ ਗਿਆ ਹੈ ਅਤੇ ਸੈਂਕੜੇ ਸੱਖਣੀਆਂ ਅੱਖਾਂ ਵਿੱਚ ਇੱਕ ਸਾਂਝਾ ਪ੍ਰਗਟਾਅ ਅਤੇ ਇੱਕ ਸਾਂਝੀ ਤੱਕਣੀ—ਇੱਕ ਸੁਚੇਤ, ਸ਼ੱਕੀ ਤੱਕਣੀ ਪੈਦਾ ਹੋ ਜਾਂਦੀ ਹੈ ਜੋ ਅਚੇਤ ਤੌਰ ’ਤੇ ਉਸ ਅਨੁਭਵਤਾ ਦੀ ਭਾਲ਼ ਕਰਦੀ ਹੈ ਜੋ ਉਸ ਨੂੰ ਡਰਾਉਣੇ ਰੂਪ ਵਿੱਚ ਇਸ ਤੋਂ ਜਾਣੂੰ ਕਰਾਉਂਦੀ ਹੈ।

ਸੋ ਇਸ ਤਰ੍ਹਾਂ ਇੱਕ ਭਿਅੰਕਰ ਜਾਨਵਰ ਜਨਮ ਲੈਂਦਾ ਹੈ ਜਿਸ ਦਾ ਕਠੋਰ ਤੇ ਨੀਰਸ ਨਾਂ **ਭੀੜ** ਹੈ।

... ਜਦੋਂ ਕੋਈ ਅਜਿਹਾ ਬੰਦਾ ਗਲੀ ਵਿੱਚ ਵਿਖਾਈ ਦੇਂਦਾ ਹੈ ਜੋ ਹੋਰ ਕਿਸੇ ਵੀ ਬੰਦੇ ਵਰਗਾ ਨਹੀਂ ਜਾਪਦਾ ਜਾਂ ਇਸ ਕਰਕੇ ਕਿ ਉਸ ਦਾ ਪਹਿਰਾਵਾ ਵੱਖਰੀ ਪ੍ਰਕਾਰ ਦਾ ਹੈ ਜਾਂ ਉਹ ਦੂਜਿਆਂ ਨਾਲ਼ੋਂ ਵੱਧ ਤੇਜ਼ ਤੁਰਦਾ ਹੈ। ਭੀੜ ਉਸ ਵੱਲ ਵੇਖਦੀ ਹੈ, ਆਪਣੇ ਸੈਂਕੜੇ ਸਿਰ ਉਸ ਵੱਲ ਮੋੜਦੀ ਹੋਈ ਤਿੱਖੀਆਂ ਨਜ਼ਰਾਂ ਨਾਲ਼ ਉਸ ਨੂੰ ਟਟੋਲਦੀ ਹੈ।

ਉਸ ਨੇ ਦੂਜਿਆਂ ਵਰਗਾ ਪਹਿਰਾਵਾ ਕਿਉਂ ਨਹੀਂ ਪਹਿਨਿਆਂ ਹੋਇਆ ? ਸ਼ੱਕ ਵਾਲ਼ੀ ਗੱਲ ਹੈ ! ਅਤੇ ਕਿਹੜੀ ਗੱਲ ਉਸ ਨੂੰ ਇਸ ਗਲੀ ਵਿੱਚ ਅਜਿਹੇ ਦਿਨ ਇਤਨੀ ਤੇਜ਼ ਚਾਲੇ ਤੋਰ ਰਹੀ ਹੈ ਜਦੋਂ ਬਾਕੀ ਦਾ ਹਰ ਕੋਈ ਹੌਲ਼ੀ ਹੌਲ਼ੀ ਤੁਰਦਾ ਹੈ ? ਅਜੀਬ ਗੱਲ ਹੈ....!

ਦੋ ਨੌਜਵਾਨ ਜ਼ੋਰ ਜ਼ੋਰ ਨਾਲ਼ ਹੱਸਦੇ ਨਾਲ਼ੋਂ ਨਾਲ਼ ਤੁਰੀ ਆਉਂਦੇ ਹਨ। ਭੀੜ ਚੌਕੰਨੀ ਹੋ ਗਈ ਹੈ। ਅਜਿਹੇ ਜੀਵਨ ਵਿੱਚ ਜਿਸ ਵਿੱਚ ਹਰ ਸ਼ੈਅ ਅਸਪੱਸ਼ਟ ਹੈ, ਜਦੋਂ ਇੱਥੇ ਕਰਨ ਲਈ ਕੋਈ ਕੰਮ ਨਹੀਂ, ਭਲ਼ਾ ਹੱਸਣ ਨੂੰ ਕਿਹੜੀ ਗੱਲ ਪਈ ਹੈ ? ਹਾਸਾ ਖੁਸ਼ਦਿਲੀ ਦੇ ਦੁਸ਼ਮਣ ਪਸ਼ੂ-ਮਨ ਦੇ ਅੰਦਰ ਇੱਕ ਮੱਧਮ ਜਿਹੀ ਖਿੱਝ ਪੈਦਾ ਕਰਦਾ ਹੈ। ਕਿੰਨੇ ਹੀ ਵਿਟਰੇ ਤੇ ਖਫਾ ਖਫਾ ਤੇ ਬੁੜਬੜਾਉਂਦੇ ਸਿਰ ਆਪਣੀਆਂ ਅੱਖਾਂ ਨਾਲ਼ ਉਸ ਖੁਸ਼ ਰਹਿਣੇ ਜੋੜੇ ਦਾ ਪਿੱਛਾ ਕਰਦੇ ਹਨ...।

ਪਰ **ਭੀੜ** ਖੁਦ ਆਪ ਹੱਸਣ ਲੱਗ ਪੈਂਦੀ ਹੈ। ਜਦੋਂ ਇੱਕ ਅਖ਼ਬਾਰਾਂ ਵੇਚਣ ਵਾਲ਼ਾ ਮੁੰਡਾ

ਸਟਰੀਟ ਕਾਰਾਂ, ਜੋ ਚੌਂਕ ਦੇ ਤਿੰਨਾਂ ਪਾਸਿਆਂ ਤੋਂ ਨੱਸਦੀਆਂ ਉਸ ਨੂੰ ਕੁਚਲ ਦੇਣਾ ਚਾਹੁੰਦੀਆਂ ਹਨ, ਨੂੰ ਝਕਾਣੀ ਦੇ ਕੇ ਬਚਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਮੌਤ ਦੇ ਮੂੰਹ ਆਏ ਬੰਦੇ ਦੀ ਦਹਿਸ਼ਤ ਤਾਂ ਇੱਕ ਅਜਿਹੀ ਚੀਜ਼ ਹੈ ਜਿਸ ਨੂੰ **ਭੀੜ** ਸਮਝਦੀ ਹੈ ਅਤੇ ਜਿਹੜੀ ਵੀ ਚੀਜ਼ ਇਹ ਜੀਵਨ ਦੇ ਗੁੱਝੇ ਭੀੜ ਭੜੱਕੇ ਵਿੱਚ ਸਮਝਦੀ ਹੈ ਇਸ ਨੂੰ ਖ਼ੁਸ਼ੀ ਪ੍ਰਦਾਨ ਕਰਦੀ ਹੈ...।

ਆਪਣੀ ਕਾਰ ਵਿੱਚ ਸੁਆਰ ਉਹ ਬੰਦਾ ਸਾਰੇ ਸ਼ਹਿਰ ਵਿੱਚ, ਇੱਥੋਂ ਤੱਕ ਕਿ ਸਾਰੇ ਦੇਸ਼ ਵਿੱਚ ਜਾਣਿਆ ਜਾਂਦਾ ਹੈ — ਇੱਕ **ਮਾਲਕ** ਹੈ। **ਭੀੜ** ਉਸ ਵੱਲ ਡੂੰਘੀ ਦਿਲਚਸਪੀ ਨਾਲ਼ ਵੇਖਦੀ ਹੈ, ਇਹ ਆਪਣੀਆਂ ਅਣਗਿਣਤ ਅੱਖਾਂ ਦੀ ਨਜ਼ਰ ਨੂੰ ਇੱਕ ਕਿਰਨ ਵਿੱਚ ਢਾਲ਼ ਦੇਂਦੀ ਹੈ। ਆਪਣੇ ਸਤਿਕਾਰ ਦੀ ਰੁੱਖੀ ਜਿਹੀ ਲਿਸ਼ਕ ਨਾਲ਼ **ਮਾਲਕ** ਦੇ ਝੁਰੜਾਏ, ਮਰੀਅਲ ਤੇ ਪੀਲ਼ੇ ਭੂਕ ਚਿਹਰੇ ਨੂੰ ਰੁਸ਼ਨਾਉਂਦੀ ਹੈ। ਇਹ ਇੰਝ ਹੈ ਜਿਵੇਂ ਬੁੱਢੇ ਰਿੱਛ ਜਿਨ੍ਹਾਂ ਨੂੰ ਰਿੱਛ-ਬੱਚਿਆਂ ਵਾਂਗ ਸਿਧਾਇਆ ਗਿਆ ਸੀ ਆਪਣੇ ਮਾਲਕ ਵੱਲ ਵੇਖਦੇ ਹਨ। ਭੀੜ **ਮਾਲਕ** ਨੂੰ ਸਮਝਦੀ ਹੈ ਉਹ ਸ਼ਕਤੀਮਾਨ ਹੈ। ਉਹ ਇੱਕ ਮਹਾਨ ਮਨੁੱਖ ਹੈ — ਹਜ਼ਾਰਾਂ ਹੱਡ ਭੰਨ੍ਹਵੀ ਮਿਹਨਤ ਕਰਦੇ ਹਨ ਤਾਂ ਜੋ ਉਹ ਜਿਉਂਦਾ ਰਹੇ, ਹਜ਼ਾਰਾਂ ਹੀ! **ਭੀੜ ਮਾਲਕ** ਦੇ ਬਿਲਕੁੱਲ ਸਪੱਸ਼ਟ ਅਰਥ ਸਮਝਦੀ ਹੈ — **ਮਾਲਕ** ਉਹਨਾਂ ਨੂੰ ਕੰਮ ਮੁਹੱਈਆ ਕਰਦਾ ਹੈ। ਪਰ ਔਹ ਇੱਕ ਸਟਰੀਟ ਕਾਰ ਵਿੱਚ ਇੱਕ ਭੂਰੇ ਸਿਰ ਵਾਲ਼ਾ ਆਦਮੀ ਬੈਠਾ ਹੈ, ਉਸ ਦਾ ਚਿਹਰਾ ਨਿਰਦਈ ਤੇ ਅੱਖਾਂ ਕਠੋਰ ਹਨ। **ਭੀੜ** ਉਸ ਨੂੰ ਵੀ ਚੰਗੀ ਤਰ੍ਹਾਂ ਜਾਣਦੀ ਹੈ, ਅਖ਼ਬਾਰਾਂ ਵਿੱਚ ਅਕਸਰ ਇਸ ਨੂੰ ਇੱਕ ਖਬਤੀ ਵਜੋਂ ਬਿਆਨ ਕੀਤਾ ਜਾਂਦਾ ਹੈ ਜਿਹੜਾ ਰਾਜ ਨੂੰ ਤਬਾਹ ਕਰਨਾ ਚਾਹੁੰਦਾ ਹੈ, ਸਾਰੀਆਂ ਫੈਕਟਰੀਆਂ, ਰੇਲ, ਸੜਕਾਂ, ਸਮੁੰਦਰੀ ਜਹਾਜ਼ — ਗੱਲ ਕੀ ਹਰ ਚੀਜ਼ ਖੋਹ ਲੈਣਾ ਚਾਹੁੰਦਾ ਹੈ...। ਅਖ਼ਬਾਰ ਇਸ ਨੂੰ ਇੱਕ ਪਾਗਲਾਨਾ ਤੇ ਹਾਸੋ-ਹੀਣੀ ਵਿਉਂਤ ਆਖਦੇ ਹਨ। **ਭੀੜ** ਉਸ ਬੁੱਢੇ ਆਦਮੀ ਵੱਲ ਤ੍ਰਿਸਕਾਰ, ਘ੍ਰਿਣਾ, ਗਿਲਾਨੀ ਨਾਲ਼ ਵੇਖਦੀ ਹੈ। ਇੱਕ ਪਾਗਲ ਆਦਮੀ ਹਮੇਸ਼ਾ ਹੀ ਦਿਲਚਸਪ ਹੁੰਦਾ ਹੈ।

ਭੀੜ ਕੇਵਲ ਮਹਿਸੂਸ ਕਰਦੀ ਹੈ, ਕੇਵਲ ਵੇਖਦੀ ਹੈ। ਇਹ ਆਪਣੇ ਪ੍ਰਭਾਵਾਂ ਨੂੰ ਵਿਚਾਰ ਵਿੱਚ ਬਦਲ ਨਹੀਂ ਸਕਦੀ, ਇਸ ਦੀ ਰੂਹ ਸੁੰਨ ਹੈ ਤੇ ਇਸ ਦੇ ਦਿਲ ਨੂੰ ਕੁਝ ਵੀ ਵਿਖਾਈ ਨਹੀਂ ਦੇਂਦਾ।

ਲੋਕ ਇੱਕ ਦੂਜੇ ਦੇ ਪਿੱਛੇ ਟੁਰੀ ਜਾਂਦੇ ਹਨ ਅਤੇ ਇਹ ਅਨੋਖੀ, ਨਾ ਸਮਝੀ ਨਾ ਸਮਝਾਈ ਜਾਣ ਵਾਲ਼ੀ ਗੱਲ ਹੈ ਇਹ ਕਿੱਧਰ ਨੂੰ ਜਾ ਰਹੇ ਹਨ ਤੇ ਕਿਉਂ ? ਇਹ ਅਥਾਹ ਵੱਡੀ ਗਿਣਤੀ ਵਿੱਚ ਹਨ ਅਤੇ ਇਹ ਧਾਤ, ਲੱਕੜੀ ਤੇ ਪੱਥਰ ਦੇ ਟੁਕੜਿਆਂ ਨਾਲ਼ੋਂ, ਸਿੱਕਿਆਂ, ਧਾਗਿਆਂ ਅਤੇ ਸਾਰੇ ਔਜ਼ਾਰਾਂ ਨਾਲ਼ੋਂ ਜਿਨ੍ਹਾਂ ਨਾਲ਼ ਕੱਲ੍ਹ ਮਨੁੱਖ ਵਿਚਲੇ ਜਾਨਵਰ ਨੇ ਕੰਮ ਕੀਤਾ ਸੀ ਬਹੁਤ ਹੀ ਵੱਖਰੇ ਹਨ। ਇਹ ਗੱਲ **ਭੀੜ** ਨੂੰ ਖਿਝਾਉਂਦੀ ਹੈ। ਇਹ ਅਸਪੱਸ਼ਟ ਰੂਪ ਵਿੱਚ ਮਹਿਸੂਸਦੀ ਹੈ ਕਿ ਇੱਥੇ ਇੱਕ ਹੋਰ ਵੀ ਜੀਵਨ ਹੈ, ਜੋ ਉਹ ਬਿਤਾ ਰਹੀ ਹੈ ਉਸ ਤੋਂ ਵੱਖਰਾ, ਜਿਸ ਦੀਆਂ ਹੋਰ ਹੀ ਤੌਰ ਤਰੀਕੇ ਤੇ ਆਦਤਾਂ ਹਨ, ਇੱਕ ਜੀਵਨ ਜੋ ਇੱਕ ਅਨੋਕੇ ਲੋਭ ਤੇ ਆਕਰਸ਼ਣ ਨਾਲ਼ ਭਰਪੂਰ ਹੈ...।

ਖਿੱਝ ਦੀ ਇਸ ਭਾਵਨਾ ਉੱਤੇ ਸਹਿਜੇ ਸਹਿਜੇ ਪਲ਼ਦਾ ਖਤਰੇ ਦਾ ਇੱਕ ਸ਼ੱਕ ਆਪਣੀਆਂ

ਸੂਖਮ ਸੂਈਆਂ ਨਾਲ਼ ਮਨੁੱਖ ਵਿਚਲੇ ਜਾਨਵਰ ਦੇ ਬੇਨੂਰ ਦਿਲ ਨੂੰ ਕੁਰੇਦਦਾ ਹੈ। ਜਾਨਵਰ ਦੀਆਂ ਅੱਖਾਂ ਸ਼ਰਾਬੀ ਹਨ, ਇਸ ਦਾ ਮੋਟਾ ਬੇਡੌਲ ਸਰੀਰ ਵੇਖਦੇ ਵੇਖਦੇ ਤਣਿਆ ਅਤੇ ਇਕ ਅਚੇਤ ਪ੍ਰੇਸ਼ਾਨੀ ਵਿੱਚ ਜਕੜਿਆ ਜਾ ਰਿਹਾ ਹੈ, ਇਹ ਸਾਰੇ ਪਾਸੇ ਕੰਬ ਰਿਹਾ ਹੈ...।

ਲੋਕ, ਮੋਟਰ ਕਾਰਾਂ, ਗੱਡੀਆਂ ਸਭ ਤੇਜ਼ੀ ਨਾਲ਼ ਦੌੜੀ ਜਾ ਰਹੇ ਹਨ...। ਦੁਕਾਨਾਂ ਦੀਆਂ ਬਾਰੀਆਂ ਵਿੱਚ ਪਈਆਂ ਚਮਕੀਲੀਆਂ ਸਜਾਵਟੀ ਵਸਤਾਂ ਅੱਖਾਂ ਨੂੰ ਅੱਖਰਦੀਆਂ ਹਨ। ਇਹ ਵਰਤੋਂ ਲਈ ਨਹੀਂ ਕੇਵਲ ਵਿਖਾਵੇ ਲਈ ਹਨ। ਪਰ ਇਹ ਰਾਹ ਜਾਂਦਿਆਂ ਦਾ ਧਿਆਨ ਖਿੱਚਦੀਆਂ ਹਨ ਅਤੇ ਉਹਨਾਂ ਨੂੰ ਪ੍ਰਾਪਤ ਕਰਨ ਦੀ ਇੱਛਾ ਨੂੰ ਉਕਸਾਉਂਦੀਆਂ ਹਨ...।

ਭੀੜ ਘਬਰਾ ਉੱਠੀ ਹੈ...।

ਇਹ ਇਸ ਜੀਵਨ ਵਿੱਚ ਆਪਣੇ ਆਪ ਨੂੰ ਅਸਪੱਸ਼ਟ ਰੂਪ ਵਿੱਚ ਕੱਲ-ਮੁਕੱਲੀ, ਨਿਆਸਰੀ ਇਹਨਾਂ ਸਾਰੇ ਚੁਸਤ ਪਹਿਰਾਵੇ ਵਾਲ਼ੇ ਲੋਕਾਂ ਵੱਲੋਂ ਧਤਕਾਰੀ ਹੋਈ ਮਹਿਸੂਸਦੀ ਹੈ। ਉਹ ਵੇਖਦੀ ਹੈ ਕਿ ਇਹਨਾਂ ਦੀਆਂ ਧੌਣਾਂ ਕਿੰਨੀਆਂ ਬੇਦਾਗ ਹਨ, ਉਹਨਾਂ ਦੇ ਹੱਥ ਕਿੰਨੇ ਪਤਲੇ ਤੇ ਸਫੈਦ ਹਨ, ਕਿਤਨੇ ਨਰਮ, ਚਮਕੀਲੇ ਸ਼ਾਂਤ ਤੇ ਰੱਜੇ ਪੁੱਜੇ ਉਹਨਾਂ ਦੇ ਮੂੰਹ ਹਨ। ਇਸ ਤੋਂ ਉਹਨਾਂ ਦੀ ਖੁਰਾਕ ਦਾ ਪਤਾ ਲੱਗਦਾ ਹੈ ਜਿਸ ਨਾਲ਼ ਉਹ ਹਰ ਰੋਜ਼ ਆਪਣੇ ਆਪ ਨੂੰ ਤੂੜਦੇ ਹਨ। ਇਹ ਖੁਰਾਕ ਬਹੁਤ ਹੀ ਸ਼ਾਨਦਾਰ ਤੇ ਸੁਆਦਲੀ ਹੋਵੇਗੀ, ਜੋ ਚਿਹਰਿਆਂ ਉੱਤੇ ਇਤਨੀ ਕੂਲ਼ੀ ਤੇ ਚਮਕੀਲੀ ਦਿੱਖ ਪ੍ਰਦਾਨ ਕਰਦੀ ਹੈ ਅਤੇ ਇਹਨਾਂ ਨੂੰ ਢਿੱਡਲ ਬਣਾਉਂਦੀ ਹੈ...।

ਭੀੜ ਆਪਣੇ ਅੰਦਰਵਾਰ ਇੱਕ ਜਲਨ, ਇੱਕ ਸਾੜਾ ਜਿਹਾ ਮਹਿਸੂਸ ਕਰਦੀ ਹੈ, ਜੋ ਉਸਦੇ ਪੇਟ ਵਿੱਚ ਲਗਾਤਾਰ ਕੁਤਕੁਤਾੜੀਆਂ ਕਰੀ ਜਾਂਦੀ ਹੈ...।

ਖੂਬਸੂਰਤ ਤੇ ਮਲੂਕ ਔਰਤਾਂ ਰਾਤ ਨੂੰ ਮਹਿੰਗੀਆਂ ਬੱਘੀਆਂ ਵਿੱਚ ਸਫ਼ਰ ਕਰਦੀਆਂ ਹਨ। ਉਹ ਗੱਦਿਆਂ ਉੱਤੇ ਬੜੇ ਉਕਸਾਊ ਅੰਦਾਜ਼ ਵਿੱਚ ਢੋਹ ਲਾ ਕੇ ਬੈਠੀਆਂ ਹਨ, ਉਹਨਾਂ ਦੀਆਂ ਲੱਤਾਂ ਅਗਾਂਹ ਨੂੰ ਫੈਲੀਆਂ ਹੋਈਆਂ ਹਨ ਤਾਂ ਜੋ ਉਹਨਾਂ ਦੇ ਨਿੱਕੇ ਤੇ ਸੁੰਦਰ ਪੈਰ ਦਿਖਾਈ ਦੇਣ ਤੇ ਉਹਨਾਂ ਦੇ ਚਿਹਰੇ ਤਾਰਿਆਂ ਵਰਗੇ ਹਨ ਅਤੇ ਉਹਨਾਂ ਦੇ ਸੁੰਦਰ ਨੈਣ ਲੋਕਾਂ ਨੂੰ ਮੁਸਕਾਉਣ ਦਾ ਸੱਦਾ ਦੇਂਦੇ ਹਨ।

"ਵੇਖੋ ਅਸੀਂ ਕਿੰਨੀਆਂ ਹੁਸੀਨ ਹਾਂ!" ਔਰਤਾਂ ਗੁੰਗੀ ਅਵਾਜ਼ ਵਿੱਚ ਕਹਿੰਦੀਆਂ ਜਾਪਦੀਆਂ ਹਨ।

ਭੀੜ ਬੜੇ ਗਹੁ ਨਾਲ਼ ਇਹਨਾਂ ਸੁੰਦਰੀਆਂ ਨੂੰ ਵੇਖਦੀ ਹੈ ਅਤੇ ਉਹਨਾਂ ਦਾ ਆਪਣੀਆਂ ਪਤਨੀਆਂ ਨਾਲ਼ ਮੁਕਾਬਲਾ ਕਰਦੀ ਹੈ। ਪਤਲੀਆਂ ਜਾਂ ਬਹੁਤ ਹੀ ਮੋਟੀਆਂ, ਪਤਲੀਆਂ ਜੋ ਹਮੇਸ਼ਾ ਲਾਲਚੀ ਤੇ ਅਕਸਰ ਬੀਮਾਰ ਰਹਿੰਦੀਆਂ ਹਨ। ਕਿਸੇ ਵੀ ਹੋਰ ਚੀਜ਼ ਨਾਲ਼ੋਂ ਉਹਨਾਂ ਦੇ ਦੰਦ ਉਹਨਾਂ ਨੂੰ ਦੁੱਖੀ ਕਰਦੇ ਹਨ ਅਤੇ ਉਹਨਾਂ ਦੇ ਢਿੱਡਾਂ ਵਿੱਚ ਗੜਬੜ ਰਹਿੰਦੀ ਹੈ। ਅਤੇ ਉਹ ਹਮੇਸ਼ਾ ਆਪੋ ਵਿੱਚ ਖਹਿਬੜਦੇ ਰਹਿੰਦੇ ਹਨ।

ਭੀੜ ਕਾਮ-ਚੇਸ਼ਟਾ ਵੱਸ — ਬੱਘੀਆਂ ਦੇ ਵਿੱਚ ਹੀ ਇਹਨਾਂ ਔਰਤਾਂ ਦੇ ਕੱਪੜੇ ਲਾਹ ਕੇ ਨੰਗਾ ਕਰ ਦੇਂਦੀ ਹੈ, ਉਹਨਾਂ ਦੀਆਂ ਛਾਤੀਆਂ ਤੇ ਲੱਤਾਂ ਨੂੰ ਵਲੂੰਧਰਦੀ ਹੈ ਅਤੇ ਔਰਤਾਂ ਦੇ

ਅਲਫ ਨੰਗੇ ਰੱਜੇ ਪੁੱਜੇ, ਕੱਸੇ ਹੋਏ ਤੇ ਲਿਸ਼ਕਦੇ ਜੁੱਸਿਆਂ ਨੂੰ ਵੇਖ ਕੇ **ਭੀੜ** ਆਪਣੀ ਖੁਸ਼ੀ ਨੂੰ ਰੋਕ ਨਹੀਂ ਸਕਦੀ ਅਤੇ ਇਸ ਖੁਸ਼ੀ ਨੂੰ ਹਵਸੀ ਸ਼ਬਦਾਂ ਵਿੱਚ ਪ੍ਰਗਟ ਕਰਦੀ ਹੈ, ਸ਼ਬਦ ਜਿਹੜੇ ਬੜੇ ਉਤੇਜਤ, ਖੁਸ਼ਾਮਦੀ ਤੇ ਚਸਕੇਦਾਰ ਹਨ, ਸ਼ਬਦ ਜਿਹੜੇ ਇੱਕ ਭਾਰੇ ਤੇ ਗੰਦੇ ਹੱਥ ਦੀ ਚਪੇੜ ਵਾਂਗ ਗੁੱਦਗੁਦੇ ਤੇ ਮਜ਼ਬੂਤ ਹਨ...।

ਭੀੜ ਨੂੰ ਇੱਕ ਔਰਤ ਦੀ ਜ਼ਰੂਰਤ ਹੈ। ਇਸ ਦੀਆਂ ਅੱਖਾਂ ਤੇਜ਼ੀ ਨਾਲ਼ ਕੋਲ਼ੋਂ ਦੀ ਲੰਘਦੀਆਂ ਸੁੰਦਰੀਆਂ ਦੇ ਪਤਲੇ ਗਠੀਲੇ ਸਰੀਰਾਂ ਨੂੰ ਹਾਬੜ ਕੇ ਨਿਹਾਰਦੀਆਂ ਲਿਸ਼ਕਦੀਆਂ ਹਨ।

ਉਹਨਾਂ ਦੇ ਬੱਚੇ ਵੀ ਬਹੁਤ ਸੁੰਦਰ ਵਿਖਾਈ ਦੇਂਦੇ ਹਨ। ਉਹਨਾਂ ਦੇ ਹਾਸੇ ਤੇ ਚੀਕਾਂ ਹਵਾ ਵਿੱਚ ਟੁਣਕਦੇ ਹਨ। ਸਾਫ ਸੁਥਰੇ ਕੱਪੜਿਆਂ ਵਿੱਚ ਸਿਹਤਮੰਦ ਬੱਚੇ, ਜਿਹਨਾਂ ਦੀਆਂ ਲੱਤਾਂ ਸਿੱਧੀਆਂ ਤੇ ਪਤਲੀਆਂ ਹਨ। ਗੁਲਾਬੀ ਗੱਲ੍ਹਾਂ ਵਾਲ਼ੇ ਬੜੇ ਚੁਸਤ ਤੇ ਹੁਸ਼ਿਆਰ...।

ਭੀੜ ਵਿਚਲੇ ਬੱਚਿਆਂ ਦੇ ਚਿਹਰੇ ਬੀਮਾਰ ਤੇ ਭੁੱਸੇ ਹਨ ਅਤੇ ਉਹਨਾਂ ਦੀਆਂ ਲੱਤਾਂ, ਇਸ ਜਾਂ ਉਸ ਕਾਰਨ ਵਿੰਗ ਤੜਿੰਗੀਆਂ ਹਨ। ਵਿੰਗ ਤੜਿੰਗੀਆਂ ਲੱਤਾਂ ਵਾਲ਼ੇ—ਇੱਕ ਬਹੁਤ ਹੀ ਆਮ ਗੱਲ ਹੈ। ਜ਼ਰੂਰ ਹੀ ਕਸੂਰ ਮਾਂਵਾਂ ਦਾ ਹੋਵੇਗਾ। ਉਹਨਾਂ ਨੂੰ ਜਨਮ ਦੇਣ ਸਮੇਂ ਉਹ ਨੌਂ ਮਹੀਨੇ ਅਜਿਹਾ ਕੰਮ ਕਰਦੀਆਂ ਹੋਣਗੀਆਂ ਜੋ ਉਹਨਾਂ ਨੂੰ ਨਹੀਂ ਕਰਨਾ ਚਾਹੀਦਾ....।

ਇਹ ਟਾਕਰੇ **ਭੀੜ** ਦੇ ਹਨ੍ਹੇਰੇ ਦਿਲ ਵਿੱਚ ਸਾੜਾ ਤੇ ਜਲ਼ਣ ਨੂੰ ਜਨਮ ਦੇਂਦਾ ਹਨ।

ਇਸ ਦੀ ਖਿੱਝ ਵਿੱਚ ਇੱਕ ਵੈਰ ਭਾਵ ਵੀ ਸ਼ਾਮਲ ਹੋ ਗਿਆ ਹੈ, ਜੋ ਸਾੜੇ ਤੇ ਜਲ਼ਣ ਦੀ ਜ਼ਰਖੇਜ਼ ਭੋਏਂ ਤੇ ਭਰਪੂਰ ਰੂਪ ਵਿੱਚ ਪ੍ਰਫੁਲਤ ਹੁੰਦਾ ਹੈ। ਭਾਰੀ ਕਾਲ਼ਾ ਸਰੀਰ ਆਪਣੇ ਅੰਗ ਬੜੀ ਬੇਡੌਲਤਾ ਨਾਲ਼ ਹਿਲਾਉਂਦਾ ਹੈ, ਸੈਂਕੜੇ ਅੱਖਾਂ ਉਹਨਾਂ ਸਾਰਿਆਂ ਨੂੰ ਜਿਨ੍ਹਾਂ ਨੂੰ ਉਹ ਅਜੀਬ ਤੇ ਅਸਪੱਸ਼ਟ ਸਮਝਦੀਆਂ ਹਨ ਇੱਕ ਤੁਲਵੀਂ ਤੇ ਚੁੱਭਵੀਂ ਨਜ਼ਰ ਨਾਲ਼ ਵੇਖਦੀਆਂ ਹਨ।

ਭੀੜ ਮਹਿਸੂਸਦੀ ਹੈ ਕਿ ਇਸ ਦਾ ਇੱਕ ਦੁਸ਼ਮਣ ਹੈ, ਇੱਕ ਚਲਾਕ ਤੇ ਤਾਕਤਵਰ ਦੁਸ਼ਮਣ ਜੋ ਹਰ ਪਾਸੇ ਹਰ ਥਾਂ 'ਤੇ ਪਸਰਿਆ ਹੋਇਆ ਹੈ ਇਸੇ ਲਈ ਉਹ ਹੱਥ ਵਿੱਚ ਨਹੀਂ ਆਉਂਦਾ। ਉਹ ਕਿਤੇ ਨੇੜੇ ਜਿਹੇ ਹੈ ਅਤੇ ਫਿਰ ਵੀ ਵਿਖਾਈ ਨਹੀਂ ਦੇਂਦਾ। ਉਹ ਸਾਰੇ ਸੁਆਦਲੇ ਭੋਜਨ, ਹੁਸੀਨ ਔਰਤਾਂ, ਲਾਲ ਸੂਹੇ ਬੱਚੇ, ਬੱਘੀਆਂ, ਚਮਕੀਲੇ ਰੇਸ਼ਮੀ ਕੱਪੜੇ ਆਪ ਹਥਿਆ ਲੈਂਦਾ ਹੈ ਅਤੇ ਇਹ ਸਭ ਕੁਝ ਆਪਣੇ ਚਹੇਤਿਆਂ ਨੂੰ ਦੇ ਦੇਂਦਾ ਹੈ—ਪਰ **ਭੀੜ** ਨੂੰ ਨਹੀਂ। ਭੀੜ ਨੂੰ ਉਹ ਧਿਤਕਾਰਦਾ ਤੇ ਤ੍ਰਿਸਕਾਰਦਾ ਹੈ ਅਤੇ ਜਿਵੇਂ **ਭੀੜ** ਉਸ ਨੂੰ ਨਹੀਂ ਵੇਖਦੀ, ਇਸੇ ਤਰ੍ਹਾਂ ਉਹ ਵੀ **ਭੀੜ** ਨੂੰ ਨਹੀਂ ਵੇਖਦਾ...।

ਭੀੜ ਕੁਝ ਭਾਲ਼ਦੀ ਹੈ, ਸੁਰੜ ਸੁਰੜ ਕਰਦੀ ਹੈ। ਇਹ ਹਰ ਸ਼ੈਅ ਨੂੰ ਵਾਚਦੀ ਹੈ। ਪਰ ਇਹ ਸਭ ਕੁਝ ਆਮ ਵਰਗੀ ਗੱਲ ਹੈ ਅਤੇ ਭਾਵੇਂ ਗਲੀਆਂ ਦੇ ਜੀਵਨ ਵਿੱਚ ਬਹੁਤ ਕੁਝ ਹੈ ਜੋ ਨਵਾਂ ਤੇ ਅਨੋਖਾ ਹੈ, ਇਹ ਵਹੀ ਜਾ ਰਿਹਾ ਹੈ। ਭੀੜ ਕੋਲ਼ੋਂ ਇਸ ਦੇ ਵੈਰ ਭਾਵ ਦੀਆਂ ਤਣੀਆਂ ਤਣਾਵਾਂ ਨੂੰ ਅਤੇ ਕਿਸੇ ਨੂੰ ਪਕੜ ਕੇ ਕਾਬੂ ਕਰਨ ਦੀ ਤੇ ਉਸ ਨੂੰ ਕੁਚਲ ਦੇਣ ਦੀ ਧੁੰਦਲੀ ਜਿਹੀ ਇੱਛਾ ਨੂੰ ਛੋਹੇ ਬਿਨਾਂ ਟਪੂਸੀਆਂ ਮਾਰਦਾ ਲੰਘੀ ਜਾ ਰਿਹਾ ਹੈ।

ਚੌਂਕ ਦੇ ਐਨ ਵਿਚਕਾਰ ਸਲੇਟੀ ਰੰਗ ਦਾ ਲੋਹ ਟੋਪ ਪਾਈ ਇੱਕ ਪੁਲਸੀਆ ਖਲੋਤਾ ਹੈ। ਉਸ ਦਾ ਚੰਗੀ ਤਰ੍ਹਾਂ ਮੁੰਨਿਆ ਚਿਹਰਾ ਤਾਂਬੇ ਵਾਂਗ ਲਿਸ਼ਕਦਾ ਹੈ। ਇਹ ਆਦਮੀ ਇਤਨਾ ਮਜ਼ਬੂਤ ਹੈ ਕਿ ਅਜਿਤ ਹੈ — ਇਸ ਦੇ ਹੱਥ ਵਿੱਚ ਛੋਟਾ ਪਰ ਮੋਟਾ ਡੰਡਾ ਹੈ ਜਿਸ ਦਾ ਸਿਰਾ ਸਿੱਕੇ ਦਾ ਹੈ।

ਭੀੜ ਆਪਣੀ ਅੱਖ ਦੀ ਨੁੱਕਰ ਵਿੱਚੋਂ ਡੰਡੇ ਨੂੰ ਵੇਖਦੀ। ਇਹ ਡੰਡਿਆਂ ਤੋਂ ਜਾਣੂੰ ਹੈ, ਇਸ ਨੇ ਅਜਿਹੇ ਹਜ਼ਾਰਾਂ ਡੰਡੇ ਵੇਖੇ ਹਨ ਅਤੇ ਉਹ ਸਾਰੇ ਮਹਿਜ਼ ਲੱਕੜੀ ਜਾਂ ਧਾਤ ਦੇ ਹਨ।

ਪਰ ਇਸ ਛੋਟੇ ਨਿਰਦਈ ਡੰਡੇ ਵਿੱਚ ਇੱਕ ਸ਼ੈਤਾਨੀ ਤਾਕਤ ਲੁਕੀ ਹੋਈ ਹੈ ਜਿਸ ਦਾ ਕੋਈ ਵੀ ਟਾਕਰਾ ਨਹੀਂ ਕਰ ਸਕਦਾ।

ਅੰਨ੍ਹੀ ਹੋਈ **ਭੀੜ** ਹਰ ਸ਼ੈਅ ਦੇ ਵਿਰੁੱਧ ਹੈ। ਇਹ ਭੜਕੀ ਹੋਈ ਹੈ ਅਤੇ ਕਿਸੇ ਵੀ ਭਿਅੰਕਰ ਕਾਰੇ ਲਈ ਤਿਆਰ ਹੈ। ਬੇਚੈਨ ਹੋਈ ਇਹ ਇਸ ਛੋਟੇ ਨਿਰਦਈ ਡੰਡੇ ਨੂੰ ਨਜ਼ਰਾਂ ਨਾਲ਼ ਹੀ ਮਿਣਦੀ ਹੈ...।

ਪਸਰੇ ਹੋਏ ਹਨ੍ਹੇਰੇ ਵਿੱਚ ਅਚੇਤ ਤੌਰ 'ਤੇ ਡਰ ਜਿਹਾ ਧੁਖੀ ਹੀ ਜਾ ਰਿਹਾ ਹੈ...।

ਜੀਵਨ ਲਗਾਤਾਰ ਗਰਜਦਾ ਹੈ, ਅਣਥੱਕ ਚਾਲੇ ਤੁਰੀ ਜਾ ਰਿਹਾ ਹੈ। ਇੱਕ ਅਜਿਹੇ ਦਿਨ ਜਦੋਂ ਭੀੜ ਕਾਰੇ ਨਹੀਂ ਲੱਗੀ ਹੋਈ ਇਹ ਤਾਕਤ ਕਿੱਥੋਂ ਪ੍ਰਾਪਤ ਕਰਦਾ ਹੈ ?

ਵਧੇਰੇ ਤੋਂ ਵਧੇਰੇ ਸਪੱਸ਼ਟਤਾ ਨਾਲ਼ **ਭੀੜ** ਇਹ ਮਹਿਸੂਸਦੀ ਹੈ ਕਿ ਉਹ ਕਿਉਂ ਨਿਆਸਰੀ ਹੈ, ਕਿਸੇ ਕਪਟ ਨੂੰ ਸੁੰਘਦੀ ਹੈ ਅਤੇ ਇਸ ਦੀ ਖਿੱਝ ਵੱਧਦੀ ਜਾ ਰਹੀ ਹੈ, ਕਾਬੂ ਕਰਨ ਲਈ ਕਿਸੇ ਚੀਜ਼ ਨੂੰ ਬੜੀ ਚੌਕਸੀ ਨਾਲ਼ ਟੋਲਦੀ ਹੈ.

ਹੁਣ ਇਹ ਕੋਮਲ ਭਾਵੀ ਹੁੰਦੀ ਜਾਂਦੀ ਹੈ ਅਤੇ ਪ੍ਰਭਾਵਾਂ ਨੂੰ ਗ੍ਰਹਿਣ ਕਰਦੀ ਹੈ, ਕੋਈ ਵੀ ਨਵੀਂ ਚੀਜ਼ ਇਸ ਦੀ ਨਜ਼ਰੋਂ ਬੱਚ ਕੇ ਨਹੀਂ ਜਾਂਦੀ। ਇਸ ਦੇ ਵਿਅੰਗ ਹੋਰ ਵੀ ਕਾਟਵੇਂ ਅਤੇ ਖੋਰੀ ਹੁੰਦੇ ਜਾਂਦੇ ਹਨ ਅਤੇ ਚੌੜੀ ਕਿੰਗਰੀ ਵਾਲ਼ੇ ਸਲੇਟੀ ਲੋਹ ਟੋਪ ਵਾਲ਼ਾ ਆਦਮੀ ਭੀੜ ਦੀ ਮੌਜੂ ਉਡਾਉਣੀ ਨਜ਼ਰ ਦੀਆਂ ਚੋਭਾਂ ਅਤੇ ਇਸ ਦੀਆਂ ਟਿੱਪਣੀਆਂ ਦੇ ਵਾਢਵੇਂ ਡੰਗ ਹੇਠ ਆਪਣੇ ਕਦਮਾਂ ਨੂੰ ਜ਼ਰੂਰ ਹੀ ਤੇਜ਼ ਕਰਨਾ ਚਾਹੁੰਦਾ ਹੈ। ਇੱਕ ਔਰਤ ਜਿਵੇਂ ਹੀ ਚੌਂਕ ਵਿੱਚੋਂ ਲੰਘਦੀ ਹੈ ਆਪਣੀ ਘੱਗਰੀ ਨੂੰ ਉਤਾਂਹ ਨੂੰ ਚੁੱਕਦੀ ਹੈ, ਪਰ ਜਦੋਂ ਉਹ ਵੇਖਦੀ ਹੈ, ਕਿ **ਭੀੜ** ਉਸ ਦੀਆਂ ਲੱਤਾਂ ਨੂੰ ਵਿਸ਼ਈ ਨਜ਼ਰਾਂ ਨਾਲ਼ ਘੂਰ ਰਹੀ ਹੈ, ਅਚਾਨਕ ਉਸ ਦੀਆਂ ਉਂਗਲਾਂ ਸਿਥਲ ਹੋ ਜਾਂਦੀਆਂ ਹਨ, ਜਿਵੇਂ ਕਿਸੇ ਨੇ ਉਸ ਦੇ ਉੱਤੇ ਕੋਈ ਚੀਜ਼ ਵਗਾਹ ਮਾਰੀ ਹੋਵੇ ਅਤੇ ਉਹ ਆਪਣੀ ਘੱਗਰੀ ਹੇਠਾਂ ਡਿੱਗਣ ਦੇਂਦੀ ਹੈ...।

ਕਿਤੋਂ ਇੱਕ ਸ਼ਰਾਬੀ ਲੜਖੜਾਉਂਦਾ ਹੋਇਆ ਚੌਂਕ ਵਿੱਚ ਆ ਗਿਆ ਹੈ। ਉਸ ਦਾ ਸਿਰ ਉਸ ਦੀ ਛਾਤੀ ਉੱਤੇ ਝੁੱਕਿਆ ਹੋਇਆ ਹੈ, ਉਹ ਕੁਝ ਫੁਸਫੁਸਾਉਂਦਾ ਤੁਰਦਾ ਆ ਰਿਹਾ ਹੈ। ਉਸ ਦਾ ਬੌਂਦਲਿਆ ਹੋਇਆ ਸਰੀਰ ਏਧਰ ਉੱਧਰ ਝੋਂਕੇ ਖਾਂਦਾ ਹੈ, ਕਿਸੇ ਵੀ ਛਿਨ ਉਹ ਫਰਸ਼ ਉੱਤੇ ਜਾਂ ਲੋਹੇ ਦੇ ਜੰਗਲੇ ਉੱਤੇ ਡਿੱਗ ਕੇ ਢਹਿ ਢੇਰੀ ਹੋ ਸਕਦਾ ਹੈ...।

ਇੱਕ ਹੱਥ ਉਸ ਨੇ ਆਪਣੀ ਜੇਬ੍ਹ ਵਿੱਚ ਤੁੰਨ੍ਹਿਆ ਹੋਇਆ ਹੈ। ਦੂਜੇ ਹੱਥ ਵਿੱਚ ਉਸ

ਮਿੱਟੀ ਵਿੱਚ ਮਧੋਲ਼ਿਆ ਤੇ ਲਿਬੜਿਆ ਹੋਇਆ ਟੋਪ ਫੜਿਆ ਹੋਇਆ ਹੈ, ਉਸ ਨੂੰ ਉਹ ਆਪਣੇ ਸਿਰ 'ਤੇ ਝੁਲਾਉਂਦਾ ਹੈ ਅਤੇ ਉਹ ਕੁਝ ਵੀ ਨਹੀਂ ਵੇਖ ਰਿਹਾ।

ਧਾਤ ਵਰਗੀ ਅਵਾਜ਼ ਦੇ ਖਰੂਦੀ ਭੰਵਰ ਵਿੱਚ ਵਹਿੰਦਾ ਉਹ ਇੱਕ ਛਿਨ ਲਈ ਹੋਸ਼ ਵਿੱਚ ਆਉਂਦਾ ਹੈ, ਰੁੱਕਦਾ ਹੈ, ਅਤੇ ਚੁੰਨ੍ਹੀਆਂ ਅੱਖਾਂ ਨਾਲ਼ ਆਪਣੇ ਆਲ਼ੇ ਦੁਆਲ਼ੇ ਵੇਖਦਾ ਹੈ। ਸਾਰੇ ਪਾਸਿਆਂ ਤੋਂ ਸਟਰੀਟ ਕਾਰਾਂ ਤੇ ਬੱਘੀਆਂ ਉਸ ਵੱਲ ਦੌੜੀਆਂ ਆਉਂਦੀਆਂ ਹਨ— ਇੱਕ ਲੰਮਾ ਤੁਰਦਾ ਹੋਇਆ ਧਾਗਾ ਜਿਸ ਨਾਲ਼ ਕਾਲ਼ੇ ਸਿਰ ਲਟਕੇ ਹੋਏ ਹਨ। ਸਟਰੀਟ ਕਾਰਾਂ ਵਿੱਚੋਂ ਰੋਹ ਭਰੀ ਚਿਤੌਣੀ ਦੇਂਦੀਆਂ ਘੰਟੀਆਂ ਦੀ ਟੁਣਕਾਰ ਸੁਣਾਈ ਦੇਂਦੀ ਹੈ, ਘੋੜਿਆਂ ਦੀਆਂ ਖੁਰੀਆਂ ਫਰਸ਼ ਨਾਲ਼ ਵੱਜ ਕੇ ਖੜਕਦੀਆਂ ਹਨ, ਹਰ ਸ਼ੈਅ ਗਰਜਦੀ ਹੈ, ਖੜਕਦੀ ਹੈ ਤੇ ਉਸ ਦੇ ਅੰਦਰ ਧੱਸਦੀ ਜਾਂਦੀ ਹੈ।

ਭੀੜ ਕਿਸੇ ਲੁਭਾਉਣੀ ਚੀਜ਼ ਦੀ ਸੰਭਾਵਨਾ ਨੂੰ ਮਹਿਸੂਸਦੀ ਹੈ। ਮੁੜ ਕੇ ਉਹ ਆਪਣੀਆਂ ਸੈਂਕੜੇ ਨਜ਼ਰਾਂ ਨੂੰ ਇੱਕ ਕਿਰਨ ਵਿੱਚ ਪਿਘਲਾ ਦੇਂਦੀ ਹੈ ਅਤੇ ਕਿਸੇ ਉਮੀਦ ਵਿੱਚ ਵਾਚਦੀ ਹੈ...।

ਸਟਰੀਟ ਕਾਰ ਦਾ ਚਾਲਕ ਘੰਟੀ ਵਜਾਉਂਦਾ ਹੈ ਅਤੇ ਸਿਰ ਬਾਹਰ ਕੱਢ ਕੇ ਸ਼ਰਾਬੀ ਉੱਤੇ ਚੀਕਦਾ ਹੈ, ਉਸ ਦਾ ਚਿਹਰਾ ਕੱਸਿਆ ਹੋਇਆ ਲਾਲ ਬਿੰਬ ਹੈ। ਸ਼ਰਾਬੀ ਖੁਸ਼ੀ ਵਿੱਚ ਆਪਣਾ ਟੋਪ ਉਸ ਵੱਲ ਹਿਲਾਉਂਦਾ ਹੈ ਅਤੇ ਕਦਮ ਪੁੱਟਦਾ ਸਟਰੀਟ ਕਾਰ ਦੇ ਐਨ ਸਾਹਮਣੇ ਰੇਲ ਦੀਆਂ ਪਟੜੀਆਂ ਵਿਚਕਾਰ ਜਾ ਖਲੋਂਦਾ ਹੈ। ਉਸ ਦਾ ਸਾਰਾ ਸਰੀਰ ਪਿਛਾਹਾਂ ਨੂੰ ਡਿੱਗਿਆ ਹੋਇਆ ਹੈ ਤੇ ਅੱਖਾਂ ਬੰਦ ਹਨ, ਮੋਟਰ ਚਾਲਕ ਬੜੀ ਤੇਜ਼ੀ ਨਾਲ਼ ਹੱਥ ਨੂੰ ਝਟਕਾ ਦੇ ਕੇ ਘੁਮਾਉਂਦਾ ਹੈ। ਡੱਬਾ ਇੱਕ ਹੁਝਕਾ ਖਾ ਕੇ ਖਲੋ ਜਾਂਦਾ ਹੈ...।

ਸ਼ਰਾਬੀ ਮਸਤ ਚਾਲੇ ਤੁਰਦਾ ਹੈ — ਉਹ ਆਪਣਾ ਹੈਟ ਸਿਰ ਤੇ ਧਰ ਲੈਂਦਾ ਹੈ ਤੇ ਫਿਰ ਆਪਣਾ ਸਿਰ ਆਪਣੀ ਛਾਤੀ ਉੱਤੇ ਡੇਗ ਦੇਂਦਾ ਹੈ।

ਪਰ ਪਿੱਛੋਂ ਦੀ ਪਹਿਲੀ ਸਟਰੀਟ ਕਾਰ ਇੱਕ ਛਿਨ ਲਈ ਸਰਕਦੀ ਹੈ ਅਤੇ ਸ਼ਰਾਬੀ ਦੀਆਂ ਲੱਤਾਂ ਨਾਲ਼ ਟਕਰਾ ਕੇ ਉਸ ਨੂੰ ਡੇਗ ਦੇਂਦੀ ਹੈ; ਉਹ ਬੜੇ ਜ਼ੋਰ ਨਾਲ਼ ਜੰਗਲੇ ਉੱਤੇ ਡਿੱਗਦਾ ਹੈ ਤੇ ਫਿਰ ਸਹਿਜੇ ਸਹਿਜੇ ਰੇਲ ਦੀਆਂ ਪਟੜੀਆਂ ਉੱਤੇ ਡਿੱਗ ਪੈਂਦਾ ਹੈ ਅਤੇ ਜੰਗਲਾ ਉਸਦੇ ਮਧੋਲ਼ੇ ਹੋਏ ਸਰੀਰ ਨੂੰ ਧੱਕ ਕੇ ਜ਼ਮੀਨ ਉੱਤੇ ਸੁੱਟ ਦੇਂਦਾ ਹੈ...।

ਸ਼ਰਾਬੀ ਦੀਆਂ ਬਾਹਾਂ ਤੇ ਲੱਤਾਂ ਜ਼ਮੀਨ ਨਾਲ਼ ਪਟਕਦੀਆਂ ਵਿਖਾਈ ਦੇਂਦੀਆਂ ਹਨ। ਲਹੂ ਇੱਕ ਸੈਨਤਾਂ ਮਾਰਦੀ ਮੁਸਕਰਾਹਟ ਵਾਂਗ ਇੱਕ ਲਾਲ ਧਾਰ ਵਿੱਚ ਵਲ਼ ਖਾਂਦਾ ਡੁੱਲ੍ਹਦਾ ਹੈ...।

ਕਾਰ ਵਿੱਚ ਬੈਠੀਆਂ ਔਰਤਾਂ ਚੀਕ ਚਿਹਾੜਾ ਪਾ ਦੇਂਦੀਆਂ ਹਨ, ਪਰ ਸਾਰੀਆਂ ਅਵਾਜ਼ਾਂ ਭੀੜ ਦੀ ਡੂੰਘੀ, ਜੇਤੂ ਚਾਂਗਰ ਵਿੱਚ ਡੁੱਬ ਜਾਂਦੀਆਂ ਹਨ — ਇੰਝ ਜਾਪਦਾ ਹੈ ਜਿਵੇਂ ਇੱਕ ਸਿੱਲ੍ਹੀ ਤੇ ਭਾਰੀ ਬਹੁਤ ਵੱਡੀ ਚਾਦਰ ਅਚਾਨਕ ਉਹਨਾਂ ਉੱਤੇ ਸੁੱਟ ਦਿੱਤੀ ਗਈ ਸੀ।

ਘੰਟੀ ਦਾ ਪ੍ਰੇਸ਼ਾਨ ਖੜਾਕ, ਘੋੜਿਆਂ ਦੀਆਂ ਟਾਪਾਂ ਦੀ ਟਪ ਟਪ, ਬਿਜਲੀ ਦੀ ਲਿਲਕ ਇਹਨਾਂ ਸਭ ਅਵਾਜ਼ਾਂ ਦੀ ਸੰਘੀ, ਭੀੜ ਦੇ ਅੰਗਾਂ ਨੂੰ ਚੜ੍ਹਦੀ ਆਉਂਦੀ, ਇੱਕ ਵਹਿਸ਼ੀ

ਜਾਨਵਰ ਵਾਂਗ ਗਰਜਦੀ, ਕਾਰਾਂ ਨਾਲ਼ ਟਕਰਾਉਂਦੀ, ਉਹਨਾਂ ਉੱਤੇ ਆਪਣੀ ਕਾਲਖ ਦਾ ਪੋਚਾ ਫੇਰਦੀ ਕਾਲ਼ੀ ਕਾਂਗ ਦੇ ਖੌਫ ਨੇ ਘੁੱਟ ਦਿੱਤੀ ਹੈ।

ਤ੍ਰਬਕ ਕੇ ਛੋਟੇ ਛੋਟੇ ਹਟਕੋਰੇ ਲੈ ਕੇ ਥਰਥਰਾਂਦਿਆਂ ਕਾਰ ਦੀ ਬਾਰੀ ਦਾ ਸ਼ੀਸ਼ਾ ਚੀਣਾ ਚੀਣਾ ਹੋ ਕੇ ਖਿੱਲਰ ਗਿਆ ਹੈ। ਭੀੜ ਦੇ ਥਰਥਰਾਂਦੇ ਤੇ ਮਾਰ ਕੁਟਾਈ ਕਰਦੇ ਅਥਾਹ ਭਾਰੀ ਸਰੀਰ ਤੋਂ ਬਿਨਾਂ ਹੋਰ ਕੁਝ ਨਹੀਂ ਵਿਖਾਈ ਦੇਂਦਾ ਅਤੇ ਭੀੜ ਦੀ ਚਾਂਗਰ, ਇਸ ਦੀ ਖ਼ੁਸ਼ੀ ਭਰਪੂਰ ਚੀਕ ਤੋਂ ਬਿਨਾਂ ਕੁਝ ਸੁਣਾਈ ਨਹੀਂ ਦੇਂਦਾ, ਜਿਸ ਚੀਕ ਨਾਲ਼ ਉਹ ਆਪਣੇ ਆਪ ਦੇ ਇੱਕ ਸੱਤ੍ਹਾ ਹੋਣ ਬਾਰੇ ਖ਼ੁਸ਼ੀ ਨਾਲ਼ ਦਾਅਵਾ ਕਰਦੀ ਹੈ ਅਤੇ ਐਲਾਨ ਕਰਦੀ ਹੈ ਕਿ ਅਖੀਰ ਉਸ ਨੇ ਵੀ ਕਰਨ ਲਈ ਕੋਈ ਕੰਮ ਲੱਭ ਹੀ ਲਿਆ ਹੈ।

ਸੈਂਕੜੇ ਲੰਬੇ ਹੱਥ ਹਵਾ ਵਿੱਚ ਲਹਿਰਾਉਂਦੇ ਹਨ, ਇੱਕ ਅਨੋਖੀ ਤੇਜ਼ ਭੁੱਖ ਦੇ ਇੱਕ ਲਾਲਚੀ ਸ਼ੋਅਲੇ ਨਾਲ਼ ਸੈਆਂ ਅੱਖਾਂ ਲਿਸ਼ਕਦੀਆਂ ਹਨ।

ਇਹ ਕਾਲ਼ੀ **ਭੀੜ** ਕਿਸੇ ਨੂੰ ਘਸੁੰਨਾਂ ਨਾਲ਼ ਕੁੱਟਦੀ ਹੈ, ਇਹ ਉਸ ਨੂੰ ਖਿੱਚ ਖਿੱਚ ਕੇ ਤੋੜਦੀ ਹੈ, ਇਹ ਆਪਣਾ ਬਦਲਾ ਲੈ ਰਹੀ ਹੈ..।

ਇਸ ਦੀਆਂ ਆਪੋ ਵਿੱਚ ਘੁਲ਼ੀਆਂ ਮਿਲ਼ੀਆਂ ਚੀਕਾਂ ਦੇ ਤੂਫਾਨ ਵਿੱਚੋਂ, ਵਧੇਰੇ ਤੋਂ ਵਧੇਰੇ ਲਗਾਤਾਰ ਇੱਕ ਸ਼ੂਕਦਾ ਸ਼ਬਦ ਜਿਹੜਾ ਚਾਕੂ ਦੇ ਲਚਕਦਾਰ ਤੇ ਲੰਮੇ ਫਲ ਵਾਂਗ ਲਿਸ਼ਕਦਾ ਹੈ, ਸੁਣਾਈ ਦੇਂਦਾ ਹੈ:

"ਮਾਰ ਦਿਓ!"

ਇਸ ਸ਼ਬਦ ਦੀ **ਭੀੜ** ਦੀਆਂ ਸਾਰੀਆਂ ਧੁੰਦਲੀਆਂ ਇਛਾਵਾਂ ਨੂੰ ਇੱਕਮੁੱਠ ਕਰਨ ਦੀ, ਇਸ ਦੀਆਂ ਚੀਕਾਂ ਨੂੰ ਇੱਕ ਗਰਜ ਵਿੱਚ ਬਦਲਣ ਦੀ ਜਾਦੂਈ ਤਾਕਤ ਹੈ:

"ਮਾਰ ਦਿਓ!"

ਭੀੜ ਦੀਆਂ ਕੁਝ ਟੁਕੜੀਆਂ ਪਲਮ ਕੇ ਸਟਰੀਟ ਕਾਰਾਂ ਦੀਆਂ ਛੱਤਾਂ ਉੱਤੇ ਜਾ ਚੜ੍ਹੀਆਂ ਹਨ ਅਤੇ ਉੱਥੋਂ ਵੀ ਹਵਾ ਵਿੱਚ ਵਲ਼ ਖਾਂਦਾ ਤੇ ਚਾਬਕ ਵਾਂਗ ਸ਼ੂਕਦਾ ਸ਼ਬਦ ਸੁਣਾਈ ਦੇਂਦਾ ਹੈ:

"ਮਾਰ ਦਿਓ!"

ਭੀੜ ਦੇ ਐਨ ਵਿਚਕਾਰ ਇੱਕ ਚੰਗੀ ਤਰ੍ਹਾਂ ਗਠਿਆ ਹੋਇਆ ਚੱਕਰ ਬਣ ਗਿਆ ਹੈ; ਇਸ ਨੇ ਕਿਸੇ ਚੀਜ਼ ਨੂੰ ਘੇਰਿਆ ਹੋਇਆ ਹੈ, ਧੂ ਖਿੱਚ ਕੇ ਅੰਦਰ ਲੈ ਆਂਦਾ ਹੈ ਅਤੇ ਭੀੜ ਹਰਕਤ ਵਿੱਚ ਹੈ, ਪਿਛਾਂਹ ਨੂੰ ਖੁੱਲ੍ਹੀ ਥਾਂ ਵੱਲ ਸਰਕਦੀ ਜਾਂਦੀ ਹੈ। **ਭੀੜ** ਦਾ ਭਾਰੀ ਸਰੀਰ ਵਿਚਕਾਰੋਂ ਪੈਂਦੇ ਦਬਾਅ ਦੇ ਅੱਗੇ ਆਗਿਆਕਾਰੀ ਰੌਂ ਵਿੱਚ ਪਿਛਾਂਹ ਨੂੰ ਹੱਟਦਾ ਜਾਂਦਾ ਹੈ, ਵੰਡੀਜਦਿਆਂ ਆਪਣੀਆਂ ਆਂਦਰਾਂ ਵਿੱਚੋਂ ਇਹ ਭਾਰੀ ਕਾਲ਼ਾ ਢੇਰ—ਆਪਣਾ ਸਿਰ, ਆਪਣੇ ਜਬਾੜੇ ਬਾਹਰ ਕੱਢਦਾ ਹੈ।

ਇਸ ਦੇ ਦੰਦਾਂ ਵਿਚਾਲੇ ਇੱਕ ਚਿੱਥਿਆ ਚੱਬਿਆ ਲਹੂ ਲੁਹਾਣ ਅਕਾਰ ਪਕੜਿਆ ਹੋਇਆ ਹੈ — ਇਹ ਸਟਰੀਟ ਕਾਰ ਦਾ ਚਾਲਕ ਹੈ, ਜਿਵੇਂ ਕਿ ਕੋਈ ਵੀ ਉਸ ਦੀ ਵਰਦੀ ਦੇ ਚੀਥੜਿਆਂ ਦੀਆਂ ਧਾਰੀਆਂ ਤੋਂ ਪਹਿਚਾਣ ਸਕਦਾ ਹੈ।

ਹੁਣ ਉਸ ਮਹਿਜ਼ ਇੱਕ ਚੱਬੇ ਹੋਏ ਮਾਸ ਦੇ ਟੁਕੜੇ ਵਾਂਗ ਹੈ — ਤਾਜ਼ਾ ਮਾਸ, ਜਿਸ ਵਿੱਚੋਂ ਲਹੂ ਦੇ ਲਿਸ਼ਕਦੇ ਤੁਪਕੇ ਡਿੱਗ ਰਹੇ ਹਨ।

ਭੀੜ ਦੇ ਕਾਲ਼ੇ ਜਬਾੜਿਆਂ ਨੇ ਉਸ ਨੂੰ ਚੁੱਕਿਆ ਹੋਇਆ ਹੈ, ਅਜੇ ਵੀ ਉਹ ਉਸ ਨੂੰ ਚੱਬ ਰਹੇ ਹਨ ਅਤੇ **ਭੀੜ** ਦੀਆਂ ਬਾਹਾਂ ਤੰਦੂਏ ਦੀਆਂ ਟੋਹਣੀਆਂ ਵਾਂਗ ਇਸ ਬਿਨਾਂ ਸਿਰ ਦੇ ਸਰੀਰ ਦੇ ਦੁਆਲ਼ ਵਲ਼ੀਆਂ ਹੋਈਆਂ ਹਨ।

ਭੀੜ ਬੜ੍ਹਕਦੀ ਹੈ:

"ਮਾਰ ਦਿਓ!"

ਅਤੇ ਇਹ ਆਪਣੇ ਸਿਰੇ ਦੇ ਪਿੱਛੇ ਇੱਕ ਕਤਾਰ ਵਿੱਚ ਖੜ੍ਹੀ ਹੋ ਜਾਂਦੀ ਹੈ, ਇੱਕ ਲੰਮੇ, ਮੋਟੇ ਸਰੀਰ ਦਾ ਰੂਪ ਧਾਰ ਲੈਂਦੀ ਹੈ ਜੋ ਤਾਜ਼ਾ ਮਾਸ ਦੀ ਵੱਡੀ ਮਾਤਰਾ ਨੂੰ ਹੜੱਪ ਕਰਨ ਲਈ ਤਿਆਰ ਹੈ।

ਪਰ ਅਚਾਨਕ ਚੰਗੀ ਤਰ੍ਹਾਂ ਮੁੰਨੇ ਹੋਏ ਤਾਂਬੇ ਰੰਗੇ ਚਿਹਰੇ ਵਾਲ਼ਾ ਇੱਕ ਆਦਮੀ ਇਸ ਦੇ ਸਾਹਮਣੇ ਪ੍ਰਗਟ ਹੁੰਦਾ ਹੈ। ਉਸ ਨੇ ਆਪਣਾ ਸਲੇਟੀ ਲੋਹ ਟੋਪ ਆਪਣੀਆਂ ਅੱਖਾਂ ਤੱਕ ਪਹਿਨਿਆ ਹੋਇਆ ਹੈ ਅਤੇ ਉਹ **ਭੀੜ** ਦੇ ਰਾਹ ਵਿੱਚ ਇੱਕ ਸਲੇਟੀ ਚਟਾਨ ਵਾਂਗ ਖਲੋਤਾ ਹੈ, ਉਸ ਦਾ ਡੰਡਾ ਖਾਮੋਸ਼ੀ ਨਾਲ਼ ਉਤਾਂਹ ਉੱਠਿਆ ਹੈ।

ਭੀੜ ਦਾ ਸਿਰ ਡੰਡੇ ਦੀ ਮਾਰ ਤੋਂ ਬਚਣ ਲਈ ਪਹਿਲਾਂ ਖੱਬੇ ਪਾਸੇ ਤੇ ਫਿਰ ਸੱਜੇ ਪਾਸੇ ਵੱਲ ਘੁੰਮਦਾ ਹੈ।

ਪੁਲਸੀਆ ਅਹਿੱਲ ਜੰਮ ਕੇ ਖਲੋਤਾ ਹੈ, ਉਸ ਦੇ ਹੱਥ ਵਿੱਚ ਪਕੜਿਆ ਡੰਡਾ ਹਿੱਲ ਨਹੀਂ ਰਿਹਾ, ਉਸ ਦੀਆਂ ਕਠੋਰ ਅੱਖਾਂ ਸ਼ਾਂਤ ਹਨ ਤੇ ਝਮਕ ਨਹੀਂ ਰਹੀਆਂ।

ਆਪਣੀ ਤਾਕਤ ਵਿੱਚ ਪੁਲਸੀਏ ਦਾ ਦ੍ਰਿੜ ਵਿਸ਼ਵਾਸ **ਭੀੜ** ਦੇ ਭੱਖਦੇ ਚਿਹਰੇ ਉੱਤੇ ਠੰਡਾ ਯਖ ਪਾਣੀ ਸੁੱਟ ਦੇਂਦਾ ਹੈ।

ਜੇ ਇੱਕ ਆਦਮੀ ਇਕੱਲਿਆ ਇਸ ਦਾ ਸਾਹਮਣਾ ਕਰ ਸਕਦਾ ਹੈ ਉਸ ਦੇ ਮਜ਼ਬੂਤ, ਤਾਕਤਵਰ, ਉਬਲਦੇ ਲਾਵੇ ਵਰਗੇ ਇਰਾਦੇ ਦੀ ਪ੍ਰਵਾਹ ਕੀਤੇ ਬਿਨਾਂ ਜੇ ਉਹ ਇਤਨਾ ਸ਼ਾਂਤ ਹੋ ਸਕਦਾ ਹੈ — ਤਾਂ ਉਹ ਜ਼ਰੂਰ ਹੀ ਅਜਿੱਤ ਹੋਵੇਗਾ।

ਭੀੜ ਉਸ ਦੇ ਸਾਹਮਣੇ ਕੁਝ ਚੀਕ ਕੇ ਆਖਦੀ ਹੈ, ਉਹ ਆਪਣੀਆਂ ਟੋਹਣੀਆਂ ਇੰਝ ਲਹਿਰਾਉਂਦੀ ਹੈ ਜਿਵੇਂ ਉਹ ਇਹਨਾਂ ਨੂੰ ਪੁਲਸੀਏ ਦੇ ਚੌੜੇ ਮੋਢਿਆਂ ਦੁਆਲ਼ੇ ਵਲ਼ ਦੇਵੇਗੀ, ਪਰ ਉਸ ਦੀ ਚੀਕ ਵਿੱਚ, ਭਾਵੇਂ ਉਹ ਰੋਹ ਭਰਪੂਰ ਹੈ, ਇੱਕ ਸੋਗਵਾਨ ਸੁਰ ਹੈ ਅਤੇ ਜਦੋਂ ਪੁਲਸੀਏ ਦਾ ਤਾਂਬੇ ਰੰਗਾ ਚਿਹਰਾ ਗੁੱਸੇ ਨਾਲ਼ ਕਾਲ਼ਾ ਹੁੰਦਾ ਹੈ ਅਤੇ ਜਦੋਂ ਉਹ ਛੋਟੇ, ਕਠੋਰ ਡੰਡੇ ਵਾਲ਼ਾ ਹੱਥ ਉਤਾਂਹ ਨੂੰ ਚੁੱਕਦਾ ਹੈ — **ਭੀੜ** ਦੀ ਗਰਜਦੀ ਅਵਾਜ਼ ਅਜੀਬ ਢੰਗ ਨਾਲ਼ ਪਾਟ ਜਾਂਦੀ ਹੈ, ਅਤੇ ਉਸ ਦਾ ਧੜ ਹੌਲ਼ੀ ਹੌਲ਼ੀ, ਸਹਿਜੇ ਸਹਿਜੇ ਵੱਖ ਹੋ ਜਾਂਦਾ ਹੈ; ਪਰ ਸਿਰ ਅਜੇ ਵੀ ਬੁੜਬੜਾਉਂਦਾ ਹੈ, ਅਜੇ ਵੀ ਏਧਰ ਉੱਧਰ ਝੂਲਦਾ ਹੈ: ਉਹ ਰੀਂਗਣਾ ਚਾਹੁੰਦਾ ਹੈ।

ਹੌਲ਼ੀ ਹੌਲ਼ੀ ਡੰਡਿਆਂ ਵਾਲ਼ੇ ਦੋ ਹੋਰ ਬੰਦੇ ਨੇੜੇ ਨੇੜੇ ਆਉਂਦੇ ਹਨ। **ਭੀੜ** ਦੀਆਂ ਟੋਹਣੀਆਂ ਅਚਾਨਕ ਕਮਜ਼ੋਰ ਪੈ ਜਾਂਦੀਆਂ ਹਨ ਅਤੇ ਸਰੀਰ ਉਹਨਾਂ ਦੀ ਜਕੜ ਵਿੱਚੋਂ ਢਿਲਕ ਜਾਂਦਾ

ਹੈ, ਸਰੀਰ ਉਸ ਦੇ ਗੋਡਿਆਂ ’ਤੇ ਡਿੱਗਦਾ ਹੈ, **ਭੀੜ** ਕਾਨੂੰਨ ਦੇ ਪ੍ਰਤੀਨਿੱਧ ਦੇ ਪੈਰਾਂ ਵਿੱਚ ਚੌਂਫਾਲ ਡਿੱਗਦੀ ਹੈ ਅਤੇ ਉਹ ਆਪਣੇ ਅਧਿਕਾਰ ਦਾ ਛੋਟਾ ਤੇ ਕਠੋਰ ਚਿੰਨ੍ਹ **ਭੀੜ** ਦੇ ਉੱਪਰ ਉਠਾਉਂਦਾ ਹੈ....।

ਭੀੜ ਦਾ ਸਿਰ ਵੀ ਹੌਲ਼ੀ ਹੌਲ਼ੀ ਟੁਕੜਿਆਂ ਵਿੱਚ ਵੰਡਿਆ ਜਾਂਦਾ ਹੈ। ਇਸ ਦਾ ਹੁਣ ਕੋਈ ਧੜ ਨਹੀਂ ਹੈ; ਥੱਕੇ ਟੁੱਟੇ ਬੁਜ਼ਦਿਲਾਂ ਵਾਂਗ ਆਦਮੀ ਰੀਂਗਦੇ ਹੋਏ ਚੌਂਕ ਵਿੱਚੋਂ ਲੰਘਦੇ ਹਨ, ਉਹਨਾਂ ਦੇ ਕਾਲ਼ੇ ਅਕਾਰ ਚੌਂਕ ਦੇ ਕੂੜੇ ਕਰਕਟ ਨਾਲ਼ ਅੱਟੇ ਫਰਸ਼ ਉੱਤੇ ਬਹੁਤ ਵੱਡੇ ਹਾਰ ਦੇ ਕਾਲ਼ੇ ਮਣਕਿਆਂ ਵਾਂਗ ਖਿਲਰੇ ਹੋਏ ਹਨ।

ਬਦਰੋਆਂ ਵਰਗੀਆਂ ਗਲੀਆਂ ਵੱਲ ਲੋਕ ਤੁਰੀ ਜਾਂਦੇ ਹਨ, ਉਦਾਸ ਤੇ ਖਾਮੋਸ਼। ਟੁੱਟੇ ਭੱਜੇ ਲੋਕ, ਖਿੰਡੇ ਪੁੰਡੇ ਲੋਕ...।

1906

ਮੇਰੀਆਂ ਮੁਲਾਕਾਤਾਂ

ਗਣਰਾਜ ਦਾ ਇੱਕ ਬਾਦਸ਼ਾਹ

...ਅਮਰੀਕਾ ਦੇ ਫੌਲਾਦ ਤੇ ਤੇਲ ਦੇ ਬਾਦਸ਼ਾਹਾਂ ਅਤੇ ਦੂਜੇ ਸਾਰੇ ਬਾਦਸ਼ਾਹਾਂ ਨੇ ਸਦਾ ਹੀ ਮੇਰੀ ਕਲਪਨਾ ਨੂੰ ਪ੍ਰੇਸ਼ਾਨ ਕੀਤਾ ਹੈ। ਮੈਂ ਇਹ ਕਿਆਸ ਵੀ ਨਹੀਂ ਸਾਂ ਕਰ ਸਕਦਾ ਕਿ ਇਤਨੀ ਵੱਡੀ ਦੌਲਤ ਦੇ ਮਾਲਕ ਲੋਕ ਵੀ ਸਾਧਾਰਨ ਨਾਸਵਾਨ ਲੋਕਾਂ ਵਰਗੇ ਹੋ ਸਕਦੇ ਹਨ।

ਮੈਨੂੰ ਇੰਝ ਜਾਪਦਾ ਸੀ ਜਿਵੇਂ ਇਹਨਾਂ ਵਿੱਚੋਂ ਹਰ ਇੱਕ ਦੇ ਤਿੰਨ ਪੇਟ ਅਤੇ ਲਗਭਗ ਡੇਢ ਸੌ ਦੰਦ ਹੋਣਗੇ। ਮੇਰਾ ਪੱਕਾ ਵਿਸ਼ਵਾਸ ਸੀ ਕਿ ਇੱਕ ਕਰੋੜਪਤੀ ਬਿਨਾਂ ਕਿਸੇ ਵਕਫੇ ਦੇ ਸਾਰਾ ਦਿਨ, ਛੇ ਵਜੇ ਸਵੇਰ ਤੋਂ ਲੈ ਕੇ ਅੱਧੀ ਰਾਤ ਤੱਕ ਖਾਂਦਾ ਹੀ ਰਹਿੰਦਾ ਹੋਵੇਗਾ, ਕਿ ਉਹ ਬਹੁਤ ਹੀ ਮਹਿੰਗੇ ਭੋਜਨ ਨਿਗਲਦਾ ਹੋਵੇਗਾ: ਬੱਤਖਾਂ, ਅਮਰੀਕੀ ਕੁੱਕੜ, ਦੁੱਧ ਚੁੰਘਦੇ ਸੂਰ, ਮੱਖਣ ਲੱਗੀਆਂ ਮੂਲ਼ੀਆਂ, ਪੁਡਿੰਗ, ਕੇਕ ਅਤੇ ਛੱਤੀ ਪ੍ਰਕਾਰ ਦੇ ਸੁਆਦਲੇ ਪਕਵਾਨ। ਸ਼ਾਮ ਤੱਕ ਉਸ ਦੇ ਜਬਾੜੇ ਇਤਨੇ ਆਕੜ ਜਾਂਦੇ ਹੋਣਗੇ ਕਿ ਉਹ ਆਪਣੇ ਨੀਗਰੋ ਨੌਕਰਾਂ ਨੂੰ ਆਪਣੇ ਲਈ ਖੁਰਾਕ ਚਿੱਥਣ ਦਾ ਹੁਕਮ ਦੇਂਦਾ ਹੋਵੇਗਾ ਅਤੇ ਉਹ ਮਹਿਜ਼ ਉਸ ਨੂੰ ਨਿਗਲਦਾ ਹੀ ਹੋਵੇਗਾ, ਅਖੀਰ, ਜਦੋਂ ਉਹ ਮੁੜ੍ਹਕੋ ਮੁੜ੍ਹਕੀ ਹੋਇਆ ਥੱਕ ਜਾਂਦਾ ਹੋਵੇਗਾ ਤਾਂ ਨੀਗਰੋ ਨੌਕਰ ਉਸ ਨੂੰ ਚੁੱਕ ਕੇ ਬਿਸਤਰੇ ਵਿੱਚ ਲਿਟਾ ਦੇਂਦੇ ਹੋਣਗੇ ਅਤੇ ਅਗਲੀ ਸਵੇਰ ਜਦੋਂ ਉਹ ਛੇ ਵਜੇ ਜਾਗਦਾ ਹੋਵੇਗਾ ਫਿਰ ਮੁੜ ਕੇ ਉਹੋ ਥਕਾ ਦੇਣ ਵਾਲ਼ੀ ਕਾਰਵਾਈ ਸ਼ੁਰੂ ਕਰ ਦੇਂਦਾ ਹੋਵੇਗਾ।

ਪਰ ਇਸ ਹੱਡ ਭੰਨ੍ਹਵੀਂ ਕੋਸ਼ਿਸ਼ ਨਾਲ਼ ਵੀ, ਉਹ ਆਪਣੇ ਮੂਲ ਉਤਲੇ ਸੂਦ ਦਾ ਅੱਧਾ ਹਿੱਸਾ ਵੀ ਹਜ਼ਮ ਨਹੀਂ ਕਰ ਸਕਦਾ ਹੋਣਾ।

ਵਿਸ਼ਵਾਸ ਕਰੋ, ਇਹ ਬਹੁਤ ਹੀ ਕਰੜਾ ਜੀਵਨ ਸੀ। ਪਰ ਕੀਤਾ ਵੀ ਕੀ ਜਾਵੇ ? ਇੱਕ ਕਰੋੜਪਤੀ ਹੋਣ ਦਾ ਕੀ ਲਾਭ ਜੇ ਤੁਸੀਂ ਇੱਕ ਸਾਧਾਰਨ ਵਿਅਕਤੀ ਨਾਲ਼ੋਂ ਵਧੇਰੇ ਨਹੀਂ ਖਾ ਸਕਦੇ ?

ਮੈਨੂੰ ਇੰਝ ਜਾਪਦਾ ਸੀ ਜਿਵੇਂ ਉਸ ਦੇ ਪਹਿਰਾਵੇ ਹੇਠਲੇ ਕੱਪੜੇ ਕੀਮਖਾਬ ਦੇ ਬਣੇ ਹੋਏ ਹੋਣਗੇ ਤੇ ਉਸ ਦੇ ਬੂਟਾਂ ਦੀਆਂ ਅੱਡੀਆਂ ਸੋਨੇ ਦੀਆਂ ਮੇਖਾਂ ਨਾਲ਼ ਜੜੀਆਂ ਹੋਈਆਂ ਹੋਣਗੀਆਂ ਅਤੇ ਕਿ ਉਸ ਨੇ ਸਿਰ ਉੱਤੇ ਟੋਪ ਦੀ ਥਾਂ ਕੋਈ ਹੀਰਿਆਂ ਦਾ ਕੱਜਣ ਪਹਿਨਿਆ ਹੋਇਆ ਹੋਵੇਗਾ, ਉਸ ਦੀ ਜੈਕਟ ਜ਼ਰੂਰ ਹੀ ਕੀਮਤੀ ਮਖਮਲ ਦੀ ਬਣੀ ਹੋਈ ਹੋਵੇਗੀ, ਇਹ ਘੱਟੋ ਘੱਟ ਪੰਜਾਹ ਫੁੱਟ ਲੰਮੀ ਹੋਵੇਗੀ ਅਤੇ ਉਸ ਨੂੰ ਕਿਸੇ ਵੀ ਤਰ੍ਹਾਂ ਤਿੰਨ ਸੌ ਤੋਂ ਘੱਟ ਬਟਨ

ਨਹੀਂ ਲੱਗੇ ਹੋਣੇ। ਛੁੱਟੀ ਵਾਲ਼ੇ ਦਿਨੀਂ ਉਹ ਹੇਠ ਉੱਤੇ ਅੱਠ ਜੈਕਟਾਂ ਤੇ ਛੇ ਪਤਲੂਣਾਂ ਪਹਿਨਦਾ ਹੋਵੇਗਾ। ਸਹੀ ਹੈ ਕਿ ਇਹ ਗੱਲ ਮੂਰਖਾਂ ਵਾਲ਼ੀ ਤੇ ਅਸੁਖਾਵੀਂ ਹੋਵੇਗੀ...। ਪਰ ਇਤਨਾ ਵੱਡਾ ਧਨਾਢ ਆਦਮੀ ਅਜਿਹਾ ਪਹਿਰਾਵਾ ਵੀ ਨਹੀਂ ਪਾ ਸਕਦਾ ਜਿਹੋ ਜਿਹਾ ਹਰ ਕੋਈ ਪਹਿਨਦਾ ਹੈ...।

ਇੱਕ ਕਰੋੜਪਤੀ ਦੀ ਜੇਬ੍ਹ ਮੇਰੇ ਕਿਆਸ ਅਨੁਸਾਰ ਇੱਕ ਅਜਿਹੀ ਖੁੱਡ ਹੋਵੇਗੀ ਜਿਸ ਵਿੱਚ ਉਹ ਇੱਕ ਗਿਰਜਾ, ਸੈਨੇਟ ਦੀ ਇਮਾਰਤ ਤੇ ਆਮ ਵਰਤੋਂ ਚੀਜ਼ਾਂ ਪਾ ਸਕੇਗਾ...। ਪਰ ਇਸ ਗੱਲ 'ਤੇ ਵਿਸ਼ਵਾਸ ਕਰਦਿਆਂ ਕਿ ਇਸ ਭੱਦਰ ਪੁਰਸ਼ ਦੇ ਪੇਟ ਦੀ ਸਮਰੱਥਾ ਇੱਕ ਸਮੁੰਦਰੀ ਬੇੜੇ ਜਿੰਨੀ ਜ਼ਰੂਰ ਹੋਵੇਗੀ, ਮੈਂ ਅਜਿਹੇ ਜੀਵ ਦੀਆਂ ਲੱਤਾਂ ਤੇ ਪਤਲੂਣਾਂ ਦੀ ਲੰਬਾਈ ਦਾ ਅੰਦਾਜ਼ਾ ਨਹੀਂ ਸਾਂ ਲਾ ਸਕਦਾ। ਪਰ, ਮੈਂ ਇਹ ਜ਼ਰੂਰ ਸਮਝਦਾ ਸਾਂ ਕਿ ਜਿਸ ਰਜ਼ਾਈ ਦੇ ਹੇਠਾਂ ਉਹ ਸੌਂਦਾ ਹੋਵੇਗਾ ਇੱਕ ਵਰਗ ਮੀਲ ਨਾਲ਼ੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਹੋਣੀ ਅਤੇ ਜੇ ਉਹ ਤਮਾਕੂ ਚੱਬਦਾ ਹੋਵੇ ਤਾਂ ਕੁਦਰਤੀ ਤੌਰ 'ਤੇ ਉਹ ਬਹੁਤ ਹੀ ਉੱਚੀ ਕੁਆਲਟੀ ਦਾ ਹੋਵਗਾ ਅਤੇ ਇੱਕ ਵਾਰ ਦਾ ਤਮਾਕੂ ਇੱਕ ਜਾਂ ਦੋ ਪੌਂਡ ਜ਼ਰੂਰ ਹੋਵੇਗਾ। ਜੇ ਉਹ ਨਸਵਾਰ ਵਰਤਦਾ ਹੋਵੇ ਤਾਂ ਉਸ ਦੀ ਇੱਕ ਚੁਟਕੀ ਇੱਕ ਪੌਂਡ ਤੋਂ ਭਲ਼ਾ ਕੀ ਘੱਟ ਹੋਣੀ ਏ। ਆਖਰ ਪੈਸਾ ਚਾਹੁੰਦਾ ਹੈ ਕਿ ਮੈਨੂੰ ਖਰਚਿਆਂ ਜਾਵੇ।

ਉਸ ਦੀਆਂ ਉਂਗਲਾਂ ਸ਼ਾਨਦਾਰ ਤੌਰ 'ਤੇ ਸੂਖਮ ਤੇ ਅਨੁਭਵੀ ਹੋਣਗੀਆਂ ਅਤੇ ਉਹਨਾਂ ਵਿੱਚ ਆਪਣੀ ਮਰਜ਼ੀ ਨਾਲ਼ ਲੰਮਿਆਂ ਹੋਣ ਦੀ ਚਮਤਕਾਰੀ ਸ਼ਕਤੀ ਹੋਵੇਗੀ। ਉਦਾਹਰਣ ਵਜੋਂ ਜੇ ਉਸ ਨੇ ਨਿਊਯਾਰਕ ਵਿੱਚ ਬੈਠਿਆਂ ਸਾਇਬੇਰੀਆਂ ਵਿੱਚ ਕਿਤੇ ਕੋਈ ਡਾਲਰ ਪੁੰਗਰਦਾ ਹੋਇਆ ਤਾੜ ਲਿਆ ਹੋਵੇ ਤਾਂ ਆਪਣੀ ਥਾਂ ਤੋਂ ਹਿੱਲੇ ਬਿਨਾਂ ਝੱਟ ਆਪਣਾ ਹੱਥ ਖਾਕਨਾਏ ਬੇਰਿੰਗ ਉੱਤੋਂ ਦੀ ਪਸਾਰ ਕੇ ਆਪਣਾ ਮਨ ਚਾਹਿਆ ਫੁੱਲ ਤੋੜ ਲੈਣਾ ਹੋਵੇਗਾ।

ਬੜੀ ਅਜੀਬ ਗੱਲ ਹੈ, ਇਸ ਸਭ ਕੁਝ ਦੇ ਬਾਵਜੂਦ ਮੈਂ ਇਸ ਗੱਲ ਦਾ ਕਿਆਸ ਨਹੀਂ ਕਰ ਸਕਿਆ ਕਿ ਇਸ ਦਾਨਵ ਦਾ ਸਿਰ ਕਿਹੋ ਜਿਹਾ ਹੋਵੇਗਾ। ਇਸ ਤੋਂ ਉਪਰੰਤ, ਮੈਂ ਇਹ ਮਹਿਸੂਸ ਕੀਤਾ ਕਿ ਮਾਸ ਤੇ ਹੱਡੀਆਂ ਦੇ ਅਜਿਹੇ ਢੇਰ ਨਾਲ਼ ਸਿਰ ਇੱਕ ਬਿਲਕੁੱਲ ਵਾਧੂ ਜਿਹੀ ਚੀਜ਼ ਹੋਵੇਗੀ, ਢੇਰ ਜੋ ਹਰ ਚੀਜ਼ ਵਿੱਚੋਂ ਸੋਨਾ ਨਚੋੜਣ ਦੀ ਇੱਕੋ ਇੱਕ ਖਾਹਿਸ਼ ਨਾਲ਼ ਹਿੱਲ਼ਦਾ ਜੁਲ਼ਦਾ ਹੈ। ਸਮੁੱਚੇ ਤੌਰ 'ਤੇ ਇੱਕ ਕਰੋੜਪਤੀ ਬਾਰੇ ਮੇਰਾ ਸੰਕਲਪ ਕੁਝ ਧੁੰਦਲਾ ਜਿਹਾ ਸੀ। ਮੁੱਕਦੀ ਗੱਲ ਜਿਹੜੀ ਚੀਜ਼ ਮੈਨੂੰ ਸਭ ਤੋਂ ਪਹਿਲਾਂ ਵਿਖਾਈ ਦੇਂਦੀ ਸੀ, ਉਹ ਦੋ ਲੰਮੀਆਂ ਲਚਕੀਲੀਆਂ ਬਾਹਾਂ ਸਨ। ਇਹਨਾਂ ਬਾਹਾਂ ਨੇ ਪ੍ਰਿਥਵੀ ਨੂੰ ਘੁੱਟ ਕੇ ਆਪਣੀ ਜੱਫੀ ਵਿੱਚ ਜਕੜਿਆ ਹੋਇਆ ਸੀ ਅਤੇ ਉਸ ਨੂੰ ਖਿੱਚ ਕੇ ਆਪਣੇ ਕਾਲ਼ੇ, ਖੱਡ ਵਾਂਗ ਖੁੱਲ੍ਹੇ ਮੂੰਹ ਦੇ ਨੇੜੇ ਕੀਤਾ ਹੋਇਆ ਸੀ ਜੋ ਸਾਡੇ ਨਛੱਤਰ ਨੂੰ ਚੂੰਡ ਰਿਹਾ ਸੀ, ਘੁਣ ਵਾਂਗ ਖਾ ਤੇ ਚੱਬ ਰਿਹਾ ਸੀ, ਉਸ ਉੱਤੇ ਆਪਣੀਆਂ ਲਾਲਚੀ ਰਾਲ੍ਹਾਂ ਇੰਝ ਵਹਾ ਰਿਹਾ ਸੀ ਜਿਵੇਂ ਉਹ ਉਬਲਿਆ ਹੋਇਆ ਆਲੂ ਹੋਵੇ...।

ਤੁਸੀਂ ਮੇਰੀ ਉਸ ਹੈਰਾਨਗੀ ਦਾ ਚੰਗੀ ਤਰ੍ਹਾਂ ਅਨੁਮਾਨ ਲਾ ਸਕਦੇ ਹੋ ਜੋ ਮੈਨੂੰ ਇੱਕ ਕਰੋੜਪਤੀ ਨੂੰ ਮਿਲ਼ ਕੇ ਹੋਈ ਹੋਵੇਗੀ ਜਦੋਂ ਮੈਨੂੰ ਉਹ ਇੱਕ ਬਹੁਤ ਹੀ ਸਾਧਾਰਨ ਵਿਅਕਤੀ

ਵਿਖਾਈ ਦਿੱਤਾ।

ਇੱਕ ਡੂੰਘੀ ਆਰਾਮ ਕੁਰਸੀ ਵਿੱਚ ਮੇਰੇ ਸਾਹਮਣੇ ਇੱਕ ਲੰਮ-ਸੁਕੜੂ ਜਿਹਾ ਆਦਮੀ ਬੈਠਾ ਸੀ। ਉਸ ਦੇ ਆਮ ਵਰਗੇ ਭੂਰੇ ਝੁਰੜਾਏ ਹੱਥ ਉਸ ਦੇ ਪੇਟ ਉੱਤੇ ਅਰਾਮ ਨਾਲ਼ ਟਿਕੇ ਹੋਏ ਸਨ। ਉਸ ਦੀਆਂ ਪਿਲ਼ ਪਿਲ਼ ਕਰਦੀਆਂ ਗੱਲ੍ਹਾਂ ਸਾਵਧਾਨੀ ਨਾਲ਼ ਮੁੰਨੀਆਂ ਹੋਈਆਂ ਸਨ, ਅਤੇ ਹੇਠਾਂ ਨੂੰ ਲਮਕਦਾ ਉਸ ਦਾ ਹੇਠਲਾ ਹੋਠ ਉਸ ਦੀ ਚੰਗੀ ਤਰ੍ਹਾਂ ਤਿਆਰ ਕੀਤੀ ਦੰਦਾਂ ਦੀ ਬੀੜ ਨੂੰ ਨੰਗਾ ਕਰ ਰਿਹਾ ਸੀ ਜਿਸ ਵਿੱਚੋਂ ਕੁਝ ਦੰਦ ਸੋਨੇ ਨਾਲ਼ ਮੜ੍ਹੇ ਹੋਏ ਸਨ। ਉਸ ਦਾ ਉਪਰਲਾ ਹੋਠ ਮੁੰਨਿਆ ਹੋਇਆ, ਪੀਲ਼ਾ ਤੇ ਪਤਲਾ, ਜਬਾੜੇ ਵਾਲ਼ੇ ਅਪਰੇਟਸ ਨਾਲ਼ ਚਿਪਕਿਆ ਹੋਇਆ ਸੀ ਤੇ ਜਦੋਂ ਉਹ ਬੁੱਢਾ ਆਦਮੀ ਬੋਲਦਾ ਸੀ ਤਾਂ ਇਹ ਮੁਸ਼ਕਲ ਨਾਲ਼ ਹੀ ਹਿੱਲਦਾ ਸੀ। ਉਸ ਦੀਆਂ ਬੇਰੰਗ ਅੱਖਾਂ ਦੇ ਉੱਪਰ ਭਰਵੱਟੇ ਨਹੀਂ ਸਨ ਅਤੇ ਉਸ ਦੀ ਚਮੜੇ ਰੰਗੀ ਖੋਪੜੀ ਉੱਤੇ ਇੱਕ ਵੀ ਵਾਲ਼ ਨਹੀਂ ਸੀ। ਕੋਈ ਵੀ ਮਹਿਸੂਸ ਕਰਦਾ ਸੀ ਕਿ ਜੇ ਇਸ ਦੇ ਚਿਹਰੇ ਉੱਤੇ ਥੋੜ੍ਹੀ ਜਿਹੀ ਵਧੇਰੇ ਚਮੜੀ ਹੁੰਦੀ ਤਾਂ ਚੰਗਾ ਹੁੰਦਾ, ਲਾਲ ਸੂਹਾ, ਅਹਿੱਲ ਅਤੇ ਮੁਲਾਇਮ, ਇਹ ਨਵੇਂ ਜੰਮੇ ਬੱਚੇ ਦੇ ਚਿਹਰੇ ਨਾਲ਼ ਮਿਲ਼ਦਾ ਜੁਲ਼ਦਾ ਸੀ। ਇਹ ਨਿਸ਼ਚਿਤ ਕਰਨਾ ਔਖੀ ਗੱਲ ਸੀ ਕਿ ਕੀ ਇਹ ਜੀਵ ਹੁਣੇ ਹੀ ਸੰਸਾਰ ਵਿੱਚ ਪਧਾਰਿਆ ਸੀ ਜਾਂ ਇੱਥੋਂ ਕੂਚ ਕਰਨ ਲਈ ਤਿਆਰ ਸੀ...।

ਉਸ ਦਾ ਪਹਿਰਾਵਾ ਵੀ ਇੱਕ ਸਾਧਾਰਨ ਸੰਸਾਰੀ ਜੀਵ ਵਰਗਾ ਹੀ ਸੀ। ਸਾਰੇ ਦਾ ਸਾਰਾ ਸੋਨਾ ਉਸ ਦੀ ਛਾਪ, ਘੜੀ ਤੇ ਦੰਦਾਂ ’ਤੇ ਹੀ ਵਿਖਾਈ ਦੇਂਦਾ ਸੀ। ਕੁੱਲ ਮਿਲ਼ਾ ਕੇ ਇਸ ਦਾ ਵਜ਼ਨ ਅੱਧੇ ਪੌਂਡ ਤੋਂ ਘੱਟ ਹੀ ਹੋਵੇਗਾ। ਆਮ ਤੌਰ ’ਤੇ, ਇਹ ਆਦਮੀ ਕਿਸੇ ਯੂਰਪੀ ਰਈਸ ਘਰ ਦਾ ਇੱਕ ਬੁੱਢਾ ਨੌਕਰ ਵਿਖਾਈ ਦੇਂਦਾ ਸੀ...।

ਜਿਸ ਕਮਰੇ ਵਿੱਚ ਉਹ ਮੈਨੂੰ ਮਿਲ਼ਿਆ ਨਾ ਤਾਂ ਉਹ ਐਸ਼ ਇਸ਼ਰਤ ਦੇ ਸਾਮਾਨ ਨਾ ਸੁੰਦਰਤਾ ਦੇ ਪੱਖੋਂ ਕੋਈ ਬਹੁਤਾ ਸ਼ਾਨਦਾਰ ਸੀ। ਫਰਨੀਚਰ ਬਹੁਤ ਭਾਰੀ ਤੇ ਵਜ਼ਨੀ ਸੀ, ਬੱਸ ਇਹੋ ਕੁਝ ਸੀ ਉੱਥੇ।

ਅਜਿਹੇ ਫਰਨੀਚਰ ਤੋਂ ਕੇਵਲ ਇਹ ਵਿਚਾਰ ਸੁਝਦਾ ਸੀ ਕਿ ਸ਼ਾਇਦ ਇਸ ਘਰ ਵਿੱਚ ਕਦੇ ਕਦਾਈਂ ਹਾਥੀ ਆਉਂਦੇ ਹੋਣਗੇ।

“ਕੀ ਤੁਸੀਂ ਹੀ... ਕਰੋੜਪਤੀ ਹੋ ?” ਆਪਣੀਆਂ ਅੱਖਾਂ ’ਤੇ ਇਤਬਾਰ ਨਾ ਕਰਦਿਆਂ ਮੈਂ ਪੁੱਛਿਆ।

“ਹਾਂ, ਮੈਂ ਹੀ ਹਾਂ।” ਫਿਰ ਸਿਰ ਹਿਲਾਉਂਦਿਆਂ ਉਸ ਉੱਤਰ ਦਿੱਤਾ।

ਮੈਂ ਉਸ ਦੇ ਉੱਤਰ ’ਤੇ ਇਤਬਾਰ ਕਰਨ ਦਾ ਬਹਾਨਾ ਕੀਤਾ, ਪਰ ਕਿਸੇ ਸਮੇਂ ਇਸ ਥਾਂ ਉਸ ਦੇ ਝੂਠ ਦਾ ਭਾਂਡਾ ਭੰਨ੍ਹਣ ਦਾ ਫੈਸਲਾ ਕਰ ਲਿਆ।

“ਤੁਸੀਂ ਛਾਹ ਵੇਲ਼ੇ ਕਿੰਨਾ ਕੁ ਗਊ-ਮਾਸ ਖਾ ਸਕਦੇ ਹੋ ?” ਮੈਂ ਪੁੱਛਿਆ।

“ਮੈਂ ਗਊ ਮਾਸ ਨਹੀਂ ਖਾਂਦਾ,” ਉਸ ਐਲਾਨ ਕੀਤਾ।

“ਸੰਤਰੇ ਦੀ ਇੱਕ ਫਾੜੀ, ਇੱਕ ਅੰਡਾ, ਚਾਹ ਦਾ ਇੱਕ ਛੋਟਾ ਜਿਹਾ ਕੱਪ ਅਤੇ ਬੱਸ...।”

ਮਟਿਆਲੇ ਪਾਣੀ ਦੇ ਦੋ ਵੱਡੇ ਤੁਪਕਿਆਂ ਵਾਂਗ ਉਸ ਦੀਆਂ ਬੱਚਿਆਂ ਵਰਗੀਆਂ ਮਸੂਮ

ਅੱਖਾਂ ਮੱਧਮ ਜਿਹੀਆਂ ਲਿਸ਼ਕੀਆਂ ਅਤੇ ਮੈਂ ਉਹਨਾਂ ਵਿੱਚ ਝੂਠ ਦਾ ਭੋਰਾ ਜਿੰਨਾ ਵੀ ਨਿਸ਼ਾਨ ਨਾ ਲੱਭ ਸਕਿਆ।

"ਬਹੁਤ ਚੰਗਾ!" ਘਬਰਾਂਦੇ ਹੋਏ ਮੈਂ ਆਖਿਆ।

"ਪਰ, ਬੇਨਤੀ ਹੈ, ਮੈਨੂੰ ਰਤਾ ਖੁੱਲ੍ਹੀ ਤਰ੍ਹਾਂ ਸਾਫ ਸਾਫ ਦੱਸੋ, ਕਿ ਤੁਸੀਂ ਦਿਨ ਵਿੱਚ ਕਿੰਨੀ ਵਾਰ ਖਾਂਦੇ ਓ?"

"ਦੋ ਵਾਰ ਦਿਨ ਵਿੱਚ!" ਉਸ ਨੇ ਬੜੇ ਅਰਾਮ ਨਾਲ਼ ਉੱਤਰ ਦਿੱਤਾ। "ਛਾਹ ਵੇਲ਼ਾ ਅਤੇ ਰਾਤ ਦਾ ਖਾਣਾ—ਇਹ ਮੇਰੇ ਲਈ ਬਹੁਤ ਹੀ ਕਾਫੀ ਹੈ। ਰਾਤੇ ਦੇ ਖਾਣੇ ਸਮੇਂ ਥੋੜ੍ਹੀ ਜਿਹੀ ਤਰੀ, ਕੁਝ ਕੁ ਮੁਰਗਾ, ਕੋਈ ਮਿੱਠੀ ਚੀਜ਼ ਤੇ ਫਲ। ਕੌਫੀ ਦਾ ਇੱਕ ਪਿਆਲਾ ਇੱਕ ਸਿਗਾਰ...।"

ਮੇਰੀ ਹੈਰਾਨਗੀ ਇਤਨੀ ਤੇਜ਼ੀ ਨਾਲ਼ ਵੱਧ ਰਹੀ ਸੀ ਜਿਵੇਂ ਪੇਠਾ ਵੱਧਦਾ ਹੈ।

ਉਸ ਨੇ ਮੇਰੇ ਵੱਲ ਸੰਤਾਂ ਵਰਗੀ ਨਜ਼ਰ ਨਾਲ਼ ਵੇਖਿਆ। ਮੈਂ ਸਾਹ ਲੈਣ ਲਈ ਰੁੱਕਿਆ ਤੇ ਫਿਰ ਪੁੱਛਿਆ –

"ਜੇ ਤੁਹਾਡੀ ਗੱਲ ਸਹੀ ਹੈ, ਤੁਸੀਂ ਆਪਣੀ ਸਾਰੀ ਦੌਲਤ ਦਾ ਕੀ ਕਰਦੇ ਹੋ?"

"ਮੈਂ ਇਸ ਨੂੰ ਵਧੇਰੇ ਦੌਲਤ ਬਣਾਉਣ ਲਈ ਵਰਤਦਾ ਹਾਂ...।"

"ਕਿਸ ਲਈ?"

"ਹੋਰ ਵਧੇਰੇ ਦੌਲਤ ਬਣਾਉਣ ਲਈ...।"

"ਕਿਸ ਲਈ?" ਮੈਂ ਫਿਰ ਪੁੱਛਿਆ।

ਉਹ ਅਗਾਂਹ ਨੂੰ ਝੁੱਕਿਆ, ਆਪਣੀਆਂ ਕੂਹਣੀਆਂ ਕੁਰਸੀ ਦੀਆਂ ਬਾਹਾਂ ਉੱਤੇ ਟਿਕਾਂਦਿਆਂ ਅਤੇ ਮੱਧਮ ਜਿਹੀ ਉਤਸਕਤਾ ਨਾਲ਼ ਉਸ ਪੁੱਛਿਆ:

"ਤੂੰ ਪਾਗਲ ਤਾਂ ਨਹੀਂ?"

"ਤੂੰ ਹੀ ਤਾਂ ਨਹੀਂ?" ਮੈਂ ਪਰਤਵਾਂ ਸੁਆਲ ਕੀਤਾ।

ਬੁੱਢੇ ਆਦਮੀ ਨੇ ਆਪਣਾ ਸਿਰ ਝੁਕਾਇਆ ਅਤੇ ਆਪਣੇ ਸੋਨੇ ਨਾਲ਼ ਮੜ੍ਹੇ ਦੰਦਾਂ ਵਿੱਚੋਂ ਲਮਕਵੀਂ ਅਵਾਜ਼ ਵਿੱਚ ਬੋਲਿਆ:

"ਬੜਾ ਦਿਲਚਸਪ ਬੰਦਾ ਏ...। ਮੇਰਾ ਵਿਚਾਰ ਹੈ ਕਿ ਪਹਿਲਾਂ ਮੈਂ ਕਦੇ ਵੀ ਅਜਿਹੇ ਬੰਦੇ ਨੂੰ ਨਹੀਂ ਮਿਲ਼ਿਆ।"

ਫਿਰ ਉਸ ਆਪਣਾ ਸਿਰ ਉਤਾਂਹ ਨੂੰ ਉਠਾਇਆ ਤੇ ਆਪਣੀਆਂ ਵਰਾਛਾਂ ਕੰਨਾਂ ਤੱਕ ਖੋਲ੍ਹੀਆਂ ਤੇ ਉਹ ਖਾਮੋਸ਼ੀ ਨਾਲ਼ ਮੈਨੂੰ ਜਾਂਚਣ ਲੱਗਾ। ਆਪਣੇ ਸ਼ਾਂਤ ਵਤੀਰੇ ਤੋਂ ਅਨੁਮਾਨ ਲਾਉਂਦਿਆਂ, ਉਸ ਨੇ ਅਖੀਰ ਆਪਣੇ ਆਪ ਨੂੰ ਕੁਦਰਤੀ ਤੌਰ 'ਤੇ ਠੀਕ ਠਾਕ ਸਮਝਿਆ। ਮੇਰੀ ਨਜ਼ਰ ਉਸ ਦੀ ਟਾਈ ਵਿੱਚ ਲੱਗੀ ਹੀਰੇ ਵਾਲ਼ੀ ਸੂਈ ਉੱਤੇ ਪਈ। ਜੇ ਇਹ ਪੱਥਰ ਬੂਟ ਦੀ ਅੱਡੀ ਜਿੰਨਾ ਹੁੰਦਾ ਤਾਂ ਮੈਂ ਜਾਣ ਸਕਦਾ ਸਾਂ ਕਿ ਮੈਂ ਕਿਹੜੀ ਥਾਂ 'ਤੇ ਸਾਂ।

"ਅਤੇ ਤੁਸੀਂ ਆਪਣੇ ਆਪ ਦਾ ਕੀ ਕਰਦੇ ਓ?" ਮੈਂ ਪੁੱਛਿਆ।

"ਮੈਂ ਪੈਸਾ ਬਣਾਉਂਦਾ ਹਾਂ," ਉਸ ਨੇ ਮੋਢਿਆਂ ਨੂੰ ਝਟਕਦਿਆਂ ਸੰਖੇਪ ਜਿਹਾ ਉੱਤਰ ਦਿੱਤਾ।

"ਇੱਕ ਜਾਹਲਸਾਜ਼ ਤੇ ਝੂਠਾ ?" ਮੈਂ ਇਹ ਮਹਿਸੂਸ ਕਰਦਿਆਂ ਕਿ ਬੱਸ ਮੈਂ ਇਸ ਭੇਦ ਨੂੰ ਹੱਲ ਕਰਨ ਹੀ ਵਾਲ਼ਾ ਹਾਂ, ਮੈਂ ਖੁਸ਼ੀ ਨਾਲ਼ ਚੀਕਿਆ। ਪਰ ਇਸ ਗੱਲ 'ਤੇ ਉਹ ਹਿਚਕੀਆਂ ਲੈਣ ਲੱਗਾ। ਉਸ ਦਾ ਸਾਰਾ ਸਰੀਰ ਇੰਝ ਕੰਬ ਉੱਠਿਆ ਜਿਵੇਂ ਉਸ ਨੂੰ ਕਿਸੇ ਅਦਿੱਖ ਹੱਥ ਨੇ ਝੰਜੋੜ ਦਿੱਤਾ ਹੋਵੇ। ਉਸ ਨੇ ਬੜੀ ਤੇਜ਼ੀ ਨਾਲ਼ ਅੱਖਾਂ ਝਮਕੀਆਂ।

"ਅਜੀਬ ਮਸਖਰਾ ਹੈ!" ਉਸ ਆਪਣੇ ਆਪ ਨੂੰ ਸ਼ਾਂਤ ਕਰਦਿਆਂ ਅਤੇ ਮੇਰੇ ਵੱਲ ਸਿਲ੍ਹੀ ਤੇ ਸੰਤੁਸ਼ਟ ਨਜ਼ਰ ਨਾਲ਼ ਵੇਖਿਆ, "ਜਨਾਬ, ਹੁਣ ਮੇਰੇ ਤੋਂ ਕੁਝ ਹੋਰ ਪੁੱਛੋਂ!" ਉਸ ਮੈਨੂੰ ਕੁਝ ਪੁੱਛਣ ਦਾ ਸੱਦਾ ਦਿੱਤਾ ਅਤੇ ਕਿਸੇ ਕਾਰਨ ਆਪਣੀਆਂ ਗੱਲ੍ਹਾਂ ਨੂੰ ਫੁਲਾਇਆ।

ਇੱਕ ਛਿਨ ਲਈ ਮੈਂ ਕੁਝ ਸੋਚਿਆ ਤੇ ਫਿਰ ਮਜ਼ਬੂਤੀ ਨਾਲ਼ ਪੁੱਛਿਆ:

"ਤੇ ਤੁਸੀਂ ਪੈਸਾ ਕਿਵੇਂ ਬਣਾਉਂਦੇ ਹੋ ?"

"ਆਹ! ਇਹ ਵੀ ਅਜੀਬ ਸੁਆਲ ਏ!" ਉਸ ਸਿਰ ਹਿਲਾ ਕੇ ਆਖਿਆ। "ਇਹ ਬਹੁਤ ਹੀ ਸਾਦਾ ਕੰਮ ਹੈ। ਮੈਂ ਰੇਲਾਂ ਦਾ ਮਾਲਕ ਹਾਂ। ਕਿਸਾਨ ਮਾਲ ਪੈਦਾ ਕਰਦੇ ਹਨ। ਮੈਂ ਉਹਨਾਂ ਦੀ ਪੈਦਾਵਾਰ ਮੰਡੀਆਂ ਵਿੱਚ ਲਿਆਉਂਦਾ ਹਾਂ। ਤੁਹਾਨੂੰ ਕੇਵਲ ਇਹ ਗਿਣਤੀ ਕਰਨੀ ਹੈ ਕਿ ਕਿਸਾਨ ਕੋਲ਼ ਕਿੰਨਾ ਕੁ ਪੈਸਾ ਰਹਿਣ ਦਿੱਤਾ ਜਾਵੇ ਤਾਂ ਜੋ ਉਹ ਭੁੱਖਾ ਹੀ ਨਾ ਮਰ ਜਾਵੇ ਅਤੇ ਜਿਸ ਪੈਸੇ ਨਾਲ਼ ਉਹ ਕੰਮ ਕਰਦੇ ਰਹਿਣ ਦੇ ਯੋਗ ਰਹਿ ਸਕੇ ਅਤੇ ਬਾਕੀ ਦਾ ਸਾਰਾ ਪੈਸਾ ਤੁਸੀਂ ਭਾੜੇ ਦੇ ਖਰਚੇ ਵਜੋਂ ਆਪਣੀਆਂ ਜੇਬ੍ਹਾਂ ਵਿੱਚ ਪਾ ਲੈਂਦੇ ਹੋ। ਕਿਤਨੀ ਸਾਦੀ ਗੱਲ ਹੈ।"

"ਕੀ ਕਿਸਾਨ ਸੰਤੁਸ਼ਟ ਹੋ ਜਾਂਦੇ ਹਨ ?"

"ਮੇਰਾ ਖਿਆਲ ਹੈ, ਸਾਰੇ ਦੇ ਸਾਰੇ ਨਹੀਂ ਹੁੰਦੇ!" ਉਸ ਨੇ ਬੱਚਿਆਂ ਵਰਗੀ ਸਾਦਗੀ ਨਾਲ਼ ਉੱਤਰ ਦਿੱਤਾ, "ਪਰ ਲੋਕ ਕਦੇ ਵੀ ਸੰਤੁਸ਼ਟ ਨਹੀਂ ਹੰਦੇ, ਉਹ ਕਹਿੰਦੇ ਹਨ। ਤੁਹਾਨੂੰ ਹਮੇਸ਼ਾ ਅਜਿਹੇ ਸਿਰਫਿਰੇ ਹਮੇਸ਼ਾ ਮਿਲ਼ ਜਾਣਗੇ, ਜੋ ਬੁੜਬੁੜਾਉਂਦੇ ਰਹਿੰਦੇ ਹਨ...।"

"ਕੀ ਸਰਕਾਰ ਤੁਹਾਡੇ ਕੰਮ ਵਿੱਚ ਦਖਲ ਨਹੀਂ ਦੇਂਦੀ ?" ਮੈਂ ਇੱਕ ਵੱਖਰਾ ਜਿਹਾ ਸੁਆਲ ਕਰ ਮਾਰਿਆ।

"ਸਰਕਾਰ ?" ਉਹ ਚੀਕਿਆ ਤੇ ਕੁਝ ਸੋਚਦਿਆਂ ਉਂਗਲਾਂ ਨਾਲ਼ ਆਪਣਾ ਮੱਥਾ ਰਗੜਿਆ ਫਿਰ ਜਿਵੇਂ ਕੁਝ ਚੇਤੇ ਕਰਦਿਆਂ ਉਹ ਸਿਰ ਹਿਲਾ ਕੇ ਬੋਲਣ ਲੱਗਾ, "ਆਹ! ਤੇਰਾ ਮਤਲਬ ਉਹ ਵਾਸ਼ਿੰਗਟਨ ਵਿਚਲੇ ਬੰਦਿਆਂ ਤੋਂ ਹੈ ? ਨਹੀਂ, ਉਹ ਮੈਨੂੰ ਕੁਝ ਤੰਗ ਨਹੀਂ ਕਰਦੇ। ਉਹ ਚੰਗੇ ਮੁੰਡੇ ਹਨ...। ਉਹਨਾਂ ਵਿੱਚੋਂ ਕੁਝ ਤਾਂ ਮੇਰੀ ਕਲੱਬ ਦੇ ਹਨ। ਪਰ ਉਹਨਾਂ ਵਿੱਚੋਂ ਬਹੁਤਿਆਂ ਦੇ ਦਰਸ਼ਨ ਨਹੀਂ ਹੁੰਦੇ...। ਇਸ ਲਈ ਤੁਸੀਂ ਕਈ ਵਾਰ ਉਹਨਾਂ ਨੂੰ ਭੁੱਲ ਵੀ ਸਕਦੇ ਹੋ। ਨਹੀਂ, ਉਹ ਕੋਈ ਦਖਲ ਨਹੀਂ ਦੇਂਦੇ।" ਉਸ ਦੁਹਰਾ ਕੇ ਆਖਿਆ ਅਤੇ ਮੇਰੇ ਵੱਲ ਘੋਖਵੀਂ ਨਜ਼ਰ ਵੇਖਦਿਆਂ, ਪੁੱਛਣ ਲੱਗਾ:

"ਕੀ ਤੇਰਾ ਇਹ ਮਤਲਬ ਹੈ ਕਿ ਇਹ ਸਰਕਾਰਾਂ ਹੀ ਹਨ ਜੋ ਲੋਕਾਂ ਨੂੰ ਪੈਸਾ ਬਣਾਉਣ ਤੋਂ ਰੋਕਦੀਆਂ ਹਨ ?"

ਮੈਂ ਆਪਣੇ ਸਿੱਧੜਪੁਣੇ ਤੇ ਉਸ ਦੀ ਸਿਆਣਪ ਉੱਤੇ ਆਪਣੇ ਆਪ ਨੂੰ ਪ੍ਰੇਸ਼ਾਨ ਜਿਹਾ

ਮਹਿਸੂਸ ਕੀਤਾ।

"ਨਹੀਂ," ਮੈਂ ਅਰਾਮ ਨਾਲ਼ ਬੋਲਿਆ। "ਮੇਰਾ ਇਹ ਮਤਲਬ ਨਹੀਂ ਸੀ...। ਵੇਖੋ ਨਾ, ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਿਸੇ ਕਿਸੇ ਸਮੇਂ ਚਿੱਟੀ ਨੰਗੀ ਡਕੈਤੀ ਨੂੰ ਜ਼ਰੂਰ ਰੋਕੇ...।"

"ਨਹੀਂ, ਨਹੀਂ!" ਉਸ ਇਤਰਾਜ਼ ਕੀਤਾ। "ਇਹ ਆਦਰਸ਼ਵਾਦ ਹੈ। ਇੱਥੇ ਇੰਝ ਨਹੀਂ ਕੀਤਾ ਜਾਂਦਾ। ਸਰਕਾਰ ਨੂੰ ਨਿੱਜੀ ਮਾਮਲਿਆਂ ਵਿੱਚ ਦਖਲ ਦੇਣ ਦਾ ਕੋਈ ਅਧਿਕਾਰ ਨਹੀਂ...।"

ਮੈਂ ਇਸ ਬੱਚਿਆਂ ਵਰਗੀ ਸੰਤੁਸ਼ਟ ਸਿਆਣਪ ਤੇ ਆਪਣੇ ਆਪ ਨੂੰ ਵਧੇਰੇ ਤੋਂ ਵਧੇਰੇ ਨਿਰਮਾਣ ਜਿਹਾ ਮਹਿਸੂਸ ਕੀਤਾ।

"ਪਰ ਕੀ ਇਹ ਨਿੱਜੀ ਮਾਮਲਾ ਹੋ ਜਦੋਂ ਇੱਕ ਬੰਦਾ ਕਈਆਂ ਨੂੰ ਤਬਾਹ ਕਰਦਾ ਹੈ?" ਮੈਂ ਬੜੀ ਨਰਮੀ ਨਾਲ਼ ਪੁੱਛਿਆ।

"ਤਬਾਹ ਕਰਦਾ ਹੈ?" ਉਹ ਅੱਖਾਂ ਟੱਡਦਿਆਂ ਚੀਕਿਆਂ। "ਤਬਾਹੀ ਤਾਂ ਉਦੋਂ ਹੁੰਦੀ ਹੈ ਜਦੋਂ ਮਜ਼ਦੂਰੀ ਬਹੁਤੀ ਦੇਣੀ ਪੈਂਦੀ ਹੈ। ਜਾਂ ਜਦੋਂ ਹੜਤਾਲ ਹੁੰਦੀ ਹੈ। ਪਰ ਸਾਡੇ ਕੋਲ਼ ਪਰਵਾਸੀ ਹਨ। ਉਹ ਹਮੇਸ਼ਾ ਉਜ਼ਰਤਾਂ ਨੀਂਵੀਆਂ ਕਰ ਦੇਂਦੇ ਹਨ ਅਤੇ ਖੁਸ਼ੀ ਖੁਸ਼ੀ ਹੜਤਾਲੀਆਂ ਦੀ ਥਾਂ 'ਤੇ ਕੰਮ ਕਰਨ ਲੱਗ ਜਾਂਦੇ ਹਨ। ਜਦੋਂ ਦੇਸ਼ ਵਿੱਚ ਵੱਡੀ ਗਿਣਤੀ ਵਿੱਚ ਪਰਵਾਸੀ ਹਨ ਜਿਹੜੇ ਘੱਟ ਉਜ਼ਰਤਾਂ ਤੇ ਕੰਮ ਕਰਨ ਲਈ ਤਿਆਰ ਹਨ ਅਤੇ ਬਹੁਤ ਮਾਲ ਖਰੀਦਣਗੇ, ਬੱਸ ਫਿਰ ਅਨੰਦ ਹੀ ਅਨੰਦ ਹੈ।"

ਉਹਦੇ ਵਿੱਚ ਕੁਝ ਜਾਨ ਜਿਹੀ ਆ ਗਈ ਜਾਪਦੀ ਸੀ ਅਤੇ ਇੱਕ ਬੁੱਢੇ ਤੇ ਇੱਕ ਬੱਚੇ ਵਿਚਲੇ ਮੇਲ ਕੁਝ ਮੱਧਮ ਵਿਖਾਈ ਦੇਣ ਲੱਗਾ। ਉਸ ਦੀਆਂ ਪਤਲੀਆਂ ਭੂਰੀਆਂ ਉਂਗਲਾਂ ਝੁਣਝੁਣਾਈਆਂ ਅਤੇ ਉਸ ਦੀ ਰੁੱਖੀ ਆਵਾਜ਼ ਮੇਰੇ ਕੰਨ ਪਾੜਨ ਲੱਗੀ ਜਿਵੇਂ ਹੀ ਉਹ ਫਿਰ ਬੋਲਣ ਲੱਗਾ:

"ਸਰਕਾਰ?" ਨਿਰਸੰਦੇਹ ਇਹ ਇੱਕ ਦਿਲਚਸਪ ਸੁਆਲ ਹੈ। ਇੱਕ ਚੰਗੀ ਸਰਕਾਰ ਦੀ ਜ਼ਰੂਰ ਮਹੱਤਤਾ ਹੁੰਦਾ ਹੈ। ਉਹ ਇਸ ਗੱਲ ਦਾ ਧਿਆਨ ਰੱਖਦੀ ਹੈ ਕਿ ਦੇਸ਼ ਵਿੱਚ ਇਤਨੇ ਲੋਕ ਜ਼ਰੂਰ ਹੋਣੇ ਚਾਹੀਦੇ ਹਨ, ਜਿਹੜੇ ਮੇਰਾ ਉਹ ਸਭ ਕੁਝ ਖਰੀਦ ਲੈਣ ਜੋ ਮੈਂ ਵੇਚਣਾ ਚਾਹਾਂ; ਅਤੇ ਦੇਸ਼ ਵਿੱਚ ਇਤਨੇ ਮਜ਼ਦੂਰ ਹੋਣੇ ਚਾਹੀਦੇ ਹਨ ਤਾਂ ਜੋ ਮੇਰੇ ਮੰਤਵਾਂ ਲਈ ਉਹਨਾਂ ਦੀ ਥੁੜ੍ਹ ਨਾ ਪਵੇ। ਪਰ ਇਸ ਤੋਂ ਵੱਧ ਨਹੀਂ। ਫਿਰ ਇੱਥੇ ਕੋਈ ਸੋਸ਼ਲਿਸਟ ਨਹੀਂ ਹੋਣਾ ਚਾਹੀਦਾ ਅਤੇ ਕੋਈ ਹੜਤਾਲ ਨਹੀਂ ਹੋਣੀ ਚਾਹੀਦੀ। ਸਰਕਾਰ ਨੂੰ ਉੱਚੇ ਟੈਕਸ ਨਹੀਂ ਲਾਉਣੇ ਚਾਹੀਦੇ। ਉਹ ਸਭ ਕੁਝ ਮੇਰੇ ਹੱਥ ਵਿੱਚ ਹੋਣਾ ਚਾਹੀਦਾ ਹੈ ਜੋ ਲੋਕਾਂ ਨੂੰ ਦੇਣਾ ਹੈ। ਅਜਿਹੀ ਸਰਕਾਰ ਨੂੰ ਹੀ ਮੈਂ ਚੰਗੀ ਸਰਕਾਰ ਕਹਿੰਦਾ ਹਾਂ।

"ਬੜਾ ਮੂਰਖ ਜਾਪਦਾ ਏ... ਉਹ ਆਪਣੀ ਮਹੱਤਤਾ ਤੋਂ ਜਾਣੂੰ ਹੈ," ਮੈਂ ਸੋਚਿਆ, "ਇਹ ਜ਼ਰੂਰ ਹੀ ਕੋਈ ਬਾਦਸ਼ਾਹ ਹੈ...।"

ਉਸ ਨੇ ਬੜੇ ਵਿਸ਼ਵਾਸ ਤੇ ਤਸੱਲੀ ਨਾਲ਼ ਬੋਲਣਾ ਜਾਰੀ ਰੱਖਿਆ, "ਮੈਂ ਦੇਸ਼ ਦੇ ਅੰਦਰ ਕੇਵਲ ਅਮਨ ਚੈਨ ਚਾਹੁੰਦਾ ਹਾਂ। ਸਰਕਾਰ ਨੂੰ ਹਰ ਪ੍ਰਕਾਰ ਦੇ ਫਿਲਾਸਫਰ ਕਰਾਏ 'ਤੇ ਰੱਖਣੇ

ਚਾਹੀਦੇ ਹਨ ਜੋ ਹਰ ਐਤਵਾਰ ਅੱਠ ਘੰਟੇ ਲੋਕਾਂ ਨੂੰ ਕਾਨੂੰਨਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦੇਣ ਜੇ ਫਿਲਾਸਫਰ ਕੰਮ ਨਾ ਸਾਰ ਸਕਣ ਤਾਂ ਫੌਜ ਨੂੰ ਬੁਲਾ ਲਿਆ ਜਾਵੇ। ਠੀਕ ਹੈ ਕਿ ਇਹ ਕੋਈ ਤਰੀਕਾ ਨਹੀਂ, ਪਰ ਮਹੱਤਤਾ ਤਾਂ ਨਤੀਜੇ ਦੀ ਹੁੰਦੀ ਹੈ। ਖਪਤਕਾਰ ਤੇ ਮਜ਼ਦੂਰ ਨੂੰ ਕਾਨੂੰਨ ਦਾ ਸਤਿਕਾਰ ਕਰਨ ਲਈ ਮਜਬੂਰ ਕਰਨਾ ਚਾਹੀਦਾ ਹੈ, ਬੱਸ ਹੋਰ ਕੁਝ ਨਹੀਂ।" ਆਪਣੀਆਂ ਉਂਗਲਾਂ ਨੂੰ ਮਰੋੜਦਿਆਂ ਉਸ ਨੇ ਆਪਣੀ ਗੱਲ ਖਤਮ ਕੀਤੀ।

"ਨਹੀਂ, ਇਹ ਮੂਰਖ ਨਹੀਂ, ਇਹ ਕਦੇ ਵੀ ਬਾਦਸ਼ਾਹ ਨਹੀਂ ਹੋ ਸਕਦਾ!" ਮੈਂ ਸੋਚਿਆਂ ਤੇ ਫਿਰ ਪੁੱਛਿਆ: "ਕੀ ਤੁਸੀਂ ਵਰਤਮਾਨ ਸਰਕਾਰ ਤੋਂ ਸੰਤੁਸ਼ਟ ਹੋ?"

ਉਸ ਨੇ ਝਟਪਟ ਕੋਈ ਜਵਾਬ ਨਾ ਦਿੱਤਾ।

"ਜਿੰਨਾ ਕੁਝ ਇਹ ਕਰ ਸਕਦੀ ਸੀ ਇਸ ਨੇ ਉਸ ਤੋਂ ਘੱਟ ਕੀਤਾ ਹੈ। ਮੈਂ ਕਹਿੰਦਾ ਹਾਂ: "ਪਰਵਾਸੀਆਂ ਨੂੰ ਅਜੇ ਦੇਸ਼ ਵਿੱਚ ਆਉਣ ਦੇਣਾ ਚਾਹੀਦਾ ਹੈ। ਪਰ ਸਾਡੇ ਦੇਸ਼ ਵਿੱਚ ਰਾਜਸੀ ਖੁੱਲ੍ਹਾਂ ਹਨ ਜੋ ਉਹ ਵੀ ਮਾਣਦੇ ਹਨ ਅਤੇ ਇਹਨਾਂ ਦਾ ਮੁੱਲ ਉਹਨਾਂ ਨੂੰ ਤਾਰਨਾ ਚਾਹੀਦਾ ਹੈ। ਹਰ ਇੱਕ ਨੂੰ ਆਪਣੇ ਨਾਲ਼ ਸਾਡੇ ਦੇਸ਼ ਵਿੱਚ ਘੱਟੋ ਘੱਟ 500 ਡਾਲਰ ਲਿਆਉਣੇ ਚਾਹੀਦੇ ਹਨ ਅਤੇ ਇੱਕ ਬੰਦਾ ਜਿਸ ਕੋਲ਼ 500 ਡਾਲਰ ਹਨ ਉਹ ਉਸ ਨਾਲ਼ੋਂ ਦਸ ਗੁਣਾ ਵਧੇਰੇ ਚੰਗਾ ਹੈ, ਜਿਸ ਕੋਲ਼ ਕੇਵਲ 50 ਡਾਲਰ ...। ਘਟੀਆ ਲੋਕ—ਕੰਗਾਲ, ਤੱਪੜ ਘਸੀਟ, ਬਿਮਾਰ ਤੇ ਹੋਰ ਵਿਹਲੜ ਕਿਸੇ ਵੀ ਥਾਂ 'ਤੇ ਕਿਸੇ ਕੰਮ ਦੇ ਨਹੀਂ ਹੁੰਦੇ।"

"ਪਰ" ਮੈਂ ਨਿਡਰ ਹੋ ਕੇ ਪੁੱਛਿਆ: "ਏਦਾਂ ਤਾਂ ਪਰਵਾਸੀਆਂ ਦਾ ਅੰਦਰ ਨੂੰ ਵਹਿਣ ਘੱਟ ਹੋ ਜਾਵੇਗਾ।"

ਬੁੱਢੇ ਨੇ ਸਹਿਮਤੀ ਵਿੱਚ ਸਿਰ ਹਿਲਾਇਆ।

"ਕਿਸੇ ਸਮੇਂ ਮੈਂ ਇਹ ਸੁਝਾਅ ਦੇਵਾਂਗਾ ਕਿ ਦੇਸ਼ ਦੇ ਬੂਹੇ ਉਹਨਾਂ ਲਈ ਪੂਰੀ ਤਰ੍ਹਾਂ ਬੰਦ ਕਰ ਦਿੱਤੇ ਜਾਣ...। ਪਰ ਇਸ ਸਮੇਂ ਦੌਰਾਨ, ਹਰ ਇੱਕ ਨੂੰ ਥੋੜ੍ਹਾ ਜਿਹਾ ਸੋਨਾ ਦੇਸ਼ ਦੇ ਅੰਦਰ ਲਿਆਉਣ ਦਿਓ...। ਇਹ ਗੱਲ ਦੇਸ਼ ਲਈ ਚੰਗੀ ਹੈ। ਇਸ ਤੋਂ ਉਪਰੰਤ, ਇਹ ਜ਼ਰੂਰੀ ਹੈ ਜਾਂਚ ਦੇ ਸਮੇਂ ਨੂੰ ਅੱਗੇ ਕਰਨ ਲਈ ਲਮਕਾਇਆ ਜਾਵੇ। ਸਮਾਂ ਪਾ ਕੇ ਇਸ ਨੂੰ ਉੱਕਾ ਹੀ ਖਤਮ ਕਰ ਦੇਣਾ ਪਵੇਗਾ। ਜਿਹੜੇ ਅਮਰੀਕਨਾਂ ਲਈ ਕੰਮ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਕਰਨ ਦਿਓ, ਪਰ ਇਸ ਗੱਲ ਦੀ ਉੱਕਾ ਲੋੜ ਨਹੀਂ ਕਿ ਉਹਨਾਂ ਨੂੰ ਅਮਰੀਕੀ ਨਾਗਰਿਕਾਂ ਦੇ ਅਧਿਕਾਰ ਦਿੱਤੇ ਜਾਣ। ਅਸਾਂ ਇਹੋ ਜਿਹੇ ਵੱਡੀ ਗਿਣਤੀ ਵਿੱਚ ਅਮਰੀਕੀ ਬਣਾ ਲਏ ਹਨ। ਇਹਨਾਂ ਵਿੱਚੋਂ ਹਰ ਇੱਕ ਦੇਸ਼ ਦੀ ਵਸੋਂ ਵਿੱਚ ਵਾਧਾ ਕਰਨ ਦੇ ਪੂਰੀ ਤਰ੍ਹਾਂ ਯੋਗ ਹੈ। ਇਹ ਸਭ ਕੁਝ ਸਰਕਾਰ ਦੀ ਸਿਰਦਰਦੀ ਹੈ। ਪਰ ਇਸ ਨੂੰ ਵੱਖਰੀਆਂ ਲੀਹਾਂ 'ਤੇ ਜਥੇਬੰਦ ਕਰਨਾ ਚਾਹੀਦਾ ਹੈ। ਸਰਕਾਰ ਦੇ ਸਾਰੇ ਮੈਂਬਰ ਸਨਅਤੀ ਉੱਦਮਾਂ ਵਿੱਚ ਹਿੱਸੇਦਾਰ ਹੋਣੇ ਚਾਹੀਦੇ ਹਨ, ਤਾਂ ਹੀ ਉਹ ਦੇਸ਼ ਦੇ ਹਿੱਤਾਂ ਤੋਂ ਵਧੇਰੇ ਆਸਾਨੀ ਤੇ ਤੇਜ਼ੀ ਨਾਲ਼ ਜਾਣੂੰ ਹੋ ਜਾਣਗੇ। ਇਸ ਸਮੇਂ ਉਹਨਾਂ ਨੂੰ ਇਹ ਕਾਇਲ ਕਰਾਉਣ ਲਈ ਮੈਨੂੰ ਸੈਨੇਟਰ ਖਰੀਦਣੇ ਪੈਣਗੇ, ਕਿ ਮੇਰੇ ਕੋਲ਼ ਛੋਟਾ ਮੋਟਾ ਧੰਦਾ ਹੋਣਾ ਹੀ ਚਾਹੀਦਾ ਹੈ। ਕੋਈ ਜ਼ਰੂਰੀ ਨਹੀਂ ਕਿ ਉਹ ਬਹੁਤੀ ਦੇਰ ਲਈ ਰਹੇ...।"

ਉਸ ਨੇ ਹੌਕਾ ਲਿਆ, ਲੱਤਾਂ ਨੂੰ ਝਟਕਿਆਂ ਤੇ ਫਿਰ ਕਹਿਣ ਲੱਗਾ:

"ਸੋਨੇ ਦੇ ਪਹਾੜ ਦੀ ਚੋਟੀ ਤੋਂ ਹੀ ਕੇਵਲ ਕੋਈ ਜ਼ਿੰਦਗੀ ਦਾ ਸਹੀ ਨਜ਼ਾਰਾ ਵੇਖ ਸਕਦਾ ਹੈ।"

"ਅਤੇ ਤੁਹਾਡਾ ਮਜ਼੍ਹਬ ਦੇ ਬਾਰੇ ਕੀ ਵਿਚਾਰ ਹੈ ?" ਕਿਉਂਜੋ ਉਸ ਨੇ ਆਪਣੇ ਰਾਜਸੀ ਵਿਚਾਰ ਪੂਰੀ ਤਰ੍ਹਾਂ ਸਪੱਸ਼ਟ ਕਰ ਦਿੱਤੇ ਸਨ ਇਸ ਲਈ ਮੈਂ ਇਹ ਸੁਆਲ ਕੀਤਾ।

"ਆਹ !" ਉਹ ਆਪਣੇ ਗੋਡਿਆਂ ਨੂੰ ਥਾਪੜਦਿਆਂ ਤੇ ਭਰਵੱਟਿਆਂ ਨੂੰ ਤੇਜ਼ੀ ਨਾਲ਼ ਏਧਰ ਉੱਧਰ ਫੇਰਦਿਆਂ ਚੀਕ ਕੇ ਬੋਲਿਆ। "ਇਸ ਦੇ ਬਾਰੇ ਮੇਰੇ ਬਹੁਤ ਹੀ ਨੇਕ ਵਿਚਾਰ ਹਨ। ਮਜ਼੍ਹਬ ਲੋਕਾਂ ਲਈ ਬਹੁਤ ਹੀ ਜ਼ਰੂਰੀ ਹੈ। ਮੈਂ ਈਮਾਨਦਾਰੀ ਨਾਲ਼ ਇਸ ਵਿੱਚ ਵਿਸ਼ਵਾਸ ਰੱਖਦਾ ਹਾਂ। ਮੈਂ ਆਪ ਹਰ ਐਤਵਾਰ ਨੂੰ ਗਿਰਜੇ ਵਿੱਚ ਇਸ ਦਾ ਪ੍ਰਚਾਰ ਕਰਦਾ ਹਾਂ... ਹਾਂ ਮੈਂ ਇੰਝ ਕਰਦਾ ਹਾਂ।"

"ਅਤੇ ਤੁਸੀਂ ਕਹਿੰਦੇ ਕੀ ਹੋ ?" ਮੈਂ ਪੁੱਛਿਆ।

"ਹਰ ਉਹ ਗੱਲ ਜੋ ਇੱਕ ਸ਼ਰਧਾਲੂ ਈਸਾਈ ਗਿਰਜੇ ਵਿੱਚ ਕਹਿ ਸਕਦਾ ਹੈ !" ਉਸ ਨੇ ਨਿਸ਼ਚੇ ਨਾਲ਼ ਉੱਤਰ ਦਿੱਤਾ। "ਮੈਂ ਇੱਕ ਨਿਰਮਾਣ ਪਾਦਰੀ ਵਾਂਗ ਉੱਤਰ ਦੇਂਦਾ ਹਾਂ, ਨਿਰਸੰਦੇਹ, ਗਰੀਬਾਂ ਨੂੰ ਹਮੇਸ਼ਾ ਹੀ ਦਿਆਲੂ ਤੇ ਪਿਤਰੀ ਸਿੱਖਿਆ ਦੀ ਜ਼ਰੂਰਤ ਹੁੰਦੀ ਹੈ...। ਮੈਂ ਉਹਨਾਂ ਨੂੰ ਦੱਸਦਾ ਹਾਂ...।"

ਇੱਕ ਛਿਨ ਲਈ ਉਸ ਦਾ ਚਿਹਰਾ ਬੱਚਿਆਂ ਵਾਂਗ ਮਸੂਮ ਵਿਖਾਈ ਦੇਣ ਲੱਗਾ, ਫਿਰ ਉਸ ਨੇ ਆਪਣੇ ਦੋਹਾਂ ਬੁੱਲ੍ਹਾਂ ਨੂੰ ਘੁੱਟਿਆ ਅਤੇ ਉਸ ਦੀ ਨਜ਼ਰ ਘੁੰਮਦੀ ਘੁੰਮਦੀ ਛੱਤ ਵੱਲ ਚਲੀ ਗਈ, ਜਿੱਥੇ ਕਾਮ ਦੇਵਤਿਆਂ ਨੇ ਇੱਕ ਗੁੱਦਗੁਦੀ ਔਰਤ ਦੇ ਨੰਗੇ ਸਰੀਰ ਨੂੰ ਕੱਜਿਆ ਹੋਇਆ ਸੀ। ਉਸ ਔਰਤ ਦੀ ਚਮੜੀ ਦਾ ਰੰਗ ਲੰਕਾ ਸ਼ਹਿਰ ਦੀ ਸੂਰਨੀ ਵਰਗਾ ਸੀ। ਛੱਤ ਦੇ ਰੰਗ ਉਸ ਦੀਆਂ ਬੇਰੰਗ ਅੱਖਾਂ ਵਿੱਚ ਵਿਖਾਈ ਦਿੱਤੇ ਜਿਨ੍ਹਾਂ ਨੇ ਉਹਨਾਂ ਵਿੱਚ ਲਿਸ਼ਕ ਪੈਦਾ ਕਰ ਦਿੱਤੀ ਅਤੇ ਉਸ ਨੇ ਸਹਿਜੇ ਜਿਹੇ ਬੋਲਣਾ ਸ਼ੁਰੂ ਕੀਤਾ:

"ਈਸਾ ਨੂੰ ਮੰਨਣ ਵਾਲ਼ੇ ਭਰਾਓ ਤੇ ਭੈਣੋਂ ! ਸਾੜੇ ਤੇ ਈਰਖਾ ਦੇ ਚਲਾਕ ਸ਼ੈਤਾਨ ਦੀ ਉਕਸਾਹਟ ਵਿੱਚ ਮਤ ਆਓ, ਸਾਰੀਆਂ ਸੰਸਾਰੀ ਚੀਜ਼ਾਂ ਨੂੰ ਤਿਆਗ ਦਿਓ। ਇਸ ਧਰਤੀ ਉੱਤੇ ਮਨੁੱਖੀ ਜੀਵਨ ਬਹੁਤ ਥੋੜ੍ਹੇ ਸਮੇਂ ਲਈ ਹੈ। ਚਾਲ਼ੀਆਂ ਦੀ ਉਮਰ ਤੱਕ ਹੀ ਇੱਕ ਮਨੁੱਖ ਚੰਗਾ ਕਾਮਾ ਹੁੰਦਾ ਹੈ, ਚਾਲ਼ੀਆਂ ਦੇ ਮਗਰੋਂ ਉਸ ਨੂੰ ਫੈਕਟਰੀਆਂ ਵਿੱਚ ਮੁਲਾਜ਼ਮ ਨਹੀਂ ਰੱਖਿਆ ਜਾ ਸਕਦਾ। ਜ਼ਿੰਦਗੀ ਸੁਰੱਖਿਅਤ ਨਹੀਂ ਹੈ। ਕੰਮ ਕਰਦਿਆਂ ਤੁਹਾਡੇ ਹੱਥ ਦੀ ਨਿੱਕੀ ਜਿਹੀ ਗਲਤ ਹਰਕਤ ਹੁੰਦਿਆਂ ਹੀ ਮਸ਼ੀਨ ਤੁਹਾਡੀਆਂ ਹੱਡੀਆਂ ਨੂੰ ਵੀ ਪੀਹ ਦੇਵੇਗੀ। ਲੂ ਲੱਗੀ ਨਹੀਂ ਤੇ ਤੁਸੀਂ ਖਤਮ ਹੋਏ ਨਹੀਂ ! ਰੋਗ ਤੇ ਦੁਰਭਾਗ ਪੈਰ ਪੈਰ 'ਤੇ ਤੁਹਾਡੇ ਪਿੱਛਾ ਕਰਦੇ ਹਨ। ਗਰੀਬ ਮਨੁੱਖ ਇੱਕ ਉੱਚੇ ਘਰ ਦੀ ਛੱਤ ਉੱਤੇ ਇੱਕ ਅੰਨ੍ਹੇ ਬੰਦੇ ਵਾਂਗ ਹੈ—ਜਿਸ ਪਾਸੇ ਵੀ ਉਹ ਮੂੰਹ ਕਰੇਗਾ ਡਿੱਗ ਕੇ ਖਤਮ ਹੋ ਜਾਵੇਗਾ, ਜਿਵੇਂ ਕਿ ਜੂਡ ਦਾ ਭਰਾ ਰਸੂਲ ਜੇਮਜ਼ ਸਾਨੂੰ ਦੱਸਦਾ ਹੈ। ਭਰਾਓ ! ਤੁਸੀਂ ਇਸ ਸੰਸਾਰੀ ਜੀਵਨ ਤੋਂ ਕੋਈ ਲਾਭ ਨਾ ਉਠਾਓ, ਇਹ ਸਭ ਸ਼ੈਤਾਨ ਦਾ ਕਾਰਾ ਹੈ, ਜੋ ਮਨੁੱਖੀ ਰੂਹਾਂ ਨੂੰ ਵੀਰਾਨ ਕਰਦਾ ਹੈ। ਈਸਾ ਦੇ ਪਿਆਰੇ ਬੱਚਿਓ ! ਤੁਹਾਡੀ ਸਲਤਨਤ, ਤੁਹਾਡੇ ਪਿਓ ਦੀ ਸਲਤਨਤ ਵਾਂਗ, ਇਸ ਸੰਸਾਰ ਵਿੱਚ ਨਹੀਂ, ਉਹ ਤਾਂ

ਜਨਅਤ ਵਿੱਚ ਹੈ ਅਤੇ ਜੇ ਤੁਸੀਂ ਸਾਬਰ ਹੋ, ਜੇ ਤੁਸੀਂ ਇਸ ਸੰਸਾਰੀ ਜੀਵਨ ਵਿੱਚ ਨਿਰਮਾਣਤਾ ਤੇ ਸਬਰ ਸੰਤੋਖ ਨਾਲ਼ ਵਿਚਰਦੇ ਹੋ, ਬਿਨਾਂ ਬੁੜਬੁੜਾਏ, ਕੋਈ ਸ਼ਿਕਾਇਤ ਕੀਤੇ ਬਿਨਾਂ, ਈਸਾ ਜਨਅਤ ਵਿੱਚ ਤੁਹਾਡਾ ਸੁਆਗਤ ਕਰੇਗਾ ਅਤੇ ਇਸ ਧਰਤੀ ਉੱਤੇ ਕੀਤੇ ਤੁਹਾਡੀ ਮਿਹਨਤ ਦੇ ਬਦਲੇ ਤੁਹਾਨੂੰ ਸਦੀਵੀ ਖ਼ੁਸ਼ੀ ਪ੍ਰਦਾਨ ਕਰੇਗਾ। ਇਹ ਜੀਵਨ ਕੇਵਲ ਤੁਹਾਡੀਆਂ ਰੂਹਾਂ ਦੇ ਪਸ਼ਚਾਤਾਪ ਲਈ ਹੈ, ਜਿਤਨੇ ਵਧੇਰੇ ਦੁੱਖ ਤੁਸੀਂ ਏਥੇ ਭੋਗੋਗੇ ਉਤਨੇ ਹੀ ਵਧੇਰੇ ਸੁੱਖ ਉੱਪਰ ਤੁਹਾਡੀ ਉਡੀਕ ਕਰ ਰਹੇ ਹੋਣਗੇ। ਜਿਵੇਂ ਰਸੂਲ ਜੂਡ ਆਪ ਸਾਨੂੰ ਦੱਸਦਾ ਹੈ।”

ਉਸ ਨੇ ਛੱਤ ਵੱਲ ਇਸ਼ਾਰਾ ਜਿਹਾ ਕੀਤਾ ਅਤੇ ਇੱਕ ਛਿਨ ਲਈ ਕੁਝ ਸੋਚਣ ਮਗਰੋਂ ਫਿਰ ਰੁੱਖੀ ਤੇ ਖਰ੍ਹਵੀ ਆਵਾਜ਼ ਵਿੱਚ ਬੋਲਣ ਲੱਗਾ:

“ਹਾਂ, ਪਿਆਰੇ ਭਰਾਓ ਤੇ ਭੈਣੋਂ! ਜੇ ਅਸੀਂ ਆਪਣੀ ਜ਼ਿੰਦਗੀ ਨੂੰ ਆਪਣੇ ਗਵਾਂਢੀ ਦੇ, ਭਾਵੇਂ ਉਹ ਕੋਈ ਵੀ ਹੋਵੇ ਪਿਆਰ ਵਿੱਚ ਕੁਰਬਾਨ ਨਹੀਂ ਕਰਦੇ, ਤਾਂ ਇਹ ਜ਼ਿੰਦਗੀ ਸੱਖਣੀ ਤੇ ਫਿੱਕੀ ਹੈ। ਸਾੜੇ ਤੇ ਈਰਖਾ ਦੇ ਦੈਂਤ ਦੀ ਤਾਕਤ ਦੇ ਅੱਗੇ ਆਪਣੇ ਦਿਲ ਨਾ ਵਿਛਾਓ! ਸਾੜੇ ਤੇ ਈਰਖਾ ਲਈ ਇੱਥੇ ਹੈ ਕੀ? ਸੰਸਾਰੀ ਮਿਹਰਾਂ ਮਹਿਜ਼ ਛਲਾਵਾ ਹਨ, ਇਹ ਤਾਂ ਸ਼ੈਤਾਨ ਦੀਆਂ ਖਿਡਾਲਾਂ ਹਨ। ਅਸਾਂ, ਅਮੀਰਾਂ ਤੇ ਗਰੀਬਾਂ, ਬਾਦਸ਼ਾਹਾਂ ਤੇ ਕੋਲ਼ਾ ਪੁੱਟਣ ਵਾਲ਼ਿਆਂ, ਬੈਂਕਾਂ ਦੇ ਮਾਲਕਾਂ ਤੇ ਗਲੀਆਂ ਸਾਫ ਕਰਨ ਵਾਲ਼ਿਆਂ, ਸਾਰਿਆਂ ਨੇ ਹੀ ਮਰ ਜਾਣਾ ਹੈ। ਹੋ ਸਕਦਾ ਹੈ ਕਿ ਜਨਅਤ ਦੇ ਠੰਡੇ ਤੇ ਸ਼ਾਂਤ ਬਾਗਾਂ ਵਿੱਚ ਖਾਣਾਂ ਪੁੱਟਣ ਵਾਲ਼ੇ ਬਾਦਸ਼ਾਹ ਤੇ ਬਾਦਸ਼ਾਹ ਝਾੜੂ ਹੱਥ ਵਿੱਚ ਲਈ ਬਾਗਾਂ ਦੀਆਂ ਡੰਡੀਆਂ ਉੱਤੇ ਡਿੱਗੇ ਪੱਤਿਆਂ ਅਤੇ ਮਿਠਾਈਆਂ, ਜਿਹੜੀਆਂ ਤੁਸੀਂ ਨਿੱਤ ਦਿਹਾੜੀ ਖਾਓਗੇ, ਉਤਲੇ ਕਾਗਜ਼ਾਂ ਨੂੰ ਹੂੰਝ ਰਹੇ ਹੋਣ। ਭਰਾਓ! ਇਸ ਧਰਤੀ ਉੱਤੇ, ਗੁਨਾਹਾਂ ਦੇ ਇਸ ਹਨ੍ਹੇਰੇ ਜੰਗਲ ਵਿੱਚ ਜਿੱਥੇ ਰੂਹ ਬਾਲਾਂ ਵਾਂਗ ਭਾਰੀ ਭੁੱਲਾਂ ਕਰਦੀ ਹੈ ਕਿਹੜੀ ਚੀਜ਼ ਹੈ ਜਿਸ ਦੀ ਖਾਹਿਸ਼ ਕੀਤੀ ਜਾਵੇ? ਜਨਅਤ ਵੱਲ ਜਾਂਦੇ ਪਿਆਰ ਤੇ ਨਿਮਰਤਾ ਦੇ ਰਾਹਾਂ ’ਤੇ ਤੁਰੋ, ਜੋ ਵੀ ਤੁਹਾਡੇ ਭਾਗਾਂ ਵਿੱਚ ਲਿਖਿਆ ਹੈ ਉਸ ਨੂੰ ਸਬਰ ਸੰਤੋਖ ਨਾਲ਼ ਸਹਾਰੋ। ਆਪਣੇ ਨਾਲ਼ ਦਿਆਂ ਨੂੰ ਤਾਂ ਵੀ ਪਿਆਰ ਕਰੋ ਭਾਵੇਂ ਉਹ ਤੁਹਾਡੀ ਬੇਹੁਰਮਤੀ ਕਰਨ...।

ਉਸ ਨੇ ਆਪਣੀਆਂ ਅੱਖਾਂ ਮੁੜ ਬੰਦ ਕਰ ਲਈਆਂ ਤੇ ਆਪਣੀ ਕੂਹਣੀ ਨੂੰ ਝੁਲਾਉਂਦਿਆਂ ਉਹ ਫਿਰ ਬੋਲਣ ਲੱਗਾ:

“ਉਹਨਾਂ ਵੱਲ ਉੱਕਾ ਹੀ ਕੰਨ ਨਾ ਦਿਓ ਜਿਹੜੇ ਕੁਝ ਲੋਕਾਂ ਦੀ ਗਰੀਬੀ ਦਾ ਦੂਜਿਆਂ ਦੀ ਦੌਲਤ ਨਾਲ਼ ਟਾਕਰਾ ਕਰਦਿਆਂ ਤੁਹਾਡੇ ਦਿਲਾਂ ਵਿੱਚ ਸਾੜੇ ਦੀਆਂ ਗੁਨਾਹੀ ਭਾਵਨਾਵਾਂ ਉਕਸਾਉਂਦੇ ਹਨ। ਇਹ ਲੋਕ ਸ਼ੈਤਾਨ ਦੇ ਦੂਤ ਹਨ, ਖ਼ੁਦਾ ਤੁਹਾਨੂੰ ਆਪਣੇ ਗਵਾਂਢੀ ਨਾਲ ਈਰਖਾ ਕਰਨ ਤੋਂ ਬਚਾਏ! ਅਮੀਰ ਤੇ ਗਰੀਬ ਹਨ, ਉਹ ਪਿਆਰ ਦੇ ਪੱਖੋਂ ਗਰੀਬ ਹਨ। ਅਮੀਰਾਂ ਨੂੰ ਪਿਆਰ ਕਰੋ ਕਿਉਂ ਜੋ ਖ਼ੁਦਾ ਨੇ ਉਹਨਾਂ ਨੂੰ ਅਮੀਰ ਬਣਾਇਆ ਹੈ, ਇਹ ਗੱਲ ਈਸਾ ਦੇ ਭਰਾ, ਗਿਰਜੇ ਦੇ ਪੋਪ ਜੂਡੇ ਨੇ ਜ਼ੋਰ ਨਾਲ਼ ਆਖੀ ਹੈ। ਸਮਾਨਤਾ ਦੇ ਧਰਮ-ਸਿਧਾਂਤ ਅਤੇ ਸ਼ੈਤਾਨ ਦੀਆਂ ਹੋਰ ਘਾੜ੍ਹਤਾਂ ਵੱਲ ਉੱਕਾ ਕੰਨ ਨਾ ਕਰੋ। ਇੱਥੇ ਇਸ ਧਰਤੀ ਉੱਤੇ

ਸਮਾਨਤਾ ਹੈ ਕੀ ? ਤੁਹਾਨੂੰ ਕੇਵਲ ਆਪਣੇ ਖੁਦ ਦੇ ਸਾਹਮਣੇ ਪਵਿੱਤਰ ਰੂਹ ਨਾਲ਼ ਇੱਕ ਦੂਜੇ ਨਾਲ਼ ਬਰਾਬਰ ਹੋਣ ਦੀ ਇੱਛਾ ਕਰਨੀ ਚਾਹੀਦੀ ਹੈ। ਆਪਣੀ ਬਿਪਤਾ ਨੂੰ ਸਬਰ ਸੰਤੋਖ ਨਾਲ਼ ਸਹਾਰੋ ਅਤੇ ਈਸਾ ਦੇ ਹੁਕਮ ਦੀ ਪਾਲਣਾ ਤੁਹਾਡਾ ਭਾਰ ਹੌਲ਼ਾ ਕਰੇਗੀ। ਮੇਰੇ ਬੱਚਿਓ, ਖ਼ੁਦਾ ਤੁਹਾਡੇ ਨਾਲ ਹੈ ਅਤੇ ਉਸ ਤੋਂ ਬਿਨਾਂ ਤੁਹਾਨੂੰ ਕਿਸੇ ਵੀ ਹੋਰ ਚੀਜ਼ ਦੀ ਜ਼ਰੂਰਤ ਨਹੀਂ ਹੈ।"

ਬੁੱਢਾ ਬਿਲਕੁੱਲ ਖਾਮੋਸ਼ ਹੋ ਗਿਆ। ਉਸ ਦਾ ਮੂੰਹ ਖੁੱਲ੍ਹਾ ਟੱਡਿਆ ਗਿਆ, ਉਸ ਦੇ ਸੋਨਾ ਮੜ੍ਹੇ ਦੰਦ ਲਿਸ਼ਕੇ ਅਤੇ ਜੇਤੂਆਂ ਵਾਂਗ ਉਸ ਮੇਰੇ ਵੱਲ ਵੇਖਿਆ।

"ਤੁਸੀਂ ਮਜ਼੍ਹਬ ਦੀ ਚੰਗੀ ਵਰਤੋਂ ਕਰਦੇ ਓ।" ਮੈਂ ਟੋਕ ਲਾਈ।

"ਹਾਂ ਜ਼ਰੂਰ! ਮੈਂ ਇਸ ਦੀ ਕਦਰ ਨੂੰ ਜਾਣਦਾ ਹਾਂ", ਉਸ ਆਖਿਆ। ਮੈਂ ਦੁਹਰਾ ਕੇ ਕਹਿੰਦਾ ਹਾਂ ਕਿ ਮਜ਼੍ਹਬ ਗਰੀਬਾਂ ਲਈ ਜ਼ਰੂਰੀ ਹੈ। ਮੈਂ ਇਸ ਨੂੰ ਪਸੰਦ ਕਰਦਾ ਹਾਂ। ਇਹ ਦੱਸਦਾ ਹੈ ਕਿ ਧਰਤੀ ਉਤਲੀ ਹਰ ਚੀਜ਼ ਦਾ ਮਾਲਕ ਸ਼ੈਤਾਨ ਹੈ। ਬੰਦਿਆ, ਜੇ ਤੂੰ ਆਪਣੀ ਰੂਹ ਨੂੰ ਬਚਾਉਣਾ ਚਾਹੁੰਨਾ ਏਂ ਤਾਂ ਇਸ ਧਰਤੀ ਉਤਲੀ ਕਿਸੇ ਚੀਜ਼ ਦੀ ਨਾ ਇੱਛਾ ਕਰ, ਨਾ ਹੀ ਉਸ ਨੂੰ ਹੱਥ ਲਾ। ਤੂੰ ਜ਼ਿੰਦਗੀ ਦੀਆਂ ਸਾਰੀਆਂ ਖੁਸ਼ੀਆਂ ਮੌਤੋਂ ਮਗਰੋਂ ਪ੍ਰਾਪਤ ਕਰੇਂਗਾ— ਜਨਅਤ ਵਿਚਲੀ ਹਰ ਸ਼ੈਅ ਤੇਰੇ ਲਈ ਹੈ! ਜਦੋਂ ਲੋਕ ਇਸ ਕਥਨ ਉੱਪਰ ਵਿਸ਼ਵਾਸ ਕਰਦੇ ਹਨ ਤਾਂ ਉਹਨਾਂ ਨਾਲ਼ ਨਿਪਟਣਾ ਕਿਤੇ ਸੁਖਾਲਾ ਹੁੰਦਾ ਹੈ। ਹਾਂ! ਮਜ਼੍ਹਬ ਇੱਕ ਥਿੰਧਾਈ ਹੈ। ਜ਼ਿੰਦਗੀ ਦੀ ਮਸ਼ੀਨ ਨੂੰ ਤੇਲ ਦੇਣ ਲਈ ਜਿੰਨੀ ਵਧੇਰੇ ਅਸੀਂ ਇਸ ਨੂੰ ਵਰਤਦੇ ਹਾਂ ਤਾਂ ਉਤਨੀ ਹੀ ਘੱਟ ਪੁਰਜ਼ਿਆਂ ਦੀ ਘਸਾਈ ਹੋਵੇਗੀ ਤੇ ਮਸ਼ੀਨ ਦੇ ਚਾਲਕ ਦਾ ਕੰਮ ਸੁਖਾਲ਼ਾ ਹੋਵੇਗਾ....।"

"ਇਹ ਤਾਂ ਸੱਚਮੁੱਚ ਦਾ ਬਾਦਸ਼ਾਹ ਹੈ", ਮੈਂ ਨਿਰਣਾ ਕੀਤਾ।

"ਅਤੇ ਕੀ ਤੁਸੀਂ ਆਪਣੇ ਆਪ ਨੂੰ ਇਕ ਈਸਾਈ ਸਮਝਦੇ ਓ ?" ਮੈਂ ਉਸ ਖੰਜੀਰ ਦੀ ਔਲਾਦ ਤੋਂ ਬੜੇ ਸਤਿਕਾਰ ਨਾਲ਼ ਪੁੱਛਿਆ।

"ਹਾਂ ਕਿਉਂ ਨਹੀਂ!" ਉਹ ਪੂਰੇ ਨਿਸ਼ਚੇ ਨਾਲ਼ ਬੋਲਿਆ। "ਪਰ" ਅਤੇ ਉੱਪਰ ਵੱਲ ਇਸ਼ਾਰਾ ਕਰਦਿਆਂ ਉਹ ਅਸਰਦਾਰ ਢੰਗ ਨਾਲ਼ ਆਖਿਆ, "ਇਸ ਸਮੇਂ ਮੈਂ ਇੱਕ ਅਮਰੀਕੀ ਵੀ ਹਾਂ ਅਤੇ ਇੱਕ ਪੱਕਾ ਸਦਾਚਾਰਕ ਵੀ...।"

ਉਸ ਦੇ ਚਿਹਰੇ ਨੇ ਇੱਕ ਨਾਟਕੀ ਰੂਪ ਧਾਰਨ ਕਰ ਲਿਆ, ਉਸ ਆਪਣੇ ਬੁੱਲ੍ਹਾ ਨੂੰ ਸਕੋੜਿਆ ਅਤੇ ਉਸ ਦੇ ਕੰਨ ਨੱਕ ਦੇ ਨੇੜੇ ਹੋ ਗਏ।

"ਤੁਹਾਡੀ ਗੱਲ ਦਾ ਅਸਲ ਮਤਲਬ ਕੀ ਏ ?" ਮੈਂ ਆਪਣੀ ਅਵਾਜ਼ ਨੀਵੀਂ ਕਰ ਕੇ ਪੁੱਛਿਆ।

"ਗੱਲ ਤੇਰੇ ਤੇ ਮੇਰੇ ਵਿਚਾਲੇ ਰਹੇ", ਉਹ ਫੁਸ-ਫੁਸਾਇਆ। "ਇੱਕ ਅਮਰੀਕੀ ਲਈ ਈਸਾ ਨੂੰ ਮੰਨਣਾ ਬਹੁਤ ਹੀ ਮੁਸ਼ਕਲ ਹੈ!"

"ਅਸੰਭਵ ?" ਥੋੜ੍ਹੇ ਜਿਹੇ ਵਕਫੇ ਮਗਰੋਂ ਮੈਂ ਵੀ ਫੁਸ-ਫੁਸਾਇਆ।

"ਬਿਲਕੁੱਲ ਅਸੰਭਵ", ਉਸ ਨੇ ਘੁਸਰ ਮੁਸਰ ਵਿੱਚ ਮੇਰੀ ਗੱਲ ਦੀ ਤਸਦੀਕ ਕੀਤੀ।

"ਪਰ ਕਿਉਂ ?" ਛਿਨ ਕੁ ਚੁੱਪ ਰਹਿਣ ਮਗਰੋਂ ਮੈਂ ਪੁੱਛਿਆ।

"ਉਹ ਕੁਆਰੀ ਮਾਂ ਦੀ ਔਲਾਦ ਸੀ!" ਬੁੱਢੇ ਨੇ ਮੇਰੇ ਵੱਲ ਅੱਖਾਂ ਝਮਕਦਿਆਂ ਆਖਿਆ ਅਤੇ ਉਸ ਦੀ ਨਜ਼ਰ ਸਾਰੇ ਕਮਰੇ ਵਿੱਚ ਘੁੰਮ ਗਈ। "ਕੀ ਤੂੰ ਸਮਝ ਗਿਆ ਏਂ ?"

ਕੁਆਰੀ ਮਾਂ ਨੂੰ ਜੰਮਿਆ ਬੰਦਾ ਤਾਂ ਅਮਰੀਕਾ ਵਿੱਚ ਅਧਿਕਾਰੀ ਤੱਕ ਨਹੀਂ ਬਣ ਸਕਦਾ, ਖੁਦਾ ਦੀ ਤਾਂ ਗੱਲ ਹੀ ਛੱਡੋ! ਇੱਕ ਸਾਊ ਸਮਾਜ ਵਿੱਚ ਕਿਸੇ ਵੀ ਥਾਂ ਉਸ ਦੀ ਕੋਈ ਇੱਜ਼ਤ ਨਹੀਂ ਕਰਦਾ। ਕੋਈ ਵੀ ਕੁੜੀ ਉਸ ਨਾਲ਼ ਵਿਆਹ ਕਰਾਉਣ ਨੂੰ ਰਾਜ਼ੀ ਨਹੀਂ ਹੁੰਦੀ ਹੈ, ਅਸੀਂ ਇਸ ਪੱਖੋਂ ਬੜੇ ਕਰੜੇ ਹਾਂ ਅਤੇ ਜੇ ਅਸੀਂ ਈਸਾ ਨੂੰ ਮੰਨੀਏ ਤਾਂ ਸਾਨੂੰ ਸਾਰੇ ਨਜਾਇਜ਼ ਤੌਰ 'ਤੇ ਜੰਮਿਆਂ ਨੂੰ ਸਤਿਕਾਰ ਯੋਗ ਬੰਦਿਆਂ ਵਾਂਗ ਪ੍ਰਵਾਨ ਕਰਨਾ ਪਵੇਗਾ... ਭਾਵੇਂ ਉਹ ਇੱਕ ਨੀਗਰੋਂ ਤੇ ਸਫੈਦ ਔਰਤ ਦੀ ਔਲਾਦ ਹੋਣ। ਰਤਾ ਸੋਚੋ, ਇਹ ਗੱਲ ਕਿਤਨੀ ਭਿਆਨਕ ਹੋਵੇਗੀ। ਕਿਉਂ ?"

ਨਿਰਸੰਦੇਹ ਇਹ ਕਿਤਨਾ ਭਿਆਨਕ ਜਾਪਿਆ ਹੋਵੇਗਾ, ਕਿਉਂ ਜੋ ਬੁੱਢੇ ਦੀਆਂ ਅੱਖਾਂ ਸਾਵੀਆਂ ਹੋ ਗਈਆਂ ਤੇ ਉੱਲੂ ਦੀਆਂ ਅੱਖਾਂ ਵਾਂਗ ਬਿਲਕੁੱਲ ਗੋਲ਼। ਬੜੀ ਕੋਸ਼ਿਸ਼ ਨਾਲ਼ ਆਪਣਾ ਹੇਠਲਾ ਬੁੱਲ੍ਹ ਉੱਪਰ ਨੂੰ ਉਠਾ ਕੇ ਉਸ ਨੇ ਦੰਦਾਂ ਨਾਲ਼ ਘੁੱਟਿਆ। ਪ੍ਰਤੱਖ ਤੌਰ 'ਤੇ ਉਸ ਨੇ ਸਮਝਿਆ ਕਿ ਉਸ ਦੇ ਮੂੰਹ ਦੇ ਇਸ ਬਨਾਵਟੀ ਅੰਦਾਜ਼ ਨੇ ਉਸ ਦੇ ਚਿਹਰੇ ਨੂੰ ਵਧੇਰੇ ਪ੍ਰਭਾਵਸ਼ਾਲੀ ਤੇ ਕਰੜਾ ਬਣਾ ਦਿੱਤਾ ਹੈ।

"ਅਤੇ ਤੁਸੀਂ ਨੀਗਰੋ ਨੂੰ ਇੱਕ ਮਨੁੱਖੀ ਜੀਵ ਮੰਨਣ ਤੋਂ ਉੱਕਾ ਹੀ ਇਨਕਾਰੀ ਓ ?" ਇੱਕ ਜਮਹੂਰੀਅਤ ਪਸੰਦ ਦੇਸ਼ ਦੇ ਸਦਾਚਾਰ ਤੋਂ ਨਿਰਾਸ਼ ਹੋਇਆ ਮਹਿਸੂਸ ਕਰਦਿਆਂ ਮੈਂ ਪੁੱਛਿਆ।

"ਤੂੰ ਕਿੰਨਾ ਸਿੱਧੜ ਏਂ ?" ਮੇਰੇ 'ਤੇ ਤਰਸ ਖਾਂਦਿਆਂ ਉਹ ਚੀਕਿਆ। "ਕਿਉਂ ਜੋ ਉਹ ਕਾਲ਼ੇ ਹਨ ਅਤੇ ਉਹਨਾਂ ਕੋਲ਼ੋਂ ਬੋ ਆਉਂਦੀ ਏ। ਜਿਵੇਂ ਹੀ ਸਾਨੂੰ ਪਤਾ ਲੱਗਾ ਕਿ ਇੱਕ ਨੀਗਰੋ ਨੇ ਸਫੈਦ ਔਰਤ ਨੂੰ ਆਪਣੀ ਪਤਨੀ ਬਣਾ ਲਿਆ ਅਸੀਂ ਉਸੇ ਵੇਲ਼ੇ ਉਸ ਨੂੰ ਖਤਮ ਕਰ ਦੇਂਦੇ ਹਾਂ। ਅਸੀਂ ਉਸ ਦੀ ਧੌਣ ਦੁਆਲ਼ੇ ਰੱਸੀ ਬੰਨ੍ਹ ਕੇ ਬਿਨਾਂ ਕਿਸੇ ਉਚੇਚ ਦੇ ਉਸ ਨੂੰ ਨੇੜੇ ਦੇ ਦਰੱਖ਼ਤ ਨਾਲ਼ ਲਟਕਾ ਦੇਂਦੇ ਹਾਂ। ਜਦੋਂ ਵੀ ਸਦਾਚਾਰ ਦੇ ਵਿਰੁੱਧ ਕੋਈ ਗੱਲ ਹੋਵੇ, ਅਸੀਂ ਬੜੇ ਸਖ਼ਤ ਹੋ ਜਾਂਦੇ ਹਾਂ....।"

ਹੁਣ ਉਸ ਨੇ ਮੇਰੇ ਅੰਦਰ ਸਤਿਕਾਰ ਜਗਾ ਦਿੱਤਾ ਕਿ ਕੋਈ ਵੀ ਟੁਕੜੇ ਟੁਕੜੇ ਹੋਈ ਲਾਸ਼ ਬਾਰੇ ਮਹਿਸੂਸ ਕੀਤੇ ਬਿਨਾਂ ਨਹੀਂ ਰਹਿ ਸਕਦਾ। ਪਰ ਮੈਂ ਤਾਂ ਇੱਕ ਕੰਮ ਆਪਣੇ ਜ਼ਿੰਮੇ ਲਿਆ ਹੋਇਆ ਸੀ ਅਤੇ ਬੁਰੇ ਦੇ ਘਰ ਤੱਕ ਪੁੱਜਣ ਦੀ ਪੱਕੀ ਧਾਰੀ ਹੋਈ ਸੀ। ਮੈਂ ਸੁਆਲ 'ਤੇ ਸੁਆਲ ਪੁੱਛੀ ਗਿਆ, ਸਫਾਈ, ਅਜ਼ਾਦੀ ਤੇ ਸਿਆਣਪ ਅਤੇ ਉਸ ਕਾਸੇ ਨੂੰ, ਜਿਸ ਨੂੰ ਮੈਂ ਨੇਕ ਤੇ ਸਮਝਦਾਰ ਮੰਨਦਾ ਹਾਂ ਤਸੀਹੇ ਦੇ ਰਹੇ ਅਮਲ ਨੂੰ ਤੇਜ਼ੀ ਨਾਲ਼ ਨਿਪਟਾਉਣਾ ਚਾਹੁੰਦਾ ਸਾਂ।

"ਸੋਸ਼ਲਿਸਟਾਂ ਵੱਲ ਤੁਹਾਡਾ ਕੀ ਵਤੀਰਾ ਹੈ ?"

"ਉਹ ਤਾਂ ਸ਼ੈਤਾਨ ਦੇ ਅਸਲੀ ਚਾਕਰ ਹਨ।" ਉਸ ਫੁਰਤੀ ਨਾਲ਼ ਆਪਣੇ ਗੋਡਿਆਂ ਨੂੰ ਥਾਪੜਦਿਆਂ ਮੇਰੇ ਮੂੰਹ 'ਤੇ ਮਾਰੀ। "ਸੋਸ਼ਲਿਸਟ ਜ਼ਿੰਦਗੀ ਦੀ ਮਸ਼ੀਨ ਵਿੱਚ ਰੇਤ ਹਨ, ਰੇਤ ਜਿਹੜੀ ਹਰ ਚੀਜ਼ ਵਿੱਚ ਘੁੱਸ ਜਾਂਦੀ ਹੈ, ਜੋ ਮਸ਼ੀਨੀ ਬਣਤਰ ਨੂੰ ਸਫਾਈ ਤੇ ਅਰਾਮ ਨਾਲ਼

ਚੱਲਣ ਦੇ ਰਾਹ ਵਿੱਚ ਰੋੜੇ ਅਟਾਕਉਂਦੀ ਹੈ। ਇੱਕ ਚੰਗੀ ਹਕੂਮਤ ਵਿੱਚ ਸੋਸ਼ਲਿਸਟ ਉੱਕਾ ਨਹੀਂ ਹੋਣੇ ਚਾਹੀਦੇ। ਫਿਰ ਵੀ ਉਹ ਅਮਰੀਕਾ ਵਿੱਚ ਜੰਮ ਪਏ ਹਨ। ਇਸ ਦਾ ਮਤਲਬ ਹੈ ਕਿ ਵਾਸ਼ਿੰਗਟਨ ਵਿੱਚ ਪਲ਼ੇ ਲੋਕ ਆਪਣੇ ਕੰਮ-ਕਾਜ ਨੂੰ ਚੰਗੀ ਤਰ੍ਹਾਂ ਨਹੀਂ ਸਮਝਦੇ। ਉਹਨਾਂ ਨੂੰ ਚਾਹੀਦਾ ਹੈ ਕਿ ਉਹ ਸੋਸ਼ਲਿਸਟਾਂ ਨੂੰ ਸਾਰੇ ਨਾਗਰਿਕ ਅਧਿਕਾਰਾਂ ਤੋਂ ਵਾਂਝਿਆਂ ਕਰ ਦੇਣ। ਘੱਟੋ ਘੱਟ ਇਹ ਤਾਂ ਜ਼ਰੂਰ ਹੋਣਾ ਚਾਹੀਦਾ ਹੈ। ਮੇਰਾ ਮਤਲਬ ਹੈ, ਇੱਕ ਸਰਕਾਰ ਦਾ ਹਕੀਕਤ ਨਾਲ਼ ਡੂੰਘਾ ਸਬੰਧ ਹੋਣਾ ਚਾਹੀਦਾ ਹੈ ਅਤੇ ਇਹ ਤਾਂ ਹੀ ਹੋ ਸਕੇਗਾ ਜੇ ਇਸ ਦੇ ਸਾਰੇ ਮੈਂਬਰ ਕਰੋੜਪਤੀ ਹੋਣਗੇ। ਅਸਲ ਗੱਲ ਇਹ ਹੈ।"

"ਤੁਸੀਂ ਆਪਣੀ ਧੁਨ ਦੇ ਪੱਕੇ ਬੰਦੇ ਓ।" ਮੈਂ ਆਖਿਆ।

"ਆਹ, ਹਾਂ!" ਉਸ ਨੇ ਸਿਰ ਹਿਲਾ ਕੇ ਸਹਿਮਤੀ ਪ੍ਰਗਟ ਕੀਤੀ। ਉਸ ਦੇ ਚਿਹਰੇ ਤੋਂ ਬੱਚਿਆਂ ਵਰਗੀ ਆਭਾ ਅਲੋਪ ਹੋ ਚੁੱਕੀ ਸੀ ਤੇ ਗੱਲ੍ਹਾਂ ਉੱਤੇ ਡੂੰਘੀਆਂ ਝੁਰੜੀਆਂ ਉੱਭਰ ਆਈਆਂ ਸਨ।

ਮੈਂ ਉਸ ਤੋਂ ਕਲਾ ਬਾਰੇ ਕੁਝ ਸੁਆਲ ਪੁੱਛਣਾ ਚਾਹੁੰਦਾ ਸਾਂ।

"ਕਲਾ ਵੱਲ ਤੁਹਾਡਾ..." ਮੈਂ ਪੁੱਛਣ ਹੀ ਲੱਗਾ ਸਾਂ ਕਿ ਉਸ ਆਪਣੀ ਉਂਗਲੀ ਉਤਾਂਹ ਉਠਾਈ ਤੇ ਬੋਲਣਾ ਸ਼ੁਰੂ ਕਰ ਦਿੱਤਾ।

"ਸਿਰ ਵਿੱਚ ਨਾਸਤਕਤਾ ਤੇ ਢਿੱਡ ਵਿੱਚ ਆਰਥਕਤਾ, ਇਹ ਕੁਝ ਹੁੰਦਾ ਹੈ ਇੱਕ ਸੋਸ਼ਲਿਸਟ। ਉਸ ਦੀ ਰੂਹ ਸ਼ੈਤਾਨ ਨੇ ਮੱਲੀ ਹੁੰਦੀ ਹੈ ਜਿਸ ਨੂੰ ਪਾਗਲਪਣ ਤੇ ਕ੍ਰੋਧ ਦੇ ਖੰਭ ਲੱਗੇ ਹੋਏ ਹਨ...। ਸੋਸ਼ਲਿਸਟਾਂ ਨਾਲ਼ ਲੜਨ ਲਈ ਸਾਨੂੰ ਵਧੇਰੇ ਮਜ਼੍ਹਬ ਤੇ ਵਧੇਰੇ ਸਿਪਾਹੀ ਚਾਹੀਦੇ ਹਨ। ਮਜ਼੍ਹਬ ਨਾਸਤਕਤਾ ਦੇ ਵਿਰੁੱਧ, ਸਿਪਾਹੀ ਅਰਾਜਕਤਾ ਦੇ ਵਿਰੁੱਧ ਲੜਨ ਲਈ। ਪਹਿਲਾਂ ਸੋਸ਼ਲਿਸਟ ਦੇ ਸਿਰ ਨੂੰ ਗਿਰਜੇ ਦੇ ਉਪਦੇਸ਼ ਦੇ ਸਿੱਕੇ ਨਾਲ਼ ਭਰੋ ਅਤੇ ਜੇ ਇਸ ਨਾਲ਼ ਵੀ ਉਹ ਰਾਜ਼ੀ ਨਾ ਹੋਵੇ ਤਾਂ ਸਿਪਾਹੀਆਂ ਨੂੰ ਉਸ ਦੇ ਢਿੱਡ ਵਿੱਚ ਸਿੱਕਾ ਭਰਨ ਦਿਓ।"

ਉਸ ਨੇ ਨਿਸ਼ਚੇ ਨਾਲ਼ ਸਿਰ ਹਿਲਾਇਆ ਤੇ ਦ੍ਰਿੜਤਾ ਨਾਲ਼ ਕਹਿਣ ਲੱਗਾ:

"ਕਿਤਨੀ ਮਹਾਨ ਹੈ ਸ਼ੈਤਾਨ ਦੀ ਤਾਕਤ!"

"ਨਿਰਸੰਦੇਹ ਹੈ!" ਮੈਂ ਤੁਰੰਤ ਮੰਨ ਗਿਆ।

ਇਹ ਪਹਿਲਾ ਸਮਾਂ ਸੀ ਕਿ ਮੈਨੂੰ ਪੀਲ਼ੇ ਦੈਂਤ—ਸੋਨੇ—ਦੇ ਸ਼ਕਤੀਸ਼ਾਲੀ ਪ੍ਰਭਾਵ ਨੂੰ ਇੰਨੇ ਉੱਘੜਵੇਂ ਰੂਪ ਵਿੱਚ ਵੇਖਣ ਦਾ ਸੁਭਾਗ ਪ੍ਰਾਪਤ ਹੋਇਆ ਸੀ। ਬੁੱਢੇ ਦੀਆਂ ਸੁੱਕੜ ਤੇ ਜੋੜਾਂ ਦੇ ਦਰਦਾਂ ਨਾਲ਼ ਭੰਨੀਆਂ ਹੱਡੀਆਂ, ਬੁੱਢੀ ਚਮੜੀ ਦੀ ਬੋਰੀ ਵਿੱਚ ਬੰਦ ਉਸ ਦਾ ਜਮਤੀਲ ਤੇ ਸੁੱਕਿਆ ਸੜਿਆ ਸਰੀਰ ਗਲ਼ੇ ਸੜੇ ਕੂੜੇ ਕਰਕਟ ਦੀ ਇਹ ਸਾਰੀ ਢੇਰੀ ਹੁਣ ਝੂਠਾਂ ਤੇ ਰੂਹਾਨੀ ਭ੍ਰਿਸ਼ਟਾਚਾਰ ਦੇ **ਪਿਤਾ** ਦੀ ਨਿਰਦਈ ਤੇ ਜ਼ਾਲਮ ਆਗਿਆ ਨਾਲ਼ ਤਰੰਗਤ ਤੇ ਸਜੀਵ ਹੋ ਉੱਠੀ ਸੀ। ਬੁੱਢੇ ਦੀਆਂ ਅੱਖਾਂ ਦੋ ਨਵੇਂ ਸਿੱਕਿਆਂ ਵਾਂਗ ਚਮਕ ਪਈਆਂ ਸਨ ਅਤੇ ਉਹ ਵਧੇਰੇ ਤਾਕਤਵਰ ਤੇ ਸਖਤ ਬਣ ਗਿਆ ਜਾਪਦਾ ਸੀ। ਇੱਕ ਨੌਕਰ ਨਾਲ਼ ਮਿਲ਼ਦੀ ਜੁਲ਼ਦੀ ਉਸ ਦੀ ਦਿੱਖ ਪਹਿਲਾਂ ਤੋਂ ਵੀ ਵਧੇਰੇ ਉੱਘੜਵੀਂ ਸੀ, ਪਰ ਹੁਣ ਮੈਂ ਜਾਣ ਗਿਆ ਸਾਂ ਕਿ ਉਸ ਦਾ ਮਾਲਕ ਕੌਣ ਸੀ।

"ਤੁਹਾਡਾ ਕਲਾ ਬਾਰੇ ਕੀ ਵਿਚਾਰ ਹੈ ?" ਮੈਂ ਪੁੱਛਿਆ।

ਉਹ ਮੇਰੇ ਵੱਲ ਝਾਕਿਆ ਅਤੇ ਉਸ ਆਪਣੇ ਚਿਹਰੇ ਉੱਤੋਂ ਆਪਣੇ ਹੱਥ ਨਾਲ਼ ਕ੍ਰੋਧ ਤੇ ਰੁੱਖੇਪਣ ਨੂੰ ਪੂੰਝ ਦਿੱਤਾ। ਇੱਕ ਵਾਰ ਫੇਰ ਉਸ ਦੇ ਚਿਹਰੇ ਉੱਤੇ ਬੱਚੇ ਵਰਗੀ ਮਾਸੂਮੀਅਤ ਆ ਗਈ ਸੀ।

"ਤੂੰ ਕੀ ਆਖਿਆ ਸੀ ?" ਉਸ ਪੁੱਛਿਆ।

"ਕਲਾ ਬਾਰੇ ਤੁਹਾਡੇ ਕੀ ਵਿਚਾਰ ਹਨ ?"

"ਆਹ!" ਉਸ ਬੜੇ ਅਰਾਮ ਨਾਲ਼ ਹੁੰਗਾਰਾ ਭਰਿਆ। "ਮੈਂ ਇਸ ਬਾਰੇ ਕੁਝ ਨਹੀਂ ਸੋਚਦਾ। ਮੈਂ ਇਸ ਨੂੰ ਮਹਿਜ਼ ਖਰੀਦਦਾ ਹੀ ਹਾਂ...।"

"ਮੈਂ ਇਸ ਤੋਂ ਜਾਣੂੰ ਹਾਂ। ਪਰ ਸ਼ਾਇਦ ਇਸ ਬਾਰੇ ਤੁਸੀਂ ਆਪਣੇ ਵਿਚਾਰ ਵੀ ਰੱਖਦੇ ਹੋਵੋ ਅਤੇ ਤੁਸੀਂ ਇਸ ਤੋਂ ਕੀ ਚਾਹੁੰਦੇ ਓ ?"

"ਓ! ਨਿਰਸੰਦੇਹ, ਜੋ ਕੁਝ ਮੈਂ ਕਲਾ ਤੋਂ ਚਾਹੁੰਦਾ ਹਾਂ ਉਹ ਮੈਂ ਜਾਣਦਾ ਹਾਂ...। ਕਲਾ ਦਿਲ ਪਰਚਾਵੀਂ ਹੋਣੀ ਚਾਹੀਦੀ ਹੈ—ਬੱਸ ਇਸ ਤੋਂ ਮੈਂ ਇਹੋ ਕੁਝ ਚਾਹੁੰਦਾ ਹਾਂ। ਜ਼ਰੂਰੀ ਹੈ ਕਿ ਇਹ ਮੈਨੂੰ ਹਸਾ ਸਕੇ। ਜਿਹੋ ਜਿਹਾ ਮੇਰਾ ਕਾਰੋਬਾਰ ਹੈ ਇਸ ਵਿੱਚੋਂ ਕੋਈ ਵੀ ਚੀਜ਼ ਮੈਨੂੰ ਖੁਸ਼ ਕਰਨ ਜਾਂ ਹਸਾਉਣ ਵਾਲ਼ੀ ਨਹੀਂ। ਕਿਸੇ ਕਿਸੇ ਸਮੇਂ ਦਿਮਾਗ ਨੂੰ ਕਿਸੇ ਅਜਿਹੀ ਚੀਜ਼ ਦੀ ਲੋੜ ਪੈਂਦੀ ਹੈ ਜੋ ਉਸ ਨੂੰ ਸ਼ਾਂਤ ਕਰ ਸਕੇ ਅਤੇ ਕੋਈ ਅਜਿਹੀ ਚੀਜ਼ ਜੋ ਸਰੀਰ ਨੂੰ ਉਤੇਜਿਤ ਕਰ ਸਕੇ। ਛੱਤ ਜਾਂ ਕੰਧਾਂ ਉਤਲੀਆਂ ਕਲਾਮਈ ਸਜਾਵਟਾਂ ਨੂੰ ਭੁੱਖ ਤੇ ਸ਼ੌਕ ਨੂੰ ਪ੍ਰਚੰਡ ਕਰਨਾ ਚਾਹੀਦਾ ਹੈ...। ਇਸ਼ਤਿਹਾਰ ਵਧੀਆ ਤੇ ਬਹੁਤ ਹੀ ਦਿਲਕਸ਼ ਰੰਗਾਂ ਵਿੱਚ ਚਿਤਰੇ ਜਾਣੇ ਚਾਹੀਦੇ ਹਨ। ਇਸ਼ਤਿਹਾਰ ਤੁਹਾਨੂੰ ਦੂਰੋਂ ਹੀ, ਕਈ ਮੀਲ ਦੀ ਦੂਰੀ ਤੋਂ ਹੀ ਤੁਹਾਡਾ ਧਿਆਨ ਆਪਣੇ ਵੱਲ ਖਿੱਚ ਲੈਣ ਵਾਲ਼ਾ ਤੇ ਤੁਹਾਨੂੰ ਝੱਟ ਉਸ ਥਾਂ ਜਿੱਥੇ ਉਹ ਲਿਜਾਉਣਾ ਚਾਹੁੰਦਾ ਹੈ, ਲੈ ਜਾਣ ਵਾਲ਼ਾ ਹੋਣਾ ਚਾਹੀਦਾ ਹੈ ਤਾਂ ਹੀ ਇਸ ਦਾ ਕੋਈ ਲਾਭ ਹੁੰਦਾ ਹੈ। ਬੁੱਤ ਤੇ ਫੁੱਲਦਾਨ ਹਮੇਸ਼ਾ ਹੀ ਪੱਥਰ ਜਾਂ ਚੀਨੀ ਮਿੱਟੀ ਦੀ ਥਾਂ 'ਤੇ ਤਾਂਬੇ ਦੇ ਬਣਾਉਣੇ ਚਾਹੀਦੇ ਹਨ। ਨੌਕਰ ਪੱਥਰ ਜਾਂ ਚੀਨੀ ਮਿੱਟੀ ਦੇ ਬਣੇ ਬੁੱਤਾਂ ਤੇ ਫੁੱਲਦਾਨਾਂ ਨੂੰ ਤੋੜ ਦੇਂਦੇ ਹਨ। ਕੁੱਕੜਾਂ ਦੀ ਲੜਾਈ ਜਾਂ ਚੂਹਿਆਂ ਦਾ ਸ਼ਿਕਾਰ ਬਹੁਤ ਹੀ ਦਿਲਚਸਪ ਹੁੰਦਾ ਹੈ। ਇਹ ਮੈਂ ਲੰਡਨ ਵਿੱਚ ਵੇਖੇ ਸਨ...। ਨਿਰਸੰਦੇਹ ਬਹੁਤ ਹੀ ਵਧੀਆ ਸਨ। ਮੁੱਕੇਬਾਜ਼ੀ ਵੀ ਵਧੀਆ ਦਿਲ ਪਰਚਾਵਾ ਹੈ। ਪਰ ਇਸ ਦਾ ਅੰਤ ਕਿਸੇ ਦੇ ਕਤਲ ਵਿੱਚ ਕਰਨ ਦੀ ਆਗਿਆ ਨਹੀਂ ਹੋਣਾ ਚਾਹੀਦਾ। ਸੰਗੀਤ ਦੇਸ਼ ਭਗਤੀ ਵਾਲ਼ਾ ਹੋਣਾ ਚਾਹੀਦਾ ਹੈ। ਭਾਵੇਂ ਕੂਚ ਸੰਗੀਤ ਸਦਾ ਹੀ ਵਧੀਆ ਹੁੰਦਾ ਹੈ ਪਰ ਅਮਰੀਕਾ ਦੇ ਕੂਚ ਸੰਗੀਤ ਸਭ ਤੋਂ ਵਧੀਆ ਹੁੰਦੇ ਹਨ। ਅਮਰੀਕਾ ਸੰਸਾਰ ਵਿੱਚ ਸਭ ਤੋਂ ਵਧੀਆ ਦੇਸ਼ ਹੈ, ਇਸੇ ਲਈ ਅਮਰੀਕੀ ਸੰਗੀਤ ਇਸ ਧਰਤੀ ਉੱਤੇ ਉੱਚ ਦਰਜੇ ਦਾ ਹੈ। ਚੰਗਾ ਸੰਗੀਤ ਹਮੇਸ਼ਾ ਵਧੀਆ ਲੋਕਾਂ ਵਿੱਚ ਮਿਲ਼ਦਾ ਹੈ। ਅਮਰੀਕੀ ਧਰਤੀ ਦੇ ਸਭ ਤੋਂ ਵਧੀਆ ਲੋਕ ਹਨ। ਬਹੁਤਾ ਪੈਸਾ ਇਹਨਾਂ ਹੀ ਕੋਲ਼ ਹੈ। ਜਿੰਨੀ ਦੌਲਤ ਸਾਡੇ ਕੋਲ਼ ਹੈ ਹੋਰ ਕਿਸੇ ਕੋਲ਼ ਨਹੀਂ। ਇਸੇ ਲਈ ਸਾਰੀ ਦੁਨੀਆਂ ਛੇਤੀ ਹੀ ਸਾਡੇ ਕੋਲ਼ੋਂ ਮੰਗਣ ਲਈ ਆਵੇਗੀ...।"

ਜਿਵੇਂ ਹੀ ਮੈਂ ਇਸ ਰੋਗੀ ਬੱਚੇ ਦੀ ਘਟੀਆ ਬਕਵਾਸ ਸੁਣੀ ਤਾਂ ਝੱਟ ਮੇਰੇ ਮਨ ਵਿੱਚ

ਤਾਸਮਾਨੀਆ ਦੇ ਵਹਿਸ਼ੀਆਂ ਲਈ ਸ਼ਰਧਾ ਪੈਦਾ ਹੋ ਗਈ। ਆਖਿਆ ਜਾਂਦਾ ਹੈ ਉਹ ਵੀ ਆਦਮਖੋਰ ਹਨ, ਪਰ ਤਾਂ ਵੀ ਸੁਹਜ ਸੁਆਦ ਦੀ ਭਾਵਨਾ ਉਹਨਾਂ ਦੇ ਅੰਦਰ ਵਿਕਸਤ ਹੋ ਗਈ ਹੈ।

"ਕੀ ਤੁਸੀਂ ਥੇਟਰ ਵੀ ਜਾਂਦੇ ਹੋ ?" ਮੈਂ **ਪੀਲ਼ੇ ਦੈਂਤ** ਦੇ ਬੁੱਢੇ ਗੁਲਾਮ ਤੋਂ ਪੁੱਛਿਆ, ਤਾਂ ਜੋ ਉਸ ਦੇਸ਼ ਬਾਰੇ ਉਸ ਦੀਆਂ ਫੜ੍ਹਾਂ ਤੇ ਡੀਂਗਾਂ ਨੂੰ ਵਿੱਚੋਂ ਹੀ ਰੋਕ ਦਿੱਤਾ ਜਾਵੇ ਜਿਸ ਦੇਸ਼ ਨੂੰ ਉਸ ਨੇ ਆਪਣੀ ਜ਼ਿੰਦਗੀ ਨਾਲ਼ ਪਲੀਤ ਕਰ ਦਿੱਤਾ ਸੀ।

"ਥੇਟਰ ? ਓ, ਹਾਂ! ਮੈਂ ਜਾਣਦਾ ਹਾਂ ਕਿ ਇਹ ਵੀ ਕਲਾ ਹੈ।" ਉਸ ਨੇ ਦ੍ਰਿੜ ਲਹਿਜੇ ਵਿੱਚ ਆਖਿਆ।

"ਅਤੇ ਥੇਟਰ ਵਿੱਚ ਤੁਹਾਨੂੰ ਕਿਹੜੀ ਸ਼ੈਅ ਪਸੰਦ ਹੈ ?"

"ਇਹ ਉਦੋਂ ਚੰਗਾ ਲੱਗਦਾ ਹੈ ਜਦੋਂ ਨੀਵੇਂ ਗਲਮੇਂ ਵਾਲ਼ੇ ਗਾਊਨ ਪਾਈ ਕਿੰਨੀਆਂ ਹੀ ਮੁਟਿਆਰਾਂ ਹੋਣ ਅਤੇ ਤੁਸੀਂ ਉਹਨਾਂ ਨੂੰ ਉੱਪਰੋਂ ਵੇਖ ਸਕਦੇ ਹੋਵੋ!" ਇੱਕ ਛਿਨ ਸੋਚਣ ਮਗਰੋਂ ਉਸ ਉੱਤਰ ਦਿੱਤਾ।

"ਪਰ ਤੁਸੀਂ ਥੇਟਰ ਵਿੱਚ ਸਭ ਤੋਂ ਵੱਧ ਕਿਹੜੀ ਚੀਜ਼ ਪਸੰਦ ਕਰਦੇ ਹੋ ?" ਨਿਰਾਸ਼ ਹੁੰਦਿਆਂ ਮੈਂ ਪੁੱਛਿਆ।

"ਉਹ!" ਆਪਣੇ ਬੁੱਲ੍ਹਾਂ ਨੂੰ ਕੰਨਾਂ ਤੱਕ ਫੈਲਾਉਂਦਿਆਂ ਉਹ ਉੱਚੀ ਸਾਰੀ ਬੋਲਿਆ, "ਨਿਰਸੰਦੇਹ, ਅਭਿਨੇਤਰੀਆਂ, ਜਿਵੇਂ ਕਿ ਹੋਰਾਂ ਨੂੰ ਵੀ ਪਸੰਦ ਹਨ...। ਜੇ ਅਭਿਨੇਤਰੀਆਂ ਜਵਾਨ ਤੇ ਖ਼ੂਬਸੂਰਤ ਹੋਣ, ਤਾਂ ਉਹ ਹਮੇਸ਼ਾ ਹੀ ਚੰਗੀਆਂ ਹਨ। ਪਰ ਤੁਰੰਤ ਹੀ ਇਹ ਦੱਸਣਾ ਬੜੀ ਔਖੀ ਗੱਲ ਹੈ ਕਿ ਉਹਨਾਂ ਵਿੱਚੋਂ ਕਿਹੜੀ ਅਸਲ ਵਿੱਚ ਜਵਾਨ ਹੈ। ਉਹਨਾਂ ਆਪਣੇ ਆਪ ਨੂੰ ਰੰਗ ਰੋਗਨ ਨਾਲ਼ ਸਜਾਇਆ ਹੁੰਦਾ ਹੈ। ਮੈਂ ਸਮਝਦਾ ਹਾਂ, ਇਹ ਉਹਨਾਂ ਦਾ ਕਿੱਤਾ ਹੈ। ਪਰ ਕਿਸੇ ਸਮੇਂ ਤੁਸੀਂ ਕਿਸੇ ਨੂੰ ਮੁਟਿਆਰ ਸਮਝ ਬੈਠਦੇ ਹੋ ਪਰ ਤੁਹਾਨੂੰ ਪਤਾ ਲੱਗਦਾ ਹੈ ਕਿ ਉਹ ਤਾਂ ਪੰਜਾਹ ਵਰ੍ਹਿਆਂ ਦੀ ਹੈ ਅਤੇ ਉਸ ਦੇ ਘੱਟੋ ਘੱਟ ਦੋ ਸੌ ਆਸ਼ਕ ਹਨ। ਨਿਰਸੰਦੇਹ, ਅਜਿਹੀ ਗੱਲ ਬਹੁਤ ਹੀ ਬੇਸੁਆਦੀ ਹੁੰਦੀ ਹੈ। ਸਰਕਸ ਦੀਆਂ ਕੁੜੀਆਂ ਅਭਿਨੇਤਰੀਆਂ ਨਾਲ਼ੋਂ ਚੰਗੀਆਂ ਹਨ। ਉਹ ਲਗਭਗ ਹਮੇਸ਼ਾ ਜਵਾਨ ਅਤੇ ਵਧੇਰੇ ਚਾਪਲੂਸ ਹੁੰਦੀਆਂ ਹਨ।"

ਵੇਖਣ ਨੂੰ ਉਹ ਇਸ ਵਿਸ਼ੇ ਬਾਰੇ ਇੱਕ ਸਰਬ ਗਿਆਤਾ ਜਾਪਦਾ ਸੀ। ਇੱਥੋਂ ਤੱਕ ਕਿ ਮੇਰੇ ਵਰਗੇ ਇੱਕ ਕੱਟੜ ਗੁਨਾਹਗਾਰ ਲਈ, ਜਿਸ ਨੇ ਆਪਣੀ ਸਾਰੀ ਜ਼ਿੰਦਗੀ ਗੁਨਾਹਾਂ ਪਾਪਾਂ ਵਿੱਚ ਹੀ ਖਤਮ ਕਰ ਲਈ ਹੈ ਉਸ ਕੋਲ਼ੋਂ ਕੁਝ ਨਾ ਕੁਝ ਸਿੱਖਣ ਲਈ ਮੌਜੂਦ ਸੀ।

"ਤੁਹਾਨੂੰ ਕਾਵਿ ਰਚਨਾ ਕਿਹੋ ਜਿਹੀ ਲੱਗਦੀ ਏ ?" ਮੈਂ ਪੁੱਛਿਆ।

"ਕਾਵਿ ਰਚਨਾ ?" ਉਹ ਆਪਣੇ ਬੂਟਾਂ ਵੱਲ ਹੇਠਾਂ ਵੇਖਦਿਆਂ ਤੇ ਮੱਥੇ ਵੱਟ ਪਾਉਂਦਿਆਂ ਚੀਕਿਆ। ਉਸ ਛਿਨ ਕੁ ਸੋਚਿਆ, ਉਸ ਮੂੰਹ ਉਤਾਂਹ ਚੁੱਕਿਆ ਤੇ ਤੁਰੰਤ ਆਪਣੇ ਲੰਮੇ ਦੰਦ ਵਿਖਾਉਂਦਿਆਂ ਬੋਲਣ ਲੱਗਾ, "ਕਵਿਤਾਵਾਂ ? ਓ, ਹਾਂ। ਮੈਨੂੰ ਕਵਿਤਾਵਾਂ ਪਸੰਦ ਹਨ। ਜ਼ਿੰਦਗੀ ਕਿੰਨੀ ਖੁਸ਼ਰਹਿਣੀ ਹੋ ਜਾਵੇ ਜੇ ਹਰ ਬੰਦਾ ਇਸ਼ਤਿਹਾਰ ਵੀ ਕਵਿਤਾਵਾਂ ਵਿੱਚ ਲਿਖਣੇ ਸ਼ੁਰੂ ਕਰ ਦੇਵੇ।"

"ਤੁਹਾਨੂੰ ਕਿਹੜਾ ਕਵੀ ਚੰਗਾ ਲੱਗਦਾ ਹੈ?" ਮੈਂ ਕਾਹਲੀ ਨਾਲ਼ ਅਗਲਾ ਸੁਆਲ ਪੁੱਛਿਆ।

ਬੁੱਢੇ ਨੇ ਮੇਰੇ ਵੱਲ ਘਬਰਾਹਟ ਵਿੱਚ ਤਕਿਆ ਤੇ ਹੌਲ਼ੀ ਜਿਹੇ ਪੁੱਛਿਆ: "ਤੂੰ ਕੀ ਕਹਿ ਰਿਹਾ ਏਂ?"

ਮੈਂ ਆਪਣੇ ਸੁਆਲ ਨੂੰ ਦੁਹਰਾਇਆ।

"ਹੂੰ... ਤੂੰ ਤਾਂ ਬੜਾ ਦਿਲਚਸਪ ਬੰਦਾ ਏਂ?" ਉਸ ਨੇ ਦੁਬਿਧਾ ਜਿਹੀ ਵਿੱਚ ਸਿਰ ਛੰਡਦਿਆਂ ਆਖਿਆ। "ਮੈਨੂੰ ਕੀ ਲੋੜ ਪਈ ਏ ਕਿ ਮੈਂ ਕਿਸੇ ਕਵੀ ਨੂੰ ਪਸੰਦ ਕਰਾਂ? ਅਤੇ ਕਿਉਂ ਕਿਸੇ ਇੱਕ ਕਵੀ ਨੂੰ ਪਸੰਦ ਕੀਤਾ ਜਾਵੇ?"

"ਮੈਨੂੰ ਮੁਆਫ ਕਰਨਾ!" ਆਪਣੇ ਮੱਥੇ ਤੋਂ ਮੁੜ੍ਹਕਾ ਪੂੰਝਦਿਆਂ ਮੈਂ ਆਖਿਆ। "ਮੇਰਾ ਪੁੱਛਣ ਦਾ ਇਹ ਅਰਥ ਸੀ ਕਿ ਆਪਣੀ ਚੈੱਕ ਬੁੱਕ ਤੋਂ ਇਲਾਵਾ ਤੁਹਾਨੂੰ ਹੋਰ ਕਿਹੜੀ ਪੁਸਤਕ ਬਹੁਤ ਚੰਗੀ ਲੱਗਦੀ ਹੈ...?"

"ਹੂੰ! ਇਹ ਇੱਕ ਬਿਲਕੁੱਲ ਵੱਖਰੀ ਗੱਲ ਹੈ।" ਉਸ ਸਹਿਮਤੀ ਪ੍ਰਗਟਾਈ। ਦੋ ਪੁਸਤਕਾਂ ਮੈਨੂੰ ਬਹੁਤ ਪਸੰਦ ਹਨ, ਇੱਕ **ਅੰਜੀਲ** ਤੇ ਦੂਜੀ **ਵਹੀਖਾਤਾ**। ਇਹ ਦੋਵੇਂ ਪੁਸਤਕਾਂ ਮਨ ਨੂੰ ਇੱਕੋ ਜਿਹਾ ਉਤੇਜਿਤ ਕਰਦੀਆਂ ਹਨ। ਜਿਵੇਂ ਹੀ ਤੁਸੀਂ ਇਹਨਾਂ ਨੂੰ ਹੱਥ ਵਿੱਚ ਫੜਦੇ ਹੋ, ਤੁਸੀਂ ਮਹਿਸੂਸ ਕਰਦੇ ਹੋ ਕਿ ਇਹਨਾਂ ਵਿੱਚ ਉਹ ਸ਼ਕਤੀ ਹੈ ਜੋ ਤੁਹਾਨੂੰ ਹਰ ਉਹ ਚੀਜ਼ ਬਖ਼ਸ਼ਦੀ ਹੈ ਜਿਸ ਦੀ ਤੁਹਾਨੂੰ ਜ਼ਰੂਰਤ ਹੈ।"

"ਜਾਪਦਾ ਏ, ਇਹ ਮੇਰਾ ਮੌਜੂ ਉਡਾ ਰਿਹਾ ਏ!" ਮੈਂ ਸੋਚਿਆ ਅਤੇ ਸਿੱਧਾ ਉਸ ਦੇ ਮੂੰਹ ਵੱਲ ਵੇਖਿਆ। ਨਹੀਂ, ਇਹ ਗੱਲ ਨਹੀਂ। ਨਜ਼ਰਾਂ ਨੇ ਇਸ ਬੱਚੇ ਦੀ ਸੁਹਿਰਦਤਾ ਬਾਰੇ ਸਾਰੇ ਸ਼ੰਕੇ ਦੂਰ ਕਰ ਦਿੱਤੇ। ਉਹ ਆਪਣੀ ਕੁਰਸੀ 'ਤੇ ਬੈਠਾ ਹੋਇਆ, ਖੋਲ਼ ਵਿੱਚ ਝੁਰੜੀ ਮੁਰੜੀ ਗਿਰੀ ਵਾਂਗ ਵਿਖਾਈ ਦੇਂਦਾ ਸੀ ਅਤੇ ਇਹ ਬਿਲਕੁੱਲ ਪ੍ਰਤੱਖ ਸੀ ਕਿ ਉਹ ਆਪਣੇ ਸ਼ਬਦਾਂ ਦੀ ਸਫਾਈ ਵਿੱਚ ਪੂਰੀ ਤਰ੍ਹਾਂ ਵਿਸ਼ਵਾਸ ਰੱਖਦਾ ਸੀ।

"ਹਾਂ!" ਆਪਣੇ ਨਹੁੰਆਂ ਵੱਲ ਧਿਆਨ ਨਾਲ਼ ਵੇਖਦਿਆਂ ਉਹ ਫਿਰ ਬੋਲਿਆ। "ਹਾਂ, ਇਹ ਬਹੁਤ ਹੀ ਸ਼ਾਨਦਾਰ ਪੁਸਤਕਾਂ ਹਨ। ਇੱਕ ਤਾਂ ਵਲੀਆਂ ਨੇ ਲਿਖੀ ਸੀ ਤੇ ਦੂਜੀ ਮੇਰੀ ਆਪਣੀ ਰਚਨਾ ਹੈ। ਤੂੰ ਮੇਰੀ ਪੁਸਤਕ ਵਿੱਚ ਬਹੁਤ ਹੀ ਥੋੜ੍ਹੇ ਸ਼ਬਦ ਵੇਖੇਂਗਾ। ਇਸ ਵਿੱਚ ਅੰਕੜੇ ਹਨ। ਇਹ ਦਰਸਾਉਂਦੇ ਹਨ ਕਿ ਜੇ ਬੰਦਾ ਈਮਾਨਦਾਰੀ ਤੇ ਮਿਹਨਤ ਨਾਲ਼ ਕੰਮ ਕਰਨ ਨੂੰ ਤਿਆਰ ਹੋਵੇ ਤਾਂ ਉਹ ਕੀ ਕੁਝ ਕਰ ਸਕਦਾ ਹੈ। ਸਰਕਾਰ ਮੇਰੇ ਮਰਨ ਮਗਰੋਂ ਮੇਰੀ ਪੁਸਤਕ ਨੂੰ ਪ੍ਰਕਾਸ਼ਤ ਕਰ ਕੇ ਇਕ ਚੰਗਾ ਕੰਮ ਕਰੇਗੀ। ਲੋਕਾਂ ਨੂੰ ਇਹ ਜਾਣਨ ਦਿਓ ਕਿ ਉਹਨਾਂ ਨੂੰ ਮੇਰੇ ਵਰਗੀ ਉੱਚੀ ਪੱਧਰ ਉੱਤੇ ਪੁੱਜਣ ਲਈ ਕੀ ਕੁਝ ਕਰਨਾ ਚਾਹੀਦਾ ਹੈ।

ਅਤੇ ਉਸ ਨੇ ਇੱਕ ਜੇਤੂ ਦੇ ਸਫਲ ਅੰਦਾਜ਼ ਵਿੱਚ ਉੱਘੜਵੇਂ ਹਾਵ-ਭਾਵ ਪ੍ਰਗਟਾਏ।

ਮੈਂ ਮਹਿਸੂਸ ਕੀਤਾ ਕਿ ਹੁਣ ਸਮਾਂ ਹੈ ਕਿ ਮੁਲਾਕਾਤ ਸਮਾਪਤ ਕਰ ਦਿੱਤੀ ਜਾਵੇ। ਹੋਰ ਸਿਰ ਪੈਰਾਂ ਹੇਠ ਲਿਤਾੜਿਆ ਜਾਣਾ ਨਹੀਂ ਸਹਾਰ ਸਕਦਾ।

"ਸ਼ਾਇਦ ਤੁਸੀਂ ਵਿਗਿਆਨ ਬਾਰੇ ਕੁਝ ਕਹਿਣਾ ਚਾਹੋਗੇ?" ਮੈਂ ਸਹਿਜੇ ਜਿਹੇ ਪੁੱਛਿਆ।

"ਵਿਗਿਆਨ ?" ਉਸ ਇੱਕ ਉਂਗਲ ਉਤਾਂਹ ਉਠਾਈ ਤੇ ਫਿਰ ਛੱਤ ਵੱਲ ਵੇਖਣ ਲੱਗਾ। ਫਿਰ ਉਸ ਆਪਣੀ ਘੜੀ ਕੱਢੀ, ਵਕਤ ਵੇਖਿਆ, ਠਾਹ ਕਰਕੇ ਉਸ ਦਾ ਢੱਕਣਾ ਬੰਦ ਕੀਤਾ ਤੇ ਫਿਰ ਉਸ ਦੀ ਜ਼ੰਜੀਰੀ ਨੂੰ ਉਂਗਲ ਦੁਆਲ਼ੇ ਵਲ੍ਹੇਟਦਿਆਂ ਘੜੀ ਨੂੰ ਝੁਲਾਉਣ ਲੱਗਾ। ਇਹ ਕੁਝ ਕਰਨ ਮਗਰੋਂ ਉਸ ਇੱਕ ਹੌਕਾ ਲਿਆ ਤੇ ਬੋਲਣਾ ਸ਼ੁਰੂ ਕੀਤਾ:

"ਹਾਂ, ਮੈਂ ਵਿਗਿਆਨ ਬਾਰੇ ਜਾਣਦਾ ਹਾਂ! ਪੁਸਤਕਾਂ! ਜੇ ਇਹ ਅਮਰੀਕਾ ਬਾਰੇ ਗੁਣ ਗਾਉਣ ਤਾਂ ਇਹ ਕਾਰਆਮਦ ਪੁਸਤਕਾਂ ਹਨ। ਪਰ ਤੁਸੀਂ ਪੁਸਤਕਾਂ ਵਿੱਚ ਬੜੀ ਮੁਸ਼ਕਲ ਨਾਲ਼ ਹੀ ਸਫਾਈ ਲੱਭੋਗੇ। ਇਹ... ਕਵੀ, ਜਿਹੜੇ ਪੁਸਤਕਾਂ ਰਚਦੇ ਹਨ, ਮੇਰਾ ਵਿਚਾਰ ਹੈ ਬਹੁਤ ਹੀ ਘੱਟ ਕਮਾਉਂਦੇ ਹਨ। ਅਜਿਹੇ ਦੇਸ਼ ਵਿੱਚ ਜਿੱਥੇ ਹਰ ਬੰਦਾ ਆਪਣੇ ਕਾਰੋਬਾਰ ਵਿੱਚ ਰੁੱਝਿਆ ਹੋਇਆ ਹੈ ਕਿਸੇ ਕੋਲ਼ ਪੁਸਤਕਾਂ ਪੜ੍ਹਨ ਦਾ ਸਮਾਂ ਹੀ ਨਹੀਂ...। ਹਾਂ ਕਵੀ ਬੜੇ ਲੋਹੇ-ਲਾਖੇ ਹਨ, ਕਿਉਂ ਜੋ ਉਹਨਾਂ ਦੀਆਂ ਪੁਸਤਕਾਂ ਵਿਕਦੀਆਂ ਨਹੀਂ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕਵੀਆਂ ਨੂੰ ਚੰਗੀ ਅਦਾਇਗੀ ਕਰੇ। ਇੱਕ ਚੰਗੀ ਤਰ੍ਹਾਂ ਰੱਜਿਆ ਪੁੱਜਿਆ ਬੰਦਾ ਹਮੇਸ਼ਾ ਦਿਆਲੂ ਤੇ ਖੁਸ਼ ਰਹਿਣਾ ਹੁੰਦਾ ਹੈ। ਜੇ ਅਮਰੀਕਾ ਦੇ ਬਾਰੇ ਪੁਸਤਕਾਂ ਬਹੁਤ ਹੀ ਜ਼ਰੂਰੀ ਹਨ, ਤਾਂ ਚੰਗੇ ਕਵੀਆਂ ਨੂੰ ਭਾੜੇ 'ਤੇ ਰੱਖ ਲੈਣਾ ਚਾਹੀਦਾ ਹੈ ਅਤੇ ਫਿਰ ਅਮਰੀਕਾ ਨੂੰ ਲੋੜੀਂਦੀਆਂ ਸਾਰੀਆਂ ਪੁਸਤਕਾਂ ਤਿਆਰ ਹੋ ਜਾਣਗੀਆਂ...। ਬੱਸ ਇੰਨੀ ਹੀ ਗੱਲ ਹੈ।"

"ਵਿਗਿਆਨ ਬਾਰੇ ਤੁਹਾਡੀ ਪਰਿਭਾਸ਼ਾ ਕਿਸੇ ਹੱਦ ਤੱਕ ਸੰਕੀਰਨ ਹੈ", ਮੈਂ ਵਿਚਾਰ ਪ੍ਰਗਟ ਕੀਤਾ।

ਉਸ ਆਪਣੀਆਂ ਅੱਖਾਂ ਬੰਦ ਕਰ ਲਈਆਂ ਤੇ ਸੋਚਾਂ ਵਿੱਚ ਡੁੱਬ ਗਿਆ। ਫਿਰ ਉਸ ਉਹਨਾਂ ਨੂੰ ਖੋਲ੍ਹਿਆ ਤੇ ਵਿਸ਼ਵਾਸ ਨਾਲ਼ ਕਹਿਣ ਲੱਗਾ:

"ਹਾਂ, ਅਧਿਆਪਕ, ਫਿਲਾਸਫਰ... ਇਹ ਵੀ ਵਿਗਿਆਨ ਹੈ। ਹਾਂ, ਪ੍ਰੋਫੈਸਰ, ਦਾਈਆਂ, ਦੰਦਸਾਜ਼, ਵਕੀਲ, ਡਾਕਟਰ, ਇੰਜੀਨੀਅਰ ਵੀ ਮੈਂ ਜਾਣਦਾ ਹਾਂ। ਠੀਕ ਹੈ, ਇਹ ਸਾਰੇ ਜ਼ਰੂਰੀ ਹਨ। ਚੰਗੇ ਵਿਗਿਆਨ... ਨੂੰ ਕੋਈ ਵੀ ਭੈੜੀ ਗੱਲ ਨਹੀਂ ਸਿਖਾਉਣੀ ਚਾਹੀਦੀ। ਪਰ ਮੇਰੀ ਧੀ ਦੇ ਅਧਿਆਪਕ ਨੇ ਇਕ ਵਾਰ ਮੈਨੂੰ ਦੱਸਿਆ ਕਿ ਸਮਾਜਕ ਵਿਗਿਆਨ ਵੀ ਚੰਗੇ ਹਨ...। ਇਹੋ ਗੱਲ ਮੇਰੇ ਪੱਲੇ ਨਹੀਂ ਪੈਂਦੀ। ਮੇਰਾ ਵਿਸ਼ਵਾਸ ਹੈ ਕਿ ਇਹ ਹਾਨੀਕਾਰਕ ਹੈ। ਇੱਕ ਸੋਸ਼ਲਿਸਟ ਵਧੀਆ ਵਿਗਿਆਨ ਦੀ ਰਚਨਾ ਨਹੀਂ ਕਰ ਸਕਦਾ। ਸੋਸ਼ਲਿਸਟਾਂ ਦਾ ਵਿਗਿਆਨ ਨਾਲ਼ ਹਰ ਹਾਲਤ ਵਿੱਚ ਉੱਕਾ ਹੀ ਕੋਈ ਵਾਸਤਾ ਨਹੀਂ ਹੋਣਾ ਚਾਹੀਦਾ। ਏਡੀਸਨ, ਉਹ ਅਜਿਹਾ ਵਿਗਿਆਨ ਰਚ ਰਿਹਾ ਹੈ ਜੋ ਲਾਹੇਵੰਦ ਜਾਂ ਦਿਲਚਸਪ ਹੈ। ਫੋਨੋਗ੍ਰਾਮ, ਸਿਨੇਮਾ—ਇਹ ਲਾਹੇਵੰਦ ਹਨ। ਪਰ ਵਿਗਿਆਨ ਦੀਆਂ ਏਨੀਆਂ ਪੁਸਤਕਾਂ... ਇਹ ਬਹੁਤ ਵਧੀਕੀ ਹੈ। ਲੋਕਾਂ ਨੂੰ ਅਜਿਹੀਆਂ ਪੁਸਤਕਾਂ ਨਹੀਂ ਪੜ੍ਹਨੀਆਂ ਚਾਹੀਦੀਆਂ ਜੋ ਉਹਨਾਂ ਦੇ ਅੰਦਰ ਹਰ ਪ੍ਰਕਾਰ ਦੇ ਸ਼ੰਕੇ ਪੈਦਾ ਕਰ ਦੇਣ। ਇਸ ਧਰਤੀ ਉਤਲੀ ਹਰ ਚੀਜ਼ ਇੰਝ ਹੈ ਜਿਵੇਂ ਹੋਣੀ ਚਾਹੀਦੀ ਸੀ ਅਤੇ ਅਜਿਹੀ ਕੋਈ ਜ਼ਰੂਰਤ ਨਹੀਂ ਕਿ ਹਰ ਗੱਲ ਨੂੰ ਪੁਸਤਕਾਂ ਨਾਲ਼ ਰਲ਼ਗੜ ਕਰ ਦਿੱਤਾ ਜਾਵੇ।"

ਮੈਂ ਉੱਠ ਖਲੋਤਾ।

"ਓ, ਤੂੰ ਜਾ ਰਿਹਾ ਏਂ ?" ਉਸ ਪੁੱਛਿਆ।

"ਹਾਂ!" ਮੈਂ ਆਖਿਆ। "ਪਰ ਹੁਣ ਜਦੋਂ ਮੈਂ ਜਾ ਰਿਹਾ ਤਾਂ ਸ਼ਾਇਦ ਤੁਸੀਂ ਮੈਨੂੰ ਦੱਸੋਗੇ ਕਿ ਆਖਰ ਕਰੋੜਪਤੀ ਹੋਣ ਵਿੱਚ ਕੀ ਤੁੱਕ ਹੈ ?"

ਜਵਾਬ ਦੇਣ ਦੀ ਥਾਂ ਉਹ ਹਿਚਕੀਆਂ ਲੈਣ ਤੇ ਆਪਣੀਆਂ ਲੱਤਾਂ ਨੂੰ ਝਟਕੇ ਦੇਣ ਲੱਗ ਪਿਆ। ਸ਼ਾਇਦ ਉਸ ਦੇ ਹੱਸਣ ਦਾ ਇਹੋ ਅੰਦਾਜ਼ ਹੋਵੇ!

"ਇਹ ਆਦਤ ਹੈ!" ਉਹ ਉੱਚੀ ਸਾਰੀ ਬੋਲਿਆ, ਤਾਂ ਕਿਤੇ ਉਸ ਦੇ ਸਾਹ ਵਿੱਚ ਸਾਹ ਆਇਆ।

"ਕਿਹੜੀ ਆਦਤ ?" ਮੈਂ ਪੁੱਛਿਆ।

"ਇੱਕ ਕਰੋੜਪਤੀ ਹੋਣਾ... ਇਹ ਇੱਕ ਆਦਤ ਹੈ!"

ਕੁਝ ਚਿਰ ਸੋਚਣ ਮਗਰੋਂ ਮੈਂ ਆਪਣਾ ਆਖਰੀ ਸੁਆਲ ਪੁੱਛਿਆ:

"ਤਾਂ ਤੁਹਾਡਾ ਵਿਚਾਰ ਹੈ ਕਿ ਆਵਾਰਾਗਰਦ, ਨਸ਼ਈ ਤੇ ਕਰੋੜਪਤੀ ਇੱਕੋ ਥਾਲੀ ਦੇ ਚੱਟੇ ਬੱਟੇ ਹਨ ?"

ਇਸ ਵਿਅੰਗ ਨੇ ਜ਼ਰੂਰ ਹੀ ਉਸ ਵਿੱਚ ਰੋਹ ਜਗਾਇਆ ਹੋਵੇਗਾ! ਉਸ ਦੀਆਂ ਅੱਖਾਂ ਟੱਡੀਆਂ ਗਈਆਂ ਤੇ ਗੁੱਸੇ ਨੇ ਉਸ ਵਿੱਚ ਈਰਖਾ ਜਗਾ ਦਿੱਤੀ।

"ਮੇਰੇ ਖਿਆਲ ਵਿਚ ਤੂੰ ਬਦਤਮੀਜ਼ ਏਂ।" ਉਹ ਝੱਟ ਮੇਰੀ ਗੱਲ ਟੁੱਕ ਕੇ ਚੀਕਿਆ।

"ਖੁਦਾ ਹਾਫ਼ਿਜ਼!" ਮੈਂ ਆਖਿਆ।

ਉਹ ਆਦਰ ਨਾਲ਼ ਮੈਨੂੰ ਬਰਾਂਡੇ ਤੱਕ ਛੱਡਣ ਆਇਆ ਅਤੇ ਪੌੜੀਆਂ ਤੋਂ ਉੱਪਰ ਆਪਣੇ ਬੂਟਾਂ ਵੱਲ ਝਾਕਦਾ ਖਲੋਤਾ ਰਿਹਾ। ਉਸ ਦੇ ਘਰ ਦੇ ਸਾਹਮਣੇ ਸਵਾਹਰੇ ਕੱਟੇ ਹੋਏ ਘਾਹ ਦੀ ਮੋਟੀ ਚਾਦਰ ਵਿਛੀ ਹੋਈ ਸੀ। ਮੈਂ ਉਸ ਉੱਤੇ ਇਹ ਸੋਚਦਿਆਂ ਤੁਰ ਰਿਹਾ ਸਾਂ ਕਿ ਅਜਿਹੇ ਬੰਦੇ ਨੂੰ ਦੁਬਾਰਾ ਕਦੇ ਵੀ ਨਹੀਂ ਮਿਲ਼ਾਂਗਾ ਕਿ ਅਚਾਨਕ ਮੈਨੂੰ ਪਿੱਛੋਂ ਅਵਾਜ਼ ਸੁਣਾਈ ਦਿੱਤੀ।

"ਰਤਾ ਠਹਿਰੀਂ!"

ਮੈਂ ਪਿਛਾਂਹ ਮੁੜਿਆ। ਉਹ ਅਜੇ ਵੀ ਬਰਾਂਡੇ ਵਿੱਚ ਖਲੋਤਾ ਮੇਰੇ ਵੱਲ ਝਾਕ ਰਿਹਾ ਸੀ।

"ਕੀ ਤੇਰੇ ਕੋਲ਼ ਉਸ ਤੋਂ ਵਧੇਰੇ ਬਾਦਸ਼ਾਹ ਹਨ ਜਿੰਨੇ ਤੈਨੂੰ ਯੂਰਪ ਵਿੱਚ ਲੋੜੀਂਦੇ ਹਨ ?" ਉਸ ਨੇ ਹੌਲ਼ੀ ਜਿਹੇ ਪੁੱਛਿਆ।

"ਜੇ ਤੁਸੀਂ ਮੇਰੇ ਤੋਂ ਪੁੱਛੋ, ਤਾਂ ਸਾਨੂੰ ਕਿਸੇ ਬਾਦਸ਼ਾਹ ਦੀ ਜ਼ਰੂਰਤ ਨਹੀਂ।" ਮੈਂ ਉੱਤਰ ਦਿੱਤਾ।

ਉਸ ਮੂੰਹ ਮੋੜ ਕੇ ਥੁੱਕਿਆ।

"ਮੈਂ ਆਪਣੇ ਲਈ ਬਾਦਸ਼ਾਹਾਂ ਦਾ ਇੱਕ ਜੋੜਾ ਭਾੜੇ 'ਤੇ ਰੱਖਣ ਬਾਰੇ ਸੋਚ ਰਿਹਾ ਸਾਂ", ਉਸ ਨੇ ਆਖਿਆ।

"ਤੂੰ ਇਸ ਬਾਰੇ ਕਿਵੇਂ ਸੋਚਦਾ ਏਂ ?"

"ਪਰ ਕਾਹਦੇ ਲਈ ?"

“ਤੂੰ ਜਾਣਦਾ ਹੀ ਏਂ, ਆਪਣੇ ਦਿਲ ਪਰਚਾਵੇ ਲਈ। ਮੈਂ ਉਹਨਾਂ ਨੂੰ ਆਪੋ ਵਿੱਚ ਮੁੱਕੋ ਮੁੱਕੀ ਹੋਣ ਲਈ ਹੁਕਮ ਦਿਆਂਗਾ..।”

ਉਸ ਨੇ ਆਪਣੇ ਘਰ ਦੇ ਸਾਹਮਣੇ ਵਾਲ਼ੇ ਲਾਨ ਵੱਲ ਇਸ਼ਾਰਾ ਕੀਤਾ ਅਤੇ ਪੁੱਛਣ ਦੇ ਲਹਿਜੇ ਵਿੱਚ ਫਿਰ ਬੋਲਿਆ:

“ਹਰ ਰੋਜ਼ ਇੱਕ ਤੋਂ ਡੇਢ ਵਜੇ ਤੱਕ, ਕਿਉਂ ਠੀਕ ਏ ਨਾ ? ਦਿਨ ਦੇ ਖਾਣੇ ਮਗਰੋਂ ਕਲਾ ਦਾ ਅਨੰਦ ਮਾਣਨਾ ਕਿਤਨੀ ਅਨੰਦਮਈ ਗੱਲ ਹੋਵੇਗੀ...।”

ਉਹ ਸੱਚੇ ਦਿਲੋਂ ਇਹ **ਕੁਝ** ਆਖ ਰਿਹਾ ਸੀ ਅਤੇ ਮੈਂ ਮਹਿਸੂਸ ਕਰ ਰਿਹਾ ਸਾਂ ਕਿ ਉਹ ਆਪਣੀ ਖਾਹਿਸ਼ ਨੂੰ ਤ੍ਰਿਪਤ ਕਰਨ ਲਈ ਹਰ ਗੱਲ ਕਰੇਗਾ।

“ਪਰ ਤੁਸੀਂ ਇਸ ਉਦੇਸ਼ ਲਈ ਬਾਦਸ਼ਾਹਾਂ ਨੂੰ ਕਿਉਂ ਵਰਤਣਾ ਚਾਹੁੰਦੇ ਓ ?” ਮੈਂ ਪੁੱਛਿਆ।

“ਕਿਉਂ ਜੋ ਇੱਥੇ ਅਜੇ ਤੱਕ ਕਿਸੇ ਬੰਦੇ ਨੇ ਇੰਝ ਨਹੀਂ ਸੋਚਿਆ।” ਉਸ ਨੇ ਵਿਆਖਿਆ ਪੇਸ਼ ਕੀਤੀ।

“ਹਾਂ, ਪਰ ਬਾਦਸ਼ਾਹ ਤਾਂ ਆਪਣੀ ਥਾਂ ’ਤੇ ਦੂਜਿਆਂ ਨੂੰ ਲੜਾਉਣ ਦੇ ਆਦੀ ਹਨ।” ਮੈਂ ਪੁੱਛਿਆ ਤੇ ਤੁਰ ਪਿਆ।

“ਰਤਾ ਰੁਕੀਂ!” ਉਸ ਮੈਨੂੰ ਫੇਰ ਅਵਾਜ਼ ਦਿੱਤੀ।

ਮੈਂ ਇੱਕ ਵਾਰ ਫੇਰ ਰੁੱਕਿਆ ਤੇ ਉਸ ਵੱਲ ਝਾਕਿਆ। ਉਹ ਅਜੇ ਵੀ ਆਪਣੀਆਂ ਜੇਬ੍ਹਾਂ ਵਿੱਚ ਹੱਥ ਤੁੰਨੀ ਉਸੇ ਥਾਂ ’ਤੇ ਖਲੋਤਾ ਸੀ, ਉਸ ਦਾ ਚਿਹਰਾ ਕੁਝ ਕੁਝ ਅਲਸਾਇਆ ਵਿਖਾਈ ਦੇ ਰਿਹਾ ਸੀ।

ਉਸ ਆਪਣੇ ਬੁੱਲ੍ਹ ਹਿਲਾਏ ਜਿਵੇਂ ਉਹ ਕੋਈ ਚੀਜ਼ ਚੱਬ ਰਿਹਾ ਹੋਵੇ ਤੇ ਹੌਲ਼ੀ ਜਿਹੇ ਬੋਲਿਆ:

“ਜੇ ਦੋ ਬਾਦਸ਼ਾਹ ਤਿੰਨਾਂ ਮਹੀਨਿਆਂ ਲਈ ਹਰ ਰੋਜ਼ ਅੱਧੇ ਘੰਟੇ ਲਈ ਮੁੱਕੇਬਾਜ਼ੀ ਕਰਨ ਤਾਂ ਤੇਰੇ ਵਿਚਾਰ ਵਿੱਚ ਕਿੰਨਾ ਕੁ ਖਰਚਾ ਆ ਜਾਵੇਗਾ, ਹੈਂ ?”

1906

ਸ੍ਰਿਸ਼ਟਾਚਾਰ ਦਾ ਇੱਕ ਉਪਦੇਸ਼ਕ

.... ਉਹ ਡੂੰਘੀ ਰਾਤ ਗਏ ਮੇਰੇ ਕੋਲ਼ ਆਇਆ ਅਤੇ ਕਮਰੇ ਦੇ ਆਲ਼ੇ ਦੁਆਲ਼ੇ ਸ਼ੱਕੀ ਨਜ਼ਰਾਂ ਨਾਲ਼ ਝਾਕਦਿਆਂ ਬੜੀ ਮੱਧਮ ਜਿਹੀ ਅਵਾਜ਼ ਵਿੱਚ ਪੁੱਛਣ ਲੱਗਾ:

"ਕੀ ਮੈਂ ਤੁਹਾਡੇ ਨਾਲ਼ ਅੱਧਾ ਕੁ ਘੰਟਾ ਇਕੱਲਿਆਂ ਗੱਲਬਾਤ ਕਰ ਸਕਦਾ ਹਾਂ ?"

ਉਸ ਦੇ ਲਹਿਜ਼ੇ ਵਿੱਚ, ਪਤਲੇ ਤੇ ਕੁਝ ਕੁ ਝੁਕੇ ਹੋਏ ਉਸ ਦੇ ਸਾਰੇ ਸਰੀਰ ਵਿੱਚ ਕੋਈ ਗੁੱਝੀ ਤੇ ਲੁਕਵੀਂ ਗੱਲ ਸੀ। ਉਹ ਬੜੇ ਸੰਕੋਚ ਨਾਲ਼ ਇੱਕ ਕੁਰਸੀ 'ਤੇ ਬਹਿ ਗਿਆ, ਜਿਵੇਂ ਉਹ ਡਰਦਾ ਹੋਵੇ ਕਿ ਕੁਰਸੀ ਉਸ ਦੀਆਂ ਲੰਮੀਆਂ, ਤਿੱਖੀਆਂ ਹੱਡੀਆਂ ਦੇ ਭਾਰ ਨਾਲ਼ ਕਿਤੇ ਟੁੱਟ ਨਾ ਜਾਏ।

"ਕੀ ਤੁਸੀਂ ਪਰਦਾ ਸੁੱਟ ਦਿਓਗੇ ?" ਉਸ ਬੜੀ ਨਰਮੀ ਨਾਲ਼ ਆਖਿਆ।

"ਕਿਉਂ ਨਹੀਂ, ਜ਼ਰੂਰ", ਮੈਂ ਆਖਿਆ ਤੇ ਤੁਰੰਤ ਪਰਦਾ ਸੁੱਟ ਦਿੱਤਾ।

ਸ਼ੁਕਰੀਏ ਲਈ ਉਸ ਸਿਰ ਹਿਲਾਇਆ। ਉਹ ਖਿੜਕੀ ਵੱਲ ਝਾਕਿਆ ਤੇ ਵਧੇਰੇ ਨਰਮ ਅਵਾਜ਼ ਵਿੱਚ ਬੋਲਿਆ:

"ਉਹ ਹਮੇਸ਼ਾ ਮੇਰਾ ਪਿੱਛਾ ਕਰਦੇ ਹਨ।"

"ਕੌਣ ?"

"ਰਿਪੋਰਟਰ, ਹੋਰ ਕੌਣ।"

ਮੈਂ ਉਹਦੇ ਵੱਲ ਚੰਗੀ ਤਰ੍ਹਾਂ ਵੇਖਿਆ। ਉਸ ਨੇ ਬੜੀ ਸੁੱਘੜਤਾ ਨਾਲ਼ ਕੱਪੜੇ ਪਾਏ ਹੋਏ ਸਨ, ਫਬਵੇਂ ਤੇ ਢੁੱਕਦੇ, ਪਰ ਸੱਚ ਤਾਂ ਇਹ ਹੈ ਫਿਰ ਵੀ ਮੇਰੇ ਉੱਤੇ ਉਸ ਦੇ ਗਰੀਬ ਹੋਣ ਦਾ ਪ੍ਰਭਾਵ ਪਿਆ। ਉਸ ਦੀ ਗੰਜੀ, ਨੁਕੀਲੀ ਖੋਪੜੀ ਸਾਦਗੀ ਨਾਲ਼ ਮੱਧਮ ਜਿਹੀ ਲਿਸ਼ਕ ਰਹੀ ਸੀ। ਉਸ ਦਾ ਮੂੰਹ ਚੰਗੀ ਤਰ੍ਹਾਂ ਮੁੰਨਿਆ ਹੋਇਆ ਤੇ ਪਤਲਾ ਸੀ, ਉਸ ਦੀਆਂ ਭੂਰੀਆਂ ਅੱਖਾਂ ਵਿੱਚ ਸ਼ਰਮਨਾਕ ਮੁਸਕਣੀ ਸੀ ਤੇ ਝਿਮਣੀਆਂ ਪਤਲੀਆਂ ਜਿਹੀਆਂ ਸਨ। ਜਦੋਂ ਉਸ ਨੇ ਪਲਕਾਂ ਉਤਾਂਹ ਨੂੰ ਚੁੱਕੀਆਂ ਤੇ ਮੇਰੇ ਮੂੰਹ ਵੱਲ ਵੇਖਿਆ, ਤਾਂ ਮੈਨੂੰ ਆਪਣੇ ਸਾਹਮਣੇ ਧੁੰਦਲਾ, ਪਰ ਬਹੁਤਾ ਡੂੰਘਾ ਨਹੀਂ, ਸੱਖਣਾਪਣ ਮਹਿਸੂਸ ਹੋਇਆ। ਉਹ ਕੁਰਸੀ ਦੇ ਹੇਠ ਆਪਣੇ ਪੈਰ ਪਸਾਰੀ ਬੈਠਾ ਸੀ, ਉਸ ਦਾ ਸੱਜਾ ਹੱਥ ਗੋਡੇ ਉੱਤੇ ਸੀ ਤੇ ਖੱਬਾ ਹੱਥ ਜਿਸ ਵਿਚ ਡਰਬੀ ਟੋਪ ਸੀ ਹੇਠਾਂ ਨੂੰ ਲਟਕ ਰਿਹਾ ਸੀ। ਉਸ ਦੀਆਂ ਲੰਮੀਆਂ ਉਂਗਲਾਂ ਹੌਲ਼ੀ ਹੌਲ਼ੀ ਕੰਬੀਆਂ ਅਤੇ ਉਸ ਦੇ ਕਰੜਾਈ ਨਾਲ਼ ਮੀਚੇ ਬੁੱਲ੍ਹਾਂ ਦੀਆਂ ਨੁੱਕਰਾਂ ਵਿੱਚ ਡੂੰਘੀ ਸਿਥਲਤਾ ਸੀ—ਇੱਕ ਨਿਸ਼ਾਨ

ਕਿ ਇੱਕ ਬੰਦੇ ਨੇ ਆਪਣੇ ਕੱਪੜਿਆਂ ਲਈ ਮਹਿੰਗਾ ਮੁੱਲ ਤਾਰਿਆ ਹੈ।

"ਮੈਨੂੰ ਆਪਣੇ ਬਾਰੇ ਜਾਣਕਾਰੀ ਦੇਣ ਦੀ ਆਗਿਆ ਦਿਓ", ਉਸ ਨੇ ਇੱਕ ਹੌਕਾ ਲੈਂਦਿਆਂ ਤੇ ਖਿੜਕੀ ਵੱਲ ਲਮਕਵੀਂ ਨਜ਼ਰ ਨਾਲ਼ ਝਾਕਦਿਆਂ ਉਹ ਬੋਲਿਆ। "ਸੱਚੀ ਗੱਲ ਤਾਂ ਇਹ ਹੈ ਕਿ ਮੈਂ ਪੇਸ਼ਾਵਰ ਗੁਨਾਹੀਆ ਹਾਂ...।"

"ਮੁਆਫ ਕਰਨਾ ਮੈਂ ਸਮਝਿਆ ਨਹੀਂ ?" ਆਪਣੀ ਘਬਰਾਹਟ ਨੂੰ ਲੁਕਾਉਣ ਦਾ ਯਤਨ ਕਰਦਿਆਂ ਮੈਂ ਪੁੱਛਿਆ।

"ਮੈਂ ਪੇਸ਼ਾਵਰ ਗੁਨਾਹੀਆਂ ਹਾਂ", ਉਸ ਇੱਕ ਇੱਕ ਸ਼ਬਦ ਦੁਹਰਾਇਆ ਤੇ ਕਹਿਣ ਲੱਗਾ:

"ਮੇਰਾ ਵਿਸ਼ੇਸ਼ ਗੁਣ ਜਨਤਕ ਨੈਤਕਤਾ ਦੇ ਵਿਰੁੱਧ ਜ਼ੁਰਮ ਕਰਨਾ ਹੈ..।"

ਜਿਵੇਂ ਉਸ ਇਹ ਵਾਕ ਬੋਲਿਆ ਉਸ ਦੇ ਲਹਿਜੇ ਵਿੱਚ ਨਿਰਮਾਣਤਾ ਤੋਂ ਬਿਨਾਂ ਹੋਰ ਕੁਝ ਨਹੀਂ ਸੀ। ਨਾ ਹੀ ਉਸ ਦੇ ਸ਼ਬਦਾਂ ਵਿੱਚ ਜਾਂ ਚਿਹਰੇ ਉੱਤੇ ਮੈਨੂੰ ਕਿਸੇ ਪ੍ਰਕਾਰ ਦੇ ਪਸ਼ਚਾਤਾਪ ਦਾ ਕੋਈ ਚਿੰਨ੍ਹ ਵਿਖਾਈ ਦਿੱਤਾ।

"ਕੀ ਤੁਸੀਂ ਪਾਣੀ ਪੀਣਾ ਚਾਹੋਗੇ ?" ਮੈਂ ਸੁਝਾਅ ਦਿੱਤਾ।

"ਨਹੀਂ, ਮਿਹਰਬਾਨੀ", ਇਨਕਾਰ ਕਰਦਿਆਂ, ਉਸ ਦੀਆਂ ਖਿਮਾਂ ਮੰਗਦੀਆਂ ਮੁਸਕਰਾਉਂਦੀਆਂ ਨਜ਼ਰਾਂ ਮੇਰੇ ਉੱਤੇ ਆ ਟਿਕੀਆਂ। "ਤੁਸੀਂ ਮੈਨੂੰ ਚੰਗੀ ਤਰ੍ਹਾਂ ਨਹੀਂ ਸਮਝੇ, ਕਿਉਂ ?"

"ਕਿਉਂ ਨਹੀਂ, ਮੈਂ ਜ਼ਰੂਰ ਸਮਝ ਗਿਆਂ।" ਯੂਰਪੀ ਪੱਤਰਕਾਰਾਂ ਦੇ ਪ੍ਰਵਾਨਤ ਅੰਦਾਜ਼ ਵਿੱਚ ਆਪਣੀ ਅਣਜਾਣਤਾ ਨੂੰ ਲੁਕਾਉਣ ਲਈ ਜ਼ਿੰਦਾਦਿਲੀ ਵਿਖਾਉਂਦਿਆਂ ਮੈਂ ਮੋੜਵਾਂ ਉੱਤਰ ਦਿੱਤਾ ਪਰ ਉਸ ਨੂੰ ਮੇਰੇ 'ਤੇ ਇਤਬਾਰ ਆਉਂਦਾ ਨਹੀਂ ਸੀ ਜਾਪ ਰਿਹਾ। ਆਪਣੇ ਟੋਪ ਨੂੰ ਏਧਰ ਉੱਧਰ ਝੁਲਾਉਂਦਿਆਂ ਤੇ ਸਾਧਾਰਨ ਜਿਹਾ ਮੁਸਕਰਾਉਂਦਿਆਂ ਉਸ ਆਖਿਆ।

"ਮੈਨੂੰ ਆਪਣੇ ਧੰਦੇ ਬਾਰੇ ਕੁਝ ਦੱਸਣ ਦੀ ਆਗਿਆ ਦਿਓ, ਤਾਂ ਜੋ ਤੁਸੀਂ ਜਾਣ ਜਾਓ ਕਿ ਮੈਂ ਹਾਂ ਕੀ...।"

ਉਸ ਹੌਕਾ ਲਿਆ ਤੇ ਸਿਰ ਝੁਕਾ ਲਿਆ। ਉਸ ਦੇ ਹੌਕੇ ਵਿੱਚ ਕੇਵਲ ਥਕੇਵਾਂ ਸੁਣ ਕੇ ਮੈਂ ਫਿਰ ਹੈਰਾਨ ਹੋਇਆ।

"ਤੁਹਾਨੂੰ ਚੇਤੇ ਹੋਵੇਗਾ", ਆਪਣਾ ਟੋਪ ਸਹਿਜੇ ਜਿਹੇ ਝੁਲਾਉਂਦਿਆਂ ਉਸ ਬੋਲਣਾ ਸ਼ੁਰੂ ਕੀਤਾ, "ਅਖ਼ਬਾਰਾਂ ਵਿੱਚ ਇਸ ਬੰਦੇ ਬਾਰੇ... ਕਿਸੇ ਸ਼ਰਾਬੀ ਬਾਰੇ, ਥੇਟਰ ਵਿੱਚ ਲੜਾਈ ਬਾਰੇ, ਇੱਕ ਕਹਾਣੀ ਛਪੀ ਸੀ ?"

"ਮੂਹਰਲੀ ਕਤਾਰ ਵਿੱਚ ਬੈਠੇ ਇੱਕ ਭੱਦਰ ਪੁਰਸ਼ ਬਾਰੇ, ਜੋ ਇੱਕ ਬਹੁਤ ਹੀ ਦੁਖਦਾਈ ਦ੍ਰਿਸ਼ ਦੇ ਦੌਰਾਨ ਉੱਠ ਖਲੋਤਾ ਸੀ, ਆਪਣਾ ਟੋਪ ਪਹਿਨ ਕੇ ਉੱਚੀ ਉੱਚੀ ਬੱਘੀ ਲਈ ਰੌਲ਼ਾ ਪਾਉਣਾ ਸ਼ੁਰੂ ਕਰ ਦਿੱਤਾ ਸੀ ? ਮੈਂ ਪੁੱਛਿਆ।

"ਹਾਂ", ਉਸ ਤਸਦੀਕ ਕੀਤੀ ਅਤੇ ਨਿਮਰਤਾ ਨਾਲ਼ ਕਹਿਣ ਲੱਗਾ: "ਉਹ ਮੈਂ ਹੀ ਸਾਂ।" "ਬੱਚਿਆਂ ਨੂੰ ਕੁੱਟਣ ਵਾਲ਼ਾ ਵਹਿਸ਼ੀ" ਦੀ ਸੁਰਖੀ ਵਾਲ਼ੀ ਖਬਰ ਵੀ ਮੇਰੇ ਬਾਰੇ ਸੀ ਅਤੇ

ਇਸੇ ਤਰ੍ਹਾਂ ਇੱਕ ਹੋਰ ਖਬਰ "ਪਤੀ ਨੇ ਪਤਨੀ ਵੇਚ ਦਿੱਤੀ" ਵੀ...। ਜਿਸ ਬੰਦੇ ਨੇ ਇੱਕ ਰਾਹ ਜਾਂਦੀ ਔਰਤ ਨਾਲ਼ ਗੰਦਾ ਮਜ਼ਾਕ ਕੀਤਾ ਸੀ—ਉਹ ਵੀ ਮੈਂ ਹੀ ਸਾਂ...। ਆਮ ਤੌਰ 'ਤੇ, ਅਖਬਾਰਾਂ ਵਾਲੇ ਮੇਰੇ ਬਾਰੇ ਹਫਤੇ ਵਿੱਚ ਇੱਕ ਵਾਰ ਜ਼ਰੂਰ ਕੁਝ ਨਾ ਕੁਝ ਛਾਪਦੇ ਹਨ, ਅਤੇ ਹਮੇਸ਼ਾ ਉਸ ਸਮੇਂ ਜਦੋਂ ਇਹ ਸਿੱਧ ਕਰਨਾ ਹੋਵੇ ਕਿ ਵੇਖੋ ਲੋਕਾਂ ਦਾ ਸਦਾਚਾਰ ਕਿੰਨਾ ਭ੍ਰਿਸ਼ਟ ਹੋ ਗਿਆ ਹੈ...।"

ਉਸ ਨੇ ਇਹ ਸਭ ਕੁਝ ਬੜੀ ਹੌਲ਼ੀ ਤੇ ਸਪੱਸ਼ਟਤਾ ਨਾਲ਼ ਆਖਿਆ ਜਿਸ ਵਿੱਚ ਕਿਸੇ ਕਿਸਮ ਦੀ ਫੜ੍ਹ ਜਾਂ ਸ਼ੇਖੀ ਦਾ ਰੰਗ ਨਹੀਂ ਸੀ। ਮੈਂ ਉਸ ਨੂੰ ਸਮਝ ਨਹੀਂ ਸਾਂ ਸਕਿਆ, ਪਰ ਇਸ ਤੋਂ ਮੈਂ ਉਸ ਨੂੰ ਜਾਣੂੰ ਨਹੀਂ ਸਾਂ ਹੋਣ ਦੇਣਾ ਚਾਹੁੰਦਾ। ਸਾਰੇ ਲੇਖਕਾਂ ਵਾਂਗ, ਮੈਂ ਹਮੇਸ਼ਾ ਜ਼ਿੰਦਗੀ ਤੇ ਬੰਦਿਆਂ ਨੂੰ ਆਪਣੀ ਹੱਥ ਦੀ ਤਲ਼ੀ ਵਾਂਗ ਜਾਣਨ ਦਾ ਵਿਖਾਵਾ ਕਰਦਾ ਹਾਂ।

"ਹੂੰ!" ਮੈਂ ਏਦਾਂ ਬੋਲਿਆ ਜਿਵੇਂ ਕੋਈ ਫਿਲਾਸਫਰ ਹੋਵਾਂ। "ਅਤੇ ਕੀ ਤੁਹਾਨੂੰ ਆਪਣਾ ਸਮਾਂ ਏਦਾਂ ਬਿਤਾਉਣ ਵਿੱਚ ਅਨੰਦ ਪ੍ਰਾਪਤ ਹੁੰਦਾ ਹੈ?"

"ਹਾਂ, ਛੋਟੀ ਉਮਰ ਦੇ ਦਿਨਾਂ ਵਿੱਚ, ਮੈਂ ਮੰਨਦਾ ਹਾਂ, ਇਹ ਕੰਮ ਮੈਨੂੰ ਖੁਸ਼ੀ ਪ੍ਰਦਾਨ ਕਰਦਾ ਸੀ", ਉਸ ਉੱਤਰ ਦਿੱਤਾ। "ਪਰ ਹੁਣ ਮੈਂ ਪੰਜਤਾਲੀਆਂ ਸਾਲਾਂ ਦਾ ਹਾਂ, ਵਿਆਹਿਆ ਹੋਇਆ ਹਾਂ, ਮੇਰੀਆਂ ਦੋ ਧੀਆਂ ਹਨ...। ਅਤੇ ਹੁਣ ਅਖਬਾਰਾਂ ਵਿਚ ਸਦਾਚਾਰਕ ਨੀਚਤਾ ਦੇ ਸ੍ਰੋਤ ਵਜੋਂ ਹਫਤੇ ਵਿੱਚ ਦੋ ਜਾਂ ਤਿੰਨ ਵਾਰ ਛਪਣਾ ਬਹੁਤ ਅਸੁਖਾਵੀਂ ਗੱਲ ਹੈ ਅਤੇ ਅਖਬਾਰਾਂ ਦੇ ਰਿਪੋਟਰ ਇਹ ਵੇਖਣ ਲਈ ਮੇਰੇ 'ਤੇ ਹਰ ਸਮੇਂ ਨਜ਼ਰ ਰੱਖਦੇ ਹਨ ਕਿ ਮੈਂ ਆਪਣਾ ਕੰਮ ਬਾਕਾਇਦਾ ਤੇ ਸੋਘਵਾਨੀ ਨਾਲ਼ ਕਰਦਾ ਹਾਂ ਜਾਂ ਨਹੀਂ...।"

ਮੈਂ ਆਪਣੀ ਪ੍ਰੇਸ਼ਾਨੀ ਨੂੰ ਲੁਕਾਉਣ ਲਈ ਖੰਘਿਆ। ਫਿਰ ਤਰਸਵਾਨ ਲਹਿਜੇ ਵਿੱਚ ਪੁੱਛਿਆ:

"ਇਹ ਤੁਹਾਨੂੰ ਕੋਈ ਬਿਮਾਰੀ ਹੈ? ਹੈ ਕਿ ਨਹੀਂ?"

ਉਸ ਨੇ ਇਨਕਾਰ ਵਿੱਚ ਸਿਰ ਹਿਲਾਇਆ, ਟੋਪ ਨੂੰ ਝੁਲਾਇਆ ਤੇ ਉੱਤਰ ਦਿੱਤਾ:

"ਨਹੀਂ, ਇਹ ਮੇਰਾ ਪੇਸ਼ਾ ਹੈ। ਮੈ ਤੁਹਾਨੂੰ ਦੱਸ ਚੁੱਕਿਆ ਹਾਂ, ਗਲੀਆਂ ਤੇ ਆਮ ਜਨਤਕ ਥਾਵਾਂ 'ਤੇ ਛੋਟੀਆਂ ਮੋਟੀਆਂ ਗੜਬੜਾਂ ਕਰਨੀਆਂ ਮੇਰੀ ਵਿਸ਼ੇਸ਼ਤਾ ਹੈ। ਸਾਡੀ ਬਿਊਰੋ ਵਿੱਚ ਹੋਰ ਲੋਕ ਵੱਡੇਰੇ ਤੇ ਵਧੇਰੇ ਜ਼ਿੰਮੇਵਾਰੀ ਵਾਲ਼ੇ ਕੰਮਾਂ ਨਾਲ਼ ਨਿਪਟਦੇ ਹਨ—ਜਿਵੇਂ ਮਜ਼੍ਹਬੀ ਜਜ਼ਬਿਆਂ ਨੂੰ ਭੜਕਾਉਣਾ, ਕੁੜੀਆਂ ਨੂੰ ਉਧਾਲਣਾ ਤੇ ਸਤ ਭੰਗ ਕਰਨਾ, ਚੋਰੀ ਕਰਨਾ, ਪਰ ਇੱਕ ਹਜ਼ਾਰ ਡਾਲਰਾਂ ਤੋਂ ਵੱਧ ਨਹੀਂ...।" ਉਸ ਹੌਕਾ ਲਿਆ, ਆਲ਼ੇ ਦੁਆਲ਼ੇ ਵੇਖਿਆ ਤੇ ਫਿਰ ਬੋਲਣ ਲੱਗਾ: "ਅਤੇ ਸਦਾਚਾਰ ਦੇ ਵਿਰੁੱਧ ਕਈ ਹੋਰ ਜੁਰਮ...। ਅਤੇ ਮੈਂ ਕੇਵਲ ਛੋਟੇ ਮੋਟੇ ਉਪੱਦਰ ਕਰਦਾ ਹਾਂ...।"

ਉਹ ਏਦਾਂ ਗੱਲਬਾਤ ਕਰ ਰਿਹਾ ਸੀ ਜਿਵੇਂ ਇੱਕ ਕਾਰੀਗਰ ਆਪਣੀ ਕਾਰੀਗਰੀ ਬਾਰੇ ਕਰਦਾ ਹੈ, ਹੁਣ ਮੈਨੂੰ ਖਿੱਝ ਜਿਹੀ ਆਉਣ ਲੱਗ ਪਈ ਸੀ, ਮੈਂ ਵਿਅੰਗ ਕਰਦਿਆਂ ਪੁੱਛਿਆ:

"ਅਤੇ ਇਹਨਾਂ ਛੋਟੇ ਮੋਟੇ ਉਪੱਦਰਾਂ ਨਾਲ਼ ਤੁਸੀਂ ਸੰਤੁਸ਼ਟ ਨਹੀਂ?"

"ਨਹੀਂ", ਉਸ ਇਹ ਸਾਦਾ ਜਿਹਾ ਉੱਤਰ ਦਿੱਤਾ।

ਉਸ ਦੀ ਸਾਦਗੀ ਮੈਨੂੰ ਨਿਹੱਥਾ ਕਰ ਰਹੀ ਸੀ ਅਤੇ ਇਸ ਨੇ ਮੇਰੀ ਕੁਝ ਜਾਣਨ ਦੀ ਇੱਛਾ ਨੂੰ ਉਤੇਜਤ ਕਰ ਦਿੱਤਾ। ਛਿਨ ਮਗਰੋਂ ਮੈਂ ਪੁੱਛਿਆ:

"ਕੀ ਤੁਸੀਂ ਕਦੇ ਜੇਲ੍ਹ ਗਏ ਓ ?"

"ਤਿੰਨ ਵਾਰ। ਆਮ ਕਰਕੇ ਮੈਂ ਆਪਣੇ ਆਪ ਨੂੰ ਜੁਰਮਾਨਾ ਕਰਾਉਣ ਦੀ ਹੱਦ ਤੱਕ ਹੀ ਸੀਮਿਤ ਰੱਖਦਾ ਹਾਂ। ਨਿਰਸੰਦੇਹ, ਇਹ ਜੁਰਮਾਨਾ ਬਿਊਰੋ ਹੀ ਤਾਰਦਾ ਹੈ।" ਉਸ ਨੇ ਵਿਆਖਿਆ ਕੀਤੀ।

"ਬਿਊਰੋ ?" ਮੈਂ ਮੈਕਾਨਕੀ ਢੰਗ ਨਾਲ਼ ਬੋਲਿਆ।

"ਓ ਹਾਂ! ਤੁਸੀਂ ਸਹਿਮਤ ਹੋਵੋਗੇ ਕਿ ਮੈਂ ਜੁਰਮਾਨੇ ਨਹੀਂ ਸਾਂ ਤਾਰ ਸਕਦਾ", ਉਹ ਮੁਸਕਰਾਉਂਦਿਆਂ ਬੋਲਿਆ। "ਹਫਤੇ ਦੇ ਪੰਜਾਹ ਡਾਲਰ ਚਾਰ ਜੀਆਂ ਦੇ ਟੱਬਰ ਲਈ ਬਹੁਤ ਥੋੜ੍ਹੇ ਹਨ...।"

"ਮੈਨੂੰ ਸੋਚਣ ਦਿਓ।" ਮੈਂ ਉੱਠਦੇ ਹੋਏ ਆਖਿਆ।

"ਹਾਂ ਜ਼ਰੂਰ", ਉਸ ਸਹਿਮਤੀ ਪ੍ਰਗਟ ਕੀਤੀ।

ਮੈਂ ਕਮਰੇ ਵਿੱਚ ਏਧਰ ਉੱਧਰ ਉਸ ਕੋਲ਼ੋਂ ਲੰਘਦਾ ਫਿਰਨ ਲੱਗਾ, ਦਿਮਾਗੀ ਖਰਾਬੀਆਂ ਦੀਆਂ ਸਾਰੀਆਂ ਵੱਖ ਵੱਖ ਕਿਸਮਾਂ ਬਾਰੇ ਆਪਣੀ ਯਾਦ ਸ਼ਕਤੀ ਨੂੰ ਕੁਰੇਦਣਾ ਸ਼ੁਰੂ ਕੀਤਾ। ਮੈਂ ਉਸ ਦੀ ਬੀਮਾਰੀ ਨੂੰ ਪਛਾਣਨ ਲਈ ਬੇਚੈਨ ਸਾਂ, ਪਰ ਮੈਂ ਪਛਾਣ ਨਾ ਸਕਿਆ। ਇੱਕ ਗੱਲ ਸਪੱਸ਼ਟ ਸੀ—ਉਹ ਆਪਣੇ ਆਪ ਨੂੰ ਵੱਡਾ ਵਿਖਾਉਣ ਦਾ ਰੋਗ ਨਹੀਂ ਸੀ। ਆਪਣੇ ਪਤਲੇ ਤੇ ਦੁਰਬਲ ਚਿਹਰੇ ਉੱਤੇ ਇੱਕ ਮੱਧਮ ਜਿਹੀ ਮੁਸਕਰਾਹਟ ਨਾਲ਼ ਉਹ ਮੈਨੂੰ ਵਾਚਦਾ ਰਿਹਾ ਤੇ ਸਬਰ ਨਾਲ਼ ਉਡੀਕਦਾ ਰਿਹਾ।

"ਅਤੇ, ਇੱਥੇ ਕੋਈ ਬਿਊਰੋ ਵੀ ਹੈ ? ਉਸ ਦੇ ਸਾਹਮਣੇ ਆ ਕੇ ਰੁਕਦਿਆਂ, ਮੈਂ ਪੁੱਛਿਆ।

"ਹਾਂ", ਉਸ ਆਖਿਆ।

"ਅਤੇ ਇਸ ਦੇ ਕਿੰਨੇ ਕੁ ਮੁਲਾਜ਼ਮ ਹੋਣਗੇ ?"

"ਇਸ ਸ਼ਹਿਰ ਵਿੱਚ ਇੱਕ ਸੌ ਪੰਝੀ ਮਰਦ ਤੇ ਸੱਤਰ ਔਰਤਾਂ...।"

"ਇਸ ਸ਼ਹਿਰ ਵਿੱਚ ? ਫਿਰ... ਤਾਂ ਤੇ ਹੋਰਾਂ ਸ਼ਹਿਰਾਂ ਵਿੱਚ ਵੀ ਬਿਊਰੋ ਹੋਣਗੇ ?"

"ਕਿਉਂ ਨਹੀਂ, ਨਿਰਸੰਦੇਹ ਸਾਰੇ ਦੇਸ਼ ਵਿੱਚ ਹਨ," ਨਿਵਾਜਵੇਂ ਢੰਗ ਨਾਲ਼ ਮੁਸਕਰਾਂਦਿਆਂ ਉਸ ਆਖਿਆ।

ਮੈਨੂੰ ਆਪਣੀ ਅਣਜਾਣਤਾ ਉੱਤੇ ਅਫਸੋਸ ਮਹਿਸੂਸ ਹੋਣ ਲੱਗਾ।

"ਪਰ... ਇਹ ਬਿਊਰੋ ਕਰਦੇ ਕੀ ਹਨ", ਮੈਂ ਝਿਜਕਦਿਆਂ ਪੁੱਛਿਆ, "ਅਤੇ ਕਿਵੇਂ ਕਰਦੇ ਹਨ ?"

"ਸਦਾਚਾਰ ਦੇ ਕਾਨੂੰਨਾਂ ਦੀ ਉਲੰਘਣਾ", ਉਸ ਨੇ ਨਿਮਰਤਾ ਨਾਲ਼ ਉੱਤਰ ਦਿੱਤਾ, ਆਪਣੀ ਕੁਰਸੀ ਤੋਂ ਉੱਠਿਆ, ਅਰਾਮ ਕੁਰਸੀ 'ਤੇ ਜਾ ਬੈਠਾ, ਬੈਠਦੇ ਹੋਏ ਕੁਝ ਜਾਣਨ ਲਈ ਮੇਰੇ ਚਿਹਰੇ ਉੱਤੇ ਨਜ਼ਰਾਂ ਗੱਡ ਦਿੱਤੀਆਂ। ਪ੍ਰਤੱਖ ਤੌਰ 'ਤੇ ਉਸ ਮੈਨੂੰ ਉਜੱਡ ਸਮਝਿਆ ਅਤੇ ਉਹ ਆਪਣਾ ਵਧੀਆ ਵਤੀਰਾ ਵਿਖਾਉਣ ਲਈ ਕੋਈ ਯਤਨ ਨਹੀਂ ਸੀ ਕਰ ਰਿਹਾ।

"ਲਾਹਨਤ ਪਾਓ!" ਮੈਂ ਸੋਚਿਆ। "ਇਹ ਹਰ ਹਾਲਤ ਵਿੱਚ ਪਤਾ ਨਹੀਂ ਲੱਗਣਾ ਚਾਹੀਦਾ ਕਿ ਇਸ ਸਭ ਕੁਝ ਬਾਰੇ ਮੈਨੂੰ ਕੁਝ ਵੀ ਪਤਾ ਨਹੀਂ...।" ਅਤੇ ਆਪਣੇ ਹੱਥ ਮਲ਼ਦਿਆਂ, ਮੈਂ ਬੜੇ ਹੌਂਸਲੇ ਨਾਲ਼ ਬੋਲਿਆ:

"ਕਿਉਂ ਨਹੀਂ, ਇਹ ਬੜੀ ਦਿਲਚਸਪ ਗੱਲ ਹੈ! ਬਹੁਤ ਹੀ ਦਲਚਸਪ!...ਕੇਵਲ... ਇਹ ਦੱਸੋ ਕਿ ਇਹ ਕਿਸ ਮੰਤਵ ਲਈ ਹਨ?"

"ਕੀ?" ਉਹ ਮੁਸਕਰਾਇਆ।

"ਸਦਾਚਾਰ ਦੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲ਼ੇ ਇਹ ਬਿਊਰੋ?"

ਉਹ ਹੱਸਿਆ ਜਿਵੇਂ ਇੱਕ ਬਾਲਗ ਬੱਚੇ ਦੀ ਮੂਰਖਤਾ ਉੱਤੇ ਇੱਕ ਸਿਆਣਾ ਹਾਸਾ ਹੱਸਦਾ ਹੈ। ਮੈਂ ਉਸ ਵੱਲ ਵੇਖਿਆ ਅਤੇ ਖੁਦ ਨੂੰ ਇਹ ਸੋਚਦਾ ਹੋਇਆ ਮਹਿਸੂਸ ਕੀਤਾ ਕਿ ਸੱਚਾਈ ਬਾਰੇ ਅਣਜਾਣਤਾ ਜੀਵਨ ਵਿੱਚ ਸਾਰੀਆਂ ਨਾ ਮੰਨਣ ਯੋਗ ਗੱਲਾਂ ਦਾ ਸੋਮਾ ਹੈ।

"ਤੁਹਾਡਾ ਕੀ ਵਿਚਾਰ ਹੈ? ਇੱਕ ਮਨੁੱਖ ਜੀਉਣਾ ਚਾਹੁੰਦਾ ਹੈ, ਕੀ ਉਹ ਨਹੀਂ ਚਾਹੁੰਦਾ?" ਉਸ ਮੇਰੀ ਰਾਏ ਪੁੱਛੀ।

"ਕਿਉਂ ਨਹੀਂ, ਜ਼ਰੂਰ।"

"ਅਤੇ ਚੰਗੇ ਦਿਨ ਬਿਤਾਉਣਾ ਚਾਹੁੰਦਾ ਹੈ?"

"ਨਿਰਸੰਦੇਹ ਹਾਂ!"

ਉਹ ਉੱਠ ਖਲ਼ੋਤਾ, ਮੇਰੇ ਵੱਲ ਆਇਆ ਤੇ ਉਸ ਮੇਰੇ ਮੋਢੇ ਨੂੰ ਥਪਥਪਾਇਆ।

"ਅਤੇ ਤੁਸੀਂ ਸਦਾਚਾਰ ਦੇ ਕਾਨੂੰਨ ਨੂੰ ਤੋੜੇ ਬਿਨਾਂ ਚੰਗੇ ਦਿਨ ਕਿਵੇਂ ਬਿਤਾ ਸਕਦੇ ਹੋ, ਕਿਉਂ?"

ਉਹ ਪਿਛਾਂਹ ਨੂੰ ਪਰਤਿਆ, ਮੈਨੂੰ ਅੱਖ ਮਾਰੀ, ਮੁੜ ਕੇ ਅਰਾਮ ਕੁਰਸੀ ਵਿੱਚ ਇੰਝ ਜਾ ਪਿਆ ਜਿਵੇਂ ਉਬਲੀ ਹੋਈ ਮੱਛੀ ਪਲੇਟ ਵਿੱਚ, ਉਸ ਇੱਕ ਸਿਗਾਰ ਕੱਢਿਆ ਅਤੇ ਮੇਰੇ ਤੋਂ ਆਗਿਆ ਲਏ ਬਿਨਾਂ ਉਸ ਨੂੰ ਬਾਲ਼ ਲਿਆ। ਫਿਰ ਉਸ ਨੇ ਬੋਲਣਾ ਸ਼ੁਰੂ ਕੀਤਾ:

"ਤੇਜ਼ਾਬ ਨਾਲ਼ ਸਟਰਾਬਰੀਆਂ ਕੌਣ ਖਾਣਾ ਚਾਹੁੰਦਾ ਹੈ?"

ਅਤੇ ਉਸ ਨੇ ਬਲ਼ਦੀ ਹੋਈ ਤੀਲੀ ਫਰਸ਼ ਉੱਤੇ ਸੁੱਟ ਦਿੱਤੀ।

ਇੰਝ ਹਮੇਸ਼ਾ ਹੀ ਹੁੰਦਾ ਹੈ—ਜਿਵੇਂ ਹੀ ਇੱਕ ਬੰਦਾ ਇਹ ਮਹਿਸੂਸ ਕਰਨ ਲੱਗਦਾ ਹੈ ਕਿ ਉਹ ਦੂਜੇ ਬੰਦੇ ਉੱਤੇ ਭਾਰੂ ਹੈ, ਉਹ ਉਸ ਨਾਲ਼ ਸੂਰ ਵਾਂਗ ਆਪ ਹੁੱਦਰੀਆਂ ਮਾਰਨ ਲੱਗ ਜਾਂਦਾ ਹੈ।

"ਤੁਹਾਨੂੰ ਸਮਝਣ ਵਿੱਚ ਮੇਰੀ ਇੱਕ ਔਕੜ ਹੈ", ਮੈਂ ਉਸ ਦੇ ਮੂੰਹ ਵੱਲ ਵੇਖਦਿਆਂ ਇਕਬਾਲ ਕੀਤਾ।

ਉਹ ਖਿਖਿਆਉਣੀ ਹਾਸੀ ਹੱਸਿਆ ਤੇ ਕਹਿਣ ਲੱਗਾ:

"ਤੁਹਾਡੀ ਸਿਆਣਪ ਤੇ ਯੋਗਤਾ ਬਾਰੇ ਮੇਰੀ ਬੜੀ ਉੱਚੀ ਰਾਏ ਸੀ..।"

ਚੱਜ ਅਚਾਰ ਦਾ ਬਹੁਤ ਘੱਟ ਖਿਆਲ ਕਰਦਿਆਂ, ਉਸ ਨੇ ਸਿਗਾਰ ਦੀ ਸੁਆਹ ਫਰਸ਼ ਉੱਤੇ ਹੀ ਝਾੜ ਦਿੱਤੀ, ਅੱਧ ਬੰਦ ਅੱਖਾਂ ਨਾਲ਼ ਅਤੇ ਆਪਣੀਆਂ ਝਿਮਣੀਆਂ ਰਾਹੀਂ ਸਿਗਾਰ

ਦੇ ਧੂੰਏਂ ਦੀਆਂ ਲਹਿਰਾਂ ਨੂੰ ਵਾਚਦਿਆਂ ਇੱਕ ਮਜ਼ਮੂਨ ਬਾਰੇ ਇੱਕ ਪ੍ਰਮਾਣ-ਪੁਰਸ਼ ਵਰਗੇ ਲਹਿਜੇ ਵਿੱਚ ਮੈਨੂੰ ਜਾਣਕਾਰੀ ਦੇਣ ਲੱਗਾ:

"ਅਸਲ ਵਿੱਚ ਤੁਹਾਨੂੰ ਸ੍ਰਿਸ਼ਟਾਚਾਰ ਬਾਰੇ ਬਹੁਤਾ ਪਤਾ ਨਹੀਂ...।"

"ਕਦੀ ਕਦੀ ਮੈਂ ਇਸ ਦੀ ਵਿਰੋਧਤਾ ਕੀਤੀ ਹੈ।" ਮੈਂ ਨਿਮਰਤਾ ਨਾਲ਼ ਰੋਸ ਪ੍ਰਗਟ ਕੀਤਾ।

ਉਸ ਸਿਗਾਰ ਮੂੰਹ ਵਿੱਚੋਂ ਕੱਢ ਲਿਆ, ਇਸ ਦੇ ਸਿਰੇ 'ਤੇ ਨਜ਼ਰਾਂ ਟਿਕਾ ਲਈਆਂ ਤੇ ਫਿਲਾਸਫਰਾਂ ਵਾਂਗ ਕੁਝ ਸੋਚਣ ਲੱਗਾ:

"ਇੱਕ ਕੰਧ ਨਾਲ਼ ਆਪਣਾ ਸਿਰ ਪਟਕਾਉਣ ਦਾ ਇਹ ਅਰਥ ਤਾਂ ਨਹੀਂ ਹੁੰਦਾ ਕਿ ਤੁਸਾਂ ਕੰਧ ਨੂੰ ਚੰਗੀ ਤਰ੍ਹਾਂ ਸਮਝ ਲਿਆ ਹੈ।"

"ਹਾਂ, ਇੱਥੇ ਮੈਂ ਤੁਹਾਡੇ ਨਾਲ਼ ਸਹਿਮਤ ਹਾਂ। ਪਰ ਕਿਵੇਂ ਨਾ ਕਿਵੇਂ ਸ੍ਰਿਸ਼ਟਾਚਾਰ ਮੈਨੂੰ ਹਮੇਸ਼ਾ ਪਰਤ ਕੇ ਵੱਜਦਾ ਹੀ ਰਿਹਾ ਹੈ ਜਿਵੇਂ ਇੱਕ ਰਬੜ ਦੀ ਗੇਂਦ ਕੰਧ ਨਾਲ਼ ਵੱਜ ਕੇ ਮੁੜ ਪਿਛਾਂਹ ਨੂੰ ਆ ਜਾਂਦੀ ਹੈ।"

"ਇਹ ਪਾਲਣ ਪੋਸ਼ਣ ਦੀ ਇੱਕ ਗਲਤੀ ਹੈ", ਉਹ ਸੰਖੇਪ ਜਿਹਾ ਬੋਲਿਆ।

"ਬਿਲਕੁੱਲ ਸੰਭਵ ਹੈ", ਮੈਂ ਸਹਿਮਤੀ ਪ੍ਰਗਟ ਕੀਤੀ।

"ਜਿਸ ਬਹੁਤ ਹੀ ਕੱਟੜ ਸ੍ਰਿਸ਼ਟਾਚਾਰੀ ਨੂੰ ਮੈਂ ਜਾਣਦਾ ਹਾਂ, ਉਹ ਮੇਰਾ ਦਾਦਾ ਸੀ। ਉਹ ਜਨਅਤ ਨੂੰ ਜਾਂਦੇ ਸਾਰੇ ਰਾਹਾਂ ਤੋਂ ਜਾਣੂ ਸੀ ਅਤੇ ਜਿਸ ਕਿਸੇ ਨਾਲ਼ ਉਸ ਦਾ ਵਾਹ ਪੈਂਦਾ ਉਹ ਉਸ ਨੂੰ ਉਹਨਾਂ ਰਾਹਾਂ ਉੱਤੇ ਧੱਕਣ ਦਾ ਯਤਨ ਕਰਦਾ। ਸੱਚਾਈ ਕੇਵਲ ਉਸ 'ਤੇ ਹੀ ਪ੍ਰਗਟ ਹੋਈ ਜਾਪਦੀ ਸੀ ਅਤੇ ਉਹ ਜੋ ਵੀ ਚੀਜ਼ ਉਸ ਦੇ ਹੱਥ ਆਉਂਦੀ ਉਸ ਨਾਲ਼ ਆਪਣੇ ਬੱਚਿਆਂ ਦੇ ਸਿਰਾਂ ਵਿੱਚ ਇਸ ਦਾ ਢੋਲ ਪਿੱਟਦਾ ਰਹਿੰਦਾ ਸੀ। ਜੋ ਖ਼ੁਦਾ ਬੰਦੇ ਤੋਂ ਚਾਹੁੰਦਾ ਹੈ ਉਸ ਬਾਰੇ ਉਸ ਨੂੰ ਬਿਲਕੁੱਲ ਨਹੀਂ ਪਤਾ ਸੀ, ਇੱਥੋਂ ਤੱਕ ਕਿ ਉਸ ਨੇ ਨਿਰੰਤਰ ਆਤਮਕ ਸੁੱਖ ਦੀ ਪ੍ਰਾਪਤੀ ਲਈ ਕੁੱਤਿਆਂ ਬਿੱਲਿਆਂ ਨੂੰ ਵੀ ਚੱਜ ਅਚਾਰ ਸਿਖਾਇਆ। ਉਹ ਸਭ ਕੁਝ ਕਰਦਿਆਂ ਵੀ ਲਾਲਚੀ, ਖੁਣਸੀ ਸੀ, ਉਹ ਪਹਿਲੇ ਦਰਜੇ ਦਾ ਸੂਦਖੋਰ ਸੀ ਅਤੇ ਕਾਇਰਾਂ ਵਾਲ਼ੀ ਬੇਤਰਸੀ ਨਾਲ਼—ਇਹ ਸਾਰੇ ਤੇ ਹਰ ਇੱਕ ਸ੍ਰਿਸ਼ਟਾਚਾਰੀ ਦਾ ਹੁੰਦਾ ਹੈ—ਆਪਣੇ ਨੌਕਰਾਂ ਨੂੰ ਹਰ ਉਸ ਚੀਜ਼ ਨਾਲ਼ ਜੋ ਵੀ ਉਸ ਦੇ ਹੱਥ ਆ ਜਾਂਦੀ ਕੁੱਟਦਾ ਰਹਿੰਦਾ ਸੀ। ਮੈਂ ਉਸ ਬੁੱਢੇ ਉੱਤੇ ਉਸ ਨੂੰ ਵਧੇਰੇ ਅਸੀਲ ਬਣਾਉਣ ਦੀ ਆਸ ਨਾਲ਼ ਆਪਣਾ ਅਸਰ ਪਾਉਣ ਦੀ ਕੋਸ਼ਿਸ਼ ਕੀਤੀ। ਇੱਕ ਵਾਰ ਮੈਂ ਉਸ ਨੂੰ ਚੁੱਕ ਕੇ ਖਿੜਕੀ ਵਿੱਚੋਂ ਬਾਹਰ ਸੁੱਟ ਦਿੱਤਾ। ਇੱਕ ਹੋਰ ਦਿਨ, ਮੈਂ ਉਸ ਨੂੰ ਸ਼ੀਸ਼ਾ ਚੁੱਕ ਮਾਰਿਆ। ਖਿੜਕੀ ਤੇ ਸ਼ੀਸ਼ਾ ਤਾਂ ਟੁੱਟ ਭੱਜ ਗਏ ਪਰ ਇਸ ਨਾਲ਼ ਬੁੱਢੇ ਦਾ ਕੋਈ ਸੁਧਾਰ ਨਾ ਹੋਇਆ। ਉਹ ਇੱਕ ਸ੍ਰਿਸ਼ਟਾਚਾਰੀ ਵਜੋਂ ਜੀਵਿਆ ਤੇ ਮਰਿਆ। ਉਸੇ ਸਮੇਂ ਤੋਂ ਮੇਰੇ ਅੰਦਰ ਸ੍ਰਿਸ਼ਟਾਚਾਰ ਪ੍ਰਤੀ ਘ੍ਰਿਣਾ ਪੈਦਾ ਹੋ ਗਈ ਹੈ...। ਸ਼ਾਇਦ ਤੁਸੀਂ ਹੀ ਮੈਨੂੰ ਇਸ ਵੱਲ ਮਨਮਨੌਤ ਕਰਨ ਬਾਰੇ ਕੁਝ ਦੱਸੋਗੇ ?" ਮੈਂ ਸੁਝਾਅ ਦਿੱਤਾ।

ਉਸ ਆਪਣੀ ਘੜੀ ਜੇਬ੍ਹ ਵਿੱਚੋਂ ਕੱਢੀ, ਉਸ ਵੱਲ ਵੇਖਿਆ ਤੇ ਬੋਲਿਆ:

"ਤੁਹਾਨੂੰ ਭਾਸ਼ਣ ਦੇਣ ਲਈ ਮੇਰੇ ਕੋਲ਼ ਸਮਾਂ ਨਹੀਂ...। ਫਿਰ ਵੀ, ਹੁਣ ਜੇ ਮੈਂ ਆ ਹੀ

ਗਿਆ ਹਾਂ, ਤਾਂ ਸੁਣ ਵੀ ਲਵੋ। ਇੱਕ ਵਾਰ ਜੇ ਤੁਸੀਂ ਕੋਈ ਚੀਜ਼ ਸ਼ੁਰੂ ਕਰਦੇ ਹੋ ਤਾਂ ਤੁਹਾਨੂੰ ਉਸ ਨੂੰ ਖਤਮ ਵੀ ਕਰਨਾ ਚਾਹੀਦਾ ਹੈ। ਹੋ ਸਕਦਾ ਹੈ ਤੁਸੀਂ ਮੇਰੇ ਲਈ ਕੁਝ ਕਰਨ ਦੇ ਯੋਗ ਹੋਵੋ...। ਮੈਂ ਸੰਖੇਪ ਜਿਹੀ ਗੱਲ ਕਰਾਂਗਾ..।"

ਉਸ ਨੇ ਫਿਰ ਆਪਣੀਆਂ ਅੱਖਾਂ ਅੱਧੀਆਂ ਬੰਦ ਕਰ ਲਈਆਂ ਤੇ ਅਗਾਂਹ ਨੂੰ ਝੁੱਕਿਆ:

"ਤੁਹਾਨੂੰ ਸ੍ਰਿਸ਼ਟਾਚਾਰ ਅਪਨਾਉਣਾ ਪਵੇਗਾ — ਇਹ ਗੱਲ ਜ਼ਰੂਰ ਚੇਤੇ ਰੱਖੋ! ਤੁਹਾਨੂੰ ਇਹ ਕਿਉਂ ਅਪਨਾਉਣਾ ਚਾਹੀਦਾ ਹੈ? ਕਿਉਂ ਜੋ ਇਹ ਤੁਹਾਡੇ ਘਰ, ਤੁਹਾਡੇ ਅਧਿਕਾਰਾਂ ਤੇ ਤੁਹਾਡੀ ਜਾਇਦਾਦ ਦੀ ਹਿਫਾਜਤ ਕਰਦਾ ਹੈ — ਦੂਜੇ ਸ਼ਬਦਾਂ ਵਿੱਚ ਇਹ 'ਤੁਹਾਡੇ ਗਵਾਂਢੀ' ਦੇ ਹਿੱਤਾਂ ਦੀ ਰਾਖੀ ਕਰਦਾ ਹੈ। 'ਤੁਹਾਡਾ ਗਵਾਂਢੀ'—ਇਹ ਹਮੇਸ਼ਾ ਤੁਸੀਂ ਆਪ ਹੋ, ਹੋਰ ਕੋਈ ਨਹੀਂ, ਸਮਝੇ? ਜੇ ਤੁਹਾਨੂੰ ਬਹੁਤ ਸੁੰਦਰ ਪਤਨੀ ਮਿਲ਼ੀ ਹੈ, ਤਾਂ ਤੁਸੀਂ ਹਰ ਇੱਕ ਨੂੰ ਦੱਸੋ: 'ਤੁਹਾਨੂੰ ਆਪਣੇ ਗਵਾਂਢੀ ਦੀ ਪਤਨੀ ਉੱਤੇ ਬੁਰੀ ਨਜ਼ਰ ਨਹੀਂ ਰੱਖਣੀ ਚਾਹੀਦੀ।' ਜੇ ਕਿਸੇ ਬੰਦੇ ਕੋਲ਼ ਪੈਸਾ, ਬੈਲ, ਗੁਲਾਮ, ਖੋਤੇ ਹਨ, ਜੇ ਉਹ ਬੇਵਕੂਫ ਨਹੀਂ ਤਾਂ, ਉਹ ਜ਼ਰੂਰ ਸ੍ਰਿਸ਼ਟਾਚਾਰੀ ਹੋਵੇਗਾ। ਸ੍ਰਿਸ਼ਟਾਚਾਰ ਤੁਹਾਡੇ ਮੰਤਵ ਪੂਰਦਾ ਹੈ ਜੇ ਤੁਹਾਡੇ ਕੋਲ਼ ਹਰ ਉਹ ਚੀਜ਼ ਮੌਜੂਦ ਹੈ ਜੋ ਤੁਹਾਨੂੰ ਲੋੜੀਂਦੀ ਹੈ ਅਤੇ ਜਿਸ ਨੂੰ ਤੁਸੀਂ ਕੇਵਲ ਆਪਣੇ ਕੋਲ਼ ਹੀ ਰੱਖਣਾ ਚਾਹੁੰਦੇ ਹੋ; ਇਹ ਉਸ ਹਾਲਤ ਵਿੱਚ ਤੁਹਾਡੇ ਕਿਸੇ ਕੰਮ ਦੀ ਨਹੀਂ ਜੇ ਤੁਹਾਡੇ ਕੋਲ਼ ਸਿਰ ਦੇ ਵਾਲ਼ਾਂ ਤੋਂ ਬਿਨਾਂ ਕੱਖ ਵੀ ਨਹੀਂ।"

ਉਸ ਨੇ ਆਪਣੇ ਗੰਜੇ ਸਿਰ 'ਤੇ ਹੱਥ ਫੇਰਿਆਂ ਤੇ ਫਿਰ ਬੋਲਣ ਲੱਗਾ:

"ਸ੍ਰਿਸ਼ਟਾਚਾਰ ਤੁਹਾਡੇ ਹਿੱਤਾਂ ਦਾ ਰਖਵਾਲਾ ਹੈ ਤੁਹਾਨੂੰ ਆਪਣੇ ਆਲ਼ੇ ਦੁਆਲ਼ੇ ਦੇ ਲੋਕਾਂ ਦੇ ਮਨ ਵਿੱਚ ਇਸ ਨੂੰ ਬਿਠਾਉਣ ਦਾ ਯਤਨ ਕਰਨਾ ਚਾਹੀਦਾ ਹੈ। ਗਲੀਆਂ ਬਾਜ਼ਾਰਾਂ ਵਿੱਚ ਤੁਸੀਂ ਪੁਲਸੀਏ ਤੇ ਜਾਸੂਸ ਨਿਯੁੱਕਤ ਕਰੋ ਅਤੇ ਤੁਸੀਂ ਬੰਦੇ ਦੇ ਦਿਮਾਗ ਵਿੱਚ ਅਸੂਲ ਤੂੜ ਤੂੜ ਕੇ ਇਤਨੇ ਭਰ ਦਿਓ ਕਿ ਉਸ ਦੇ ਅੰਦਰ ਵੱਸੇ ਹੋਏ ਸਾਰੇ ਵਿਚਾਰਾਂ ਦਾ ਗਲ਼ਾ ਘੁੱਟਿਆ ਜਾਵੇ ਤੇ ਉਹ ਨਸ਼ਟ ਹੋ ਜਾਣ ਜਿਹੜੇ ਤੁਹਾਡੇ ਵਿਰੁੱਧ ਹਨ, ਉਹ ਸਾਰੀਆਂ ਖਾਹਿਸ਼ਾਂ ਖਤਮ ਹੋ ਜਾਣ ਜੋ ਤੁਹਾਡੇ ਅਧਿਕਾਰਾਂ ਨੂੰ ਖਤਰੇ ਵਿੱਚ ਪਾ ਸਕਦੀਆਂ ਹਨ। ਸ੍ਰਿਸ਼ਟਾਚਾਰ ਉੱਥੇ ਹਮੇਸ਼ਾ ਬਹੁਤ ਹੀ ਕਰੜਾ ਹੁੰਦਾ ਹੈ ਜਿੱਥੇ ਆਰਥਕ ਵਿਰੋਧਤਾਈਆਂ ਬਹੁਤ ਹੀ ਪ੍ਰਤੱਖ ਹੁੰਦੀਆਂ ਹਨ। ਜਿੰਨੀ ਵਧੇਰੇ ਦੌਲਤ ਮੇਰੇ ਕੋਲ਼ ਹੋਵੇਗੀ ਉਤਨਾ ਹੀ ਸਖਤ ਮੈਂ ਸ੍ਰਿਸ਼ਟਾਚਾਰੀ ਹੋਵਾਂਗਾ। ਇਸੇ ਲਈ ਅਮਰੀਕਾ ਵਿੱਚ, ਜਿੱਥੇ ਕਿੰਨੇ ਹੀ ਅਮੀਰ ਹਨ ਉੱਥੇ ਉਹ ਆਪਣੇ ਪੂਰੇ ਜ਼ੋਰ ਨਾਲ਼ ਸ੍ਰਿਸ਼ਟਾਚਾਰੀ ਹੋਣ ਦੀਆਂ ਡੀਂਗਾਂ ਮਾਰਦੇ ਹਨ। ਮੈਨੂੰ ਸਮਝ ਰਹੇ ਹੋ?"

"ਹਾਂ", ਮੈਂ ਆਖਿਆ, "ਪਰ ਇਸ ਸਭ ਕੁਝ ਵਿੱਚ ਬਿਊਰੋ ਕਿੱਥੋਂ ਆ ਵੜਿਆ?"

"ਠਹਿਰੋ!" ਸੰਜੀਦਗੀ ਨਾਲ਼ ਆਪਣਾ ਹੱਥ ਉਤਾਂਹ ਨੂੰ ਉਠਾਂਦਿਆਂ ਉਸ ਤੁਰੰਤ ਉੱਤਰ ਦਿੱਤਾ, "ਅਤੇ ਇਸ ਤਰ੍ਹਾਂ ਸ੍ਰਿਸ਼ਟਾਚਾਰ ਦਾ ਮੰਤਵ ਹਰ ਇੱਕ ਉੱਤੇ ਆਪਣਾ ਪ੍ਰਭਾਵ ਪਾਉਣਾ ਹੈ ਤਾਂ ਜੋ ਉਹ ਤੁਹਾਡੇ ਕੰਮਾਂ ਵਿੱਚ ਉੱਕਾ ਦਖਲ ਨਾ ਦੇਣ। ਹੁਣ ਜੇ ਤੁਹਾਡੇ ਕੋਲ਼ ਚੋਖਾ ਪੈਸਾ ਹੋ ਗਿਆ ਹੈ, ਤੁਹਾਡੀਆਂ ਖਾਹਿਸ਼ਾਂ ਵੀ ਚੋਖੀਆਂ ਹਨ ਅਤੇ ਉਹਨਾਂ ਨੂੰ ਪੂਰਾ ਕਰਨ ਦਾ ਤੁਹਾਡੇ ਕੋਲ਼ ਪੂਰਨ ਅਵਸਰ ਵੀ ਹੈ—ਠੀਕ ਏ? ਪਰ ਤੁਹਾਡੀਆਂ ਬਹੁਤੀਆਂ ਖਾਹਿਸ਼ਾਂ

ਸ਼ਿਸ਼ਟਾਚਾਰ ਦੇ ਅਸੂਲਾਂ ਦੀ ਉਲੰਘਣਾ ਕੀਤੇ ਬਿਨਾਂ ਪੂਰੀਆਂ ਨਹੀਂ ਹੋ ਸਕਦੀਆਂ...। ਫਿਰ ਤੁਹਾਨੂੰ ਕੀ ਕਰਨਾ ਚਾਹੀਦਾ ਹੈ ? ਤੁਸੀਂ ਦੂਜਿਆਂ ਨੂੰ ਉਹ ਉਪਦੇਸ਼ ਨਹੀਂ ਦੇ ਸਕਦੇ ਜਿਸ ਨੂੰ ਤੁਸੀਂ ਆਪ ਰੱਦ ਕਰਦੇ ਹੋ। ਇਹ ਬੜੀ ਕੌੜੀ ਗੱਲ ਲੱਗਦੀ ਹੈ ਅਤੇ ਹੋ ਸਕਦਾ ਹੈ ਲੋਕੀਂ ਤੁਹਾਡੇ ਉੱਤੇ ਵਿਸ਼ਵਾਸ ਕਰਨਾ ਹੀ ਛੱਡ ਦੇਣ, ਕੁਝ ਵੀ ਸਹੀ, ਉਹਨਾਂ ਵਿੱਚੋਂ ਸਾਰੇ ਤਾਂ ਮੂਰਖ ਨਹੀਂ ਹੁੰਦੇ...। ਉਦਾਹਰਣ ਵਜੋਂ ਤੁਸੀਂ ਇੱਕ ਰੈਸਟੋਰੈਂਟ ਵਿੱਚ ਬੈਠੇ ਸ਼ੈਂਪੇਨ ਪੀਂਦੇ ਹੋ ਅਤੇ ਇੱਕ ਖੂਬਸੂਰਤ ਔਰਤ ਦੇ ਚੁੰਮਣ ਲੈ ਰਹੇ ਹੋ, ਜਿਹੜੀ ਤੁਹਾਡੀ ਪਤਨੀ...। ਜਿਹੜਾ ਮਿਆਰ ਤੁਸਾਂ ਲੋਕਾਂ ਲਈ ਨਿਸ਼ਚਿਤ ਕੀਤਾ ਹੈ, ਉਸ ਅਨੁਸਾਰ ਇਹ ਦੁਰਾਚਾਰੀ ਕਰਮ ਹੈ। ਪਰ ਤੁਹਾਡੇ ਆਪਣੇ ਲਈ, ਇਸ ਪ੍ਰਕਾਰ ਦਾ ਮਨੋਰੰਜਨ ਬਹੁਤ ਜ਼ਰੂਰੀ ਹੈ। ਤੁਹਾਡੇ ਲਈ ਇੱਕ ਬੜੀ ਮਜ਼ੇਦਾਰ ਆਦਤ ਹੈ, ਤੁਸੀਂ ਇਸ ਵਿੱਚੋਂ ਕਿਤਨੀ ਬਾਰੀ ਖੁਸ਼ੀ ਤੇ ਅਨੰਦ ਪ੍ਰਾਪਤ ਕਰਦੇ ਹੋ। ਸੋ, ਇੰਝ ਤੁਹਾਨੂੰ ਇੱਕ ਅਜਿਹੀ ਸਮੱਸਿਆ ਨਾਲ਼ ਵਾਹ ਪੈਂਦਾ ਹੈ ਕਿ ਉਹਨਾਂ ਸੁਆਦਲੇ ਕੁਕਰਮਾਂ ਤੋਂ ਪਰਹੇਜ਼ ਨਾਲ਼ ਕਿਵੇਂ ਸਮਝੌਤਾ ਕੀਤਾ ਜਾਵੇ ਜਿਨ੍ਹਾਂ ਤੋਂ ਬਚਣ ਲਈ ਤੁਸੀਂ ਆਪ ਉਪਦੇਸ਼ ਕਰਦੇ ਹੋ। ਇੱਕ ਹੋਰ ਉਦਾਹਰਣ ਲਵੋ ! ਤੁਸੀਂ ਹਰ ਇੱਕ ਨੂੰ ਕਹਿੰਦੇ ਹੋ, 'ਚੋਰੀ ਮੱਤ ਕਰੋ'। ਕਿਉਂ ਜੋ ਤੁਸੀਂ ਇਸ ਨੂੰ ਉੱਕਾ ਪਸੰਦ ਨਹੀਂ ਕਰਦੇ, ਤੁਸੀਂ ਕੀ ਕਰੋਗੇ ਜੇ ਲੋਕ ਤੁਹਾਡੀ ਹੀ ਜਾਇਦਾਦ ਚੁਰਾਉਣ ਲੱਗ ਜਾਣ ? ਪਰ, ਇਸ ਸਮੇਂ ਤੁਹਾਡੇ ਆਪਣੇ ਕੋਲ਼ ਪੈਸਾ ਹੈ, ਤੁਸੀਂ ਥੋੜ੍ਹੇ ਜਿਹੇ ਹੋਰ ਚੁਰਾਉਣ ਦੀ ਅਰੁੱਕ ਲਾਲਸਾ ਮਹਿਸੂਸ ਕਰਦੇ ਹੋ। ਫਿਰ ਹੋਰ, ਤੁਸੀਂ ਇਸ ਅਸੂਲ ਨੂੰ ਬੜੀ ਕਰੜਾਈ ਨਾਲ਼ ਪਕੜਦੇ ਹੋ, "ਕਿਸੇ ਨੂੰ ਮੱਤ ਕਤਲ ਕਰੋ"। ਕਿਉਂ ਜੋ ਤੁਹਾਨੂੰ ਆਪਣੀ ਜ਼ਿੰਦਗੀ ਪਿਆਰੀ ਹੈ, ਕਿਉਂ ਜੋ ਇਹ ਬੜੀ ਲੁਭਾਉਣੀ ਤੇ ਅਨੰਦਮਈ ਚੀਜ਼ ਹੈ। ਇੱਕ ਦਿਨ ਤੁਹਾਡੀ ਕੋਲ਼ਾ ਖਾਣ ਦੇ ਮਜ਼ਦੂਰ ਉਚੇਰੀ ਉਜਰਤ ਦੀ ਮੰਗ ਕਰਦੇ ਹਨ। ਤੁਸੀਂ ਫੌਜ ਬੁਲਾ ਲੈਂਦੇ ਓ—ਇਸ ਤੋਂ ਬਿਨਾਂ ਤੁਹਾਨੂੰ ਕੋਈ ਚਾਰਾ ਵਿਖਾਈ ਨਹੀਂ ਦੇਂਦਾ—ਅਤੇ ਗੋਲ਼ੀ ਚੱਲਦੀ ਹੈ—ਕੁਝ ਕੁ ਦਰਜਨ ਮਜ਼ਦੂਰ ਮਾਰੇ ਜਾਂਦੇ ਹਨ। ਜਾਂ, ਫਰਜ਼ ਕਰੋ ਤੁਹਾਡੇ ਮਾਲਾਂ ਲਈ ਤੁਹਾਡੇ ਕੋਲ਼ ਕੋਈ ਮੰਡੀ ਨਹੀਂ ਹੈ। ਤੁਸੀਂ ਇਹ ਗੱਲ ਆਪਣੀ ਸਰਕਾਰ ਨੂੰ ਦੱਸਦੇ ਹੋ ਤੇ ਉਸ ਨੂੰ ਨਵੀਂ ਮੰਡੀ ਖੋਲ੍ਹਣ ਲਈ ਮਨਾਉਂਦੇ ਹੋ। ਤੁਹਾਡਾ ਆਖਾ ਮੰਨ ਕੇ ਸਰਕਾਰ ਏਸ਼ੀਆ ਜਾਂ ਅਫਰੀਕਾ ਵਿੱਚ ਕਿਸੇ ਥਾਂ 'ਤੇ ਛੋਟੀ ਜਿਹੀ ਫੌਜ ਭੇਜਦੀ ਹੈ, ਕੁਝ ਕੁ ਸੈਂਕੜੇ ਸਥਾਨਕ ਵਸਨੀਕਾਂ ਨੂੰ ਗੋਲ਼ੀਆਂ ਨਾਲ਼ ਉਡਾਉਣ ਮਗਰੋਂ ਤੁਹਾਡੀ ਇੱਛਾ ਨੂੰ ਨੇਪਰੇ ਚਾੜ੍ਹਦੀ ਹੈ...। ਇਹ ਸਭ ਕੁਝ ਤੁਹਾਡੇ ਵੱਲੋਂ ਪ੍ਰਚਾਰੇ ਜਾਂਦੇ ਭਰਾਤਰੀ ਪਿਆਰ, ਕੁਕਰਮਾਂ ਤੋਂ ਪ੍ਰਹੇਜ਼ ਤੇ ਪਵਿੱਤਰਤਾ ਨਾਲ਼ ਚੰਗੀ ਤਰ੍ਹਾਂ ਮੇਲ ਨਹੀਂ ਖਾਂਦਾ। ਪਰ ਮਜ਼ਦੂਰਾਂ ਜਾਂ ਵਸਨੀਕਾਂ ਨੂੰ ਗੋਲ਼ੀਆਂ ਨਾਲ਼ ਉਡਾਏ ਜਾਣ ਨੂੰ ਤੁਸੀਂ ਰਿਆਸਤ ਦੇ ਹਿੱਤਾਂ ਦੀ ਵਕਾਲਤ ਕਰਨ ਰਾਹੀਂ ਆਪਣੇ ਆਪ ਨੂੰ ਹੱਕੀ ਠਹਿਰਾ ਸਕਦੇ ਹੋ, ਰਿਆਸਤ, ਜਿਹੜੀ ਓਨਾ ਚਿਰ ਵਜੂਦ ਵਿਚ ਨਹੀਂ ਰਹਿ ਸਕਦੀ ਜਦੋਂ ਤੱਕ ਲੋਕ ਤੁਹਾਡੇ ਹਿੱਤਾਂ ਮੂਹਰੇ ਹਾਰ ਨਹੀਂ ਮੰਨਦੇ। ਰਿਆਸਤ, ਤੁਸੀਂ ਆਪ ਹੀ ਹੋ—ਜੇ ਤੁਸੀਂ ਇੱਕ ਦਬਦਬੇ ਵਾਲ਼ੇ ਮਨੁੱਖ ਹੋ। ਤੁਹਾਡੇ ਲਈ ਛੋਟੀਆਂ ਮੋਟੀਆਂ ਗੱਲਾਂ ਕਰਨੀਆਂ ਬਹੁਤ ਹੀ ਔਖਾ ਕੰਮ ਹੈ, ਜਿਵੇਂ – ਦੁਰਾਚਾਰੀ ਜੀਉਣਾ, ਚੋਰੀ ਕਰਨਾ ਅਤੇ ਇਸੇ ਤਰ੍ਹਾਂ ਦੇ ਹੋਰ ਕੰਮ। ਆਮ ਤੌਰ 'ਤੇ, ਇੱਕ ਧਨਾਢ ਬੰਦੇ ਦੀ ਪੁਜ਼ੀਸ਼ਨ ਬਹੁਤ ਹੀ ਦੁਖਦਾਈ ਹੁੰਦੀ ਹੈ। ਉਸ ਲਈ

ਇਹ ਅਤਿ ਜ਼ਰੂਰੀ ਹੁੰਦਾ ਹੈ ਕਿ ਹਰ ਕੋਈ ਉਸ ਨੂੰ ਪਿਆਰ ਕਰੇ, ਉਸ ਦੀ ਸੰਪੱਤੀ ਬਾਰੇ ਇਤਰਾਜ਼ ਕਰਨ ਤੋਂ ਪ੍ਰਹੇਜ਼ ਕਰੇ ਜਾਂ ਉਸ ਦੀਆਂ ਆਦਤਾਂ ਵਿੱਚ ਦਖਲ ਨਾ ਦੇਵੇ ਅਤੇ ਉਸ ਦੀ ਇਸਤਰੀ, ਉਸ ਦੀ ਭੈਣ, ਉਸ ਦੀਆਂ ਧੀਆਂ ਦੇ ਜਤ ਸਤ ਦਾ ਸਤਿਕਾਰ ਕਰੇ। ਦੂਜੇ ਪਾਸੇ ਉਹਦੇ ਲਈ ਕੋਈ ਜ਼ਰੂਰੀ ਨਹੀਂ ਕਿ ਉਹ ਲੋਕਾਂ ਨੂੰ ਪਿਆਰ ਕਰੇ, ਚੋਰੀ ਕਰਨ ਤੋਂ ਪ੍ਰਹੇਜ਼ ਕਰੇ, ਔਰਤਾਂ ਦੀ ਪਵਿੱਤਰਤਾ ਦਾ ਸਤਿਕਾਰ ਕਰੇ ਅਤੇ ਇਸ ਤਰ੍ਹਾਂ ਦੀਆਂ ਕਈ ਹੋਰ ਗੱਲਾਂ—ਅਸਲ ਵਿੱਚ ਮਾਮਲਾ ਲੋਕਾਂ ਤੋਂ ਬਿਲਕੁੱਲ ਉਲਟ ਹੈ। ਇਹ ਸਭ ਕੁਝ ਉਸ ਦੀ ਸਰਗਰਮੀ ਨੂੰ ਰੋਕੇਗਾ ਅਤੇ ਨਿਰਸੰਦੇਹ, ਉਸ ਦੀ ਸਫਲਤਾ ਵਿੱਚ ਦਖਲ ਹੋਵੇਗਾ। ਨੇਮ ਵਜੋਂ, ਉਸ ਦਾ ਸਾਰਾ ਜੀਵਨ ਚੋਰੀ ਕਰਨ ਤੋਂ ਬਿਨਾਂ ਕੁਝ ਵੀ ਨਹੀਂ, ਉਹ ਹਜ਼ਾਰਾਂ ਲੋਕਾਂ ਨੂੰ, ਸਾਰੇ ਦੇਸ਼ ਨੂੰ ਲੁੱਟਦਾ ਹੈ—ਪੂੰਜੀ ਵਿੱਚ ਵਾਧਾ ਕਰਨ ਲਈ ਇਹ ਜ਼ਰੂਰੀ ਹੈ ਅਤੇ ਇਹ ਦੇਸ਼ ਦੀ ਤਰੱਕੀ ਲਈ ਹੈ—ਸਮਝ ਪਈ ? ਉਹ ਦਰਜਨਾਂ ਔਰਤਾਂ ਦੀ ਪੱਤ ਲੁੱਟਦਾ ਹੈ, ਇੱਕ ਵਿਹਲੇ ਬੰਦੇ ਲਈ ਇਹ ਬਹੁਤ ਵਧੀਆ ਮਨੋਰੰਜਨ ਹੈ ਅਤੇ ਉਹ ਪਿਆਰ ਕਿਸ ਨੂੰ ਕਰੇ ? ਉਸ ਲਈ, ਸਾਰੇ ਲੋਕ ਦੋ ਧੜਿਆਂ ਵਿੱਚ ਵੰਡੇ ਹੋਏ ਹਨ—ਇੱਕ ਧੜਾ ਜਿਸ ਨੂੰ ਉਹ ਲੁੱਟਦਾ ਹੈ, ਦੂਜਾ ਧੜਾ ਪਹਿਲੇ ਧੜੇ ਨੂੰ ਲੁੱਟਣ ਵਿੱਚ ਉਸ ਨਾਲ਼ ਮੁਕਾਬਲਾ ਕਰਦਾ ਹੈ ?"

ਇਸ ਵਿਸ਼ੇ ਬਾਰੇ ਆਪਣੇ ਗਿਆਨ ਤੋਂ ਖੁਸ਼ ਹੁੰਦਿਆਂ ਮੇਰਾ ਬੁਲਾਰਾ ਮੁਸਕਰਾਇਆ ਅਤੇ ਸਿਗਾਰ ਦੇ ਸਿਰੇ ਨੂੰ ਨੁੱਕਰ ਵਿੱਚ ਝਟਕਦਿਆਂ ਫਿਰ ਬੋਲਣ ਲੱਗਾ:

"ਅਤੇ ਜੋ ਸ੍ਰਿਸ਼ਟਾਚਾਰ ਧਨਾਢ ਬੰਦੇ ਲਈ ਲਾਹੇਵੰਦ ਹੈ ਅਤੇ ਆਮ ਲੋਕਾਂ ਲਈ ਭੈੜਾ, ਪਰ ਕਿਸੇ ਸਮੇਂ ਉਸ ਲਈ ਫਾਲਤੂ ਜਿਹੀ ਚੀਜ਼ ਹੈ ਪਰ ਬਾਕੀ ਦੇ ਹਰ ਵਿਅਕਤੀ ਲਈ ਲਾਜ਼ਮੀ ਹੈ। ਇਸੇ ਲਈ ਸ੍ਰਿਸ਼ਟਾਚਾਰੀ ਆਮ ਲੋਕਾਂ ਦੇ ਸਿਰਾਂ ਦੇ ਅੰਦਰ ਸ੍ਰਿਸ਼ਟਾਚਾਰ ਦੇ ਅਸੂਲਾਂ ਨੂੰ ਤੁੰਨਦੇ ਰਹਿੰਦੇ ਹਨ, ਪਰ ਆਪ ਹਮੇਸ਼ਾ ਇਸ ਨੂੰ ਆਪਣੇ ਬਾਹਰਵਾਰ ਟਾਈਆਂ ਜਾਂ ਦਸਤਾਨਿਆਂ ਵਾਂਗ ਪਹਿਨਦੇ ਹਨ। ਅਗਲਾ ਸੁਆਲ ਇਹ ਹੈ ਕਿ ਲੋਕਾਂ ਨੂੰ ਕਿਵੇਂ ਪ੍ਰੇਰਿਆ ਜਾਵੇ ਕਿ ਉਹ ਸ੍ਰਿਸ਼ਟਾਚਾਰ ਦੇ ਕਾਨੂੰਨਾਂ ਨੂੰ ਹਰ ਹਾਲਤ ਵਿੱਚ ਅਪਨਾਉਣ ? ਕੋਈ ਵੀ ਬੰਦਾ ਚੋਰਾਂ ਦੇ ਵਿਚਾਲੇ ਈਮਾਨਦਾਰ ਬਣਨ ਦੀ ਪਰਵਾਹ ਨਹੀਂ ਕਰਦਾ। ਪਰ ਜੇ ਤੁਸੀਂ ਉਹਨਾਂ ਨੂੰ ਮੰਨਵਾ ਨਹੀਂ ਸਕਦੇ—ਉਹਨਾਂ ਤੇ ਕਾਮਣ ਪਾਓ ! ਇਹ ਢੰਗ ਹਮੇਸ਼ਾ ਸਫਲ ਹੁੰਦਾ ਹੈ...।"

ਉਸ ਨੇ ਉਚੇਚੇ ਤੌਰ 'ਤੇ ਸਿਰ ਹਿਲਾਇਆ ਤੇ ਮੈਨੂੰ ਅੱਖ ਮਾਰਦਿਆਂ ਫਿਰ ਬੋਲਣ ਲੱਗਾ:

"ਜੇ ਤੁਸੀਂ ਉਹਨਾਂ ਨੂੰ ਪ੍ਰੇਰ ਨਹੀਂ ਸਕਦੇ ਤਾਂ ਉਹਨਾਂ ਤੇ ਕਾਮਣ ਪਾਓ !"

ਫਿਰ ਉਸ ਆਪਣਾ ਹੱਥ ਮੇਰੇ ਗੋਡੇ 'ਤੇ ਧਰ ਦਿੱਤਾ, ਮੇਰੇ ਚਿਹਰੇ ਵੱਲ ਤਿੱਖੀ ਨਜ਼ਰ ਨਾਲ਼ ਝਾਕਿਆ ਅਤੇ ਆਪਣੀ ਅਵਾਜ਼ ਨੀਵੀਂ ਕਰ ਕੇ ਬੋਲਿਆ:

"ਬਾਕੀ ਦਾ ਸਭ ਕੁਝ ਮੇਰੇ ਤੁਹਾਡੇ ਵਿਚਾਲੇ ਦੀ ਗੱਲ ਹੈ, ਮੰਨਦੇ ਓ ?"

ਮੈਂ ਸਿਰ ਹਿਲਾਇਆ।

"ਬਿਊਰੋ ਜਿਸ ਵਿੱਚ ਮੈਂ ਕੰਮ ਕਰਦਾ ਹਾਂ, ਉਸ ਦਾ ਕੰਮ ਲੋਕ ਰਾਏ 'ਤੇ ਕਾਮਣ ਪਾਉਣਾ ਹੈ। ਇਹ ਅਮਰੀਕਾ ਦੀਆਂ ਅਤਿ ਮੌਲਕ ਸੰਸਥਾਵਾਂ ਵਿੱਚੋਂ ਇੱਕ ਹੈ, ਜਿਸ ਬਾਰੇ ਮੈਂ ਤੁਹਾਨੂੰ

ਦੱਸਣਾ ਹੈ।" ਉਸ ਨੇ ਬੜੇ ਮਾਣ ਨਾਲ਼ ਆਖਿਆ।

ਮੈਂ ਆਪਣਾ ਸਿਰ ਫਿਰ ਹਿਲਾਇਆ।

"ਤੁਸੀਂ ਜਾਣਦੇ ਹੀ ਹੋ", ਉਸ ਆਖਿਆ, "ਸਾਡਾ ਦੇਸ਼ ਕੇਵਲ ਪੈਸਾ ਬਣਾਉਣ ਲਈ ਹੀ ਜਿਊਂਦਾ ਹੈ। ਇੱਥੇ ਹਰ ਬੰਦਾ ਅਮੀਰ ਹੋਣਾ ਲੋਚਦਾ ਹੈ ਅਤੇ ਆਮ ਸਾਧਾਰਨ ਬੰਦਾ ਮਹਿਜ਼ ਇੱਕ ਅਜਿਹੀ ਚੀਜ਼ ਹੈ ਜਿਸ ਵਿੱਚੋਂ ਸੋਨੇ ਦੇ ਕੁਝ ਕਿਣਕੇ ਹਮੇਸ਼ਾ ਨਿਚੋੜੇ ਜਾ ਸਕਦੇ ਹਨ ਅਤੇ ਸਾਰੇ ਦਾ ਸਾਰਾ ਜੀਵਨ ਮਨੁੱਖੀ ਮਾਸ ਤੇ ਲਹੂ ਵਿੱਚੋਂ ਸੋਨਾ ਕੱਢਣ ਦਾ ਹੀ ਇੱਕ ਅਮਲ ਹੈ। ਇਸ ਦੇਸ਼ ਵਿੱਚ ਲੋਕ—ਅਤੇ ਹੋਰਾਂ ਥਾਂ 'ਤੇ ਵੀ, ਮੈਂ ਸੁਣਿਆ ਹੈ—ਮਹਿਜ਼ ਕੱਚੀ ਧਾਤ ਹਨ ਜਿਸ ਨੂੰ ਸ਼ੁੱਧ ਕਰ ਕੇ ਪੀਲ਼ੀ ਧਾਤ ਬਣਾਈ ਜਾਂਦੀ ਹੈ, ਜਨਸਮੂਹ ਦੀ ਸਰੀਰਕ ਸ਼ਕਤੀ ਦਾ ਕੇਂਦਰੀਕਰਨ ਹੀ ਤਰੱਕੀ ਹੈ, ਭਾਵ, ਮਨੁੱਖੀ ਮਾਸ, ਹੱਡੀਆਂ ਤੇ ਤੰਤੂਆਂ ਨੂੰ ਪਿਘਲਾ ਕੇ ਸੋਨਾ ਬਣਾਉਣਾ। ਜੀਵਨ ਨੂੰ ਬੜੀ ਸਾਦਾ ਤਰਤੀਬ ਦਿੱਤੀ ਗਈ ਹੈ...।"

"ਕੀ ਇਹ ਤੁਹਾਡਾ ਆਪਣਾ ਵਿਚਾਰ ਹੈ ?" ਮੈਂ ਪੁੱਛਿਆ।

"ਇਹ ਵਿਚਾਰ ? ਨਿਰਸੰਦੇਹ ਇਹ ਮੇਰਾ ਆਪਣਾ ਨਹੀਂ", ਉਸ ਮਾਣ ਨਾਲ਼ ਆਖਿਆ। "ਇਹ ਮਹਿਜ਼ ਕਿਸੇ ਬੰਦੇ ਦੀ ਕਲਪਨਾ ਹੈ...। ਮੈਨੂੰ ਚੇਤੇ ਵੀ ਨਹੀਂ ਕਿ ਮੇਰੇ ਦਿਮਾਗ ਵਿੱਚ ਇਹ ਕਿਵੇਂ ਆ ਘੁੱਸਿਆ...। ਮੈਂ ਇਸ ਦੀ ਉਦੋਂ ਹੀ ਵਰਤੋਂ ਕਰਦਾ ਹਾਂ ਜਦੋਂ ਮੈਂ ਅਜਿਹੇ ਲੋਕਾਂ ਨਾਲ਼ ਗੱਲਬਾਤ ਕਰ ਰਿਹਾ ਹੋਵਾਂ ਜਿਹੜਾ ਆਮ ਵਰਗੀ ਹਾਲਤ ਵਿੱਚ ਨਹੀਂ ਹੁੰਦੇ...। ਹਾਂ, ਮੈਂ ਗੱਲ ਕਰ ਰਿਹਾ ਸਾਂ ਕਿ ਇੱਥੇ ਲੋਕਾਂ ਕੋਲ਼ ਕੁਕਰਮ ਕਰਨ ਲਈ ਵਕਤ ਹੀ ਨਹੀਂ... ਉਹਨਾਂ ਕੋਲ਼ ਇਹਦੇ ਲਈ ਵਿਹਲ ਹੀ ਨਹੀਂ ਰਹਿਣ ਦਿੱਤੀ ਗਈ...। ਹੱਡ ਭੰਨ੍ਹਵੀਂ ਮਿਹਨਤ ਦਾ ਸਮਾਂ ਹੀ ਬੰਦੇ ਨੂੰ ਇਤਨਾ ਥਕਾ ਦੇਂਦਾ ਹੈ ਕਿ ਉਸ ਕੋਲ਼ ਵਿਹਲੀਆਂ ਘੜੀਆਂ ਵਿੱਚ ਗੁਨਾਹ ਕਰਨ ਦੀ ਨਾ ਤਾਕਤ ਰਹਿੰਦੀ ਹੈ ਤੇ ਨਾ ਹੀ ਇੱਛਾ। ਲੋਕਾਂ ਕੋਲ਼ ਸੋਚਣ ਦੀ ਵਿਹਲ ਹੀ ਨਹੀਂ, ਉਹਨਾਂ ਕੋਲ਼ ਕਿਸੇ ਚੀਜ਼ ਦੀ ਇੱਛਾ ਕਰਨ ਦੀ ਸ਼ਕਤੀ ਹੀ ਨਹੀਂ, ਉਹ ਕੇਵਲ ਆਪਣੇ ਕੰਮ ਵਿੱਚ ਤੇ ਕੰਮ ਕਰਨ ਦੀ ਇੱਛਾ ਵਿੱਚ ਜਿਊਂਦੇ ਹਨ ਅਤੇ ਇਹ ਗੱਲ ਉਹਨਾਂ ਦੇ ਜੀਵਨ ਨੂੰ ਉੱਚਤਮ ਸ੍ਰਿਸ਼ਟਾਚਾਰੀ ਬਣਾਉਂਦੀ ਹੈ। ਕੇਵਲ ਛੁੱਟੀ ਵਾਲ਼ੇ ਦਿਨ ਕਦੇ ਕਦਾਈਂ ਕੁਝ ਬੰਦੇ ਕਿਸੇ ਨੀਗਰੋ ਜੋੜੇ ਨੂੰ ਰੱਸੀ ਨਾਲ਼ ਜੂੜ ਦੇਣਗੇ, ਪਰ ਇਹ ਕਰਮ ਸ੍ਰਿਸ਼ਟਾਚਾਰ ਦੀ ਕੋਈ ਉਲੰਘਣਾ ਨਹੀਂ ਸਮਝਿਆ ਜਾਂਦਾ, ਕਿਉਂ ਜੋ ਇੱਕ ਨੀਗਰੋ ਸਫੈਦ ਰੰਗ ਦਾ ਨਹੀਂ ਹੁੰਦਾ ਅਤੇ ਇਸ ਤੋਂ ਉਪਰੰਤ ਇੱਥੇ ਹਰ ਪਾਸੇ ਨੀਗਰੋ ਕੁਰਬਲ ਕੁਰਬਲ ਕਰਦੇ ਫਿਰਦੇ ਹਨ। ਹਰ ਬੰਦਾ ਵੱਧ ਜਾਂ ਘੱਟ ਇੱਜ਼ਤ ਨਾਲ਼ ਪੇਸ਼ ਆਉਂਦਾ ਹੈ ਅਤੇ ਇਸ ਨੀਰਸ ਜੀਵਨ ਦੇ ਗੰਦੇ ਪਿਛੋਕੜ ਵਿੱਚ ਪੁਰਾਤਨ ਪਿਉਰਟਿਨ ਸ੍ਰਿਸ਼ਟਾਚਾਰ ਦੀ ਤੰਗ ਸੰਨ੍ਹੀ ਵਿੱਚ ਜਕੜੇ ਇਸ ਦੇ ਅਸੂਲਾਂ ਦੀ ਕੋਈ ਵੀ ਉਲੰਘਣਾ ਕਾਲਖ ਦੇ ਦਾਗ ਵਾਂਗ ਵਿਖਾਈ ਦੇਂਦੀ ਹੈ। ਇਹ ਇੱਕ ਚੰਗੀ ਗੱਲ ਹੈ, ਪਰ ਇਹ ਭੈੜੀ ਵੀ ਹੈ। ਸਮਾਜ ਦੀਆਂ ਉਪਰਲੀਆਂ ਜਮਾਤਾਂ ਹੇਠਲੀਆਂ ਜਮਾਤਾਂ ਦੇ ਵਰਤਾਉ 'ਤੇ ਮਾਣ ਕਰ ਸਕਦੀਆਂ ਹਨ। ਪਰ ਇਸ ਸਮੇਂ ਇਸ ਕਿਸਮ ਦਾ ਵਤੀਰਾ ਧਨਾਢਾਂ ਦੇ ਅੰਦਾਜ਼ ਵਿੱਚ ਵਿਘਨ ਪਾਉਂਦਾ ਹੈ। ਉਹਨਾਂ ਕੋਲ਼ ਪੈਸਾ ਹੈ—ਇਸ ਦਾ ਇਹ ਭਾਵ ਹੈ ਕਿ ਉਹਨਾਂ ਨੂੰ ਸ੍ਰਿਸ਼ਟਾਚਾਰ ਦੀ ਕੋਈ ਪ੍ਰਵਾਹ ਕੀਤੇ ਬਿਨਾਂ ਆਪਣੀ ਮਰਜ਼ੀ ਅਨੁਸਾਰ ਰਹਿਣ ਦਾ ਅਧਿਕਾਰ

ਹੈ। ਧਨਾਢ ਲਾਲਚੀ ਪੇਟੂ, ਵਿਸ਼ਈ, ਵਿਹਲੜ ਤੇ ਦੁਰਾਚਾਰੀ ਹੁੰਦੇ ਹਨ। ਘਾਹ ਫੂਸ—ਜ਼ਰਖੇਜ਼ ਭੋਏਂ ਉੱਤੇ, ਦੁਰਾਚਾਰ—ਬਹੁਲਤਾ ਦੀ ਭੋਏਂ ਉੱਤੇ ਵੱਧਦਾ ਫੁੱਲਦਾ ਹੈ। ਫਿਰ ਕੀਤਾ ਕੀ ਜਾਵੇ ? ਕੀ ਸ੍ਰਿਸ਼ਟਾਚਾਰ ਨੂੰ ਰੱਦ ਕਰ ਦਈਏ ? ਇਹ ਅਸੰਭਵ ਹੈ, ਕਿਉਂ ਜੋ ਇਹ ਮੂਰਖਤਾ ਹੋਵੇਗੀ। ਜੇ ਤੁਹਾਡੇ ਹਿੱਤ ਇਹ ਮੰਗ ਕਰਦੇ ਹਨ ਕਿ ਲੋਕ ਸ੍ਰਿਸ਼ਟਾਚਾਰੀ ਹੋਣ, ਤਾਂ ਆਪਣੇ ਕੁਕਰਮਾਂ ਤੇ ਗੁਨਾਹਾਂ ਨੂੰ ਉਹਨਾਂ ਦੀਆਂ ਨਜ਼ਰਾਂ ਤੋਂ ਓਹਲੇ ਰੱਖਣ ਦੇ ਉਪਰਾਲੇ ਕਰੋ...। ਬੱਸ ਇਤਨਾ ਹੀ ਕੰਮ ਹੈ। ਇਸ ਵਿੱਚ ਵਿਸ਼ੇਸ਼ ਤੌਰ 'ਤੇ ਕੋਈ ਨਵੀਂ ਗੱਲ ਨਹੀਂ...।"

ਉਸ ਨੇ ਆਪਣੇ ਮੋਢਿਆਂ ਉੱਤੋਂ ਦੀ ਝਾਕਿਆ ਤੇ ਆਪਣੀ ਅਵਾਜ਼ ਹੋਰ ਵੀ ਨੀਵੀਂ ਕਰ ਲਈ।

"ਅਤੇ ਇਸ ਤਰ੍ਹਾਂ, ਨਿਊਯਾਰਕ ਦੇ ਕੁਝ ਭੱਦਰ ਪੁਰਸ਼ਾਂ ਨੂੰ ਇੱਕ ਬਹੁਤ ਹੀ ਅਜੀਬ ਤੇ ਦਿਲਚਸਪ ਵਿਚਾਰ ਸੁੱਝਿਆ। ਉਹਨਾਂ ਇਸ ਦੇਸ਼ ਵਿੱਚ ਸ੍ਰਿਸ਼ਟਾਚਾਰ ਦੇ ਕਾਨੂੰਨਾਂ ਦੀ ਸਪੱਸ਼ਟ ਉਲੰਘਣਾ ਕਰਨ ਦੀ ਇੱਕ ਗੁਪਤ ਸਭਾ ਸਥਾਪਤ ਕਰਨ ਦਾ ਫੈਸਲਾ ਕੀਤਾ। ਚੰਦਿਆਂ ਰਾਹੀਂ ਇੱਕ ਵੱਡੀ ਰਕਮ ਇਕੱਠੀ ਕੀਤੀ ਗਈ ਅਤੇ ਲੋਕ ਰਾਏ ਨੂੰ ਕਾਮਣ ਪਾਉਣ ਲਈ ਬਿਊਰੋ, ਸਪੱਸ਼ਟ ਹੈ ਕਿਸੇ ਪਰਦੇ ਹੇਠ ਵੱਖ ਵੱਖ ਸ਼ਹਿਰਾਂ ਵਿੱਚ, ਖੋਲ੍ਹੇ ਗਏ। ਉਹਨਾਂ ਨੇ, ਤੁਹਾਡੇ ਇਸ ਗੁਲਾਮ ਵਾਂਗ ਵੱਖ ਵੱਖ ਲੋਕਾਂ ਨੂੰ ਭਾੜੇ ਉੱਤੇ ਨੌਕਰ ਰੱਖ ਲਿਆ ਅਤੇ ਉਹਨਾਂ ਨੂੰ ਸ੍ਰਿਸ਼ਟਾਚਾਰ ਦੇ ਵਿਰੁੱਧ ਜੁਰਮ ਕਰਨ ਦਾ ਕੰਮ ਸੌਂਪਿਆ। ਹਰ ਇੱਕ ਬਿਊਰੋ ਦਾ ਮੁਖੀ ਇੱਕ ਭਰੋਸੇਯੋਗ ਤੇ ਤਜ਼ਰਬੇਕਾਰ ਬੰਦਾ ਹੈ, ਜੋ ਇਸ ਦੀਆਂ ਕਾਰਵਾਈਆਂ ਨੂੰ ਅਗਵਾਈ ਦੇਂਦਾ ਹੈ ਅਤੇ ਜ਼ਿੰਮੇਵਾਰੀਆਂ ਵੰਡਦਾ ਹੈ...। ਆਮ ਤੌਰ 'ਤੇ ਉਹ ਕਿਸੇ ਅਖ਼ਬਾਰ ਦਾ ਸੰਪਾਦਕ ਹੁੰਦਾ ਹੈ...।"

"ਮੈਂ ਬਿਊਰੋ ਦਾ ਉਦੇਸ਼ ਸਮਝ ਨਹੀਂ ਸਕਿਆ!" ਮੈਂ ਇੱਕ ਦੁੱਖੀ ਹੋਏ ਬੰਦੇ ਵਾਂਗ ਆਖਿਆ।

"ਇਹ ਬੜੀ ਸੌਖੀ ਜਿਹੀ ਗੱਲ ਹੈ।" ਉਸ ਉੱਤਰ ਦਿੱਤਾ। ਅਚਾਨਕ ਉਸ ਦੇ ਚਿਹਰੇ 'ਤੇ ਬੇਚੈਨੀ ਤੇ ਪ੍ਰੇਸ਼ਾਨੀ ਜਿਹੀ ਪਸਰ ਗਈ। ਉਹ ਉੱਠ ਖਲੋਤਾ ਅਤੇ ਆਪਣੇ ਹੱਥ ਪਿੱਠ ਪਿੱਛੇ ਕਰਦਿਆਂ ਕਮਰੇ ਵਿੱਚ ਹੌਲ਼ੀ ਹੌਲ਼ੀ ਫਿਰਨ ਲੱਗਾ।

"ਬਿਲਕੁੱਲ ਸੌਖੀ", ਉਸ ਦੁਹਰਾਇਆ। "ਮੈਂ ਤੁਹਾਨੂੰ ਦੱਸ ਚੁੱਕਿਆ ਹਾਂ ਕਿ ਹੇਠਲੀਆਂ ਜਮਾਤਾਂ ਬਹੁਤ ਗੁਨਾਹ ਨਹੀਂ ਕਰਦੀਆਂ ਉਹਨਾਂ ਕੋਲ਼ ਸਮਾਂ ਹੀ ਨਹੀਂ ਹੁੰਦਾ। ਦੂਜੇ ਪਾਸੇ, ਸ੍ਰਿਸ਼ਟਾਚਾਰ ਦੇ ਵਿਰੁੱਧ ਗੁਨਾਹ ਹੋਣੇ ਵੀ ਚਾਹੀਦੇ ਹਨ। ਕੁਝ ਵੀ ਹੋਵੇ ਤੁਸੀਂ ਇਸ ਨੂੰ ਇੱਕ ਬਾਂਝ ਬੁੱਢ ਕੁਆਰੀ ਤਾਂ ਨਹੀਂ ਰਹਿਣ ਦੇਣਾ ਚਾਹੁੰਦੇ। ਸ੍ਰਿਸ਼ਟਾਚਾਰ ਬਾਰੇ ਲਗਾਤਾਰ ਸ਼ੋਰ ਸ਼ਰਾਬਾ ਹੁੰਦਾ ਰਹਿਣਾ ਚਾਹੀਦਾ ਹੈ, ਜੋ ਜਨਤਾ ਨੂੰ ਬੋਲਾ ਬਣਾਉਂਦਾ ਹੈ ਤੇ ਉਸ ਨੂੰ ਸੱਚਾਈ ਸੁਣਨ ਤੋਂ ਦੂਰ ਰੱਖਦਾ ਹੈ। ਜੇ ਤੁਸੀਂ ਨਦੀ ਵਿੱਚ ਬਹੁਤ ਸਾਰੇ ਛੌਡੇ ਸੁੱਟੋ, ਵਾਹ ਵਾਹ ਵੱਡੀ ਗੇਲੀ ਉਹਨਾਂ ਵਿੱਚੋਂ ਬਿਨਾਂ ਕਿਸੇ ਰੁਕਾਵਟ ਦੇ ਗੁਜ਼ਰ ਜਾਵੇਗੀ। ਜਾਂ ਜੇ ਤੁਸੀਂ ਆਪਣੇ ਗਵਾਂਢੀ ਦੀ ਜੇਬ੍ਹ ਵਿੱਚੋਂ ਸਾਵਧਾਨੀ ਨਾਲ਼ ਬਟੂਆਂ ਕੱਢ ਲਵੋ ਪਰ ਜੇ ਉਸੇ ਸਮੇਂ ਤੁਸੀਂ ਉਸ ਦਾ ਧਿਆਨ ਇੱਕ ਸ਼ਰਾਰਤੀ ਮੁੰਡੇ ਵੱਲ ਜਿਸ ਨੇ ਮੁੱਠੀ ਭਰ ਅਖਰੋਟ ਚੁਰਾ ਲਏ ਹਨ, ਮੋੜ ਦੇਵੋ ਤਾਂ ਇਹ ਤੁਹਾਨੂੰ ਬੇਸੁਆਦੀ ਤੋਂ ਬਚਾ ਸਕਦਾ ਹੈ।"

"ਬੱਸ, 'ਪਕੜੋ ਪਕੜੋ ਉਸ ਚੋਰ ਨੂੰ!' ਜਿਤਨੇ ਜ਼ੋਰ ਨਾਲ਼ ਚੀਕ ਕੇ ਆਖ ਸਕਦੇ ਹੋ

ਆਖੋ। ਸਾਡਾ ਬਿਊਰੋ ਵੱਡੇ ਵੱਡੇ ਜੁਰਮਾਂ ਨੂੰ ਲੁਕਾਉਣ ਲਈ ਛੋਟੇ ਮੋਟੇ ਖਰੂਦਾਂ ਦਾ ਝੁਰਮਟ ਪਾ ਦੇਂਦਾ ਹੈ।"

ਉਸ ਇੱਕ ਹੌਕਾ ਲਿਆ, ਕਮਰੇ ਦੇ ਵਿਚਕਾਰ ਆ ਕੇ ਖੜ੍ਹਾ ਹੋ ਗਿਆ ਅਤੇ ਕੁਝ ਛਿਨਾਂ ਲਈ ਚੁੱਪ ਰਿਹਾ।

"ਉਦਾਹਰਣ ਵਜੋਂ, ਸ਼ਹਿਰ ਵਿੱਚ ਇਹ ਅਫਵਾਹ ਫੈਲ ਜਾਂਦੀ ਹੈ ਕਿ ਫਲਾਣਾ ਮੰਨਿਆ ਪ੍ਰਮੰਨਿਆ ਤੇ ਪਤਵੰਤਾ ਬੰਦਾ ਆਪਣੀ ਪਤਨੀ ਨੂੰ ਕੁੱਟਦਾ ਹੈ। ਤਾਂ ਬਿਊਰੋ ਤੁਰੰਤ ਮੈਨੂੰ ਤੇ ਮੇਰੇ ਵਰਗੇ ਕੁਝ ਹੋਰ ਏਜੰਟਾਂ ਨੂੰ ਹੁਕਮ ਦੇਂਦਾ ਹੈ ਕਿ ਅਸੀਂ ਆਪਣੀਆਂ ਪਤਨੀਆਂ ਨੂੰ ਕੁੱਟੀਏ। ਅਸੀਂ ਉਹਨਾਂ ਨੂੰ ਜ਼ਰੂਰ ਕੁੱਟਦੇ ਹਾਂ। ਨਿਰਸੰਦੇਹ, ਪਤਨੀਆਂ ਇਹ ਸਭ ਕੁਝ ਜਾਣਦੀਆਂ ਹਨ ਅਤੇ ਆਪਣੇ ਪੂਰੇ ਜ਼ੋਰ ਨਾਲ਼ ਚੀਕਦੀਆਂ ਤੇ ਕੁਰਲਾਉਂਦੀਆਂ ਹਨ। ਸਾਰੇ ਅਖ਼ਬਾਰ ਸਾਰੀ ਕਹਾਣੀ ਲਿਖਦੇ ਹਨ, ਜਿਹੜੀ ਹਲਚਲ ਉਹ ਪੈਦਾ ਕਰਦੇ ਹਨ ਉਹ ਉੱਘੇ ਸ਼ਹਿਰੀ ਵੱਲੋਂ ਆਪਣੀ ਪਤਨੀ ਦੀ ਬੇਇਜ਼ਤੀ ਬਾਰੇ ਅਫਵਾਹਾਂ ਨੂੰ ਚੂਸ ਲੈਂਦੀ ਹੈ। ਅਫਵਾਹਾਂ ਬਾਰੇ ਸਿਰ ਖਪਾਉਣ ਦੀ ਭਲਾ ਕੀ ਲੋੜ ਪਈ ਏ।

"ਜਦੋਂ ਠੋਸ ਹਕੀਕਤਾਂ ਤੁਹਾਡੇ ਸਾਹਮਣੇ ਹਨ ? ਜਾਂ ਹੋ ਸਕਦਾ ਹੈ ਇਸ ਬਾਰੇ ਗੱਲਾਂ ਹੋਣੀਆਂ ਸ਼ੁਰੂ ਹੋ ਜਾਣ ਕਿ ਸੈਨੇਟਰ ਰਿਸ਼ਵਤ ਲੈਂਦਾ ਹੈ। ਤਾਂ ਬਿਊਰੋ ਤੁਰੰਤ ਪੁਲਸ ਅਫਸਰਾਂ ਵੱਲੋਂ ਰਿਸ਼ਵਤ ਲੈਣ ਦੇ ਕਈ ਕੇਸ ਤਿਆਰ ਕਰ ਦੇਂਦਾ ਹੈ ਅਤੇ ਉਹਨਾਂ ਦਾ ਭ੍ਰਿਸ਼ਟਾਚਾਰ ਲੋਕਾਂ ਵਿੱਚ ਨੰਗਾ ਕਰਦਾ ਹੈ। ਫਿਰ ਅਫਵਾਹਾਂ ਹਕੀਕਤਾਂ ਵਿੱਚ ਗੁੰਮ ਹੋ ਜਾਂਦੀਆਂ ਹਨ। ਉੱਚੀ ਸਮਾਜ ਵਿੱਚ ਕੋਈ ਵਿਅਕਤੀ ਕਿਸੇ ਔਰਤ ਦੀ ਬੇਹੁਰਮਤੀ ਕਰਦਾ ਹੈ। ਉਸੇ ਵੇਲ਼ੇ ਅਜਿਹਾ ਪ੍ਰਬੰਧ ਕੀਤਾ ਜਾਂਦਾ ਹੈ ਕਿ ਰੇਨੇਟੋਗੈਂਟਾ ਵਿੱਚ, ਗਲੀਆਂ ਬਾਜ਼ਾਰਾਂ ਵਿੱਚ ਕਾਫੀ ਔਰਤਾਂ ਦੀ ਬੇਇੱਜ਼ਤੀ ਕੀਤੀ ਜਾਵੇ। ਉਚੇਰੀ ਸਮਾਜ ਦੇ ਭੱਦਰ ਪੁਰਸ਼ ਵੱਲੋਂ ਕੀਤਾ ਜੁਰਮ ਇਸੇ ਤਰ੍ਹਾਂ ਦੇ ਜੁਰਮਾਂ ਦੇ ਸਿਲਸਿਲੇ ਵਿੱਚ ਉੱਕਾ ਹੀ ਦਿੱਸਣੋ ਹੱਟ ਜਾਂਦਾ ਹੈ ਅਤੇ ਹਮੇਸ਼ਾ ਹਰ ਗੱਲ ਵਿੱਚ ਇੰਝ ਹੀ ਹੁੰਦਾ ਹੈ। ਇੱਕ ਵੱਡੀ ਚੋਰੀ ਦੇ ਸਿਰੇ ਉੱਤੇ ਨਿਕਚੂ ਨਿਕਚੂ ਚੋਰੀਆਂ ਦਾ ਢੇਰ ਉਸਰਿਆ ਹੁੰਦਾ ਹੈ ਅਤੇ ਸਾਰੇ ਵੱਡੇ ਜੁਰਮ ਤੁੱਛ ਜਿਹੇ ਕੁਕਰਮਾਂ ਦੀ ਬਰਫ ਹੇਠ ਦੱਬੇ ਹੁੰਦੇ ਹਨ। ਇਹ ਹੈ ਉਹ ਕੰਮ ਜੋ ਬਿਊਰੋ ਕਰਦਾ ਹੈ।"

ਉਹ ਤੁਰਦਾ ਹੋਇਆ ਖਿੜਕੀ ਕੋਲ਼ ਗਿਆ, ਬੜੀ ਸਾਵਧਾਨੀ ਨਾਲ਼ ਗਲੀ ਵਿੱਚ ਝਾਕਿਆ ਤੇ ਦੁਬਾਰਾ ਬਹਿ ਗਿਆ ਤੇ ਫਿਰ ਮੱਧਮ ਜਿਹੀ ਅਵਾਜ਼ ਵਿੱਚ ਬੋਲਣ ਲੱਗਾ:

"ਬਿਊਰੋ ਅਮਰੀਕੀ ਸਮਾਜ ਦੀ ਉਪਰਲੀ ਜਮਾਤ ਨੂੰ ਲੋਕਾਂ ਦੇ ਫੈਸਲਿਆਂ ਤੋਂ ਬਚਾਉਂਦੀ ਹੈ ਅਤੇ ਉਸੇ ਸਮੇਂ ਸ੍ਰਿਸ਼ਟਾਚਾਰ ਦੀਆਂ ਉਲੰਘਣਾਵਾਂ ਬਾਰੇ ਨਿਰੰਤਰ ਸ਼ੋਰ ਸ਼ਰਾਬੇ ਰਾਹੀਂ ਧਨਾਢਾਂ ਦੇ ਕੁਕਰਮਾਂ ਨੂੰ ਲੁਕਾਉਣ ਲਈ ਕੀਤੇ ਗਏ ਛੋਟੇ ਛੋਟੇ ਕੁਕਰਮਾਂ ਨਾਲ਼ ਲੋਕਾਂ ਦੇ ਦਿਮਾਗਾਂ ਨੂੰ ਭਰਦਾ ਹੈ। ਲੋਕ ਕਾਮਣ ਦੀ ਹਾਲਤ ਵਿੱਚ ਹਨ, ਉਹਨਾਂ ਕੋਲ਼ ਆਪਣੇ ਬਾਰੇ ਸੋਚਣ ਲਈ ਸਮਾਂ ਨਹੀਂ ਹੈ ਅਤੇ ਕੇਵਲ ਉਸੇ 'ਤੇ ਵਿਸ਼ਵਾਸ ਕਰਦੇ ਹਨ ਜੋ ਅਖ਼ਬਾਰ ਉਹਨਾਂ ਨੂੰ ਦੱਸਦੇ ਹਨ। ਅਖ਼ਬਾਰ ਕਰੋੜਪਤੀਆਂ ਦੇ ਹੁੰਦੇ ਹਨ ਅਤੇ ਬਿਊਰੋ ਦੀ ਵੀ ਪ੍ਰਾਪਤੀ ਉਹੋ ਕਰਦੇ ਹਨ...। ਕੁਝ ਪਿਆ ਪੱਲੇ ? ਇਹ ਬੜਾ ਚੁਸਤ ਵਿਚਾਰ...।"

ਉਹ ਰੁੱਕ ਗਿਆ ਅਤੇ ਸਿਰ ਨੀਵਾਂ ਕਰ ਕੇ ਸੋਚਣ ਲੱਗ ਪਿਆ।

"ਧੰਨਵਾਦ", ਮੈਂ ਆਖਿਆ। "ਤੁਸਾਂ ਮੈਨੂੰ ਬਹੁਤ ਕੁਝ ਦੱਸਿਆ ਹੈ ਜੋ ਬਹੁਤ ਹੀ ਦਿਲਚਸਪ ਹੈ।"

ਉਸ ਸਿਰ ਚੁੱਕਿਆ ਤੇ ਉਦਾਸ ਨਜ਼ਰਾਂ ਨਾਲ਼ ਮੇਰੇ ਵੱਲ ਵੇਖਿਆ।

"ਹ-ਹਾਂ ਇਹ ਸੱਚਮੁੱਚ ਦਿਲਚਸਪ ਹੈ", ਉਸ ਹੌਲ਼ੀ ਹੌਲ਼ੀ ਸੋਚਵਾਨ ਲਹਿਜੇ ਵਿੱਚ ਆਖਿਆ। "ਪਰ ਇਸ ਨੇ ਮੈਨੂੰ ਦੁਖੀ ਕਰਨਾ ਸ਼ੁਰੂ ਕਰ ਦਿੱਤਾ ਹੈ। ਮੈਂ ਟੱਬਰ ਟੀਰ ਵਾਲ਼ਾ ਹਾਂ, ਤਿੰਨ ਸਾਲ ਹੋਏ ਆਪਣਾ ਘਰ ਬਣਾਇਆ ਸੀ...। ਮੈਂ ਹੁਣ ਥੋੜ੍ਹਾ ਕੁ ਆਰਾਮ ਕਰਨਾ ਲੋਚਦਾ ਹਾਂ। ਇਹ ਬਹੁਤ ਹੀ ਥਕਾ ਦੇਣ ਵਾਲ਼ਾ ਕੰਮ ਹੈ। ਮੇਰੇ 'ਤੇ ਵਿਸ਼ਵਾਸ ਕਰੋ, ਸ਼ਿਸ਼ਟਾਚਾਰ ਦੇ ਕਾਨੂੰਨਾਂ ਲਈ ਸਤਿਕਾਰ ਕਾਇਮ ਰੱਖਣਾ ਕੋਈ ਸੌਖੀ ਗੱਲ ਨਹੀਂ, ਵੇਖੋ, ਸ਼ਰਾਬ ਮੇਰੇ ਲਈ ਭੈੜੀ ਹੈ, ਪਰ ਮੈਨੂੰ ਸ਼ਰਾਬ ਪੀਣੀ ਪੈਂਦੀ ਹੈ, ਮੈਂ ਆਪਣੀ ਪਤਨੀ ਨੂੰ ਪਿਆਰ ਕਰਦਾ ਹਾਂ ਅਤੇ ਸੁਖਾਵਾਂ ਘਰੇਲੂ ਜੀਵਨ ਪਸੰਦ ਕਰਦਾ ਹਾਂ—ਅਤੇ ਇੱਥੇ ਮੈਨੂੰ ਰੈਸਟੋਰੈਂਟਾਂ ਵਿੱਚ ਟੱਕਰਾਂ ਮਾਰਨੀਆਂ ਪੈਂਦੀਆਂ ਹਨ ਤੇ ਲੜਾਈ ਝਗੜੇ ਕਰਨੇ ਪੈਂਦੇ ਹਨ... ਅਤੇ ਹਮੇਸ਼ਾ ਮੈਨੂੰ ਅਖ਼ਬਾਰਾਂ ਵਿੱਚ ਆਪਣੇ ਦਰਸ਼ਨ ਕਰਨੇ ਪੈਂਦੇ ਹਨ...। ਹਾਂ ਨਕਲੀ ਨਾਂ ਹੇਠ ਪਰ ਫਿਰ ਵੀ...। ਕਿਸੇ ਦਿਨ ਮੇਰਾ ਅਸਲੀ ਨਾਂ ਵੀ ਛਪ ਜਾਵੇਗਾ ਅਤੇ ਫਿਰ... ਫਿਰ ਮੈਨੂੰ ਇਸ ਸ਼ਹਿਰ ਵਿੱਚੋਂ ਬਾਹਰ ਨਿਕਲ਼ਣਾ ਪਵੇਗਾ..। ਮੈਨੂੰ ਸਲਾਹ ਦੀ ਲੋੜ ਹੈ...। ਮੈਂ ਤੁਹਾਡੇ ਕੋਲ਼ੋਂ ਇਸ ਬਹੁਤ ਹੀ ਗੁੰਝਲਦਾਰ ਤੇ ਜ਼ਿੱਚ ਕਰਨ ਵਾਲ਼ੇ ਕੰਮ ਬਾਰੇ ਤੁਹਾਡੀ ਰਾਏ ਲੈਣ ਲਈ ਆਇਆ ਹਾਂ!"

"ਬੋਲੀ ਚੱਲੋ!" ਮੈਂ ਉਸ ਨੂੰ ਆਖਿਆ।

"ਵੇਖੋ ਕੁਝ ਇਸ ਤਰ੍ਹਾਂ ਦੀ ਗੱਲ ਹੈ", ਉਹ ਬੋਲਣ ਲੱਗਾ।

"ਹੇਠਾਂ ਦੱਖਣੀ ਰਿਆਸਤ ਵਿੱਚ ਉਪਰਲੀਆਂ ਜਮਾਤਾਂ ਨੇ ਪਿੱਛੇ ਜਿਹੇ ਤੋਂ ਨੀਗਰੋ ਰਖੇਲਾਂ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਹਨ... ਇੱਕੋ ਸਮੇਂ ਦੋ ਤੇ ਤਿੰਨ। ਲੋਕਾਂ ਨੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਪਤਨੀਆਂ ਇਹ ਪਸੰਦ ਨਹੀਂ ਕਰਦੀਆਂ। ਕੁਝ ਅਖਬਾਰਾਂ ਨੂੰ ਔਰਤਾਂ ਵੱਲੋਂ ਅਜਿਹੀਆਂ ਚਿੱਠੀਆਂ ਮਿਲ਼ੀਆਂ ਹਨ ਜਿਨ੍ਹਾਂ ਵਿੱਚ ਉਹਨਾਂ ਆਪਣੇ ਪਤੀਆਂ ਨੂੰ ਨੰਗਾ ਕੀਤਾ ਹੈ। ਇੱਕ ਬਹੁਤ ਵੱਡਾ ਸਕੈਂਡਲ ਹੋ ਸਕਦਾ ਹੈ। ਬਿਊਰੋ ਨੇ ਤੁਰੰਤ 'ਜਵਾਬੀ ਤੱਥ' ਜਿਵੇਂ ਕਿ ਅਸੀਂ ਉਹਨਾਂ ਨੂੰ ਆਖਦੇ ਹਾਂ ਪੈਦਾ ਕਰਨੇ ਸ਼ੁਰੂ ਕਰ ਦਿੱਤੇ ਹਨ। ਮੇਰੇ ਸਮੇਤ ਤੇਰ੍ਹਾਂ ਏਜੰਟਾਂ ਨੂੰ ਨੀਗਰੋ ਰਖੇਲਾਂ ਰੱਖਣ ਦਾ ਹੁਕਮ ਦੇ ਦਿੱਤਾ ਗਿਆ ਹੈ। ਇੱਕੋ ਸਮੇਂ ਦੋ ਜਾਂ ਤਿੰਨ...।"

ਉਹ ਅਬੜਵਾਹੇ ਉਛਲਿਆ ਅਤੇ ਆਪਣਾ ਹੱਥ ਛਾਤੀ ਵਾਲ਼ੀ ਜੇਬ੍ਹ ਵਿੱਚ ਤੁੰਨਦਿਆਂ ਉਸ ਐਲਾਨ ਕੀਤਾ:

"ਮੈਂ ਇਹ ਕੰਮ ਨਹੀਂ ਕਰ ਸਕਦਾ! ਮੈਂ ਆਪਣੀ ਪਤਨੀ ਨੂੰ ਪਿਆਰ ਕਰਦਾ ਹਾਂ... ਤੇ ਉਹ ਮੈਨੂੰ ਕਦੇ ਵੀ ਇਸ ਦੀ ਆਗਿਆ ਨਹੀਂ ਦੇਵੇਗੀ! ਭਾਵੇਂ ਮੈਂ ਕੇਵਲ ਇੱਕ ਹੀ ਕਿਉਂ ਨਾ ਰੱਖਾਂ!"

"ਤੁਸੀਂ ਇਨਕਾਰ ਕਿਉਂ ਨਹੀਂ ਕਰ ਦੇਂਦੇ?" ਮੈਂ ਸਲਾਹ ਦਿੱਤੀ।

ਉਸ ਨੇ ਮੇਰੇ ਵੱਲ ਤਰਸਵਾਨ ਨਜ਼ਰਾਂ ਨਾਲ਼ ਵੇਖਿਆ।

"ਅਤੇ ਉਹ ਕਿਹੜਾ ਹੈ ਜਿਹੜਾ ਮੈਨੂੰ ਹਫਤੇ ਦੇ ਪੰਜਾਹ ਡਾਲਰ ਦੇਂਦਾ ਰਹੇਗਾ ? ਅਤੇ ਬੋਨਸ ਵੀ ਜੇ ਕੰਮ ਚੰਗੀ ਤਰ੍ਹਾਂ ਨੇਪਰੇ ਚਾੜ੍ਹ ਦਿਆਂ ? ਨਹੀਂ, ਨਹੀਂ ਇਹੋ ਜਿਹੀ ਸਲਾਹ ਤੁਸੀਂ ਆਪਣੇ ਲਈ ਹੀ ਸਾਂਭ ਕੇ ਰੱਖੋ...। ਇੱਕ ਅਮਰੀਕੀ ਪੈਸੇ ਤੋਂ ਇਨਕਾਰ ਨਹੀਂ ਕਰ ਸਕਦਾ ਭਾਵੇਂ ਉਸ ਨੂੰ ਮਰਨਾ ਹੀ ਕਿਉਂ ਨਾ ਪਵੇ। ਕਿਸੇ ਹੋਰ ਉਪਾਅ ਬਾਰੇ ਸੋਚੋ।"

"ਮੈਨੂੰ ਔਖੀ ਗੱਲ ਜਾਪਦੀ ਹੈ", ਮੈਂ ਆਖਿਆ।

"ਔਖੀ ? ਭਲ਼ਾ ਤੁਹਾਨੂੰ ਕਿਵੇਂ ਔਖ ਮਹਿਸੂਸ ਹੁੰਦੀ ਏ ? ਤੁਸੀਂ ਯੂਰਪੀ ਤਾਂ ਸ਼ਿਸ਼ਟਾਚਾਰ ਦੇ ਪੱਖੋਂ ਬਹੁਤ ਹੀ ਲਾਪਰਵਾਹ ਤੇ ਢਿੱਲੇ ਹੁੰਦੇ ਓ...। ਤੁਹਾਡਾ ਸ਼ਿਸ਼ਟਾਚਾਰੀ ਦੁਰਾਚਾਰ ਤਾਂ ਬਹੁਤ ਬਦਨਾਮ ਹੈ।"

ਉਸ ਨੇ ਇਹ ਗੱਲ ਪੂਰੇ ਨਿਸ਼ਚੇ ਨਾਲ਼ ਆਖੀ ਜਿਵੇਂ ਬਿਲਕੁੱਲ ਸੱਚੀ ਹੋਵੇ।

"ਵੇਖੋ", ਮੇਰੇ ਵੱਲ ਝੁੱਕਦਿਆਂ ਉਸ ਬੋਲਣਾ ਜਾਰੀ ਰੱਖਿਆ, "ਤੁਹਾਡੇ ਕੁਝ ਯੂਰਪੀ ਦੋਸਤ ਜ਼ਰੂਰ ਹੀ ਹੋਣਗੇ ? ਮੈਨੂੰ ਯਕੀਨ ਹੈ ਜ਼ਰੂਰ ਹੋਣਗੇ !"

"ਤੁਹਾਨੂੰ ਉਹਨਾਂ ਦੀ ਕੀ ਜ਼ਰੂਰਤ ਹੈ ?" ਮੈਂ ਪੁੱਛਿਆ।

"ਮੈਨੂੰ ਉਹਨਾਂ ਦੀ ਕੀ ਜ਼ਰੂਰਤ ਹੈ ?" ਉਹ ਇੱਕਦਮ ਪਿਛਾਂਹ ਹੱਟਿਆ ਤੇ ਮੇਰੇ ਵੱਲ ਗੱਡਵੀਂ ਨਜ਼ਰ ਨਾਲ਼ ਵੇਖਿਆ। "ਮੈਂ ਤੁਹਾਨੂੰ ਦੱਸਿਆ ਹੈ, ਮੈਂ ਨੀਗਰੋ ਕੁੜੀਆਂ ਨੂੰ ਆਪਣੀਆਂ ਰਖੇਲਾਂ ਨਹੀਂ ਰੱਖ ਸਕਦਾ। ਤੁਸੀਂ ਆਪ ਹੀ ਨਿਰਣਾ ਕਰੋ। ਮੇਰੀ ਪਤਨੀ ਇਸ ਦੀ ਆਗਿਆ ਨਹੀਂ ਦੇਵੇਗੀ ਅਤੇ ਮੈਂ ਉਸ ਨੂੰ ਪਿਆਰ ਕਰਦਾ ਹਾਂ। ਨਹੀਂ, ਮੈਂ ਇਹ ਕੰਮ ਬਿਲਕੁੱਲ ਨਹੀਂ ਕਰ ਸਕਦਾ...।"

ਉਸ ਪੂਰੇ ਜ਼ੋਰ ਨਾਲ਼ ਆਪਣਾ ਸਿਰ ਛੰਡਿਆ, ਆਪਣੇ ਗੰਜੇ ਤਾਲੂ ਉੱਤੇ ਆਪਣਾ ਹੱਥ ਫੇਰਿਆ ਤੇ ਬੜੇ ਖੁਸ਼ਾਮਦੀ ਲਹਿਜੇ ਵਿੱਚ ਬੋਲਿਆ:

"ਸ਼ਾਇਦ ਤੁਸੀਂ ਇਸ ਕੰਮ ਲਈ ਕਿਸੇ ਯੂਰਪੀ ਦੀ ਸਿਫਾਰਸ ਕਰ ਸਕਦੇ ਹੋਵੋ ? ਉਹ ਸ਼ਿਸ਼ਟਾਚਾਰ ਨੂੰ ਉੱਕਾ ਨਹੀਂ ਮੰਨਦੇ, ਸੋ ਇਸ ਲਈ ਉਹਨਾਂ ਲਈ ਇਹ ਕੰਮ ਬਹੁਤ ਮਾਮੂਲੀ ਹੈ। ਕੋਈ ਗਰੀਬ ਪਰਵਾਸੀ ਹੀ ਹੋਵੇ ? ਮੈਂ ਉਸ ਨੂੰ ਹਫਤੇ ਦੇ ਦਸ ਡਾਲਰ ਦੇਵਾਂਗਾ –

"ਇਤਨੀ ਰਕਮ ਵਾਹ ਵਾਹ ਏ, ਕੀ ਨਹੀਂ ? ਅਸਲ ਵਿੱਚ ਨੀਗਰੋ ਕੁੜੀਆਂ ਨਾਲ਼ ਮੈਂ ਹੀ ਉਠਾਂ ਬੈਠਾਂਗਾ, ਸਭ ਕੁਝ ਮੈਂ ਆਪ ਹੀ ਕਰਾਂਗਾ... ਉਸ ਨੂੰ ਕੇਵਲ ਪੈਦਾ ਹੋਣ ਵਾਲ਼ੇ ਬੱਚਿਆਂ ਦੀ ਜ਼ਿੰਮੇਵਾਰੀ...। ਇਹ ਮਾਮਲਾ ਅੱਜ ਰਾਤ ਹੀ ਤੈਅ ਹੋ ਜਾਣਾ ਚਾਹੀਦਾ ਹੈ...। ਰਤਾ ਸੋਚੋ, ਕਿਤਨਾ ਵੱਡਾ ਸਕੈਂਡਲ ਭੜਕ ਸਕਦਾ ਹੈ। ਫਿਰ ਦੱਖਣ ਵਿੱਚ ਸਮੇਂ ਸਿਰ ਬਣਾਉਟੀ ਸਕੈਂਡਲਾਂ ਦੇ ਢੇਰ ਥੱਲੇ ਇਸ ਨੂੰ ਦੱਬਾ ਨਾ ਦਿੱਤਾ ਗਿਆ। ਜੇ ਸ਼ਿਸ਼ਟਾਚਾਰ ਨੇ ਜਿੱਤਣਾ ਹੈ ਤਾਂ ਗਵਾਉਣ ਲਈ ਕੋਈ ਸਮਾਂ ਨਹੀਂ...।"

...ਜਦੋਂ ਉਹ ਤੇਜ਼ੀ ਨਾਲ਼ ਕਮਰੇ ਵਿੱਚੋਂ ਬਾਹਰ ਨਿਕਲ਼ ਗਿਆ, ਮੈਂ ਖਿੜਕੀ ਦੇ ਕੋਲ਼ ਗਿਆ ਅਤੇ ਆਪਣੇ ਹੱਥ ਨੂੰ ਜਿਹੜਾ ਉਸ ਦੇ ਤਾਲੂ ਨਾਲ਼ ਰਗੜਿਆ ਗਿਆ ਸੀ, ਠੰਡਾ ਕਰਨ ਲਈ ਖਿੜਕੀ ਦੇ ਸ਼ੀਸ਼ੇ 'ਤੇ ਰੱਖ ਦਿੱਤਾ।

ਉਹ ਹੇਠਾਂ ਖਲੋਤਾ ਸੀ ਤੇ ਮੇਰੇ ਵੱਲ ਇਸ਼ਾਰੇ ਕਰ ਰਿਹਾ ਸੀ।

"ਤੂੰ ਕੀ ਚਾਹੁੰਦਾ ਏਂ ?" ਖਿੜਕੀ ਖੋਲ੍ਹਦਿਆਂ ਮੈਂ ਪੁੱਛਿਆ।

"ਮੈਂ ਆਪਣਾ ਟੋਪ ਭੁੱਲ ਗਿਆ", ਉਸ ਨੇ ਨਿਮਰਤਾ ਨਾਲ਼ ਆਖਿਆ।

ਮੈਂ ਫਰਸ਼ ਤੋਂ ਟੋਪ ਚੁੱਕਿਆ ਤੇ ਗਲੀ ਵਿੱਚ ਵਗਾਹ ਮਾਰਿਆ ਅਤੇ ਜਦੋਂ ਮੈਂ ਖਿੜਕੀ ਬੰਦ ਕਰ ਰਿਹਾ ਸਾਂ, ਮੈਂ ਉਸ ਨੂੰ ਸੌਦੇਬਾਜ਼ੀ ਦਾ ਇਹ ਸੁਝਾਅ ਦੇਂਦਿਆਂ ਸੁਣਿਆਃ

"ਫਰਜ਼ ਕਰੋ, ਜੇ ਮੈਂ ਹਫਤੇ ਦੇ ਪੰਦਰਾਂ ਡਾਲਰ ਪੇਸ਼ ਕਰਦਾ ਹਾਂ ? ਤਾਂ ਇਹ ਇੱਕ ਚੰਗੀ ਰਕਮ ਹੈ।"

1906

ਜ਼ਿੰਦਗੀ ਦੇ ਮਾਲਕ

“ਰਤਾ ਮੇਰੇ ਨਾਲ਼ ਸੱਚਾਈ ਦੇ ਚਸ਼ਮਿਆਂ ਤੱਕ ਆ!” ਸ਼ੈਤਾਨ ਨੇ ਹੱਸਦਿਆਂ ਆਖਿਆ ਤੇ ਉਹ ਮੈਨੂੰ ਕਬਰਸਤਾਨ ਵਿੱਚ ਲੈ ਆਇਆ।

ਜਿਵੇਂ ਜਿਵੇਂ ਅਸੀਂ ਪੁਰਾਣੀਆਂ ਕਬਰਾਂ ਤੇ ਢਾਲਵੇਂ ਲੋਹੇ ਦੀਆਂ ਸਿੱਲਾਂ ਵਿੱਚੋਂ ਦੀ ਵਿੰਗ ਤੜਿੰਗੀਆਂ ਡੰਡੀਆਂ ਤੋਂ ਹੌਲ਼ੀ ਹੌਲ਼ੀ ਲੰਘਦੇ ਜਾਂਦੇ ਸਾਂ ਉਹ ਆਪਣੀ ਸਿਆਣਪ ਦੇ ਰੁੱਖੇ ਪ੍ਰਚਾਰਕ ਤੋਂ ਅੱਕੇ ਹੋਏ ਪ੍ਰੋਫੈਸਰ ਦੀ ਥੱਕੀ ਟੁੱਟੀ ਅਵਾਜ਼ ਵਿੱਚ ਬੋਲੀ ਜਾ ਰਿਹਾ ਸੀ।

“ਤੇਰੇ ਪੈਰਾਂ ਥੱਲੇ,” ਉਸ ਮੈਨੂੰ ਆਖਿਆ, “ਉਹਨਾਂ ਕਾਨੂੰਨਾਂ ਦੇ ਸਿਰਜਣਹਾਰ ਪਏ ਹਨ ਜਿਨ੍ਹਾਂ ਦਾ ਤੂੰ ਪਾਬੰਦ ਏਂ।ਆਪਣੇ ਬੂਟਾਂ ਦੇ ਤਲ਼ਿਆਂ ਨਾਲ਼ ਤੂੰ ਉਹਨਾਂ ਤਰਖਾਣਾਂ ਤੇ ਲੁਹਾਰਾਂ ਦੀਆਂ ਹੱਡੀਆਂ ਮਿੱਧ ਰਿਹਾ ਏਂ, ਜਿਨ੍ਹਾਂ ਨੇ ਉਸ ਜਾਨਵਰ ਲਈ ਪਿੰਜਰਾ ਤਿਆਰ ਕੀਤਾ ਸੀ ਜੋ ਤੇਰੇ ਅੰਦਰ ਵੱਸਿਆ ਹੋਇਆ ਹੈ।”

ਜਿਵੇਂ ਹੀ ਉਸ ਨੇ ਇਹ ਗੱਲ ਆਖੀ ਉਹ ਜ਼ੋਰ ਨਾਲ਼ ਹੱਸਿਆ, ਇਹ ਹਾਸਾ ਲੋਕਾਂ ਲਈ ਇੱਕ ਕਹਿਰਵਾਨ ਘ੍ਰਿਣਾ ਨਾਲ਼ ਭਰਪੂਰ ਸੀ, ਉਸ ਦੀਆਂ ਨਿਰਦਈ ਅੱਖਾਂ ਦੀ ਕਠੋਰ, ਸਾਵੀ ਭਾਅ ਮਾਰਦੀ ਡਲ੍ਹਕ ਕਬਰਾਂ ਉਤਲੇ ਘਾਹ ਅਤੇ ਕਬਰਾਂ ਦੇ ਪੱਥਰਾਂ ਉੱਤੇ ਚੜ੍ਹੀ ਉੱਲੀ ਉੱਤੇ ਪੈ ਰਹੀ ਸੀ। ਮੋਇਆਂ ਦੀ ਅਮੀਰ ਮਿੱਟੀ ਦੀਆਂ ਮੋਟੀਆਂ ਤਹਿਆਂ ਮੇਰੇ ਬੂਟਾਂ ਦੇ ਤਲ਼ਿਆਂ ਨਾਲ ਚੰਬੜ ਰਹੀਆਂ ਸਨ ਅਤੇ ਮੇਰੇ ਲਈ ਕਬਰਾਂ ਦੇ ਵਿਚਾਲੇ ਪਗਡੰਡੀਆਂ ਉੱਤੇ ਟੁਰਨਾ ਔਖਾ ਹੋ ਰਿਹਾ ਸੀ, ਕਬਰਾਂ ਜੋ ਦੁਨਿਆਵੀ ਸਿਆਣਪ ਦੀਆਂ ਪ੍ਰਤੀਕ ਸਨ।

“ਬੰਦਿਆਂ, ਤੂੰ ਉਹਨਾਂ ਮਹਾਂਪੁਰਸ਼ਾਂ ਦੀ ਧੂੜ ਮੂਹਰੇ ਸਿਰ ਕਿਉਂ ਨਹੀਂ ਝੁਕਾਉਂਦਾ ਜਿਨ੍ਹਾਂ ਨੇ ਤੇਰੀ ਰੂਹ ਨੂੰ ਡੌਲਿਆ ਹੈ?” ਸ਼ੈਤਾਨ ਨੇ ਮੈਨੂੰ ਅਜਿਹੀ ਅਵਾਜ਼ ਵਿੱਚ ਆਖਿਆ ਜੋ ਠੰਡੀ ਰੁੱਤ ਦੀ ਸਿਲ੍ਹੀ ਹਵਾ ਦੇ ਝੌਂਕੇ ਵਰਗੀ ਸੀ। ਇਸ ਨੇ ਮੇਰੀ ਰੀੜ੍ਹ ਦੀ ਹੱਡੀ ਤੱਕ ਕੰਬਣੀ ਲਾ ਦਿੱਤੀ ਅਤੇ ਮੇਰਾ ਦਿਲ ਠੰਡਾ ਯਖ ਹੋ ਗਿਆ ਤੇ ਉਦਾਸੀ ਨਾਲ਼ ਨਪੀੜਿਆ ਗਿਆ। ਪੁਰਾਣੀਆਂ ਕਬਰਾਂ ਉੱਤੇ ਉਦਾਸੇ ਰੁੱਖ ਆਪਣੀਆਂ ਠੰਡੀਆਂ ਗਿੱਲੀਆਂ ਟਹਿਣੀਆਂ ਨਾਲ਼ ਮੇਰੇ ਮੂੰਹ ਨੂੰ ਬੁਰਸ਼ ਕਰ ਰਹੇ ਸਨ।

“ਜਾਹਲਸਾਜ਼ਾਂ ਨੂੰ ਸ਼ਰਧਾਂਜਲੀ ਭੇਟ ਕਰ! ਇਹ ਉਹ ਹਨ ਜਿਨ੍ਹਾਂ ਨੇ ਨੀਚ ਮਿਟਿਆਲੇ ਵਿਚਾਰ ਪੈਦਾ ਕੀਤੇ ਸਨ ਜੋ ਤੇਰੀ ਬੁੱਧੀ ਦੇ ਛੋਟੇ ਸਿੱਕੇ ਹਨ। ਇਹ ਉਹ ਹਨ ਜਿਨ੍ਹਾਂ ਨੇ ਤੇਰੀਆਂ ਆਦਤਾਂ, ਤੇਰੀਆਂ ਬਦਗੁਮਾਨੀਆਂ ਅਤੇ ਉਹ ਸਭ ਕੁਝ ਜਿਨ੍ਹਾਂ ਨਾਲ ਤੂੰ ਜੀਅ

ਰਿਹਾ ਏਂ ਪੈਦਾ ਕੀਤੇ ਸਨ। ਇਹਨਾਂ ਦਾ ਧੰਨਵਾਦ ਕਰ—ਮੋਏ ਤੇਰੇ ਲਈ ਅਥਾਹ ਭਾਰੀ ਵਿਰਸਾ ਛੱਡ ਗਏ ਹਨ!"

ਪੀਲ਼ੇ ਪੱਤਰ ਹੌਲ਼ੀ ਹੌਲ਼ੀ ਹਵਾ ਵਿੱਚ ਉੱਡਦੇ ਮੇਰੇ ਸਿਰ ਨਾਲ਼ ਛੋਂਹਦੇ ਪੈਰਾਂ ਵਿੱਚ ਆ ਡਿੱਗੇ। ਕਬਰਸਤਾਨ ਦੀ ਮਿੱਟੀ ਵਿੱਚੋਂ ਪਚਾਕਿਆਂ ਦੀ ਏਦਾਂ ਅਵਾਜ਼ ਆ ਰਹੀ ਸੀ ਜਿਵੇਂ ਉਸ ਦਾ ਪੇਟ ਪਤਝੜ ਦੇ ਮੁਰਦਾ ਪੱਤਿਆਂ ਦੀ ਤਾਜ਼ਾ ਖੁਰਾਕ ਖਾ ਕੇ ਤੂੜਿਆ ਪਿਆ ਹੋਵੇ।

"ਇੱਥੇ ਉਹ ਦਰਜ਼ੀ ਲੇਟਿਆ ਹੋਇਆ ਹੈ ਜਿਸ ਨੇ ਮਨੁੱਖਾਂ ਦੀਆਂ ਰੂਹਾਂ ਲਈ ਬਦਗੁਮਾਨੀ ਦੇ ਭਾਰੀ ਚੋਗੇ ਵੇਤਰੇ ਸਨ। ਕੀ ਤੂੰ ਇਸ ਦੇ ਦਰਸ਼ਨ ਕਰਨਾ ਚਾਹੇਂਗਾ?"

ਮੈਂ ਹਾਂ ਵਿੱਚ ਸਿਰ ਹਿਲਾਇਆ। ਸ਼ੈਤਾਨ ਨੇ ਇੱਕ ਕਬਰ ਦੀ ਪੁਰਾਣੀ ਭੁਰੀ ਹੋਈ ਸਿੱਲ ਨੂੰ ਠੋਕਰ ਮਾਰੀ, ਉਸ ਨੂੰ ਠੋਕਰ ਮਾਰੀ ਤੇ ਉਸ ਨੇ ਆਖਿਆ:

"ਉਏ ਵੱਡਿਆ ਲੇਖਕਾ! ਉੱਠ ਉਤਾਂਹ..."

ਸਿੱਲ ਉਤਾਂਹ ਨੂੰ ਉੱਠੀ, ਇੱਕ ਭਾਰੀ ਹੌਕੇ ਦੀ ਅਵਾਜ਼ ਆਈ ਅਤੇ ਇੱਕ ਸੱਖਣੀ ਕਬਰ, ਜਿਵੇਂ ਕੀੜਿਆਂ ਖਾਧਾ ਬਟੂਆ ਹੋਵੇ, ਵਿਖਾਈ ਦਿੱਤੀ। ਉਸ ਦੀ ਗਿੱਲੀ ਧੁੰਦ ਵਿੱਚੋਂ ਇੱਕ ਚਿੜਚਿੜੀ ਆਵਾਜ਼ ਆਈ:

"ਬਾਰਾਂ ਵਰ੍ਹਿਆਂ ਦੇ ਮੋਏ ਨੂੰ ਜਗਾਉਣ ਬਾਰੇ ਕਦੇ ਕਿਸੇ ਨੇ ਸੁਣਿਆ ਹੈ?"

"ਵੇਖਦਾ ਏਂ?" ਸ਼ੈਤਾਨ ਨੇ ਖਿਖਿਆਵਾਂ ਹਾਸਾ ਹੱਸਦਿਆਂ ਆਖਿਆ। "ਜ਼ਿੰਦਗੀ ਦੇ ਕਾਨੂੰਨਾਂ ਦੇ ਘਾੜਿਆਂ ਲਈ ਤਾਂ, ਭਾਵੇਂ ਉਹ ਤਰੱਕ ਕੇ ਨਸ਼ਟ ਹੋ ਜਾਣ, ਇਹ ਗੱਲ ਸੱਚੀ ਹੈ।"

"ਓ, ਮਾਲਕ ਤੁਸੀਂ ਓ!" ਪਿੰਜਰੇ ਨੇ, ਕਬਰ ਦੇ ਕਿਨਾਰੇ 'ਤੇ ਬੈਠਦਿਆਂ ਅਤੇ ਆਪਣੀ ਸੱਖਣੀ ਖੋਪਰੀ ਨਾਲ਼ ਸ਼ੈਤਾਨ ਨੂੰ ਗਰਮ ਜੋਸ਼ੀ ਨਾਲ਼ ਸਿਰ ਝੁਕਾਉਂਦਿਆਂ ਆਖਿਆ।

"ਹਾਂ ਮੈਂ ਹੀ ਹਾਂ!" ਸ਼ੈਤਾਨ ਨੇ ਜਵਾਬ ਦਿੱਤਾ। ਮੈਂ ਤੈਨੂੰ ਮਿਲਾਉਣ ਲਈ ਆਪਣੇ ਇਸ ਦੋਸਤ ਨੂੰ ਲੈ ਕੇ ਆਇਆ ਹਾਂ...। ਜਿਨ੍ਹਾਂ ਬੰਦਿਆਂ ਨੂੰ ਤੂੰ ਸਿਆਣਪ ਸਿਖਾਈ ਸੀ ਉਹਨਾਂ ਵਿਚਾਲੇ ਇਹ ਉਜੱਡ ਹੋ ਗਿਆ ਏ ਅਤੇ ਹੁਣ ਇਹ ਉਸ ਲੱਗੀ ਛੂਤ ਤੋਂ ਰਾਜ਼ੀ ਹੋਣ ਲਈ ਸਿਆਣਪ ਦੇ ਮੁੱਢਲੇ ਸੋਮੇ ਕੋਲ਼ ਆਇਆ ਏ...।"

ਮੈਂ ਉਸ ਬੁੱਧੀਮਾਨ ਪੰਡਤ ਵੱਲ ਪੂਰੇ ਆਦਰ ਨਾਲ਼ ਵੇਖਿਆ ਉਸ ਦੀ ਖੋਪਰੀ 'ਤੇ ਕੋਈ ਮਾਸ ਨਹੀਂ ਸੀ ਰਿਹਾ, ਪਰ ਸਵੈ ਮਗਨਤਾ ਦੀ ਦਿੱਖ ਉਸ ਦੇ ਚਿਹਰੇ ਤੋਂ ਅਜੇ ਫਿੱਕੀ ਨਹੀਂ ਸੀ ਪਈ। ਹਰ ਇੱਕ ਹੱਡੀ ਤਾਂ ਹੱਡੀਆਂ ਦੇ ਇੱਕ ਕਤਈ ਪਰਬੀਨ ਪ੍ਰਬੰਧ, ਇੱਕ ਬੇਮਿਸਾਲ ਪ੍ਰਬੰਧ ਨਾਲ਼ ਜੁੜੇ ਹੋਣ ਦੀ ਚੇਤਨਤਾ ਨਾਲ਼ ਮੱਧਮ ਮੱਧਮ ਲਿਸ਼ਕ ਰਹੀ ਸੀ...।

"ਜੋ ਕੁਝ ਤੂੰ ਧਰਤੀ ਉੱਤੇ ਕੀਤਾ ਸੀ, ਉਹ ਸਾਨੂੰ ਦੱਸ," ਸ਼ੈਤਾਨ ਨੇ ਸੁਝਾਅ ਦਿੱਤਾ।

ਪੂਰੀ ਆਕੜ ਤੇ ਸ਼ਾਨ ਨਾਲ਼ ਮੋਏ ਬੰਦੇ ਨੇ ਆਪਣੀਆਂ ਬਾਹਾਂ ਦੀਆਂ ਹੱਡੀਆਂ ਨਾਲ਼ ਆਪਣੀਆਂ ਪਸਲੀਆਂ ਨਾਲ਼ ਕਿਸੇ ਕੰਗਾਲ ਦੇ ਚੀਥੜਿਆਂ ਵਾਂਗ ਲਮਕਦੇ ਮਾਸ ਦੇ ਖੱਫਣ ਦੀਆਂ ਕਾਲ਼ੀਆਂ ਚਿੱਪਰਾਂ ਨੂੰ ਪੱਧਰਾ ਕੀਤਾ। ਫਿਰ ਉਸ ਨੇ ਪੂਰੇ ਮਾਣ ਨਾਲ਼ ਆਪਣੀ ਸੱਜੀ ਬਾਂਹ ਦੀਆਂ ਹੱਡੀਆਂ ਮੋਢੇ ਤੱਕ ਉੱਚੀਆਂ ਕੀਤੀਆਂ ਅਤੇ ਕਬਰਸਤਾਨ ਦੇ ਹਨ੍ਹੇਰੇ ਵੱਲ

ਆਪਣੀ ਮਾਸ ਵਿਹੂਣੀ ਉਂਗਲ ਨਾਲ਼ ਇਸ਼ਾਰਾ ਕਰਦਿਆਂ ਉਹ ਬੜੇ ਠਰ੍ਹਮੇ ਤੇ ਪ੍ਰਭਾਵਸ਼ਾਲੀ ਅੰਦਾਜ਼ ਵਿੱਚ ਬੋਲਿਆ:

"ਮੈਂ ਦਸ ਪੁਸਤਕਾਂ ਲਿਖੀਆਂ ਜਿਨ੍ਹਾਂ ਨੇ ਚਿੱਟੀ ਨਸਲ ਦੀ ਰੰਗਦਾਰ ਨਸਲ ਉੱਤੇ ਉੱਚਤਾ ਦੇ ਮਹਾਨ ਵਿਚਾਰ ਨੂੰ ਲੋਕਾਂ ਦੇ ਮਨਾਂ ਵਿੱਚ ਬਿਠਾਇਆ...।"

"ਜੇ ਸਫਾਈ ਦੀ ਭਾਸ਼ਾ ਵਿੱਚ ਅਨੁਵਾਦ ਕਰੀਏ" ਸ਼ੈਤਾਨ ਨੇ ਫਬਤੀ ਕੱਸਦਿਆਂ ਆਖਿਆ, "ਤਾਂ ਇਸ ਦਾ ਅਰਥ ਇੰਝ ਹੋ ਸਕਦਾ ਹੈ: ਮੈਂ, ਇੱਕ ਬਾਂਝ ਬੁੱਢੀ ਨੌਕਰਾਣੀ ਆਪਣੀ ਸਾਰੀ ਉਮਰ ਆਪਣੇ ਦਿਮਾਗ ਦੀ ਖੁੰਢੀ ਸੂਈ ਨਾਲ਼ ਖੁੱਥੜ ਵਿਚਾਰਾਂ ਦੀ ਉੱਧੜੀ ਹੋਈ ਉੱਨ ਤੋਂ ਉਹਨਾਂ ਲਈ ਕਲੰਦਰੀ ਟੋਪੀਆਂ ਉਣਦੀ ਰਹੀ ਹਾਂ ਜਿਹੜੇ ਆਪਣੀਆਂ ਖੋਪਰੀਆਂ ਨੂੰ ਨਿੱਘਾ ਤੇ ਸੁੰਦਰ ਰੱਖਣਾ ਲੋਚਦੇ ਸਨ...।"

"ਕੀ ਤੈਨੂੰ ਇਸ ਦੀ ਬੇਹੁਰਮਤੀ ਕਰਦਿਆਂ ਡਰ ਨਹੀਂ ਲੱਗਦਾ," ਮੈਂ ਦਬਵੀਂ ਅਵਾਜ਼ ਵਿੱਚ ਸ਼ੈਤਾਨ ਤੋਂ ਪੁੱਛਿਆ।

"ਓ!" ਉਹ ਚੀਕਿਆ। "ਬੁੱਧੀਮਾਨ ਲੋਕ, ਜੀਉਂਦਿਆਂ ਵੀ ਸੱਚਾਈ ਵੱਲ ਬਿਲਕੁੱਲ ਕੰਨ ਨਹੀਂ ਧਰਦੇ।"

"ਕੇਵਲ ਇੱਕ ਸਫੈਦ ਨਸਲ ਹੀ", ਬੁੱਧੀਮਾਨ ਨੇ ਬੋਲਣਾ ਜਾਰੀ ਰੱਖਿਆ, "ਇੱਕ ਇਤਨੀ ਵਿਕਸਤ ਸੱਭਿਅਤਾ ਰਚ ਸਕਦੀ ਹੈ ਅਤੇ ਇਤਨੇ ਕਰੜੇ ਸ੍ਰਿਸ਼ਟਾਚਾਰੀ ਅਸੂਲ ਤਿਆਰ ਕਰ ਸਕਦੀ ਹੈ, ਇਹ ਸਭ ਇਸ ਦੀ ਚਮੜੀ ਦੇ ਰੰਗ ਦੀ ਅਤੇ ਇਸ ਦੇ ਲਹੂ ਰਸਾਇਣਕ ਬਣਤਰ ਦੀ, ਜਿਵੇਂ ਮੈਂ ਸਿੱਧ ਕੀਤਾ ਹੈ, ਮਿਹਰਬਾਨੀ ਹੈ...।"

"ਹਾਂ ਇਸ ਨੇ ਇਹ ਸਿੱਧ ਕੀਤਾ ਸੀ!" ਸ਼ੈਤਾਨ ਸਹਿਮਤੀ ਵਿੱਚ ਸਿਰ ਹਿਲਾਉਂਦਿਆਂ ਚੀਕਿਆ। "ਇਸ ਦੇ ਇਸ ਵਿਸ਼ਵਾਸ ਨਾਲ਼ੋਂ ਵਧੇਰੇ ਹੋਰ ਕੋਈ ਉਜੱਡਪੁਣਾ ਨਹੀਂ ਕਿ ਇਕ ਯੂਰਪੀ ਹੋਣ ਕਰਕੇ ਜ਼ੁਲਮ ਕਰਨਾ ਉਸ ਦਾ ਪਦਾਇਸ਼ੀ ਹੱਕ ਹੈ...।"

"ਈਸਾਈਅਤ ਅਤੇ ਮਾਨਵਵਾਦ ਸਫੈਦ ਨਸਲ ਦੀਆਂ ਉਪਜਾਂ ਹਨ", ਮੋਏ ਬੰਦੇ ਨੇ ਹੋਰ ਆਖਿਆ।

"ਦੇਵਤਿਆਂ ਦੀ ਨਸਲ ਵਿੱਚੋਂ ਦੁਨੀਆਂ ਉੱਤੇ ਹੋਰ ਕਿਸ ਨੂੰ ਰਾਜ ਕਰਨਾ ਚਾਹੀਦਾ ਹੈ", ਸ਼ੈਤਾਨ ਗੱਲ ਨੂੰ ਵਿੱਚੋਂ ਟੁੱਕਦਿਆਂ ਬੋਲਿਆ। "ਇਸੇ ਲਈ ਇਹ ਇਤਨੇ ਉਤਸ਼ਾਹ ਨਾਲ਼ ਦੁਨੀਆਂ ਨੂੰ ਆਪਣੇ ਮਨ ਪਸੰਦ ਦੇ ਰੰਗ — ਲਾਲ ਰੰਗ ਵਿੱਚ ਰੰਗਦੇ ਹਨ — ਲਹੂ ਦੇ ਰੰਗ ਵਿੱਚ...।"

"ਇਹਨਾਂ ਨੇ ਮਹਾਨ ਸਾਹਿਤ ਰਚਿਆ ਹੈ ਅਤੇ ਚਮਤਕਾਰੀ ਮਸ਼ੀਨਾਂ ਤਿਆਰ ਕੀਤੀਆਂ ਹਨ," ਆਪਣੀ ਉਂਗਲ ਦੀਆਂ ਹੱਡੀਆਂ ਨੂੰ ਮਰੋੜਦਿਆਂ ਮੋਏ ਬੰਦੇ ਨੇ ਆਖਿਆ।

"ਕੋਈ ਤੀਹ ਕੁ ਚੰਗੀਆਂ ਪੁਸਤਕਾਂ ਅਤੇ ਮਨੁੱਖਾਂ ਦੇ ਸਰਵਨਾਸ਼ ਲਈ ਅਣਗਿਣਤ ਬੰਦੂਕਾਂ..." ਸ਼ੈਤਾਨ ਨੇ ਹੱਸਦਿਆਂ ਵਿਆਖਿਆ ਕੀਤੀ। "ਹੋਰ ਕਿਹੜੀ ਥਾਂ 'ਤੇ ਜ਼ਿੰਦਗੀ ਇਤਨੀ ਟੁੱਟੀ ਭੱਜੀ ਹੈ ਅਤੇ ਆਦਮੀ ਇਤਨਾ ਨੀਵਾਂ ਹੋਰ ਕਿੱਥੇ ਹੈ ਜਿਤਨਾ ਗੋਰਿਆਂ ਵਿਚਾਲੇ?"

"ਇਹ ਤਾਂ ਨਹੀਂ ਹੋ ਸਕਦਾ ਕਿ ਸ਼ੈਤਾਨ ਦੀ ਹਰ ਗੱਲ ਠੀਕ ਨਾ ਹੋਵੇ ?" ਮੈਂ ਸੋਚਿਆ।

"ਯੂਰਪੀਆਂ ਦੀ ਕਲਾ ਬੇਹੱਦ ਉਚਾਈ ਉੱਤੇ ਪੁੱਜ ਗਈ ਹੈ", ਪਿੰਜਰ ਨਿਤਾਣਾ ਜਿਹਾ ਬੇਹਿਸ ਭਰੜਾਈ ਅਵਾਜ਼ ਵਿੱਚ ਬੋਲਿਆ।

"ਸਗੋਂ ਇਹ ਆਖੋ ਕਿ ਸ਼ੈਤਾਨ ਨੂੰ ਗਲਤ ਸਮਝਿਆ ਜਾਣਾ ਪਸੰਦ ਏ!" ਮੇਰਾ ਸੰਗੀ ਚੀਕਿਆ। "ਹਮੇਸ਼ਾ ਠੀਕ ਹੋਣਾ ਵੀ ਬਲਾ ਦੀ ਅਕਾਅ ਦੇਣ ਵਾਲ਼ੀ ਗੱਲ ਹੈ। ਪਰ ਮਨੁੱਖ ਕੇਵਲ ਸਾਰੀ ਘ੍ਰਿਣਾ ਤੇ ਰੋਹ ਨੂੰ ਪੱਠੇ ਪਾਉਣ ਲਈ ਜਿਉਂਦੇ ਹਨ...। ਸੰਸਾਰ ਵਿੱਚ ਅਸ਼ਲੀਲਤਾ ਤੇ ਝੂਠ ਫਰੇਬ ਦੇ ਬੀਆਂ ਤੋਂ ਭਰਪੂਰ ਫਸਲਾਂ ਉੱਗਦੀਆਂ ਹਨ। ਅਜਿਹੇ ਬੀਅ ਬੀਜਣ ਵਾਲ਼ਾ ਇੱਕ ਹੁਣ ਤੇਰੇ ਸਾਹਮਣੇ ਹੈ। ਸਾਰਿਆਂ ਵਾਂਗ ਇਸ ਨੇ ਕੋਈ ਨਵੀਂ ਚੀਜ਼ ਪੈਦਾ ਨਹੀਂ ਕੀਤੀ, ਇਸ ਨੇ ਪੁਰਾਣੀਆਂ ਬਦਗੁਮਾਨੀਆਂ ਦੀਆਂ ਲਾਸ਼ਾਂ ਨੂੰ ਨਵੇਂ ਸ਼ਬਦਾਂ ਦੇ ਕੱਪੜੇ ਪੁਆ ਕੇ ਕੇਵਲ ਸੁਰਜੀਤ ਹੀ ਕੀਤਾ ਹੈ...। ਧਰਤੀ ਉੱਤੇ ਕੀ ਕੀਤਾ ਗਿਆ ਹੈ ? ਕੁਝ ਕੁ ਲੋਕਾਂ ਲਈ ਮਹੱਲ ਉਸਾਰੇ ਗਏ ਹਨ, ਬਹੁਤਿਆਂ ਲਈ ਗਿਰਜੇ ਤੇ ਫੈਕਟਰੀਆਂ। ਗਿਰਜਿਆਂ ਵਿੱਚ ਰੂਹਾਂ ਨੂੰ ਤੇ ਫੈਕਟਰੀ ਵਿੱਚ ਸਰੀਰਾਂ ਨੂੰ ਲੂਲਾ ਬਣਾਇਆ ਜਾਂਦਾ ਹੈ ਤਾਂ ਜੋ ਮਹੱਲ ਸਹੀ ਸਲਾਮਤ ਕਾਇਮ ਰਹਿਣ...। ਮਨੁੱਖਾਂ ਨੂੰ ਕੋਲ਼ੇ ਤੇ ਸੋਨੇ ਲਈ ਧਰਤੀ ਤੋਂ ਹੇਠਾਂ ਡੂੰਘਾਈ ਵਿੱਚ ਭੇਜਿਆ ਜਾਂਦਾ ਹੈ — ਅਤੇ ਇਸ ਘਟੀਆ ਕੰਮ ਲਈ ਅਦਾਇਗੀ ਵਜੋਂ ਉਹਨਾਂ ਨੂੰ ਸਿੱਕੇ ਤੇ ਫੌਲਾਦ ਨਾਲ਼ ਕਰਾਰਾ ਹੋਇਆ ਰੋਟੀ ਦਾ ਇੱਕ ਟੁਕੜਾ ਮਿਲ਼ਦਾ ਹੈ।

"ਕੀ ਤੂੰ ਸੋਸ਼ਲਿਸਟ ਏਂ ?" ਮੈਂ ਸ਼ੈਤਾਨ ਤੋਂ ਪੁੱਛਿਆ।

"ਮੈਂ ਇੱਕਸੁਰਤਾ ਚਾਹੁੰਦਾ ਹਾਂ!" ਉਸ ਜਵਾਬ ਦਿੱਤਾ। "ਇਹ ਗੱਲ ਮੈਨੂੰ ਦੁੱਖੀ ਕਰਦੀ ਹੈ ਜਦੋਂ ਬੰਦਾ, ਜੋ ਸੁਭਾ ਵਜੋਂ ਇੱਕ ਹਸਤੀ ਹੈ ਤੀਲੀ ਤੀਲੀ ਹੋ ਕੇ ਖਿੱਲਰ ਜਾਂਦਾ ਹੈ, ਦੂਜੇ ਦੇ ਲਾਲਚੀ ਹੱਥਾਂ ਲਈ ਇੱਕ ਔਜ਼ਾਰ ਬਣ ਜਾਂਦਾ ਹੈ। ਮੈਨੂੰ ਗੁਲਾਮਾਂ ਦੀ ਕੋਈ ਜ਼ਰੂਰਤ ਨਹੀਂ – ਗੁਲਾਮਦਾਰੀ ਮੇਰੀ ਰੂਹ ਲਈ ਇੱਕ ਘਿਨਾਉਣੀ ਸ਼ੈਅ ਹੈ...। ਇਸੇ ਲਈ ਮੈਨੂੰ ਜੱਨਤ ਵਿੱਚੋਂ ਕੱਢ ਦਿੱਤਾ ਗਿਆ ਸੀ। ਜਿੱਥੇ ਬੁੱਤ ਵੱਸਦੇ ਹਨ, ਜਿੱਥੇ ਰੂਹਾਨੀ ਗੁਲਾਮੀ ਅਟੱਲ ਹੈ ਅਤੇ ਝੂਠ ਫਰੇਬ ਦੀ ਉੱਲੀ ਹਮੇਸ਼ਾ ਫੈਲਦੀ ਰਹਿੰਦੀ ਏ...। ਧਰਤੀ ਵੱਸਦੀ ਰਹਿਣ ਦਿਓ — ਇਸ ਦਾ ਸਾਰਾ ਕੁਝ! ਸਾਰਾ ਦਿਨ ਇਸ ਨੂੰ ਸੜਨ ਦਿਓ, ਰਾਤ ਤੱਕ ਭਾਵੇਂ ਸੁਆਹ ਤੋਂ ਬਿਨਾਂ ਇਸ ਦਾ ਕੁਝ ਵੀ ਨਾ ਰਹੇ। ਸਾਰੇ ਲੋਕਾਂ ਨੂੰ ਆਪਣੇ ਜੀਵਨ ਵਿੱਚ ਇੱਕ ਵਾਰ ਇਸ਼ਕ ਕਰਨਾ ਚਾਹੀਦਾ ਹੈ...। ਇਸ਼ਕ ਇੱਕ ਅਦਭੁੱਤ ਸੁਪਨੇ ਵਾਂਗ ਕੇਵਲ ਇੱਕ ਵਾਰ ਆਉਂਦਾ ਹੈ, ਪਰ ਇਸ ਇੱਕ ਛਿਨ ਵਿੱਚ ਹੀ ਹੋਂਦ ਦਾ ਸਾਰ ਅਰਥ ਮੌਜੂਦ ਹੈ...।"

ਪਿੰਜਰ ਇੱਕ ਕਾਲ਼ੀ ਚਟਾਨ ਨਾਲ਼ ਢੋਹ ਲਾ ਕੇ ਖੜ੍ਹਾ ਹੋ ਗਿਆ ਅਤੇ ਹਵਾ ਉਸ ਦੀਆਂ ਪਸਲੀਆਂ ਦੇ ਖਾਲੀ ਪਿੰਜਰੇ ਵਿੱਚ ਸਿਸਕਦੀ ਹੋਈ ਗੁਜ਼ਰ ਗਈ।

"ਇਸ ਨੂੰ ਜ਼ਰੂਰ ਠੰਡ ਲੱਗ ਰਹੀ ਹੈ ਤੇ ਬੇਆਰਾਮ ਜਾਪਦਾ ਹੈ," ਮੈਂ ਸ਼ੈਤਾਨ ਨੂੰ ਆਖਿਆ।

"ਮੈਨੂੰ ਅਜਿਹੇ ਵਿਗਿਆਨੀ ਨੂੰ ਵੇਖ ਕੇ ਅਨੰਦ ਪ੍ਰਾਪਤ ਹੁੰਦਾ ਹੈ ਜਿਸ ਨੇ ਆਪਣੇ ਆਪ ਨੂੰ ਸਾਰੀਆਂ ਫਾਲਤੂ ਤੇ ਵਾਧੂ ਗੱਲਾਂ ਤੋਂ ਮੁਕਤ ਕਰ ਲਿਆ ਹੈ। ਇਸ ਦਾ ਪਿੰਜਰ ਇਸ ਦੇ ਵਿਚਾਰ ਦਾ ਪਿੰਜਰ ਹੈ...। ਮੈਂ ਵੇਖ ਸਕਦਾ ਹਾਂ ਕਿ ਇਹ ਕਿਤਨਾ ਮੌਲਿਕ ਸੀ...। ਇਸ ਦੇ

ਨਾਲ਼ ਇੱਕ ਹੋਰ ਸੱਚ ਦੇ ਗਾਹਕ ਦੀ ਲੋਥ ਪਈ ਹੈ...। ਆਓ ਅਸੀਂ ਇਸ ਨੂੰ ਵੀ ਜਗਾਈਏ। ਆਪਣੇ ਜੀਵਨ ਕਾਲ ਵਿੱਚ ਇਹ ਸਾਰੇ ਅਮਨ ਤੇ ਸ਼ਾਂਤੀ ਨੂੰ ਪਸੰਦ ਕਰਦੇ ਹਨ ਅਤੇ ਇਹ ਵਿਚਾਰ, ਭਾਵਨਾਵਾਂ ਤੇ ਜ਼ਿੰਦਗੀ ਦੇ ਨੇਮ ਢਾਲਣ ਦੀ ਘਾਲਣਾ ਘਾਲਦੇ ਹਨ — ਇੱਕ ਨਵੇਂ ਜਨਮੇ ਵਿਚਾਰਾਂ ਨੂੰ ਭੰਨ੍ਹਦੇ ਤੋੜਦੇ ਹਨ ਅਤੇ ਉਹਨਾਂ ਲਈ ਛੋਟੇ ਛੋਟੇ ਨਿੱਘੇ ਖੱਫਣ ਬਣਾਉਂਦੇ ਹਨ। ਪਰ ਮਰਨ ਮਗਰੋਂ — ਇਹ ਚਾਹੁੰਦੇ ਹਨ ਕਿ ਸਾਨੂੰ ਯਾਦ ਰੱਖਿਆ ਜਾਵੇ...।

"ਉਠ ਉਏ, ਵੱਡਿਆ ਪ੍ਰੋਫ਼ੈਸਰਾ! ਮੈਂ ਤੇਰੇ ਕੋਲ਼ ਇੱਕ ਬੰਦਾ ਲਿਆਇਆ ਹਾਂ ਜਿਸ ਨੂੰ ਆਪਣੇ ਵਿਚਾਰਾਂ ਲਈ ਖੱਫਣ ਦੀ ਜ਼ਰੂਰਤ ਹੈ।"

ਅਤੇ ਇੱਕ ਵਾਰ ਫੇਰ ਇੱਕ ਗੰਜੀ ਤੇ ਸੱਖਣੀ, ਬੋੜੀ, ਪੀਲ਼ੀ ਪਰ ਸਵੈ ਸੰਤੁਸ਼ਟਤਾ ਨਾਲ਼ ਲਿਸ਼ਕਦੀ ਖੋਪਰੀ ਧਰਤੀ ਵਿੱਚੋਂ ਪ੍ਰਗਟ ਹੋਈ। ਇਹ ਬਹੁਤੇ ਲੰਮੇ ਸਮੇਂ ਤੋਂ ਏਥੇ ਪਿਆ ਹੋਇਆ ਹੋਵੇਗਾ—ਉਸ ਦੀਆਂ ਹੱਡੀਆਂ ਉੱਤੇ ਭੋਰਾ ਜਿੰਨਾ ਵੀ ਮਾਸ ਨਹੀਂ ਸੀ। ਉਹ ਕਬਰ ਦੇ ਪੱਥਰ ਨਾਲ਼ ਲੱਗ ਕੇ ਖਲੋ ਗਿਆ ਅਤੇ ਕਾਲ਼ੇ ਪੱਥਰ ਉੱਤੇ ਉਸ ਦੀਆਂ ਪਸਲੀਆਂ ਦਾ ਪਰਛਾਵਾਂ ਇੰਝ ਜਾਪ ਰਿਹਾ ਸੀ ਜਿਵੇਂ ਕਚਹਿਰੀ ਦੇ ਕਿਸੇ ਅਫਸਰ ਨੇ ਧਾਰੀਦਾਰ ਵਰਦੀ ਪਹਿਨੀ ਹੋਵੇ।

"ਇਹ ਆਪਣੇ ਵਿਚਾਰਾਂ ਨੂੰ ਕਿਹੜੀ ਥਾਂ 'ਤੇ ਸੰਭਾਲ਼ ਕੇ ਰੱਖਦਾ ਹੈ?" ਮੈਂ ਪੁੱਛਿਆ।

"ਆਪਣੀਆਂ ਹੱਡੀਆਂ ਵਿੱਚ, ਮੇਰੇ ਦੋਸਤ, ਆਪਣੀਆਂ ਹੱਡੀਆਂ ਵਿੱਚ! ਇਹਨਾਂ ਦੇ ਵਿਚਾਰ ਗੰਠੀਏ ਜਾਂ ਜੋੜਾਂ ਦੇ ਦਰਦਾਂ ਵਾਂਗ ਹਨ—ਇਹ ਪਸਲੀ ਦੇ ਧੁਰ ਅੰਦਰ ਧੱਸ ਜਾਂਦੇ ਹਨ।"

"ਮਾਲਕ, ਮੇਰੀ ਪੁਸਤਕ ਕਿਵੇਂ ਵਿਕ ਰਹੀ ਏ?" ਪਿੰਜਰ ਨੇ ਇੱਕ ਸਪਾਟ ਆਵਾਜ਼ ਵਿੱਚ ਪੁੱਛਿਆ।

"ਇਹ ਅਜੇ ਵੀ ਅਲਮਾਰੀਆਂ ਦੇ ਖਾਨਿਆਂ ਵਿੱਚ ਬੰਦ ਪਈ ਏ, ਪ੍ਰੋਫ਼ੈਸਰ!" ਸ਼ੈਤਾਨ ਨੇ ਉੱਤਰ ਦਿੱਤਾ।

"ਕਿਉਂ, ਕੀ ਲੋਕਾਂ ਨੂੰ ਪੜ੍ਹਨਾ ਭੁੱਲ ਗਿਆ ਏਂ?" ਕੁਝ ਚਿਰ ਸੋਚਣ ਮਗਰੋਂ ਪ੍ਰੋਫ਼ੈਸਰ ਬੋਲਿਆ।

"ਨਹੀਂ, ਉਹ ਅਜੇ ਵੀ ਸਭ ਬੇਹੂਦਾ ਚੀਜ਼ਾਂ ਚਾਂਈ ਚਾਂਈ ਪੜ੍ਹਦੇ ਹਨ—ਪਰ ਕਈ ਵਾਰ ਕਈ ਅਕੇਵੇਂ ਭਰੀਆਂ ਬੇਹੂਦਾ ਲਿਖਤਾਂ ਨੂੰ ਲੋਕਾਂ ਦਾ ਆਪਣੇ ਵੱਲ ਧਿਆਨ ਖਿੱਚਣ ਲਈ ਲੰਮਾ ਸਮਾਂ ਉਡੀਕਣਾ ਵੀ ਪੈਂਦਾ ਹੈ...।" ਸ਼ੈਤਾਨ ਨੇ ਮੇਰੇ ਵੱਲ ਮੁੜਦਿਆਂ ਆਖਿਆ, "ਪ੍ਰੋਫ਼ੈਸਰ ਨੇ ਇੱਥੇ ਆਪਣੀ ਸਾਰੀ ਜ਼ਿੰਦਗੀ ਇਹ ਸਿੱਧ ਕਰਨ ਲਈ ਔਰਤਾਂ ਦੀਆਂ ਖੋਪਰੀਆਂ ਮਿਣਦਿਆਂ ਹੀ ਗੁਜ਼ਾਰ ਦਿੱਤੀ ਹੈ ਕਿ ਇੱਕ ਔਰਤ ਮਨੁੱਖੀ ਜੀਵ ਨਹੀਂ ਹੁੰਦੀ। ਇਸ ਨੇ ਸੈਂਕੜੇ ਖੋਪਰੀਆਂ ਮਿਣੀਆਂ, ਇਸ ਦੇ ਦੰਦਾਂ ਦੀ ਗਿਣਤੀ ਕੀਤੀ, ਇਸ ਦੇ ਕੰਨਾਂ ਦਾ ਨਾਪ ਲਿਆ, ਇਸ ਨੇ ਮੁਰਦਾ ਦਿਮਾਗ ਦਾ ਪਦਾਰਥ ਤੋਲਿਆ। ਮੁਰਦਾ ਦਿਮਾਗਾਂ ਉੱਤੇ ਕੰਮ ਕਰਨਾ ਪ੍ਰੋਫ਼ੈਸਰ ਦਾ ਮਨ ਪਸੰਦ ਪੇਸ਼ਾ ਸੀ। ਇਸ ਦੀਆਂ ਸਾਰੀਆਂ ਪੁਸਤਕਾਂ ਇਸ ਗੱਲ ਦਾ ਸਬੂਤ ਹਨ। ਕੀ ਤੂੰ ਉਹ ਪੜ੍ਹੀਆਂ ਹਨ?"

"ਮੈਂ ਇੱਕ ਸ਼ਰਾਬਖਾਨੇ ਰਾਹੀਂ ਮੰਦਰ ਵਿੱਚ ਪ੍ਰਵੇਸ਼ ਨਹੀਂ ਕਰਦਾ", ਮੈਂ ਉੱਤਰ ਦਿੱਤਾ,

"ਅਤੇ ਮੈਨੂੰ ਇਹ ਵੀ ਪਤਾ ਨਹੀਂ ਕਿ ਮਨੁੱਖੀ ਜੀਵਾਂ ਦੇ ਉਹਨਾਂ ਸਬੰਧੀ ਪੜ੍ਹਨ ਰਾਹੀਂ ਕਿਵੇਂ ਅਧਿਐਨ ਕੀਤਾ ਜਾਂਦਾ ਹੈ — ਸਤਕਾਂ ਵਿੱਚ ਲੋਕ ਹਮੇਸ਼ਾ ਅਪੂਰਨ ਅੰਸ਼ ਦੇਂਦੇ ਹਨ ਅਤੇ ਮੈਂ ਹਿਸਾਬ ਵਿੱਚ ਕਮਜ਼ੋਰ ਹਾਂ। ਪਰ ਮੈਂ ਨਹੀਂ ਸਮਝਦਾ ਕਿ ਮਨੁੱਖੀ ਜੀਵ ਜਿਸ ਦੀ ਦਾਹੜੀ ਨਹੀਂ ਤੇ ਜੋ ਘਗਰੀ ਪਾਈ ਫਿਰਦਾ ਹੈ ਉਸ ਨਾਲੋਂ ਕਿਸੇ ਤਰ੍ਹਾਂ ਘਟੀਆ ਜਾਂ ਵਧੀਆ ਹੈ ਜਿਸ ਦੀ ਦਾਹੜੀ ਤੇ ਮੁੱਛਾਂ ਹਨ ਤੇ ਪੈਂਟਾਂ ਪਾਉਂਦਾ ਹੈ...।"

"ਹਾਂ", ਸ਼ੈਤਾਨ ਬੋਲਿਆ, "ਅਸ਼ਲੀਲਤਾ ਤੇ ਉਜੱਡਪੁਣਾ ਕਪੜਿਆਂ ਤੇ ਵਾਲਾਂ ਦੀ ਸਜਾਵਟ ਦਾ ਖਿਆਲ ਕੀਤੇ ਬਿਨਾਂ ਦਿਮਾਗਾਂ ਉਤੇ ਹੱਲਾ ਬੋਲਦੇ ਹਨ। ਪਰ, ਫਿਰ ਵੀ ਔਰਤਾਂ ਦੀ ਇਹ ਸਮੱਸਿਆ ਬੜੇ ਅਲੌਕਿਕ ਢੰਗ ਨਾਲ਼ ਪੇਸ਼ ਕੀਤੀ ਗਈ ਹੈ।" ਇੱਥੇ ਆ ਕੇ ਸ਼ੈਤਾਨ ਜ਼ੋਰ ਨਾਲ਼ ਹੱਸਿਆ, ਜਿਵੇਂ ਉਸ ਦੀ ਆਦਤ ਸੀ, ਇਹ ਵੀ ਇੱਕ ਕਾਰਨ ਹੈ ਕਿ ਉਸ ਨਾਲ਼ ਗੱਪਬਾਜ਼ੀ ਇਤਨੀ ਦਿਲਚਸਪ ਹੁੰਦੀ ਹੈ। ਜਿਹੜਾ ਬੰਦਾ ਕਬਰਸਤਾਨ ਵਿੱਚ ਹੀ ਹੱਸ ਸਕਦਾ ਹੈ, ਉਹ ਯਕੀਨੀ ਤੌਰ 'ਤੇ ਜ਼ਿੰਦਗੀ ਨੂੰ ਪਿਆਰ ਕਰਦਾ ਹੈ ਅਤੇ ਬੰਦਿਆਂ ਨੂੰ ਪਿਆਰ ਕਰਦਾ ਹੈ...।

"ਜਿਹੜੇ, ਇੱਕ ਔਰਤ ਨੂੰ ਇੱਕ ਪਤਨੀ ਤੇ ਗੁਲਾਮ ਵਜੋਂ ਚਾਹੁੰਦੇ ਹਨ ਉਹਨਾਂ ਦਾ ਵਿਚਾਰ ਹੈ ਕਿ ਔਰਤ ਬਿਲਕੁੱਲ ਮਨੁੱਖੀ ਜੀਵ ਨਹੀਂ", ਉਹ ਬੋਲੀ ਗਿਆ। "ਬਾਕੀ ਦੇ ਇੱਕ ਔਰਤ ਵਜੋਂ ਉਸ ਦੀ ਵਰਤੋਂ ਤੋਂ ਇਨਕਾਰ ਕੀਤੇ ਬਿਨਾਂ ਉਸ ਦੀ ਕੰਮ ਕਰਨ ਦੀ ਸ਼ਕਤੀ ਤੋਂ ਲਾਭ ਉਠਾਉਣਾ ਚਾਹੁੰਦੇ ਹਨ ਅਤੇ ਇਹ ਲੋਕ ਦਾਅਵਾ ਕਰਦੇ ਹਨ ਕਿ ਔਰਤ ਕੰਮ ਕਰਨ ਵਿੱਚ ਮਰਦ ਨਾਲ਼ੋਂ ਕੋਈ ਘੱਟ ਯੋਗ ਨਹੀਂ ਅਤੇ ਇਹ ਸਮਾਨ ਅਧਾਰ ਉੱਤੇ ਉਸ ਨਾਲ਼ ਕੰਮ ਕਰ ਸਕਦੀ ਹੈ, ਭਾਵ ਮਰਦ ਲਈ। ਪਰ ਉਹਨਾਂ ਵਿੱਚੋਂ ਕੋਈ ਉਸ ਕੁੜੀ ਨੂੰ ਆਪਣੇ ਸਮਾਜ ਵਿੱਚ ਪ੍ਰਵਾਨ ਨਹੀਂ ਕਰੇਗਾ ਜਿਸ ਦਾ ਉਹਨਾਂ ਨੇ ਸਤ ਭੰਗ ਕੀਤਾ ਸੀ—ਉਹਨਾਂ ਦਾ ਪੱਕਾ ਵਿਸ਼ਵਾਸ ਹੈ ਕਿ ਉਹਨਾਂ ਵੱਲੋਂ ਛੋਹੇ ਜਾਣ ਮਗਰੋਂ ਉਹ ਹਮੇਸ਼ਾ ਲਈ ਭ੍ਰਿਸ਼ਟ ਤੇ ਕਲੰਕਤ ਰਹਿਣੀ ਹੈ...। ਹਾਂ, ਔਰਤਾਂ ਦੀ ਸਮੱਸਿਆ ਡਰਾਉਣੀ ਹੱਦ ਤੱਕ ਦਿਲਚਸਪ ਹੈ। ਮੈਨੂੰ ਚੰਗਾ ਲੱਗਦਾ ਹੈ ਜਦੋਂ ਮਰਦ ਸਿੱਧੜ ਜਿਹਾ ਝੂਠ ਬੋਲਦੇ ਹਨ—ਅਜਿਹੇ ਸਮੇਂ ਉਹ ਬੱਚਿਆਂ ਨਾਲ਼ ਮਿਲ਼ਦੇ ਜੁਲ਼ਦੇ ਜਾਪਦੇ ਹਨ ਅਤੇ ਅਸੀਂ ਆਸ ਕਰਦੇ ਹਾਂ ਕਿ ਸਮਾਂ ਪਾ ਕੇ ਉਹ ਵੱਡੇ ਹੋ ਜਾਣਗੇ।"

ਮੈਂ ਸ਼ੈਤਾਨ ਦੇ ਚਿਹਰੇ ਤੋਂ ਵੇਖ ਸਕਦਾ ਸਾਂ ਕਿ ਉਹ ਭਵਿੱਖ ਦੇ ਮਰਦਾਂ ਬਾਰੇ ਬਿਨਾਂ ਖੁਸ਼ਾਮਦ ਦੇ ਬੱਸ ਕੁਝ ਕਹਿਣ ਹੀ ਵਾਲ਼ਾ ਹੈ। ਪਰ, ਕਿਉਂ ਜੋ ਮੈਂ ਆਪ ਅਜੋਕੇ ਮਰਦ ਬਾਰੇ ਬਿਨਾਂ ਕਿਸੇ ਚਾਪਲੂਸੀ ਦੇ ਬਹੁਤ ਕੁਝ ਕਹਿ ਸਕਦਾ ਹਾਂ ਅਤੇ ਇਸ ਦਿਲਚਸਪ ਤੇ ਸੁਖਾਵੇਂ ਮਨੋਰੰਜਨ ਵਿੱਚ ਮੈਂ ਸ਼ੈਤਾਨ ਨੂੰ ਆਪਣੇ ਤੋਂ ਅਗਾਂਹ ਨਹੀਂ ਸੀ ਲੰਘਣ ਦੇਣਾ ਚਾਹੁੰਦਾ, ਮੈਂ ਉਸ ਨੂੰ ਟੋਕਿਆ:

"ਇੱਕ ਕਹਾਵਤ ਹੈ ਕਿ ਜਿੱਥੇ ਸ਼ੈਤਾਨ ਕੋਲ਼ ਜਾਣ ਲਈ ਵਕਤ ਨਹੀਂ ਹੁੰਦਾ। ਉੱਥੇ ਉਹ ਔਰਤ ਨੂੰ ਭੇਜਦਾ ਹੈ। ਕੀ ਇਹ ਸੱਚ ਹੈ ?"

ਉਸ ਆਪਣੇ ਮੋਢੇ ਛੰਡੇ ਤੇ ਕਹਿਣ ਲੱਗਾ, "ਇੰਝ ਕਦੇ ਕਦੇ ਵਾਪਰਦਾ ਹੈ...। ਜੇ ਮੇਰੇ

ਨੇੜੇ ਤੇੜੇ ਹਦੋਂ ਵੱਧ ਕਮੀਨਾ ਤੇ ਚਲਾਕ ਮਰਦ ਨਾ ਹੋਵੇ...”

“ਮੈਨੂੰ ਕੁਝ ਇੰਝ ਜਾਪਦਾ ਹੈ ਕਿ ਜਿਵੇਂ ਹੁਣ ਗੁਨਾਹ ਨਾਲ਼ ਤੇਰਾ ਪਿਆਰ ਮੁੱਕ ਚੁੱਕ ਗਿਆ ਏ”, ਮੈਂ ਚੁਣੌਤੀ ਦਿੱਤੀ।

“ਹੁਣ, ਗੁਨਾਹਾਂ ਵਰਗੀ ਕੋਈ ਚੀਜ਼ ਇੱਥੇ ਉੱਕਾ ਨਹੀਂ ਰਹੀ।” ਉਸ ਨੇ ਹੌਕਾ ਲੈਂਦਿਆਂ ਜਵਾਬ ਦਿੱਤਾ। “ਕੇਵਲ ਬਦਮਾਸ਼ੀ ਰਹਿ ਗਈ ਏ! ਕਿਸੇ ਸਮੇਂ ਗੁਨਾਹ ਇੱਕ ਤਾਕਤ ਸੀ ਜਿਸ ਵਿੱਚ ਸੁੰਦਰਤਾ ਸੀ ਅਤੇ ਹੁਣ, ਉਦੋਂ ਵੀ ਜਦੋਂ ਬੰਦਿਆਂ ਨੂੰ ਕਤਲ ਕੀਤਾ ਜਾਂਦਾ ਹੈ, ਬੜੀ ਨਿਰਦੈਤਾ ਨਾਲ਼ ਕੀਤਾ ਜਾਂਦਾ ਹੈ। ਪਹਿਲਾਂ ਉਹਨਾਂ ਦੇ ਹੱਥ ਨੂੜੇ ਜਾਂਦੇ ਹਨ। ਹੁਣ ਗੁੰਡੇ ਤੇ ਬਦਮਾਸ਼ ਨਹੀਂ ਰਹੇ—ਕੇਵਲ ਜੱਲਾਦ ਰਹਿ ਗਏ ਹਨ ਅਤੇ ਇੱਕ ਜੱਲਾਦ ਗੁਲਾਮ ਤੋਂ ਬਿਨਾਂ ਹੋਰ ਕੋਈ ਨਹੀਂ ਹੁੰਦਾ। ਇੱਕ ਹੱਥ ਤੇ ਇੱਕ ਕੁਹਾੜੀ ਅਚਾਨਕ ਸਹਿਮ ਦੀ ਤਾਕਤ ਰਾਹੀਂ, ਡਰ ਦੀਆਂ ਚੀਕਾਂ ਰਾਹੀਂ ਹਰਕਤ ਵਿੱਚ ਆਉਂਦੇ ਹਨ...। ਮਨੁੱਖ ਉਹਨਾਂ ਨੂੰ ਕਤਲ ਕਰਦੇ ਹਨ ਜਿਹੜੇ ਡਰਦੇ ਹਨ...।”

ਦੋ ਪਿੰਜਰ ਆਪਣੀਆਂ ਕਬਰਾਂ ਵਿੱਚ ਨਾਲ਼ੋਂ ਨਾਲ਼ ਖਲੋਤੇ ਸਨ ਅਤੇ ਪਤਝੜ ਦੇ ਪੱਤੇ ਹੌਲ਼ੀ ਹੌਲ਼ੀ ਉਹਨਾਂ ਦੀਆਂ ਹੱਡੀਆਂ ਤੋਂ ਤਿਲਕਦੇ ਹੇਠਾਂ ਡਿੱਗ ਰਹੇ ਸਨ। ਹਵਾ ਨੇ ਉਹਨਾਂ ਦੀਆਂ ਪਸਲੀਆਂ ਦੀਆਂ ਤਾਰਾਂ ਉੱਤੇ ਇੱਕ ਸੋਗੀ ਸੁਰ ਵਜਾਈ ਅਤੇ ਉਹਨਾਂ ਦੀਆਂ ਖੋਪਰੀਆਂ ਦੀਆਂ ਵਿਰਲਾਂ ਵਿੱਚੋਂ ਹਵਾਂਕਦੀ ਹੋਈ ਗੁਜ਼ਰ ਗਈ। ਉਹਨਾਂ ਦੀਆਂ ਅੱਖਾਂ ਦੇ ਡੂੰਘੇ ਅਖਵਾਨਿਆਂ ਵਿੱਚੋਂ ਇੱਕ ਸਿੱਲ੍ਹਾ ਤੇ ਤੇਜ਼ ਸੁਗੰਧੀ ਵਾਲ਼ਾ ਹਨ੍ਹੇਰਾ ਝਾਕ ਰਿਹਾ ਸੀ। ਉਹ ਦੋਵੇਂ ਪਾਲ਼ੇ ਨਾਲ਼ ਕੰਬ ਰਹੇ ਸਨ। ਮੈਨੂੰ ਉਹਨਾਂ ’ਤੇ ਤਰਸ ਆਇਆ।

“ਹੁਣ ਇਹਨਾਂ ਨੂੰ ਵਾਪਸ ਆਪੋ ਆਪਣੀਆਂ ਕਬਰਾਂ ਵਿੱਚ ਪੈਣ ਦਿਓ!” ਮੈਂ ਤਰਲਾ ਲੈਂਦਿਆਂ ਆਖਿਆ।

“ਕਬਰਸਤਾਨ ਵਿੱਚ ਵੀ ਤੂੰ ਮਾਨਵਵਾਦੀ ਹੀ ਰਿਹਾ।” ਉਸ ਨੇ ਚੀਕ ਕੇ ਆਖਿਆ। “ਹਾਂ, ਮੁਰਦਿਆਂ ਵਿੱਚ ਮਾਨਵਵਾਦੀ ਨੂੰ ਉੱਚਾ ਸਥਾਨ ਪ੍ਰਾਪਤ ਹੈ। ਇੱਥੇ ਇਹ ਕਿਸੇ ਦਾ ਦਿਲ ਨਹੀਂ ਦੁਖਾ ਸਕਦਾ। ਜੇਲ੍ਹਾਂ ਤੇ ਖਾਣਾਂ ਵਿੱਚ, ਫੈਕਟਰੀਆਂ ਵਿੱਚ, ਸ਼ਹਿਰਾਂ ਦੇ ਚੌਕਾਂ ਗਲੀਆਂ, ਜਿੱਥੇ ਜਿਊਂਦੇ ਜਾਗਦੇ ਲੋਕ ਹਨ, ਮਾਨਵਵਾਦ ਇੱਕ ਵਾਹਹੁਯਾਤ ਚੀਜ਼ ਹੈ ਅਤੇ ਇੱਥੋਂ ਤੱਕ ਕਿ ਇਹ ਗੁੱਸਾ ਤੇ ਘ੍ਰਿਣਾ ਜਗਾਉਣ ਲਈ ਤਤਪਰ ਰਹਿੰਦਾ ਹੈ। ਇੱਥੇ ਇਸ ਦੀ ਖਿੱਲੀ ਉਡਾਉਣ ਵਾਲ਼ਾ ਕੋਈ ਨਹੀਂ—ਮੁਰਦੇ ਹਮੇਸ਼ਾ ਗੰਭੀਰ ਹੁੰਦੇ ਹਨ ਅਤੇ ਮੈਨੂੰ ਯਕੀਨ ਹੈ ਕਿ ਇਹ ਮਾਨਵਵਾਦ ਬਾਰੇ ਸੁਣ ਕੇ ਅਨੰਦ ਮਾਣਦੇ ਹਨ—ਕੁਝ ਵੀ ਸਹੀ, ਇਹ ਇਹਨਾਂ ਦਾ ਮੁਰਦਾ ਬੱਚਾ ਹੈ...। ਨਹੀਂ, ਉਹ ਮੂਰਖ ਨਹੀਂ ਸਨ, ਜਿਨ੍ਹਾਂ ਨੇ ਇਸ ਸ਼ਾਨਦਾਰ ਦ੍ਰਿਸ਼ ਨੂੰ, ਜੀਵਨ ਦੇ ਮੰਚ ਉੱਤੇ ਮਨੁੱਖ ਨੂੰ ਦਿੱਤੇ ਜਾਂਦੇ ਤਸੀਹਿਆਂ ਦੀ ਭਿਆਨਕਤਾ ਨੂੰ ਅਤੇ ਇੱਕ ਛੋਟੀ ਟੋਲੀ ਦੀ ਜਿਹੜੀ ਸਾਰੇ ਮਨੁੱਖ ਦੇ ਉਜੱਡਪੁਣੇ ਵਿਰੁੱਧ ਆਪਣੀ ਤਾਕਤ ਦੀ ਵਰਤੋਂ ਕਰਦੀ ਹੈ ਘੋਰ ਜ਼ੁਲਮ ਨੂੰ ਲੁਕਾਉਣ ਲਈ ਪੇਸ਼ ਕਰਨਾ ਚਾਹਿਆ ਸੀ...।”

ਅਤੇ ਸ਼ੈਤਾਨ ਜ਼ੋਰ ਨਾਲ਼ ਹੱਸਣ ਲੱਗਾ, ਮਨਹੂਸ ਸੱਚ ਦਾ ਕੁਰੱਖਤ ਹਾਸਾ।

ਹਨ੍ਹੇਰੇ ਅਕਾਸ਼ ਵਿੱਚ ਤਾਰੇ ਕੰਬਣ ਲੱਗੇ। ਬੀਤੇ ਦੀਆਂ ਕਬਰਾਂ ਉੱਤੇ ਕਾਲ਼ੇ ਪੱਥਰ ਅਹਿੱਲ

ਖਲੋਤੇ ਸਨ। ਧਰਤੀ ਵਿੱਚੋਂ ਤਰੱਕੀ ਹੋਈ ਬੋ ਫੈਲ ਗਈ ਅਤੇ ਹਵਾ ਮੁਰਦਿਆਂ ਦੇ ਸਾਹ ਰਾਤ ਦੀ ਖਾਮੋਸ਼ੀ ਵਿੱਚ ਵਲ੍ਹੇਟੀਆਂ ਸ਼ਹਿਰ ਦੀਆਂ ਉਂਘਲਾਂਦੀਆਂ ਗਲੀਆਂ ਵਿੱਚ ਲੈ ਆਈ।

"ਇੱਥੇ ਕੁਝ ਕੁ ਮਾਨਵਵਾਦੀ ਵੀ ਲੇਟੇ ਹੋਏ ਹਨ", ਸ਼ੈਤਾਨ ਨੇ ਆਪਣੇ ਆਲ਼ੇ ਦੁਆਲ਼ੇ ਦੀਆਂ ਕਬਰਾਂ ਉੱਤੇ ਇੱਕ ਸਰਸਰੀ ਨਜ਼ਰ ਫੇਰਦਿਆਂ ਆਖਿਆ। "ਇਹਨਾਂ ਵਿੱਚੋਂ ਕੁਝ ਸੱਚਮੁੱਚ ਈਮਾਨਦਾਰ ਹਨ—ਅਤੇ ਜ਼ਿੰਦਗੀ ਵਿੱਚ ਕਾਫੀ ਹਸੌਣੀਆਂ ਗਲਤ ਫਹਿਮੀਆਂ ਵੀ ਹੁੰਦੀਆਂ ਹਨ ਅਤੇ ਹੋ ਸਕਦਾ ਹੈ ਇਹ ਸਭ ਤੋਂ ਵੱਧ ਔਖੀ ਵੀ ਹੋ ਸਕਦੀ ਹੈ...। ਇਹਨਾਂ ਤੋਂ ਅੱਗੇ ਇੱਕ ਹੋਰ ਕਿਸਮ ਦੇ ਬੰਦੇ ਬੜੇ ਆਰਾਮ ਤੇ ਪਿਆਰ ਨਾਲ਼ ਲੇਟੇ ਹੋਏ ਸਨ, ਜੋ ਜ਼ਿੰਦਗੀ ਦੇ ਅਧਿਆਪਕ ਹਨ, ਜਿਨ੍ਹਾਂ ਨੇ ਕੂੜ ਕੁਸੱਤ ਦੀ ਪੁਰਾਣੀ ਇਮਾਰਤ ਦੇ ਹੇਠ ਠੋਸ ਬੁਨਿਆਦ ਰੱਖਣ ਦਾ ਯਤਨ ਕੀਤਾ ਸੀ ਜਿਹੜੀ ਇਮਾਰਤ ਹਜ਼ਾਰਾਂ ਪੋਟਿਆਂ ਨੇ ਬੜੀ ਕਰੜੀ ਮਿਹਨਤ ਨਾਲ਼ ਉਸਾਰੀ ਸੀ...।"

ਦੂਰੋਂ ਕਿਸੇ ਦੇ ਗਾਉਣ ਦੀ ਅਵਾਜ਼ ਆਈ...। ਦੋ ਜਾਂ ਤਿੰਨ ਪ੍ਰਸੰਨ ਉੱਚੀਆਂ ਅਵਾਜ਼ਾਂ ਕਬਰਸਤਾਨ ਉੱਤੇ ਕੰਬਦੀਆਂ ਤੇ ਤਰਦੀਆਂ ਹੋਈਆਂ ਆਈਆਂ। ਬਹੁਤ ਕਰ ਕੇ ਕੋਈ ਐਸ਼ੀ ਪੱਠਾ ਹਨ੍ਹੇਰੇ ਵਿੱਚ ਮੌਜ ਵਿੱਚ ਪੈਰ ਘਸੀਟਦਾ ਆਪਣੀ ਕਬਰ ਵੱਲ ਜਾ ਰਿਹਾ ਸੀ।

"ਇੱਕ ਭਾਰੀ ਪੱਥਰ ਥੱਲੇ ਇੱਕ ਮਹਾਤਮਾ ਦੀਆਂ ਹੱਡੀਆਂ ਬੜੇ ਮਾਣ ਨਾਲ਼ ਗਲ਼ਸੜ ਰਹੀਆਂ ਹਨ, ਜਿਸ ਨੇ ਇਹ ਸਿੱਖਿਆ ਦਿੱਤੀ ਸੀ ਕਿ ਸਮਾਜ ਦਾ ਸਰੀਰਕ ਪ੍ਰਬੰਧ ਇੱਕ ਬਾਂਦਰ ਜਾਂ ਸੂਰ ਵਰਗਾ ਹੈ—ਮੈਂ ਹੁਣ ਭੁੱਲ ਗਿਆ ਹਾਂ ਕਿ ਉਹ ਕੌਣ ਸੀ। ਇਹ ਗੱਲ ਉਹਨਾਂ ਲੋਕਾਂ ਲਈ ਨਹੀਂ ਹੈ ਜਿਹੜੇ ਆਪਣੇ ਆਪ ਨੂੰ ਸਰੀਰਕ ਪ੍ਰਬੰਧ ਦਾ ਦਿਮਾਗ ਸਮਝਣਾ ਪਸੰਦ ਕਰਦੇ ਹਨ। ਲਗਭਗ ਸਾਰੇ ਸਿਆਸਦਾਨ ਤੇ ਬਹੁਤੇ ਬਦਮਾਸ਼ ਆਗੂ ਇਸੇ ਸਿਧਾਂਤ ਨੂੰ ਚੰਬੜੇ ਹੋਏ ਹਨ। ਜੇ ਮੈਂ ਦਿਮਾਗ ਹਾਂ, ਕਿਉਂ ਫਿਰ ਮੈਂ ਹੱਥਾਂ ਨੂੰ ਆਪਣੀ ਮਰਜ਼ੀ ਨਾਲ਼ ਹਿਲਾ ਸਕਦਾ ਹਾਂ ਅਤੇ ਮੈਂ ਹਮੇਸ਼ਾ ਆਪਣੀ ਰਾਜਸੀ ਤਾਕਤ ਦੇ ਹੁਕਮ ਤੇ ਪੱਠਿਆਂ ਦੀ ਕੁਦਰਤੀ ਰੁਕਾਵਟ ਉੱਤੇ ਕਾਬੂ ਪਾਵਾਂਗਾ—ਠੀਕ ਏ ਨਾ! ਅਤੇ ਇੱਥੇ ਉਸ ਬੰਦੇ ਦੀ ਮਿੱਟੀ ਪਈ ਏ ਜਿਸ ਨੇ ਮਨੁੱਖਾਂ ਨੂੰ ਪੁਰਾਣੇ ਸਮਿਆਂ ਵੱਲ ਪਰਤਣ ਲਈ ਪ੍ਰੇਰਿਆਂ ਸੀ ਜਦੋਂ ਉਹ ਹੱਥਾਂ ਤੇ ਪੈਰਾਂ ਭਾਰ ਤੁਰਦੇ ਹੁੰਦੇ ਸਨ ਅਤੇ ਕੀੜੇ ਮਕੌੜੇ ਖਾਂਦੇ ਸਨ। ਉਸਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਉਹ ਦਿਨ **ਮਨੁੱਖ** ਦੀ ਹੋਂਦ ਦੇ ਸਭ ਤੋਂ ਵੱਧ ਖੁਸ਼ੀਆਂ ਭਰਪੂਰ ਸਨ। ਸ਼ਾਨਦਾਰ ਕੱਪੜੇ ਪਾਈ ਦੋ ਪੈਰਾਂ ਤੇ ਟੁਰਦਿਆਂ ਲੋਕਾਂ ਨੂੰ ਆਪਣੇ ਵਡਿਕਿਆਂ ਵਾਂਗ ਜੱਤਲ ਬਣ ਜਾਣ ਦੀ ਸਿੱਖਿਆ ਦੇਣੀ—ਕੀ ਇਸ ਨੂੰ ਮੂਲਕ ਵਿਚਾਰ ਨਹੀਂ ਆਖਣਾ ਚਾਹੀਦਾ? ਕਾਵਿ ਨੂੰ ਪੜ੍ਹਨਾ, ਸੰਗੀਤ ਸੁਣਨਾ, ਅਜਾਇਬ ਘਰਾਂ ਨੂੰ ਵੇਖਣਾ ਇੱਕ ਦਿਨ ਵਿੱਚ ਸੈਂਕੜੇ ਮੀਲ ਸਫਰ ਕਰਨਾ ਅਤੇ ਫਿਰ ਵੀ ਲੋਕਾਂ ਨੂੰ ਜੰਗਲ ਵਿਚਲੀ ਪੁਰਾਤਨ ਜ਼ਿੰਦਗੀ ਵੱਲ ਪਰਤ ਜਾਣ ਦੀ, ਦੋ ਹੱਥਾਂ ਤੇ ਦੋ ਪੈਰਾਂ ਭਾਰ ਰੀਂਗਣ ਦੀ ਸਿੱਖਿਆ ਦੇਣੀ—ਅੱਧਾ ਪਾਗਲਪਣ ਨਹੀਂ ਤਾਂ ਹੋਰ ਕੀ ਏ! ਇੱਥੇ ਇੱਕ ਹੋਰ ਪਿਆ ਏ, ਜਿਸ ਨੇ ਲੋਕਾਂ ਨੂੰ ਜਿਹੜਾ ਜੀਵਨ ਉਹ ਜੀਅ ਰਹੇ ਸਨ ਉਸ ਬਾਰੇ ਇਹ ਦਾਅਵਾ ਕਰਕੇ ਮਨਾਉਣ ਤੇ ਸਿੱਧ ਕਰਨ ਦਾ ਯਤਨ ਕੀਤਾ ਕਿ ਮੁਜਰਮ ਦੂਜਿਆਂ ਵਰਗੇ ਨਹੀਂ ਹੁੰਦੇ, ਕਿ ਉਹ ਇੱਕ ਰੋਗੀ ਇਰਾਦੇ ਵਾਲ਼ੇ, ਇੱਕ ਵਿਸ਼ੇਸ਼ ਸਮਾਜ-ਵਿਰੋਧੀ ਕਿਸਮ ਦੇ ਲੋਕ ਹਨ।

ਇਸ ਦਾ ਵਿਚਾਰ ਸੀ ਕਿਉਂ ਜੋ ਉਹ ਸਮਾਜ ਦੇ ਕਾਨੂੰਨਾਂ ਤੇ ਸ਼ਿਸ਼ਟਾਚਾਰਾਂ ਦੇ ਕੁਦਰਤੀ ਦੁਸ਼ਮਣ ਸਨ, ਇਸ ਲਈ ਉਹਨਾਂ ਨਾਲ਼ ਕਿਸੇ ਪ੍ਰਕਾਰ ਦਾ ਸਬੰਧ ਰੱਖਣ ਦਾ ਕੋਈ ਕਾਰਨ ਨਹੀਂ ਅਤੇ ਇਸ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਕਿ ਮੁਜਰਮਾਂ ਦਾ ਇੱਕੋ ਇੱਕ ਇਲਾਜ ਮੌਤ ਹੀ ਹੈ। ਕਿਤਨਾ ਸ਼ਾਨਦਾਰ ਵਿਚਾਰ ਹੈ! ਕਿਸੇ ਇੱਕ ਵਿਅਕਤੀ ਨੂੰ ਕੁਕਰਮਾਂ ਦਾ ਕੁਦਰਤੀ ਭੜੋਲਾ ਅਤੇ ਬੁਰਾਈ ਦਾ ਝੰਡਾ ਬਰਦਾਰ ਸਿੱਧ ਕਰ ਕੇ ਸਾਰਿਆਂ ਦੇ ਜੁਰਮਾਂ ਦਾ ਜ਼ਿੰਮੇਵਾਰ ਬਣਾਉਣਾ—ਭਲਾ ਇਹ ਕੋਈ ਮੂਰਖਾਂ ਵਾਲ਼ੀ ਗੱਲ ਹੈ। ਤੁਸੀਂ ਹਮੇਸ਼ਾ ਹੀ ਕੋਈ ਅਜਿਹਾ ਬੰਦਾ ਲੱਭ ਸਕਦੇ ਹੋ ਜਿਹੜਾ, ਭੱਦੇ ਰੂਹ ਨੂੰ ਵਿਗਾੜਨ ਵਾਲ਼ੇ ਜੀਵਨ ਢਾਂਚੇ ਨੂੰ ਸਹੀ ਸਿੱਧ ਕਰਨ ਦਾ ਯਤਨ ਕਰੇਗਾ। ਸਿਆਣਾ ਬੰਦਾ ਸਹੀ ਕਾਰਨ ਤੋਂ ਬਿਨਾਂ ਆਪਣਾ ਨੱਕ ਵੀ ਸਾਫ ਨਹੀਂ ਕਰੇਗਾ, ਵੇਖਿਆ ਈ, ਕਬਰਸਤਾਨ ਸ਼ਹਿਰੀ ਜੀਵਨ ਨੂੰ ਸੁਧਾਰਨ ਵਾਲ਼ੇ ਵਿਚਾਰਾਂ ਨਾਲ਼ ਨੱਕੋ ਨੱਕ ਭਰਿਆ ਪਿਆ ਏ...।"

ਸ਼ੈਤਾਨ ਨੇ ਆਪਣੇ ਦੁਆਲ਼ੇ ਇੱਕ ਨਜ਼ਰ ਮਾਰੀ। ਇੱਕ ਦਿਓ-ਕੱਦ ਪਿੰਜਰ ਦੀ ਉਂਗਲੀ ਵਾਂਗ ਇੱਕ ਸਫੈਦ ਗਿਰਜਾ ਘਰ ਮੁਰਦਿਆਂ ਦੇ ਵਿਸ਼ਾਲ ਖੇਤਰ ਵਿੱਚੋਂ ਖਾਮੋਸ਼ੀ ਨਾਲ਼ ਉਭਰਿਆ ਅਤੇ ਹਨ੍ਹੇਰੇ ਆਕਾਸ਼ ਵਿੱਚ ਤਾਰਿਆਂ ਦੀ ਖਾਮੋਸ਼ ਜੂਹ ਵੱਲ ਮੂੰਹ ਕਰ ਖੜ੍ਹਾ ਹੋ ਗਿਆ। ਸਿਆਣਪ ਦੇ ਸੋਮਿਆਂ ਉੱਤੇ ਖਲੋਤੇ ਉੱਲੀ ਨਾਲ਼ ਕੱਜੇ ਪੱਥਰਾਂ ਵਿੱਚ ਘਿਰੀ ਹੋਈ ਚਿਮਨੀ ਨੇ ਲੋਕਾਂ ਦੀਆਂ ਸ਼ਿਕਾਇਤਾਂ ਤੇ ਅਰਦਾਸਾਂ ਦਾ ਬੋ ਮਾਰਦਾ ਧੂਆਂ ਸਾਰੇ ਬ੍ਰਹਿਮੰਡ ਵਿੱਚ ਖਿਲਾਰ ਦਿੱਤਾ। ਸੜ੍ਹਿਆਂਦ ਦੀ ਬਦਬੂ ਨਾਲ਼ ਭਰੀ ਹੋਈ ਹਵਾ ਨੇ ਰੁੱਖਾਂ ਦੀਆਂ ਸ਼ਾਖਾਂ ਨੂੰ ਸਹਿਜੇ ਸਹਿਜੇ ਝੁਲਾਇਆ, ਪੀਲ਼ੇ ਤੇ ਮੁਰਝਾਏ ਪੱਤਿਆਂ ਨੂੰ ਕੁਤਰਿਆ ਜੋ ਜੀਵਨ ਦੇ ਉਸੱਰਈਆਂ ਦੇ ਘਰਾਂ ਉੱਤੇ ਬਿਨਾਂ ਕੋਈ ਖੜਾਕ ਕੀਤੇ ਡਿੱਗ ਪਏ....।

"ਹੁਣ ਅਸੀਂ ਮੁਰਦਿਆਂ ਦੀ ਇੱਕ ਛੋਟੀ ਜਿਹੀ ਪ੍ਰੇਡ ਦਾ ਪ੍ਰਬੰਧ ਕਰਾਂਗੇ, **ਕਿਆਮਤ ਦੇ ਦਿਨ** ਲਈ ਰੀਹਸਲ!" ਸ਼ੈਤਾਨ ਨੇ ਇਹ ਗੱਲ ਮੇਰੇ ਅੱਗੇ ਅੱਗੇ ਪੱਥਰਾਂ ਤੇ ਖਿੰਘਰਾਂ ਦੇ ਵਿੱਚੋਂ ਦੀ ਸੱਪ ਵਾਂਗ ਰੀਂਗਦੇ ਰਾਹ ਉੱਤੇ ਤੁਰਦਿਆਂ ਆਖੀ।

"ਤੂੰ ਜਾਣਦਾ ਈ ਏਂ, **ਕਿਆਮਤ ਦਾ ਦਿਨ** ਆਵੇਗਾ। ਮੈਂ ਇੱਥੇ ਧਰਤੀ ਉੱਤੇ ਆਵਾਂਗਾ ਅਤੇ ਇਹ ਮਨੁੱਖਤਾ ਲਈ ਸਭ ਤੋਂ ਵੱਧ ਖੁਸ਼ੀਆਂ ਭਰਿਆ ਦਿਹਾੜਾ ਹੋਵੇਗਾ। ਇਹ ਦਿਨ ਉਦੋਂ ਆਵੇਗਾ ਜਦੋਂ ਲੋਕ ਅਖੀਰ ਜੀਵਨ ਦੇ ਉਹਨਾਂ ਅਧਿਆਪਕਾਂ ਤੇ ਕਾਨੂੰਨ ਘਾੜਿਆਂ ਵੱਲੋਂ ਕੀਤੇ ਗਏ ਜੁਰਮਾਂ ਦੀ ਤੀਖਣਤਾ ਤੇ ਅਹਿਸਾਸ ਕਰਨਗੇ ਜਿਨ੍ਹਾਂ ਨੇ ਮਨੁੱਖੀ ਜੀਵ ਨੂੰ ਊਲ ਜਲੂਲ ਮਾਸ ਤੇ ਹੱਡੀਆਂ ਦੇ ਬੇਅਰਥ ਟੁਕੜਿਆਂ ਵਿੱਚ ਵੰਡ ਦਿੱਤਾ। ਹੁਣ ਇਸ ਨੂੰ ਮਨੁੱਖ ਦੇ ਨਾਂ ਨਾਲ਼ ਬੁਲਾਇਆ ਜਾਂਦਾ ਹੈ ਜੋ ਵੱਖ ਵੱਖ ਭਾਗਾਂ ਤੋਂ ਬਿਨਾਂ ਕੁਝ ਨਹੀਂ। ਇੱਕ ਸਮੁੱਚਾ ਮਨੁੱਖ ਅਜੇ ਸਿਰਜਿਆ ਨਹੀਂ ਗਿਆ। ਉਹ ਸੰਸਾਰ ਵੱਲੋਂ ਹੰਢੇ ਹੰਢਾਏ ਗਏ ਤਜ਼ਰਬੇ ਦੀ ਮਿੱਟੀ ਵਿੱਚੋਂ ਉਭਰੇਗਾ ਅਤੇ ਜਿਸ ਤਰ੍ਹਾਂ ਸਾਗਰ ਸੂਰਜ ਦੀਆਂ ਕਿਰਨਾਂ ਨੂੰ ਜਜ਼ਬ ਕਰਦਾ ਹੈ ਉਸੇ ਤਰ੍ਹਾਂ ਸੰਸਾਰ ਤਜ਼ਰਬੇ ਨੂੰ ਆਪਣੇ ਵਿੱਚ ਰਚਾਂਦਿਆਂ ਉਹ ਧਰਤੀ ਉੱਤੇ ਇੱਕ ਹੋਰ ਸੂਰਜ ਵਾਂਗ ਚੜ੍ਹੇਗਾ। ਮੈਂ ਉਸ ਨੂੰ ਜ਼ਰੂਰ ਵੇਖਾਂਗਾ। ਮੈਂ ਅਜਿਹਾ ਮਨੁੱਖ ਸਿਰਜ ਰਿਹਾ ਹਾਂ ਅਤੇ ਉਹ ਜ਼ਰੂਰ ਸਿਰਜਿਆ ਜਾਵੇਗਾ।"

ਉਹ ਕੁਝ ਫੜ੍ਹਾਂ ਮਾਰਨ ਲੱਗ ਪਿਆ ਤੇ ਕੁਝ ਸਰੋਦੀ ਰੌਂ ਵਿੱਚ ਆ ਗਿਆ ਸੀ, ਜੋ ਇੱਕ ਸ਼ੈਤਾਨ ਲਈ ਓਪਰੀ ਜਿਹੀ ਗੱਲ ਹੈ। ਮੈਂ ਉਸ ਨੂੰ ਮੁਆਫ ਕਰ ਦਿੱਤਾ। ਤੁਸੀਂ ਹੋਰ ਕਰ ਵੀ ਕੀ ਸਕਦੇ ਹੋ ? ਜ਼ਿੰਦਗੀ ਸ਼ੈਤਾਨ ਦੀ ਵੀ ਮੱਤ ਮਾਰ ਦੇਂਦੀ ਹੈ, ਆਪਣੇ ਜ਼ਹਿਰੀਲੇ ਦੰਦਾਂ ਨਾਲ਼ ਉਸ ਦੀ ਮਜ਼ਬੂਤੀ ਨਾਲ਼ ਢਲੀ ਰੂਹ ਨੂੰ ਵੀ ਖਾ ਜਾਂਦੀ ਹੈ ਅਤੇ ਫਿਰ ਸਾਰੇ ਮਨੁੱਖਾਂ ਦੇ ਸਿਰ ਗੋਲ਼ ਹੁੰਦੇ ਹਨ, ਪਰ ਉਹਨਾਂ ਦੇ ਵਿਚਾਰ ਚਪਟੇ ਹੁੰਦੇ ਹਨ ਅਤੇ ਹੋਰ ਕੋਈ ਜਦੋਂ ਸ਼ੀਸ਼ੇ ਵਿੱਚ ਵੇਖਦਾ ਹੈ ਇੱਕ ਖੂਬਸੂਰਤ ਚਿਹਰਾ ਹੀ ਵੇਖਦਾ ਹੈ।

ਕਬਰਾਂ ਵਿੱਚ ਕੁਝ ਕੁ ਅੱਕਟਦਿਆਂ, ਸ਼ੈਤਾਨ ਇੱਕ ਮਾਲਕ ਦੇ ਲਹਿਜੇ ਵਿੱਚ ਕੜਕ ਕੇ ਬੋਲਿਆ:

"ਤੁਹਾਡੇ ਵਿੱਚੋਂ ਕੌਣ ਸਿਆਣਾ ਤੇ ਈਮਾਨਦਾਰ ਹੈ ?"

ਇੱਕ ਛਿਨ ਦੀ ਖਾਮੋਸ਼ੀ ਰਹੀ, ਫਿਰ ਅਚਾਨਕ ਮੇਰੇ ਪੈਰਾਂ ਹੇਠਲੀ ਧਰਤੀ ਹਿੱਲ ਗਈ ਜਿਵੇਂ ਹਜ਼ਾਰਾਂ ਬਿਜਲੀਆਂ ਨੇ ਧਰਤੀ ਨੂੰ ਅੰਦਰੋਂ ਫਾੜੀ ਫਾੜੀ ਕਰ ਦਿੱਤਾ ਹੋਵੇ ਜਾਂ ਜਿਵੇਂ ਕਿਸੇ ਬਹੁਤ ਭਾਰੀ ਦਾਨਵ ਨੇ ਧਰਤੀ ਦੀਆਂ ਡੂੰਘਾਈਆਂ ਵਿੱਚ ਪਲਸੇਟੇ ਮਾਰੇ ਹੋਣ। ਇੰਝ ਜਾਪਣ ਲੱਗਾ ਜਿਵੇਂ ਗੰਦੀ ਬਰਫ ਦੇ ਟਿੱਲੇ ਏਧਰ ਉੱਧਰ ਝੂਲਣ ਲੱਗ ਪਏ ਹਨ। ਸਾਡੇ ਆਲ਼ੇ ਦੁਆਲ਼ੇ ਦੀ ਹਰ ਚੀਜ਼ ਗੰਦੀ ਪਲਿੱਤਣ ਵਿੱਚ ਬਦਲ ਗਈ ਤੇ ਹਰ ਪਾਸੇ ਪਿੰਜਰ ਹਵਾ ਵਿੱਚ ਘਾਹ ਦੀਆਂ ਸੁੱਕੀਆਂ ਤਿੜਾਂ ਵਾਂਗ ਹਿੱਲਣ ਲੱਗੇ, ਆਲ਼ੇ ਦੁਆਲ਼ੇ ਦੀ ਖਾਮੋਸ਼ੀ ਨੂੰ ਹੱਡੀਆਂ ਦੇ ਆਪੋ ਵਿੱਚ ਅਤੇ ਜੋੜਾਂ ਦੀ ਇੱਕ ਦੂਜੇ ਨਾਲ਼ ਅਤੇ ਕਬਰ ਦੇ ਪੱਥਰਾਂ ਨਾਲ਼ ਰਗੜੇ ਜਾਣ ਦੀ ਅਵਾਜ਼ ਨੇ ਭਰ ਦਿੱਤਾ। ਇੱਕ ਦੂਜੇ ਨੂੰ ਮੋਢਾ ਮਾਰਦਿਆਂ ਪਿੰਜਰ ਕਬਰਾਂ ਵਿੱਚੋਂ ਨਿਕਲ਼ ਕੇ ਪੱਥਰਾਂ ਉੱਤੇ ਆ ਬੈਠੇ, ਹਰ ਥਾਂ 'ਤੇ ਖੋਪਰੀਆਂ ਪੀਲ਼ੇ ਫਲਾਂ ਵਾਂਗ ਤਿੜਤਿੜ ਕਰਦੀਆਂ ਉੱਭਰ ਆਈਆਂ, ਪਸਲੀਆਂ ਦੀ ਇੱਕ ਮੋਟੀ ਕਤਾਰ ਨੇ ਤੰਗ ਪਿੰਜਰੇ ਵਾਂਗ ਮੈਨੂੰ ਘੇਰ ਲਿਆ ਤਾਂ ਪਿੰਜਰਾਂ ਦੀਆਂ ਪਿੰਡਲੀਆਂ ਦੀਆਂ ਹੱਡੀਆਂ ਭਿਆਨਕ ਵਿਰਲਾਂ ਵਾਲ਼ਿਆਂ ਕੂਲ੍ਹਿਆਂ ਦੀਆਂ ਹੱਡੀਆਂ ਦੇ ਭਾਰ ਥੱਲੇ ਕੰਬ ਰਹੀਆਂ ਸਨ, ਸਾਡੇ ਆਲ਼ੇ ਦੁਆਲ਼ੇ ਦੀ ਹਰ ਚੀਜ਼ ਸਰਗਰਮੀ ਦੇ ਖਾਮੋਸ਼ ਜੋਸ਼ ਨਾਲ਼ ਉੱਬਲ ਰਹੀ ਸੀ...।

ਸ਼ੈਤਾਨ ਦੇ ਅੱਖੜ ਹਾਸੇ ਵਿੱਚ ਸਾਰੀਆਂ ਅਵਾਜ਼ਾਂ ਡੁੱਬ ਗਈਆਂ।

"ਵੇਖੋ ! ਇਹ ਸਾਰੇ ਰੀਂਗਦੇ ਹੋਏ ਬਾਹਰ ਆ ਗਏ, ਕੋਈ ਵੀ ਬਾਕੀ ਨਹੀਂ ਰਿਹਾ।" ਉਸ ਨੇ ਆਖਿਆ। "ਇਥੋਂ ਤੱਕ ਕਿ ਸ਼ਹਿਰ ਦੇ ਬੁੱਧੂ ਵੀ। ਧਰਤੀ ਨੇ ਉਲਟੀ ਕਰ ਦਿੱਤੀ ਹੈ, ਉਸ ਨੇ ਆਪਣੀ ਕੁੱਖ ਵਿੱਚੋਂ ਮਨੁੱਖਾਂ ਦੀ ਮੁਰਦਾ ਸਿਆਣਪ ਨੂੰ ਬਾਹਰ ਉਗਲੱਛ ਦਿੱਤਾ ਹੈ...।"

ਸਹਿਜੇ ਸਹਿਜੇ ਪੁੱਚ ਪੁੱਚ ਦੀ ਆਵਾਜ਼ ਆਉਣੀ ਲੱਗੀ – ਇਹ ਇਸ ਤਰ੍ਹਾਂ ਦੀ ਸੀ ਜਿਵੇਂ ਕੋਈ ਅਦਿੱਖ ਹੱਥ ਉਸ ਸਿਲ੍ਹੇ ਗੰਦ ਮੰਦ ਦੇ ਢੇਰ ਨੂੰ ਫਰੋਲ ਰਿਹਾ ਹੋਵੇ ਜਿਹੜਾ ਭੰਗੀ ਨੇ ਹੂੰਝ ਕੇ ਵਿਹੜੇ ਦੀ ਨੁਕਰ ਵਿੱਚ ਇਕੱਠਾ ਕਰ ਦਿੱਤਾ ਸੀ।

"ਰਤਾ ਸਿਆਣਿਆਂ ਤੇ ਇਮਾਨਦਾਰ ਬੰਦਿਆਂ ਦੀ ਗਿਣਤੀ ਤੇ ਨਜ਼ਰ ਮਾਰ ਜਿਹੜੇ ਸੰਸਾਰ ਵਿੱਚ ਰਹਿੰਦੇ ਸਨ।" ਸ਼ੈਤਾਨ ਨੇ, ਆਪਣੇ ਖੰਭ ਟੁੱਟੇ ਭੱਜੇ ਉਹਨਾਂ ਹਜ਼ਾਰਾਂ ਟੁਕੜਿਆਂ ਉਤੇ ਫੈਲਾਅ ਦਿੱਤੇ ਜਿਨ੍ਹਾਂ ਨੇ ਉਸ ਨੂੰ ਸਾਰਿਆਂ ਪਾਸਿਆਂ ਤੋਂ ਨਪੀੜਿਆ ਹੋਇਆ ਸੀ।

"ਤੁਹਾਡੇ ਵਿੱਚੋਂ ਕਿਸ ਨੇ ਲੋਕਾਂ ਦਾ ਸਭ ਤੋਂ ਵੱਧ ਭਲ਼ਾ ਕੀਤਾ ਏ ?" ਉਸ ਨੇ ਉੱਚੀ ਆਵਾਜ਼ ਵਿੱਚ ਪੁੱਛਿਆ।

ਕੁਝ ਇਸ ਤਰ੍ਹਾਂ ਦੀ ਅਵਾਜ਼ ਸੁਣਾਈ ਦਿੱਤੀ ਜਿਵੇਂ ਇੱਕ ਵੱਡੀ ਕੜਾਹੀ ਵਿੱਚ ਖੁੰਭਾਂ ਨੂੰ ਤੜਕਣ ਸਮੇਂ ਆਉਂਦੀ ਹੈ।

"ਮੈਨੂੰ ਕੁਝ ਕਹਿਣ ਦਿਓ ਜਨਾਬ!" ਕੋਈ ਮਰੀਅਲ ਜਿਹੀ ਅਵਾਜ਼ ਵਿੱਚ ਚੀਕਿਆ।

"ਮਾਲਕ, ਮੈਂ ਤੇਰਾ ਬੰਦਾ ਹਾਂ, ਹਾਂ ਤੇਰਾ ਬੰਦਾ! ਉਹ ਮੈਂ ਹੀ ਸਾਂ ਜਿਸ ਨੇ ਇਹ ਸਿੱਧ ਕੀਤਾ ਸੀ ਕਿ ਵਿਅਕਤੀ ਸਮਾਜ ਦੀ ਸਮੁੱਚਤਾ ਵਿੱਚ ਸਿਫਰ ਦੇ ਬਰਾਬਰ ਹੈ।"

"ਮੈਂ ਤਾਂ ਇਸ ਤੋਂ ਵੀ ਅਗਾਂਹ ਗਿਆ ਸਾਂ", ਦੂਰੋਂ ਇੱਕ ਰੋਸ ਪ੍ਰਗਟਾਉਂਦੀ ਅਵਾਜ਼ ਆਈ, "ਮੈਂ ਇਹ ਵਿਚਾਰ ਪੇਸ਼ ਕੀਤਾ ਸੀ ਕਿ ਸਾਰਾ ਸਮਾਜ ਸਿਫਰਾਂ ਦਾ ਜੋੜ ਹੈ ਅਤੇ ਇਸ ਲਈ ਜਨਸਮੂਹ ਨੂੰ ਉਹੋ ਕਰਨਾ ਚਾਹੀਦਾ ਹੈ ਜੋ ਟੋਲੀ ਦੀ ਮਰਜ਼ੀ ਹੋਵੇ।"

"ਅਤੇ ਟੋਲੀ ਦੀ ਅਗਵਾਈ ਇੱਕ ਇਕਾਈ ਕਰਦੀ ਹੈ ਤੇ ਉਹ ਮੈਂ ਹਾਂ!" ਕਿਸੇ ਨੇ ਦੂਰੋਂ ਐਲਾਨ ਕੀਤਾ।

"ਤੂੰ ਕਿਉਂ ?" ਝੱਟ ਕਈ ਆਵਾਜ਼ਾਂ ਬੋਲ ਉੱਠੀਆਂ।

"ਮੇਰਾ ਚਾਚਾ ਬਾਦਸ਼ਾਹ ਸੀ!"

"ਹਾਂ, ਤਾਂ ਉਹ ਤੇਰਾ ਮਹਾਂ ਬਦੌਲਤ ਚਾਚਾ ਹੀ ਸੀ ਜਿਸ ਦਾ ਸਿਰ ਵਕਤੋਂ ਪਹਿਲਾਂ ਹੀ ਕੱਟ ਦਿੱਤਾ ਗਿਆ ਸੀ ?"

"ਐਨ ਸਮੇਂ ਸਿਰ ਬਾਦਸ਼ਾਹ ਆਪਣਾ ਦਿਮਾਗ ਗਵਾ ਬੈਠਦੇ ਹਨ!" ਜੋ ਕਦੇ ਤਖਤ ਉੱਤੇ ਬੈਠਾ ਸੀ, ਉਸ ਦੇ ਵਾਰਸ ਨੇ ਬੜੇ ਮਾਣ ਨਾਲ਼ ਆਖਿਆ।

"ਓ ਹੋ!" ਕੋਈ ਖੁਸ਼ੀ ਨਾਲ਼ ਫੁਸਫੁਸਾਇਆ। "ਸਾਡੇ ਵਿਚਾਲੇ ਇੱਕ ਬਾਦਸ਼ਾਹ ਵੀ ਹੈ! ਹਰ ਕਬਰਸਤਾਨ ਅਜਿਹੀ ਫੜ੍ਹ ਨਹੀਂ ਮਾਰ ਸਕਦਾ...।"

ਸਿੱਲ੍ਹੀ ਜਿਹੀ ਸਰਸਰਾਹਟ ਅਤੇ ਹੱਡੀਆਂ ਦੀ ਰਗੜ ਇੱਕ ਅਵਾਜ਼ ਵਿੱਚ ਬਦਲਣ ਲੱਗ ਪਈ ਜੋ ਹੌਲ਼ੀ ਹੌਲ਼ੀ ਭਾਰੀ ਤੇ ਵਧੇਰੇ ਗਾੜ੍ਹੀ ਹੋ ਗਈ।

"ਭਲ਼ਾ ਦਸੋ, ਕੀ ਇਹ ਸੱਚ ਹੈ ਕਿ ਸ਼ਾਹੀ ਖਾਨਦਾਨ ਦੀਆਂ ਹੱਡੀਆਂ ਦਾ ਰੰਗ ਨੀਲਾ ਹੁੰਦਾ ਹੈ ?" ਇੱਕ ਸਹਿਮੇ ਹੋਏ ਪਿੰਜਰ ਨੇ ਦੱਬੀ ਲਾਗਤਬਾਜ਼ੀ ਨਾਲ਼ ਸਾਹ ਲੈਂਦਿਆਂ ਪੁੱਛਿਆ।

"ਮੈਨੂੰ ਦੱਸਣ ਦਿਓ...।" ਇੱਕ ਪਿੰਜਰ ਜੋ ਇੱਕ ਯਾਦਗਾਰ ਨਾਲ਼ ਢੋਹ ਲਾਈ ਬੈਠਾ ਸੀ ਪ੍ਰਭਾਵਸ਼ਾਲੀ ਢੰਗ ਨਾਲ਼ ਬੋਲਣ ਲੱਗਾ:

"ਪੈਰਾਂ ਦੀਆਂ ਭੌਰੀਆਂ ਲਈ ਵਧੀਆ ਮਲ੍ਹਮ ਮੈਂ ਈਜ਼ਾਦ ਕੀਤੀ ਸੀ।" ਉਸ ਦੇ ਪਿੱਛੋਂ ਕੋਈ ਚੀਕਿਆ।

"ਮੈਂ ਉਸੱਰਈਆ ਹਾਂ...।"

ਫਿਰ ਇੱਕ ਛੋਟੇ ਕੱਦ ਦਾ ਪਥੱਲਾ ਮਾਰੀ ਬੈਠਾ ਪਿੰਜਰ ਆਪਣੇ ਗੀਂਢੇ ਹੱਥਾਂ ਨਾਲ਼ ਹਰ ਇੱਕ ਨੂੰ ਪਰ੍ਹਾਂ ਧੱਕਦਿਆਂ ਦੂਜੇ ਮੋਇਆਂ ਦੀਆਂ ਅਵਾਜ਼ਾਂ ਦੇ ਰੌਲ਼ੇ ਨੂੰ ਦਬਾਉਂਦੀ ਅਵਾਜ਼ ਵਿੱਚ ਚੀਕਿਆ:

"ਈਸਾਈ ਮਤ ਨੂੰ ਮੰਨਣ ਵਾਲ਼ਿਓ! ਕੀ ਮੈਂ ਤੁਹਾਡਾ ਰੂਹਾਨੀ ਡਾਕਟਰ ਨਹੀਂ? ਕੀ ਮੈਂ ਮੁਸੀਬਤਾਂ ਤੇ ਦੁੱਖਾਂ ਨਾਲ਼ ਤੁਹਾਡੀਆਂ ਰੂਹਾਂ ਤੇ ਪਏ ਅੱਟਣਾਂ ਨੂੰ ਦੂਰ ਕਰਨ ਲਈ ਨਰਮ ਦਿਲਾਸੇ ਦੀ ਮਰ੍ਹਮ ਨਹੀਂ ਸੀ ਵਰਤੀ?"

"ਇੱਥੇ ਮੁਸੀਬਤ ਨਾਂ ਦੀ ਕੋਈ ਚੀਜ਼ ਨਹੀਂ ਹੈ!" ਕਿਸੇ ਨੇ ਚੋਭਵੇਂ ਲਹਿਜੇ ਵਿੱਚ ਐਲਾਨ ਕੀਤਾ। "ਹਰ ਚੀਜ਼ ਦੀ ਹੋਂਦ ਕੇਵਲ ਕਲਪਣਾ ਵਿੱਚ ਹੀ ਹੈ।"

"...ਉਸੱਰਈਆ ਜਿਸ ਨੇ ਨੀਵੇਂ ਢਾਂਚੇ ਵਾਲ਼ੇ ਬੂਹੇ ਤਿਆਰ ਕੀਤੇ...।"

"...ਅਤੇ ਮੈਂ ਜਿਸ ਨੇ ਮੱਖੀਆਂ ਪਕੜਨ ਦਾ ਢੰਗ ਈਜ਼ਾਦ ਕੀਤਾ...।"

"...ਤਾਂ ਜੋ ਉਹ ਲੋਕ ਜਿਹੜੇ ਘਰ ਵਿੱਚ ਪ੍ਰਵੇਸ਼ ਕਰਨ ਹਰ ਹਾਲਤ ਵਿੱਚ ਮਾਲਕ ਦੇ ਸਾਹਮਣੇ ਆਪਣੇ ਸਿਰ ਝੁਕਾਉਣ...।" ਇੱਕ ਖਿਝਾਉਣੀ ਅਵਾਜ਼ ਬੋਲੀ।

"ਭਰਾਓ, ਕੀ ਪਹਿਲ ਮੈਨੂੰ ਨਹੀਂ ਦਿੱਤੀ ਜਾ ਸਕਦੀ? ਉਹ ਮੈਂ ਹੀ ਸਾਂ ਜਿਸ ਨੇ ਉਹਨਾਂ ਨੂੰ ਜਿਨ੍ਹਾਂ ਨੇ ਖਿਮਾ ਦੀ ਜਾਚਨਾ ਕੀਤੀ ਸਾਰੀਆਂ ਸੰਸਾਰਕ ਚੀਜ਼ਾਂ ਬਾਰੇ ਆਪਣੀ ਅਰਾਧਨਾ ਦੀ ਬਖਸ਼ਸ਼ ਪ੍ਰਦਾਨ ਕੀਤੀ ਸੀ।"

"ਜੋ ਕੁਝ ਵੀ ਹੈ—ਹੋਣਾ ਚਾਹੀਦਾ ਹੈ!" ਕਿਸੇ ਨੇ ਘਰੜੌਂਦੀ ਆਵਾਜ਼ ਵਿੱਚ ਐਲਾਨ ਕੀਤਾ।

ਇੱਕ ਟੰਗੇ ਪਿੰਜਰ ਨੇ ਜੋ ਭੂਰੇ ਪੱਥਰ ਉੱਤੇ ਬੈਠਾ ਸੀ, ਆਪਣੀ ਟੰਗ ਉਤਾਂਹ ਚੁੱਕੀ, ਉਸ ਨੂੰ ਸਿੱਧਾ ਕੀਤਾ ਅਤੇ ਹਵਾਂਕਿਆ:

"ਸੁਣੋ, ਸੁਣੋ!"

ਕਬਰਸਤਾਨ ਇੱਕ ਮੰਡੀ ਵਿੱਚ ਬਦਲ ਗਿਆ ਜਿੱਥੇ ਹਰ ਕਿਸੇ ਨੇ ਆਪੋ ਆਪਣੀਆਂ ਚੀਜ਼ਾਂ ਨੂੰ ਸਲਾਹਿਆ। ਘੁੱਟਵੀਆਂ ਅਵਾਜ਼ਾਂ ਦਾ ਇੱਕ ਗੰਧਾਲਿਆ ਹੋਇਆ ਦਰਿਆ, ਘਟੀਆ ਡੀਂਗਬਾਜ਼ੀ ਅਤੇ ਅਤਿ ਦੇ ਝੂਠੇ ਘੁਮੰਡ ਦਾ ਇੱਕ ਹੜ੍ਹ ਰਾਤ ਦੇ ਹਨ੍ਹੇਰੇ ਦੇ ਖਾਮੋਸ਼ ਪਾਸਾਰ ਵਿੱਚ ਪਸਰ ਗਿਆ। ਇੰਝ ਜਾਪਦਾ ਸੀ ਜਿਵੇਂ ਮੱਛਰਾਂ ਦਾ ਇੱਕ ਬਦਲ ਬਦਬੂਦਾਰ ਝੁਰਮਟ ਉੱਤੇ ਚੱਕਰ ਕੱਟ ਰਿਹਾ ਸੀ, ਭਿਣਭਿਣਾ ਰਿਹਾ ਸੀ ਅਤੇ ਕਬਰਾਂ ਦੇ ਜ਼ਹਿਰੀਲੇ ਬੁਖਾਰਾਤ ਨਾਲ਼ ਮਿਲ਼ੀ ਆਪਣੀ ਘਾਤਕ ਹਵਾੜ ਨਾਲ਼ ਹਵਾ ਨੂੰ ਪਲੀਤ ਕਰ ਰਿਹਾ ਸੀ। ਹਰ ਕੋਈ ਸ਼ੈਤਾਨ ਦੇ ਆਲ਼ੇ ਦੁਆਲ਼ੇ ਜੁੜ ਰਿਹਾ ਸੀ। ਉਹ ਦੰਦ ਕਰੀਚ ਰਹੇ ਸਨ ਅਤੇ ਉਹਨਾਂ ਦੇ ਕਾਲ਼ੇ ਅਖਵਾਨੇ ਅਹਿਲ ਤੌਰ 'ਤੇ ਉਸ ਦੇ ਚਿਹਰੇ ਉੱਤੇ ਇੰਝ ਟਿਕੇ ਹੋਏ ਸਨ ਜਿਵੇਂ ਉਹ ਪੁਰਾਣਾ ਮਾਲ ਖਰੀਦ ਰਿਹਾ ਹੋਵੇ। ਮੁਰਦਾ ਵਿਚਾਰ ਮੁਰਝਾ ਕੇ ਡਿੰਗੇ ਪਤਿਆਂ ਵਾਂਗ ਹਵਾ ਵਿੱਚ ਚਕਰਾਉਂਦੇ ਇੱਕ ਇੱਕ ਕਰ ਕੇ ਸੁਰਜੀਤ ਹੋ ਗਏ।

ਸ਼ੈਤਾਨ ਨੇ ਆਪਣੀਆਂ ਸਾਵੀਆਂ ਅੱਖਾਂ ਨਾਲ਼ ਇਸ ਉਬਲਦੇ ਜੋਸ਼ ਨੂੰ, ਉਹਨਾਂ ਦੀ ਕਠੋਰ ਤੱਕਣੀ ਨੂੰ ਵੇਖਿਆ ਜੋ ਆਪਣੀ ਝਿਲਮਿਲਾਉਂਦੀ ਮੱਧਮ ਰੌਸ਼ਨੀ ਨਾਲ਼ ਹੱਡੀਆਂ ਦੇ ਢੇਰਾਂ ਨੂੰ ਭਰਪੂਰ ਕਰ ਰਹੀ ਸੀ।

ਉਸ ਪਿੰਜਰ ਨੇ ਜਿਹੜਾ ਆਪਣੇ ਪੈਰਾਂ ਭਾਰ ਬੈਠਾ ਸੀ, ਆਪਣੀ ਬਾਂਹ ਦੀਆਂ ਹੱਡੀਆਂ ਆਪਣੀ ਖੋਪਰੀ ਤੋਂ ਉਤਾਂਹ ਉਠਾਈਆਂ ਤੇ ਉਹਨਾਂ ਨੂੰ ਇੱਕ ਲੈ ਵਿੱਚ ਝੁਲਾਉਂਦਿਆਂ ਬੋਲਿਆ:

"ਹਰ ਔਰਤ ਇੱਕ ਮਰਦ ਦੀ ਮਲਕੀਅਤ ਹੋਣੀ ਚਾਹੀਦੀ ਹੈ...।"

ਇੱਕ ਹੋਰ ਅਵਾਜ਼ ਉਸ ਦੀ ਫੁਸ ਫੁਸ ਉੱਤੇ ਭਾਰੂ ਹੋ ਗਈ ਅਤੇ ਜਿਹੜੇ ਸ਼ਬਦ ਉਸ ਆਖੇ ਉਹ ਕਿਸੇ ਹੋਰ ਦੇ ਭਾਸ਼ਣ ਵਿੱਚ ਰਲਗਡ ਹੋ ਗਏ।

"ਕੇਵਲ ਮੁਰਦਿਆਂ ਨੂੰ ਹੀ ਸੱਚ ਦਾ ਗਿਆਨ ਹੁੰਦਾ ਹੈ...।"

ਕਈ ਹੋਰ ਸ਼ਬਦ ਸੁਣਾਈ ਦਿੱਤੇ:

"ਪਿਓ, ਮੈਂ ਆਖਿਆ ਸੀ, ਇੱਕ ਮੱਕੜੀ ਵਾਂਗ ਹੈ...।"

"ਧਰਤੀ ਉੱਤੇ ਸਾਡੀ ਜ਼ਿੰਦਗੀ ਇੱਕ ਭਰਮਾਂ ਦਾ ਝਮੇਲਾ ਹੈ, ਨਿਪਟ ਅਗਿਆਨਤਾ ਦਾ ਛਲਾਵਾ ਹੈ।"

"ਮੈਂ ਤਿੰਨ ਵਾਰ ਵਿਆਹਿਆ ਗਿਆ, ਅਤੇ ਤਿੰਨੋਂ ਵਾਰ ਗਿਰਜੇ ਵਿੱਚ...।"

"ਸਾਰੀ ਉਮਰ ਉਹ ਪਰਿਵਾਰ ਦੀ ਭਲਾਈ ਦੀ ਝਾਲਰ ਨਿਰੰਤਰ ਉਣਦਾ ਹੈ...।"

"ਅਤੇ ਇੱਕ ਸਮੇਂ ਇੱਕ ਔਰਤ ਨਾਲ...।"

ਅਚਾਨਕ ਇੱਕ ਨਵਾਂ ਪਿੰਜਰ ਪ੍ਰਗਟ ਹੋਇਆ। ਉਸ ਦੀਆਂ ਪੀਲ਼ੀਆਂ ਮੁਸਾਮਦਾਰ ਹੱਡੀਆਂ ਚੀਰਵੀਂ ਅਵਾਜ਼ ਵਿੱਚ ਖੜਕੀਆਂ। ਉਸ ਨੇ ਆਪਣਾ ਅੱਧ-ਪਚੱਧਾ ਮੂੰਹ ਸ਼ੈਤਾਨ ਦੀਆਂ ਅੱਖਾਂ ਤੱਕ ਲਿਆਂਦਾ ਤੇ ਬੋਲਿਆ:

"ਹਾਂ, ਮੈਂ ਆਤਸ਼ਕ ਨਾਲ਼ ਮਰਿਆ ਸਾਂ। ਪਰ ਫਿਰ ਵੀ ਮੈਂ ਸਮਾਜ ਦੇ ਸ੍ਰਿਸ਼ਟਾਚਾਰਾਂ ਦਾ ਸਤਿਕਾਰ ਕਰਦਾ ਸਾਂ। ਜਦੋਂ ਹੀ ਮੈਨੂੰ ਪਤਾ ਲੱਗਾ ਕਿ ਮੇਰੀ ਪਤਨੀ ਮੇਰੇ ਪ੍ਰਤੀ ਬੇਵਫਾ ਹੈ, ਮੈਂ ਆਪ ਅਦਾਲਤ ਤੇ ਸਮਾਜ ਨੂੰ ਉਸ ਦੀ ਬਦਚਲਨੀ ਬਾਰੇ ਫੈਸਲਾ ਕਰਨ ਲਈ ਆਖਿਆ ਸੀ।"

ਪਰ ਉਸ ਨੂੰ ਪਰ੍ਹਾਂ ਧੱਕ ਦਿੱਤਾ ਗਿਆ ਤੇ ਉਹ ਦੂਜੇ ਪਿੰਜਰਾਂ ਦੀਆਂ ਹੱਡੀਆਂ ਨਾਲ਼ ਖਹਿਸਰਦਾ ਹੋਇਆ ਪਿਛਾਂਹ ਡਿੱਗ ਪਿਆ, ਅਤੇ ਫਿਰ ਹਰ ਪਾਸਿਓਂ ਆਵਾਜ਼ਾਂ ਦੀ ਮੱਧਮ ਜਿਹੀ ਹਵਾਂਕਣੀ ਇਸ ਤਰ੍ਹਾਂ ਸ਼ੁਰੂ ਹੋ ਗਈ ਜਿਵੇਂ ਚਿਮਨੀ ਵਿੱਚੋਂ ਹਵਾ ਨਾਲ਼ ਪੈਦਾ ਹੁੰਦੀ ਹੈ।

"ਮੈਂ ਬਿਜਲਈ ਕੁਰਸੀ ਈਜਾਦ ਕੀਤੀ ਸੀ। ਇਹ ਬਿਨਾਂ ਕਿਸੇ ਪੀੜ ਦੇ ਬੰਦੇ ਨੂੰ ਮਾਰਦੀ ਹੈ...।"

"ਮੈਂ ਲੋਕਾਂ ਨੂੰ ਦਿਲਾਸਾ ਦੇਂਦਿਆਂ ਆਖਿਆ ਸੀ ਕਿ ਮੌਤ ਦੇ ਮਗਰੋਂ ਇੱਕ ਸਦੀਵੀ ਖ਼ੁਸ਼ੀ ਤੁਹਾਨੂੰ ਉਡੀਕ ਰਹੀ ਹੈ...।"

"ਪਿਓ ਬੱਚਿਆਂ ਨੂੰ ਜ਼ਿੰਦਗੀ ਤੇ ਖੁਰਾਕ ਦੇਂਦਾ ਹੈ... ਇੱਕ ਮਰਦ ਓਦੋਂ ਹੀ ਪੂਰਨ ਮਰਦ ਹੁੰਦਾ ਹੈ ਜਦੋਂ ਉਹ ਪਿਓ ਬਣਦਾ ਹੈ, ਉਸ ਤੋਂ ਪਹਿਲਾਂ ਤੱਕ ਉਹ ਪਰਿਵਾਰ ਦਾ ਇੱਕ ਜੀਅ ਹੀ ਹੁੰਦਾ ਹੈ...।"

ਅੰਡੇ ਵਰਗੀ ਸ਼ਕਲ ਦੀ ਖੋਪਰੀ ਵਾਲ਼ਾ ਇੱਕ ਪਿੰਜਰ, ਜਿਸ ਦੇ ਮੂੰਹ ਉੱਤੇ ਮਾਸ ਦੇ ਸਿੱਕੜ ਜੰਮੇ ਹੋਏ ਸਨ, ਦੂਜਿਆਂ ਦੇ ਸਿਰਾਂ ਤੋਂ ਉਤਾਂਹ ਹੋ ਕੇ ਬੋਲਿਆ:

"ਮੈਂ ਇਹ ਸਿੱਧ ਕੀਤਾ ਸੀ ਕਿ ਕਲਾ ਨੂੰ ਸਮਾਜ ਦੇ ਵਿਚਾਰ ਤੇ ਰਾਵਾਂ, ਆਦਤਾਂ ਤੇ ਲੋੜਾਂ ਦੇ ਸਮੁੱਚੇ ਜੁੱਟ ਦੇ ਅਨੁਕੂਲ ਢਾਲਣਾ ਚਾਹੀਦਾ ਹੈ...।"

ਇੱਕ ਹੋਰ ਪਿੰਜਰ, ਜੋ ਇੱਕ ਹੋਰ ਯਾਦਗਾਰ ਜਿਹੜੀ ਇੱਕ ਟੁੱਟੇ ਹੋਏ ਦਰੱਖਤ ਦੀ ਪ੍ਰਤੀਨਿਧਤਾ ਕਰਦੀ ਜਾਪਦੀ ਸੀ ਨਾਲ਼ ਢੋਹ ਲਾਈ ਬੈਠਾ ਸੀ, ਝੱਟ ਬੋਲਿਆ:

"ਅਜ਼ਾਦੀ ਅਰਾਜਕਤਾ ਦੇ ਰੂਪ ਵਿੱਚ ਹੀ ਜਿਊਂਦੀ ਰਹਿ ਸਕਦੀ ਹੈ।"

"ਕਲਾ ਜ਼ਿੰਦਗੀ ਅਤੇ ਕੰਮ ਤੋਂ ਥੱਕੀ ਹਾਰੀ ਰੂਹ ਲਈ ਇੱਕ ਸੁਹਾਣਾ ਇਲਾਜ ਹੈ...।"

"ਉਹ ਮੈਂ ਹੀ ਸਾਂ ਜਿਸ ਨੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਸੀ ਕਿ ਜ਼ਿੰਦਗੀ ਕੰਮ ਹੈ", ਦੂਰੋਂ ਇੱਕ ਅਵਾਜ਼ ਆਈ।

"ਇੱਕ ਪੁਸਤਕ ਦੁਆਈਆਂ ਦੇ ਸਟੋਰ ਵਿੱਚੋਂ ਮਿਲ਼ਣ ਵਾਲ਼ੀਆਂ ਗੋਲ਼ੀਆਂ ਦੀਆਂ ਨਿਕਚੂ ਡੱਬੀਆਂ ਵਰਗੀ ਸੁੰਦਰ ਹੋਣੀ ਚਾਹੀਦੀ ਹੈ...।"

"ਸਾਰੇ ਲੋਕਾਂ ਨੂੰ ਜ਼ਰੂਰ ਕੰਮ ਕਰਨਾ ਚਾਹੀਦਾ ਹੈ ਅਤੇ ਉਹਨਾਂ ਵਿੱਚੋਂ ਕੁਝ ਕੁ ਨੂੰ ਕੰਮ ਦੀ ਨਿਗਰਾਨੀ ਕਰਨੀ ਚਾਹੀਦੀ...। ਉਹ ਸਾਰੇ ਜਿਨ੍ਹਾਂ ਨੂੰ ਉਹਨਾਂ ਦੇ ਗੁਣ ਤੇ ਖੂਬੀਆਂ ਕਾਬਲ ਬਣਾਉਂਦੀਆਂ ਹਨ ਆਪਣੀ ਮਿਹਨਤ ਦਾ ਫਲ ਪ੍ਰਾਪਤ ਕਰਨ ਦੇ ਹੱਕਦਾਰ ਹਨ...।"

"ਅਤੇ ਮੈਂ ਸੁਤੰਤਰ ਕਲਾ ਪਸੰਦ ਕਰਦਾ ਹਾਂ", ਸ਼ੈਤਾਨ ਨੇ ਆਖਿਆ, "ਜੋ ਸੁੰਦਰਤਾ ਦੀ ਦੇਵੀ ਤੋਂ ਬਿਨਾਂ ਕਿਸੇ ਹੋਰ ਦੇਵੀ ਦੇਵਤੇ ਦੀ ਸੇਵਾ ਨਹੀਂ ਕਰਦੀ। ਮੈਂ ਵਿਸ਼ੇਸ਼ ਤੌਰ 'ਤੇ ਇਸ ਨੂੰ ਇੱਕ ਪਵਿੱਤਰ ਨੌਜਵਾਨ ਵਾਂਗ ਜੋ ਅਮਰ ਸੁੰਦਰਤਾ ਦੇ ਸੁਪਨੇ ਲੈਂਦਾ ਹੈ ਤੇ ਇਸ ਵਿੱਚੋਂ ਖੁਸ਼ੀ ਪ੍ਰਾਪਤ ਕਰਨ ਦੀ ਜਾਚਨਾ ਕਰਦਾ ਹੈ, ਉਦੋਂ ਪਿਆਰ ਕਰਦਾ ਹਾਂ ਜਦੋਂ ਕਲਾ ਜ਼ਿੰਦਗੀ ਦੇ ਸਰੀਰ ਤੋਂ ਸਾਰੇ ਭੜਕੀਲੇ ਕੱਪੜੇ ਪਾੜ ਕੇ ਉਤਾਰ ਦੇਂਦੀ ਹੈ... ਅਤੇ ਜ਼ਿੰਦਗੀ ਉਸ ਦੇ ਸਾਹਮਣੇ ਇੱਕ ਬੁੱਢੀ ਅਵਾਰਾ ਔਰਤ ਵਾਂਗ ਖਲ੍ਹੋ ਜਾਂਦੀ ਹੈ ਜਿਸ ਦੀ ਪਿਲ਼ ਪਿਲ਼ ਕਰਦੀ ਚਮੜੀ ਝੁਰੜੀਆਂ ਤੇ ਝਰੀਟਾਂ ਨਾਲ਼ ਕੱਜੀ ਹੋਈ ਹੋਵੇ। ਇੱਕ ਪਾਗਲਾਨਾ ਰੋਹ, ਸੁੰਦਰਤਾ ਲਈ ਇੱਕ ਸੱਧਰ, ਜੀਵਨ ਦੇ ਬੋ ਮਾਰਦੇ ਛਲਾਵੇ ਲਈ ਘ੍ਰਿਣਾ—ਇਹੋ ਕੁਝ ਮੈਂ ਕਲਾ ਤੋਂ ਮੰਗ ਕਰਦਾ ਹਾਂ...। ਇੱਕ ਵਧੀਆ ਕਵੀ ਦੇ ਦੋਸਤ ਸ਼ੈਤਾਨ ਤੇ ਔਰਤਾਂ ਹੁੰਦੇ ਹਨ...."

ਘੰਟਾ ਘਰ ਤੋਂ ਤਾਂਬੇ ਦੀ ਇੱਕ ਉੱਚੀ ਸਿਸਕੀ ਸੁਣਾਈ ਦਿੱਤੀ ਅਤੇ ਮੋਇਆਂ ਦੇ ਸ਼ਹਿਰ ਉੱਤੇ ਪਾਰਦਰਸ਼ੀ ਖੰਭਾਂ ਵਾਲ਼ੇ ਇੱਕ ਵੱਡੇ ਪੰਛੀ ਵਾਂਗ ਹਨ੍ਹੇਰੇ ਵਿਚ ਅਦਿੱਖ ਤੌਰ 'ਤੇ ਫੜਫੜਾਉਂਦੀ ਹੋਈ ਖਿੱਲਰ ਗਈ...। ਕਿਸੇ ਨੀਂਦਰ ਭੰਨੇ ਚੌਂਕੀਦਾਰ ਨੇ ਢਿੱਲੜ ਤੇ ਲਾਪਰਵਾਹ ਹੱਥ ਨਾਲ਼ ਘੰਟੀ ਦੀ ਰੱਸੀ ਨੂੰ ਅਲਸਾਂਦਿਆਂ ਖਿੱਚ ਦਿੱਤਾ ਜਾਪਦਾ ਸੀ। ਪਿੱਤਲ ਦੀ ਅਵਾਜ਼ ਹਵਾ ਵਿੱਚ ਪੰਘਰ ਗਈ ਤੇ ਬੰਦ ਹੋ ਗਈ। ਪਰ ਇਸ ਦੀ ਆਖਰੀ ਲਿਲ੍ਹਕ ਦੇ ਖਤਮ ਹੋਣ ਤੋਂ ਪਹਿਲਾਂ ਰਾਤ ਦੀ ਘੰਟੀ ਦੁਬਾਰਾ ਤਿੱਖੀ ਤੇ ਸਾਫ ਆਵਾਜ਼ ਵਿੱਚ ਗੂੰਜੀ। ਹੁੰਮਸੀ ਹਵਾ ਸਹਿਜੇ ਸਹਿਜੇ ਥਰਥਰਾਈ ਅਤੇ ਕੰਬਦੇ ਤਾਂਬੇ ਦੀ ਉਦਾਸ ਭਿਣਭਿਣਾਹਟ ਵਿੱਚ ਹੱਡੀਆਂ ਦੇ ਖਹਿਸਰਣ ਅਤੇ ਖੁਸ਼ਕ ਅਵਾਜ਼ਾਂ ਦੇ ਕੁੜਕੁਣ ਦੀਆਂ ਅਵਾਜ਼ਾਂ ਰਲ਼ਗਡ ਹੋ ਗਈਆਂ।

ਮੁੜ ਕੇ ਮੈਂ ਦੁਖਦਾਇਕ ਮੂਰਖਤਾ ਦੇ ਰੁੱਖੇ ਲੰਮੇ ਭਾਸ਼ਣ, ਮੁਰਦਾ ਹੋਛੇਪਣ ਦੇ ਨਿੰਦਕੀ ਸ਼ਬਦ, ਜੇਤੂ ਛਲ ਦੀਆਂ ਗੁਸਤਾਖ ਅਵਾਜ਼ਾਂ, ਆਪੇ ਦੇ ਘੁਮੰਡ ਦੀ ਖਿਝਾਉਣੀ ਬੁੜਬੁੜ ਸੁਣਨ ਲੱਗਾ। ਉਹ ਸਾਰੇ ਵਿਚਾਰ ਜੋ ਲੋਕਾਂ ਨੇ ਸ਼ਹਿਰਾਂ ਵਿੱਚ ਹੰਢਾਏ ਸਨ ਮੁੜ ਜੀਅ ਪਏ, ਪਰ ਜਿਨ੍ਹਾਂ ਵਿੱਚੋਂ ਕਿਸੇ ਇੱਕ 'ਤੇ ਵੀ ਉਹ ਮਾਣ ਨਹੀਂ ਸਨ ਕਰ ਸਕਦੇ। ਉਹ ਸਾਰੀਆਂ

ਜੰਗਾਲ ਖਾਧੀਆਂ ਜ਼ੰਜੀਰਾਂ ਜਿਨ੍ਹਾਂ ਨੇ ਜ਼ਿੰਦਗੀ ਦੀ ਰੂਹ ਨੂੰ ਨੂੜਿਆ ਹੈ, ਖੜਕੀਆਂ ਤੇ ਟੁਣਕੀਆਂ, ਪਰ ਉਹ ਚਾਨਣ ਜੋ ਮਨੁੱਖਾਂ ਦੀਆਂ ਰੂਹਾਂ ਦੇ ਹਨ੍ਹੇਰੇ ਨੂੰ ਰੁਸ਼ਨਾਉਂਦਾ ਹੈ ਇੱਕ ਵਾਰ ਵੀ ਨਾ ਲਿਸ਼ਕਿਆ।

"ਹੀਰੋ ਕਿੱਥੇ ਹਨ ?" ਮੈਂ ਸ਼ੈਤਾਨ ਨੂੰ ਪੁੱਛਿਆ।

"ਉਹ ਬਹੁਤ ਨਿਰਮਾਣ ਹਨ ਅਤੇ ਉਹਨਾਂ ਦੀਆਂ ਕਬਰਾਂ ਭੁੱਲ ਗਈਆਂ ਹਨ। ਉਹ ਜ਼ਿੰਦਗੀ ਵਿੱਚ ਕੁਚਲੇ ਤੇ ਲਿਤਾੜੇ ਹੋਏ ਸਨ ਅਤੇ ਕਬਰਸਤਾਨ ਵਿੱਚ ਵੀ, ਮੁਰਦਿਆਂ ਦੀਆਂ ਹੱਡੀਆਂ ਨੇ ਉਹਨਾਂ ਨੂੰ ਪੀਹ ਲਿਤਾ ਹੈ।" ਉਸ ਨੇ ਸੜ੍ਹਿਆਂਦ ਦੀ ਬਦਬੋ ਨੂੰ ਜੋ ਇੱਕ ਕਾਲ਼ੇ ਬਾਲ ਵਾਂਗ ਸਾਡੇ ਨੇੜੇ ਢੁੱਕਦੀ ਆ ਰਹੀ ਸੀ ਤੇ ਜਿਸ ਵਿੱਚ ਮੁਰਦਿਆਂ ਦੀਆਂ ਰੁੱਖੀਆਂ ਅਵਾਜ਼ਾਂ ਕੀੜਿਆਂ ਵਾਂਗ ਕੁਰਬਲ ਕੁਰਬਲ ਕਰ ਰਹੀਆਂ ਸਨ ਖਿੰਡਾਉਣ ਲਈ ਆਪਣੇ ਖੰਭ ਝੁਲਾਉਂਦਿਆਂ ਉੱਤਰ ਦਿੱਤਾ।

ਮੋਚੀ ਨੇ ਆਖਿਆ ਕਿ ਉਹ ਤਿੱਖੇ ਨੋਕਦਾਰ ਬੂਟ ਈਜਾਦ ਕਰਨ ਕਾਰਨ ਧੰਨਵਾਦ ਦਾ ਹੱਕਦਾਰ ਸੀ। ਇੱਕ ਵਿਗਿਆਨੀ ਨੇ ਜਿਸ ਨੇ ਆਪਣੀ ਪੁਸਤਕ ਵਿੱਚ ਮੱਕੜੀ ਦੀਆਂ ਹਜ਼ਾਰਾਂ ਕਿਸਮਾਂ ਬਿਆਨ ਕੀਤੀਆਂ ਸਨ, ਐਲਾਨ ਕੀਤਾ ਕਿ ਮੈਂ ਸਭ ਤੋਂ ਵੱਡਾ ਵਿਗਿਆਨੀ ਸਾਂ। ਖੁਸ਼ਕ ਦੁੱਧ ਦਾ ਇੱਕ ਕਾਢਕਾਰ ਉਸ ਬੰਦੇ ਨੂੰ ਪਿਛਾਂਹ ਨੂੰ ਧੱਕਦਿਆਂ ਡੁਸਕਿਆ ਜਿਸ ਨੇ ਤੇਜ਼ੀ ਨਾਲ਼ ਗੋਲ਼ਾਬਾਰੀ ਕਰਨ ਵਾਲ਼ੀ ਮਸ਼ੀਨ ਗਨ ਤਿਆਰ ਕੀਤੀ ਸੀ ਅਤੇ ਜਿਹੜਾ ਆਪਣੇ ਆਲ਼ੇ ਦੁਆਲ਼ੇ ਦੇ ਹਰ ਬੰਦੇ ਨੂੰ ਸੰਸਾਰ ਲਈ ਆਪਣੀ ਕਾਢ ਦੇ ਲਾਭਾਂ ਦੀ ਪੂਰੇ ਜ਼ੋਰ ਸ਼ੋਰ ਨਾਲ਼ ਵਿਆਖਿਆ ਕਰਦਾ ਜਾ ਰਿਹਾ ਸੀ। ਹਜ਼ਾਰਾਂ ਹੀ ਬਰੀਕ ਤੇ ਸਿੱਲ੍ਹੀਆਂ ਰੱਸੀਆਂ ਦਿਮਾਗ ਦੁਆਲ਼ੇ ਕੱਸੀਆਂ ਹੋਈਆਂ ਸਨ ਅਤੇ ਇਸ ਨੂੰ ਸੱਪ ਦੇ ਜ਼ਹਿਰੀਲੇ ਦੰਦਾਂ ਵਾਂਗ ਕੱਟਦੀਆਂ ਪਈਆਂ ਸਨ ਅਤੇ ਸਾਰੇ ਮੁਰਦੇ, ਭਾਵੇਂ ਉਹਨਾਂ ਦਾ ਕੋਈ ਵੀ ਵਿਸ਼ਾ ਸੀ ਕੱਟੜ ਸ੍ਰਿਸ਼ਟਾਚਾਰੀਆਂ ਵਾਂਗ, ਜ਼ਿੰਦਗੀ ਦੇ ਦਰੋਗਿਆਂ ਵਾਂਗ, ਬੋਲੇ ਜਿਹੜੇ ਉਸ ਕੰਮ ਨਾਲ਼ ਜੋ ਉਹ ਕਰ ਰਹੇ ਸਨ ਬਾਗੋ ਬਾਗ ਸਨ।

"ਬਸ ਕਾਫੀ ਹੈ!" ਸ਼ੈਤਾਨ ਗਰਜਿਆ, "ਮੈਂ ਇਸ ਸਭ ਕੁਝ ਤੋਂ ਅੱਕ ਗਿਆ ਹਾਂ...। ਮੈਂ ਹਰ ਉਸ ਚੀਜ਼ ਤੋਂ ਦੁੱਖੀ ਹਾਂ ਜਿਹੜੀ ਮੈਂ ਮੁਰਦਿਆਂ ਦੇ ਕਬਰਸਤਾਨਾਂ ਵਿੱਚ ਤੇ ਸ਼ਹਿਰਾਂ ਵਿੱਚ, ਜੋ ਜਿਉਂਦਿਆਂ ਦੇ ਕਬਰਸਤਾਨ ਹਨ ਵੇਖਦਾ ਹਾਂ...। ਓਏ, ਸੱਚ ਦੇ ਨਿਗਰਾਨੋ! ਆਪਣੀਆਂ ਕਬਰਾਂ ਵਿੱਚ ਪਰਤ ਜਾਓ!...।"

ਉਸ ਦੀ ਆਵਾਜ਼ ਇੱਕ ਮਾਲਕ ਦੀ ਫੌਲਾਦੀ ਅਵਾਜ਼ ਸੀ ਜਿਹੜਾ ਉਸ ਤਾਕਤ ਤੋਂ ਜੋ ਉਸ ਦੀ ਆਪਣੀ ਸੀ ਨਿਰਾਸ਼ ਹੋ ਚੁੱਕਿਆ ਸੀ।

ਇਹ ਸੁਣਦੇ ਸਾਰ ਸੁਆਹ ਦਾ ਭੂਰਾ ਤੇ ਪੀਲ਼ਾ ਢੇਰ ਸੁਰ-ਸੁਰਾਇਆ ਹਿੱਲਿਆ ਅਤੇ ਇਸ ਤਰ੍ਹਾਂ ਉੱਭਰਿਆ ਜਿਵੇਂ ਵਾਵਰੋਲੇ ਨਾਲ਼ ਸੜਕ 'ਤੇ ਪਈ ਧੂੜ ਉਤਾਂਹ ਨੂੰ ਉੱਠਦੀ ਹੈ। ਧਰਤੀ ਉੱਤੇ ਸੈਂਕੜੇ ਕਾਲ਼ੇ ਮੂੰਹ ਖੁੱਲ੍ਹ ਗਏ ਅਤੇ ਉਸ ਯੂਰਪੀ ਵਾਂਗ ਪਚਾ ਕੇ ਮਾਰਦਿਆਂ ਜਿਸ ਨੇ ਆਪਣਾ ਪੇਟ ਭਰ ਲਿਆ ਹੋਵੇ, ਇੱਕ ਵਾਰ ਹੋਰ ਉਹੋ ਖੁਰਾਕ ਹੜਪ ਕਰ ਲਈ ਜਿਹੜੀ ਉਸ ਨੇ ਪਹਿਲਾਂ ਉਗਲਛ ਦਿੱਤੀ ਸੀ ਤੇ ਉਸ ਨੂੰ ਨਵੇਂ ਸਿਰਿਓਂ ਚੱਬ ਚੱਬ ਕੇ ਹਜ਼ਮ ਕਰਨਾ

ਸ਼ੁਰੂ ਕਰ ਦਿੱਤਾ...। ਤੁਰੰਤ ਹਰ ਸ਼ੈਅ ਅਲੋਪ ਹੋ ਗਈ, ਪੱਥਰ ਹਿੱਲੇ ਤੇ ਆਪੋ ਆਪਣੀਆਂ ਥਾਵਾਂ 'ਤੇ ਜਾ ਡਿੱਗੇ ਅਤੇ ਉੱਥੇ ਪਹਿਲਾਂ ਵਾਂਗ ਅਹਿਲ ਤੌਰ 'ਤੇ ਖਲ੍ਹੋ ਗਏ। ਪਰ ਇੱਕ ਜਾਬਰ ਬਦਬੋ ਜਿਸ ਨੇ ਇੱਕ ਭਾਰੇ ਸਿੱਲ੍ਹੇ ਹੱਥ ਵਾਂਗ ਸੰਘ ਨੂੰ ਘੁੱਟਿਆ ਹੋਇਆ ਸੀ ਅਜੇ ਵੀ ਆ ਰਹੀ ਸੀ।

ਸ਼ੈਤਾਨ ਨੇ ਇੱਕ ਕਬਰ ਉੱਤੇ ਬੈਠਦਿਆਂ ਅਤੇ ਆਪਣੇ ਗੋਡਿਆਂ ਉੱਤੇ ਕੂਹਣੀਆਂ ਨੂੰ ਲਿਜਾਂਦਿਆਂ ਆਪਣੇ ਕਾਲ਼ੇ ਹੱਥਾਂ ਦੀਆਂ ਲੰਮੀਆਂ ਉਂਗਲਾਂ ਨਾਲ਼ ਆਪਣੇ ਸਿਰ ਨੂੰ ਮਲ਼ਿਆ। ਉਸ ਦੀਆਂ ਪਥਰਾਈਆਂ ਅੱਖਾਂ ਹਨ੍ਹੇਰੇ ਵਿੱਚ ਪੱਥਰਾਂ ਤੇ ਕਬਰਾਂ ਦੇ ਸਮੂਹ ਉੱਤੇ ਟਿੱਕੀਆਂ ਹੋਈਆਂ ਸਨ...। ਤਾਰੇ ਉਸ ਉੱਤੇ ਸ਼ਾਨਦਾਰ ਢੰਗ ਨਾਲ਼ ਚਮਕੇ, ਉੱਪਰ ਆਕਾਸ਼ ਵਿੱਚ ਜੋ ਵੇਖਣ ਨੂੰ ਨਿਰਮਲ ਹੋ ਗਿਆ ਸੀ ਘੰਟੀ ਦੀ ਭਾਰੀ ਟੁਣਕਾਰ ਰਾਤ ਨੂੰ ਨੀਂਦਰ ਤੋਂ ਜਗਾਉਣ ਲਈ ਸਹਿਜੇ ਸਹਿਜੇ ਵਹਿ ਟੁਰੀ।

"ਕੀ ਤੂੰ ਉਹ ਸਭ ਕੁਝ ਵੇਖਿਆ ਸੀ?" ਸ਼ੈਤਾਨ ਨੇ ਮੈਨੂੰ ਆਖਿਆ। "ਜ਼ਿੰਦਗੀ ਦੇ ਕਾਨੂੰਨਾਂ ਦਾ ਇੱਕ ਕਾਲ਼ਾ, ਸਿਮਟਿਆ ਢਾਂਚਾ ਮੂਰਖਤਾ ਦੀ ਖਤਰਨਾਕ, ਚਿਕੜਾਲੀ, ਜ਼ਹਿਰੀਲੀ, ਨੰਗੇ ਝੂਠ ਅਤੇ ਨਿੰਦਕ ਹੋਛੇਪਣ ਦੀ ਧਰਤੀ ਉੱਤੇ ਉਸਾਰਿਆ ਗਿਆ ਹੈ। ਇੱਕ ਪਿੰਜਰਾ ਜਿਸ ਵਿੱਚ ਤੁਸੀਂ ਸਾਰਿਆਂ ਨੂੰ ਮੋਇਆਂ ਨੇ ਭੇਡਾਂ ਵਾਂਗ ਧੱਕ ਦਿੱਤਾ ਹੈ...। ਮਾਨਸਕ ਆਲਸ ਅਤੇ ਕਾਇਰਤਾ ਲਚਕੀਲੇ ਫੀਤਿਆਂ ਵਾਂਗ ਤੁਹਾਡੇ ਜੇਲ੍ਹਖਾਨੇ ਨੂੰ ਬੰਨ੍ਹਦੀ ਹੈ। ਤੁਹਾਡੀ ਜ਼ਿੰਦਗੀ ਦੇ ਅਸਲੀ ਮਾਲਕ ਇਹ ਮੁਰਦਾ ਲੋਕ ਹਨ ਅਤੇ ਭਾਵੇਂ ਤੁਹਾਡੇ ਉੱਤੇ ਜਿਊਂਦੇ ਰਾਜ ਕਰਦੇ ਹਨ, ਉਹ ਵੀ ਮੋਇਆ ਤੋਂ ਉਤਸ਼ਾਹਤ ਹੁੰਦੇ ਹਨ। ਕਬਰਾਂ ਸੰਸਾਰੀ ਸਿਆਣਪ ਦੇ ਚਸ਼ਮੇ ਹਨ। ਮੈਂ ਤੈਨੂੰ ਕਹਿਣਾ ਚਾਹੁੰਦਾ ਹਾਂ: ਤੇਰੀ ਸਾਧਾਰਨ ਸੂਝ ਇੱਕ ਫੁੱਲ ਹੈ ਜੋ ਮੁਰਦਾ ਲਾਸ਼ਾਂ ਦੇ ਰਸ ਨਾਲ਼ ਸਰਸਬਜ਼ ਹੋਈ ਧਰਤੀ ਉੱਤੇ ਖਿੜਦਾ ਹੈ। ਮੁਰਦਾ ਵਿਚਾਰਾਂ ਦੀ ਵਧੀਆ ਖੁਸ਼ਕ ਧੂੜ ਬੜੀ ਆਸਾਨੀ ਨਾਲ਼ ਜਿਊਂਦਿਆਂ ਦੇ ਦਿਮਾਗਾਂ ਵਿੱਚ ਘੁੱਸ ਜਾਂਦੀ ਹੈ, ਇਹੋ ਕਾਰਨ ਹੈ ਕਿ ਤੁਹਾਡੇ ਸਿਆਣਪ ਦੇ ਪ੍ਰਚਾਰਕ ਹਮੇਸ਼ਾ ਆਤਮਾ ਦੀ ਮੌਤ ਦੇ ਪ੍ਰਚਾਰਕ ਹੁੰਦੇ ਹਨ।"

ਸ਼ੈਤਾਨ ਨੇ ਆਪਣਾ ਸਿਰ ਚੁੱਕਿਆ ਅਤੇ ਉਸ ਦੀਆਂ ਸਾਵੀਆਂ ਅੱਖਾਂ ਦੋ ਠੰਡੇ ਯਖ ਤਾਰਿਆਂ ਵਾਂਗ ਮੇਰੇ ਚਿਹਰੇ ਉੱਤੇ ਜੰਮ ਗਈਆਂ।

"ਇਸ ਧਰਤੀ ਉੱਤੇ ਬੜੇ ਜ਼ੋਰ ਸ਼ੋਰ ਨਾਲ਼ ਕਿਹੜੀ ਗੱਲ ਦਾ ਪ੍ਰਚਾਰ ਕੀਤਾ ਜਾਂਦਾ ਹੈ? ਉਹ ਕਿਹੜੀ ਚੀਜ਼ ਹੈ ਜਿਸ ਨੂੰ ਮਨੁੱਖ ਅਸਲ ਕਾਨੂੰਨ ਵਾਂਗ ਸਥਾਪਤ ਕਰਨਾ ਚਾਹੁੰਦਾ ਹੈ? ਇਹ ਜ਼ਿੰਦਗੀ ਨੂੰ ਹਿੱਸਿਆਂ ਵਿੱਚ ਵੰਡਦਾ ਹੈ, ਲੋਕਾਂ ਲਈ ਜ਼ਿੰਦਗੀ ਦੀਆਂ ਵੱਖ ਵੱਖ ਹਾਲਤਾਂ ਦੀ ਨਿਯਮਕਤਾ ਅਤੇ ਉਹਨਾਂ ਦੀਆਂ ਰੂਹਾਂ ਦੀ ਇਕੱਤਾ ਦੀ ਜ਼ਰੂਰਤ ਹੈ; ਰੂਹਾਂ ਦੀ ਇੱਟ ਵਰਗੀ ਇੱਕਰੂਪਤਾ ਹੈ ਤਾਂ ਜੋ ਉਹਨਾਂ ਨੂੰ ਰੇਖਿਕੀ ਆਕਾਰਾਂ ਵਿੱਚ ਅਸਾਨੀ ਨਾਲ਼ ਰੱਖਿਆ ਜਾ ਸਕੇ, ਉਹਨਾਂ ਕੁਝ ਕੁ ਬੰਦਿਆਂ ਲਈ ਰਾਜ ਕਰਨਾ ਸੁਖਾਲਾ ਹੋ ਜਾਏ। ਇਹ ਉਪਦੇਸ਼ ਦੰਭੀ ਢੰਗ ਨਾਲ਼ ਗੁਲਾਮ ਬਣਾਏ ਲੋਕਾਂ ਦੀ ਤਲਖੀ ਨੂੰ ਗੁਲਾਮ ਬਣਾਉਣ ਵਾਲ਼ਿਆਂ ਦੇ ਨਿਰਦਈ ਕਪਟ ਨਾਲ਼ ਮਨਮਨੌਤ ਕਰਨ ਦਾ ਸੱਦਾ ਦੇਂਦਾ ਹੈ। ਇਹ ਕਮੀਨੀ ਖਾਹਿਸ਼ ਦੀ ਮੰਗ ਸੀ ਕਿ

ਰੋਸ ਪ੍ਰਗਟ ਕਰਨ ਦੀ ਸੁਤੰਤਰ ਭਾਵਨਾ ਨੂੰ ਖਤਮ ਕਰ ਦਿੱਤਾ ਜਾਵੇ। ਇਹ ਇਸ ਬਦਨਾਮ ਯੋਜਨਾ ਤੋਂ ਬਿਨਾਂ ਹੋਰ ਕੁਝ ਨਹੀਂ ਕਿ ਮਨੁੱਖ ਦੀ ਸੁਤੰਤਰ ਭਾਵਨਾ ਲਈ ਕੂੜ-ਕੁਸੱਤ ਦੇ ਪੱਥਰਾਂ ਦਾ ਇੱਕ ਤਹਿਖਾਨਾ ਉਸਾਰਿਆ ਜਾਵੇ...।"

ਪਹੁ ਫੁੱਟਣ ਲੱਗੀ। ਸੂਰਜ ਦੀ ਉਡੀਕ ਵਿੱਚ ਪੀਲ਼ੇ ਪੈਂਦੇ ਜਾਂਦੇ ਆਕਾਸ਼ ਵਿੱਚ ਤਾਰੇ ਮੱਧਮ ਪੈ ਗਏ। ਪਰ ਸ਼ੈਤਾਨ ਦੀਆਂ ਅੱਖਾਂ ਜਿਉਂ ਜਿਉਂ ਉਹ ਬੋਲਦਾ ਗਿਆ ਹੋਰ ਭੱਖਦੀਆਂ ਗਈਆਂ।

"ਮਨੁੱਖਾਂ ਨੂੰ ਕੀ ਸਿਖਾਉਣਾ ਚਾਹੀਦਾ ਹੈ ਤਾਂ ਜੋ ਉਹ ਆਪਣੀਆਂ ਜ਼ਿੰਦਗੀਆਂ ਨੂੰ ਸੰਪੂਰਨ ਤੇ ਖ਼ੂਬਸੂਰਤ ਬਣਾਉਣਾ ਸਿੱਖ ਜਾਣ ?—ਸਾਰਿਆਂ ਲਈ ਇੱਕੋ ਜਿਹੀਆਂ ਹਾਲਤਾਂ ਅਤੇ ਰੂਹਾਂ ਦੀ ਭਿੰਨਤਾ। ਫਿਰ ਜ਼ਿੰਦਗੀ ਫੁੱਲਾਂ ਦਾ ਇੱਕ ਗੁਲਦਸਤਾ ਬਣ ਜਾਵੇਗੀ, ਜਿਸ ਦੀਆਂ ਜੜ੍ਹਾਂ ਹਰ ਮਨੁੱਖ ਦੀ ਸੁਤੰਤਰਤਾ ਲਈ ਸਾਰਿਆਂ ਦੇ ਸਤਿਕਾਰ ਵਿੱਚ ਸ਼ਕਤੀ ਪ੍ਰਾਪਤ ਕਰਨਗੀਆਂ। ਇਹ ਪਰਸਪਰ ਮਿਤਰਤਾ ਅਤੇ ਉਚੇਰਾ ਉੱਡਣ ਦੀ ਸਾਂਝੀ ਉਤੇਜਨਾ ਦੇ ਦਗ੍ਹਦੇ ਕੋਲ਼ਿਆਂ 'ਤੇ ਪਲ਼ਦੀ ਅਗਨੀ ਹੋਵੇਗੀ...। ਉਦੋਂ ਕੇਵਲ ਵਿਚਾਰਾਂ ਦੀ ਲੜਾਈ ਹੋਵੇਗੀ ਅਤੇ ਮਨੁੱਖ ਕਾਮਰੇਡਾਂ ਵਾਂਗ ਰਹਿਣ ਸਹਿਣਗੇ। ਤੇਰੇ ਵਿਚਾਰ ਵਿੱਚ ਕੀ ਇੰਝ ਹੋਣਾ ਅਸੰਭਵ ਹੈ ? ਮੈਂ ਕਹਿੰਦਾ ਹਾਂ, ਇੰਝ ਹੋਵੇਗਾ ਕਿਉਂ ਜੋ ਇਹ ਅਜੇ ਤੱਕ ਹੋਇਆ ਨਹੀਂ।"

"ਦਿਨ ਚੜ੍ਹ ਰਿਹਾ ਹੈ!" ਸ਼ੈਤਾਨ ਨੇ ਪੂਰਬ ਵੱਲ ਵੇਖਦਿਆਂ ਬੋਲਣਾ ਜਾਰੀ ਰੱਖਿਆ। "ਪਰ ਕੀ ਸੂਰਜ ਖੁਸ਼ੀ ਲਿਆਵੇਗਾ ਜਦੋਂ ਹਰ ਬੰਦੇ ਦੇ ਦਿਲ ਵਿੱਚ ਰਾਤ ਸੁੱਤੀ ਹੋਵੇਗੀ ? ਲੋਕਾਂ ਕੋਲ਼ ਸੂਰਜ ਦਾ ਅਨੰਦ ਮਾਣਨ ਲਈ ਕੋਈ ਸਮਾਂ ਨਹੀਂ ਹੈ, ਇਹਨਾਂ ਵਿੱਚੋਂ ਬਹੁਤੇ ਕੇਵਲ ਰੋਟੀ ਚਾਹੁੰਦੇ ਹਨ—ਇਹਨਾਂ ਵਿੱਚੋਂ ਕੁਝ ਇਸ ਵਿੱਚੋਂ ਜਿੰਨੀ ਸੰਭਵ ਹੋ ਸਕਦੀ ਹੈ ਘੱਟ ਤੋਂ ਘੱਟ ਦੇਣ ਵਿੱਚ ਰੁੱਝੇ ਹੋਏ ਹਨ; ਬਾਕੀ ਦੇ ਜ਼ਿੰਦਗੀ ਦੇ ਭੀੜ ਭੜੱਕੇ ਵਿੱਚੋਂ ਅਜ਼ਾਦੀ ਦੀ ਉਦਾਸ ਭਾਲ਼ ਵਿੱਚ ਫਿਰ ਰਹੇ ਹਨ; ਪਰ ਰੋਟੀ ਲਈ ਉਹਨਾਂ ਦੀ ਨਿਰੰਤਰ ਜੱਦੋਜਹਿਦ ਵਿੱਚ ਉਹਨਾਂ ਤੋਂ ਇਹ ਅੱਖ ਬਚਾ ਕੇ ਖਿਸਕ ਜਾਂਦੀ ਹੈ। ਆਪਣੇ ਨਿਆਸਰੇਪਣ ਤੋਂ ਦੁੱਖੀ ਹੋਏ ਇਹ ਤਰਸਵਾਨ ਤੇ ਨਿਰਾਸ਼ ਲੋਕ ਨਾ ਮੰਨਣਯੋਗ ਗੱਲਾਂ ਨਾਲ਼ ਵੀ ਸਮਝੌਤਾ ਕਰਨ ਦਾ ਯਤਨ ਕਰਦੇ ਹਨ। ਸੋ ਇਸ ਤਰ੍ਹਾਂ ਵਧੀਆ ਮਨੁੱਖ ਕੂੜ-ਕੁਸੱਤ ਦੀ ਜਿਲ੍ਹਣ ਵਿੱਚ ਖਿੱਚੇ ਜਾਂਦੇ ਹਨ—ਪਹਿਲਾਂ, ਆਪਣੇ ਵੱਲ ਉਹਨਾਂ ਦੀ ਵਫਾਦਾਰੀ ਨੂੰ ਵੇਖੇ ਬਿਨਾਂ ਅਚੇਤ ਤੌਰ 'ਤੇ ਅਤੇ ਫਿਰ ਆਪਣੇ ਪਹਿਲਾਂ ਦੇ ਵਿਸ਼ਵਾਸਾਂ ਤੇ ਵਿਚਾਰਾਂ ਨਾਲ਼ ਜਾਣ ਬੁੱਝ ਕੇ ਗੱਦਾਰੀ ਕਰਦਿਆਂ ਸੁਚੇਤ ਤੌਰ 'ਤੇ...।"

ਉਹ ਉੱਠਿਆ ਅਤੇ ਉਸ ਨੇ ਆਪਣੇ ਤਾਕਤਵਰ ਖੰਭ ਖਿਲਾਰ ਦਿੱਤੇ।

"ਮੇਰਾ ਵਿਚਾਰ ਹੈ ਕਿ ਮੈਂ ਵੀ ਸ਼ਾਨਦਾਰ ਸੰਭਾਵਨਾਵਾਂ ਦੇ ਭਵਿੱਖ ਵੱਲ ਜਾਂਦੇ ਆਪਣੀਆਂ ਆਸਾਂ ਦੇ ਰਾਹ ਉੱਤੇ ਜਾਵਾਂਗਾ...।"

ਅਤੇ ਘੰਟੀ ਦੀ ਇੱਕ ਡਰਾਉਣੀ ਆਵਾਜ਼—ਤਾਂਬੇ ਦੇ ਸਹਿਜੇ ਸਹਿਜੇ ਖਤਮ ਹੁੰਦੇ ਜਾਂਦੇ ਖੜਾਕ ਦੇ ਮਗਰੋਂ ਉਹ ਪੱਛਮ ਵੱਲ ਉੱਡ ਗਿਆ।

ਮੈਂ ਇਹ ਸੁਪਨਾ ਇੱਕ ਅਮਰੀਕੀ ਨੂੰ ਸੁਣਾਇਆ, ਜੋ ਹੋਰਾਂ ਦੇ ਮੁਕਾਬਲੇ ਵਿੱਚ ਰਤਾ

ਵਧੇਰੇ ਮਨੁੱਖੀ ਜੀਵ ਜਾਪਦਾ ਸੀ। ਉਹ ਕੁਝ ਛਿਨਾਂ ਲਈ ਧਿਆਨਵਾਨ ਹੋ ਗਿਆ ਤੇ ਫਿਰ ਮੁਸਕਰਾ ਕੇ ਬੋਲਿਆ:

"ਮੈਂ ਸਮਝ ਗਿਆ! ਸ਼ੈਤਾਨ ਇੱਕ ਫਰਮ ਦਾ ਏਜੰਟ ਸੀ ਜੋ ਮੁਰਦਿਆਂ ਨੂੰ ਸਾੜਨ ਦਾ ਵਪਾਰ ਕਰਦੀ ਹੈ। ਬਿਲਕੁੱਲ ਸੱਚ! ਜੋ ਕੁਝ ਉਸ ਨੇ ਆਖਿਆ ਮੁਰਦਿਆਂ ਨੂੰ ਸਾੜਨ ਦੇ ਹੱਕ ਵਿੱਚ ਦਲੀਲ ਸੀ। ਮੈਂ ਤੁਹਾਨੂੰ ਦੱਸਣਾ ਚਾਹਾਂਗਾ ਪਰ ਉਹ ਬਹੁਤ ਹੀ ਸਮਰੱਥ ਤੇ ਯੋਗ ਏਜੰਟ ਸੀ। ਉਹ ਆਪਣੀ ਫਰਮ ਨੂੰ ਮਸ਼ਹੂਰ ਕਰਨ ਲਈ ਇਤਨਾ ਉਤਾਵਲਾ ਸੀ ਕਿ ਉਹ ਲੋਕਾਂ ਦੇ ਸੁਪਨਿਆਂ ਵਿੱਚ ਵੀ ਆ ਪ੍ਰਗਟ ਹੋਇਆ...।"

1906

ਲੇਖ

ਇੱਕ ਅਮਰੀਕੀ ਰਸਾਲੇ ਵੱਲੋਂ ਪ੍ਰਾਪਤ ਹੋਏ ਸੁਆਲ ਨਾਮੇ ਦਾ ਜੁਆਬ

ਤੁਸਾਂ ਪੁੱਛਿਆ ਹੈ:

"ਕੀ ਤੁਹਾਡਾ ਦੇਸ਼ ਅਮਰੀਕਾ ਨੂੰ ਘ੍ਰਿਣਾ ਕਰਦਾ ਹੈ ਅਤੇ ਤੁਸੀਂ ਅਮਰੀਕੀ ਸਭਿਅਤਾ ਬਾਰੇ ਕਿਵੇਂ ਸੋਚਦੇ ਹੋ ?"

ਪੁੱਛੇ ਗਏ ਸੁਆਲਾਂ ਦੇ ਤੱਥ ਵਿੱਚ ਹੀ ਅਤੇ ਰੂਪ ਵਿੱਚ ਵੀ ਕੁਝ ਅਜਿਹੀ ਗੱਲ ਹੈ ਜੋ ਭਾਰੀ ਅਤਿਕਥਨੀ ਵਾਲ਼ੀ, ਅਤਿ ਦੀ ਤਣਾਅ ਪੂਰਨ ਤੇ ਵਿਸ਼ੇਸ਼ ਅਮਰੀਕੀ ਲਹਿਜੇ ਵਾਲ਼ੀ ਹੈ। ਮੈਂ ਕਿਸੇ ਯੂਰਪੀ ਬਾਰੇ ਸੋਚ ਵੀ ਨਹੀਂ ਸਕਦਾ ਜੋ "ਪੈਸਾ ਬਣਾਉਣ" ਲਈ ਅਜਿਹੇ ਸੁਆਲ ਪੁੱਛਣ ਦੇ ਕਾਬਲ ਹੋਵੇ ਅਤੇ ਮੈਂ ਤੁਹਾਡੇ ਪਹਿਲੇ ਸੁਆਲ ਬਾਰੇ, ਤੁਹਾਨੂੰ ਤੇ ਹੋਰ ਸਾਰਿਆਂ ਨੂੰ ਇਹ ਜ਼ਰੂਰ ਆਖਣਾ ਚਾਹੁੰਦਾ ਹਾਂ ਕਿ ਮੈਨੂੰ ਆਪਣੇ ਦੇਸ਼ ਦੇ 15 ਕਰੋੜ ਨਾਗਰਿਕਾਂ ਵੱਲੋਂ ਇਸ ਦਾ ਉੱਤਰ ਦੇਣ ਦਾ ਅਧਿਕਾਰ ਪ੍ਰਾਪਤ ਨਹੀਂ ਹੈ, ਕਿਉਂ ਜੋ ਮੈਂ ਉਹਨਾਂ ਤੋਂ ਕਿਸੇ ਵੀ ਤਰ੍ਹਾਂ ਇਹ ਨਹੀਂ ਪੁੱਛ ਸਕਦਾ ਕਿ ਉਹ ਤੁਹਾਡੇ ਦੇਸ਼ ਬਾਰੇ ਕਿਵੇਂ ਸੋਚਦੇ ਹਨ।

ਮੇਰਾ ਕਿਆਸ ਹੈ ਕਿ ਉਹਨਾਂ ਦੇਸ਼ਾਂ ਵਿੱਚ—ਫਿਲਪਾਈਨਜ਼ ਵਿੱਚ, ਦੱਖਣੀ ਅਮਰੀਕੀ ਰੀਪਬਲਕਾਂ ਵਿੱਚ, ਚੀਨ ਵਿੱਚ—ਜਿਨ੍ਹਾਂ ਦੇ ਲਹੂ ਤੋਂ ਤੁਹਾਡੇ ਪੂੰਜੀਪਤੀ ਡਾਲਰ ਬਣਾ ਰਹੇ ਹਨ ਅਤੇ ਅਮਰੀਕਾ ਵਿਚਲੇ ਇੱਕ ਕਰੋੜ ਰੰਗਦਾਰ ਲੋਕਾਂ ਵਿੱਚੋਂ ਵੀ ਕੋਈ ਵੀ ਅਜਿਹਾ ਬੁੱਧੀਮਾਨ ਵਿਅਕਤੀ ਨਹੀਂ ਲੱਭ ਸਕਦਾ ਜੋ ਆਪਣੇ ਲੋਕਾਂ ਵੱਲੋਂ ਦੱਸਣਾ ਫਰਜ਼ ਕਰ ਸਕਦਾ ਹੋਵੇ: "ਹਾਂ, ਮੇਰਾ ਦੇਸ਼, ਮੇਰੇ ਲੋਕ ਅਮਰੀਕਾ ਨੂੰ ਘ੍ਰਿਣਾ ਕਰਦੇ ਹਨ, ਉਸ ਦੇ ਸਾਰੇ ਲੋਕਾਂ ਨੂੰ ਮਜ਼ਦੂਰਾਂ ਦੇ ਨਾਲ਼ ਨਾਲ਼ ਅਰਬਪਤੀਆਂ ਨੂੰ ਰੰਗਦਾਰ ਲੋਕਾਂ ਦੇ ਨਾਲ਼ ਗੋਰੀ ਚਮੜੀ ਵਾਲ਼ਿਆਂ ਨੂੰ ਨਫ਼ਰਤ ਕਰਦੇ ਹਨ; ਔਰਤਾਂ ਤੇ ਬੱਚਿਆਂ ਨੂੰ, ਖੇਤਾਂ, ਨਦੀਆਂ, ਜੰਗਲਾਂ, ਜਾਨਵਰਾਂ ਤੇ ਪੰਛੀਆਂ ਨੂੰ, ਤੁਹਾਡੇ ਦੇਸ਼ ਦੇ ਬੀਤੇ ਤੇ ਵਰਤਮਾਨ ਨੂੰ, ਇਸ ਦੇ ਵਿਗਿਆਨ ਤੇ ਵਿਗਿਆਨੀਆਂ ਨੂੰ, ਇਸ ਦੇ ਸ਼ਾਨਦਾਰ ਤਕਨੀਕੀ ਗਿਆਨ ਨੂੰ, ਏਡੀਸਨ ਤੇ ਲੂਥਰ ਬੂਰਬੈਂਕ, ਏਡਗਰ ਪੋ, ਵਾਲਟ ਵ੍ਹਿਟਮੈਨ, ਵਾਸ਼ਿੰਗਟਨ ਤੇ ਲਿੰਕਨ ਨੂੰ ਥਿਉਦਰ ਡਰੀਸਰ ਤੇ ਇਊਜਨ ਓ'ਨੀਲ, ਸ਼ੇਰਵੁਡ ਐਂਡਰਸਨ ਨੂੰ, ਇਸ ਦੇ ਸਾਰੇ ਵਰੋਸਾਏ ਕਲਾਕਾਰਾਂ ਨੂੰ ਅਤੇ ਸ਼ਾਨਦਾਰ ਰੋਮਾਂਚਵਾਦੀ ਬਰੇਟ ਹਾਰਟੇ, ਜੈਕ ਲੰਡਨ ਦੇ ਰੂਹਾਨੀ ਪਿਤਾ ਥੋਰੀਓ, ਏਮਰਸਨ ਨੂੰ ਅਤੇ ਹਰ ਉਸ ਚੀਜ਼ ਨੂੰ

ਜੋ ਅਮਰੀਕਾ ਦੇ ਸੰਯੁਕਤ ਰਾਜਾਂ ਨੂੰ ਬਣਾਉਂਦੀ ਹੈ ਅਤੇ ਉਹਨਾਂ ਸਾਰਿਆਂ ਨੂੰ ਜੋ ਇਹਨਾਂ ਰਾਜਾਂ ਵਿੱਚ ਵੱਸਦੇ ਹਨ ਘ੍ਰਿਣਾ ਕਰਦੇ ਹਨ।"

ਮੈਨੂੰ ਆਸ ਹੈ ਤੁਸੀਂ ਇਤਨਾ ਮੂੜ੍ਹ ਬੰਦਾ ਲੱਭਣ ਦੀ ਸੰਭਾਵਨਾ ਨਹੀਂ ਰੱਖਦੇ ਜੋ ਤੁਹਾਡੇ ਸੁਆਲ ਦਾ ਅਜਿਹਾ ਸਿਰ-ਫਿਰਿਆ ਜੁਆਬ ਦੇ ਸਕੇ, ਅਜਿਹਾ ਜੁਆਬ ਜੋ ਲੋਕਾਂ ਤੇ ਸੱਭਿਆਚਾਰ ਲਈ ਇਤਨੀ ਘ੍ਰਿਣਾ ਨਾਲ਼ ਭਰਪੂਰ ਹੋਵੇ।

ਪਰ, ਨਿਰਸੰਦੇਹ, ਜਿਸ ਨੂੰ ਤੁਸੀਂ ਅਮਰੀਕਾ ਦੀ ਸੱਭਿਅਤਾ ਆਖਦੇ ਹੋ ਉਹ ਮੇਰੀਆਂ ਹਮਦਰਦੀਆਂ ਨੂੰ ਨਾ ਉਕਸਾਉਂਦੀ ਹੈ ਨਾ ਉਕਸਾ ਸਕਦੀ ਹੈ। ਮੇਰਾ ਵਿਚਾਰ ਹੈ ਕਿ ਤੁਹਾਡੀ ਸੱਭਿਅਤਾ ਸਾਡੇ ਨਿਛੱਤਰ ਉੱਤੇ ਬਹੁਤ ਹੀ ਭੱਦੀ ਸੱਭਿਅਤਾ ਹੈ ਕਿਉਂ ਜੋ ਇਸ ਦੀ ਕਰੂਪਤਾ ਨੇ ਯੂਰਪੀ ਸੱਭਿਅਤਾ ਦੀਆਂ ਸਾਰੀਆਂ ਤੇ ਬੇਸ਼ਰਮ ਕਰੂਪਤਾਵਾਂ ਦੇ ਮੁਕਾਬਲੇ ਵਿੱਚ ਇੱਕ ਦਿਓ-ਕੱਦ ਅਕਾਰ ਧਾਰਨ ਕਰ ਲਿਆ ਹੈ। ਯੂਰਪ ਰਾਜ ਦੇ ਜਮਾਤੀ ਢਾਂਚੇ ਦੇ ਸਨਕੀਪਣ ਰਾਹੀਂ ਬਹੁਤ ਹੀ ਭ੍ਰਿਸ਼ਟ ਹੋ ਗਿਆ ਹੈ; ਪਰ ਅਜੇ ਵੀ, ਯੂਰਪ ਕੋਈ ਵੀ ਚੀਜ਼ ਇਤਨੀ ਘਾਤਕ ਤੇ ਨਿਰਅਰਥਕ ਨਹੀਂ ਵਿਖਾ ਸਕਦਾ ਜਿਹੋ ਜਿਹੀ ਤੁਹਾਡੇ ਕਰੋੜਪਤੀ ਤੇ ਅਰਬਾਂਪਤੀ, ਜੋ ਤੁਹਾਡੇ ਦੇਸ਼ ਦੀ ਪ੍ਰਤੀਨਿਧਤਾ ਕਰਦੇ ਹਨ ਇਤਨੀ ਅਧੋਗਤੀ ਨਾਲ਼ ਪੇਸ਼ ਕਰਦੇ ਹਨ। ਤੁਹਾਨੂੰ ਬੋਸਟੇਨ ਦੇ ਕਤਲ ਦਾ ਜ਼ਰੂਰ ਪਤਾ ਹੋਵੇਗਾ, ਜਦੋਂ ਦੋ ਅਮੀਰਜ਼ਾਦਿਆਂ ਨੇ ਤੀਜੇ ਨੂੰ ਮਹਿਜ਼ ਕੁਝ ਜਾਣਨ ਦੇ ਸ਼ੌਕ ਵਜੋਂ ਕਤਲ ਕਰ ਦਿੱਤਾ ਸੀ ? ਅਤੇ ਤੁਹਾਡੇ ਦੇਸ਼ ਵਿੱਚ ਹੋਰ ਕਿਤਨੇ ਹੀ ਜੁਰਮ ਸਿਰਫ ਕੁਝ ਜਾਣਨ ਦੇ ਸ਼ੌਕ ਵਜੋਂ ਕੀਤੇ ਜਾਂਦੇ ਹਨ, ਮਹਿਜ਼ ਇਹਨਾਂ ਦਾ ਸੁਆਦ ਲੈਣ ਲਈ ? ਯੂਰਪ ਵੀ ਆਪਣੇ ਨਾਗਰਿਕਾਂ ਦੇ ਸ਼ਹਿਰੀ ਅਧਿਕਾਰ ਖੋਹ ਲੈਣ ਤੇ ਉਹਨਾਂ ਨੂੰ ਨਿਆਸਰਾ ਬਣਾਉਣ ਬਾਰੇ ਫੜ੍ਹ ਮਾਰ ਸਕਦਾ ਹੈ, ਫਿਰ ਵੀ ਉਹ ਅਜੇ ਇਤਨੀ ਬਦਨਾਮੀ ਦੀ ਡੂੰਘਾਈ ਤੱਕ ਨਹੀਂ ਡੁੱਬਿਆ ਜਿਤਨਾ ਸਾਕੋ ਤੇ ਵਾਨਜ਼ੇਤੀ ਦੇ ਕਤਲ ਸਦਕਾ ਅਮਰੀਕਾ। ਫ਼ਰਾਂਸ ਕੋਲ਼ ਵੀ "ਡਰੇਫਿਊਜ਼ ਕੇਸ" ਸੀ ਜਿਹੜਾ ਕਾਫੀ ਸ਼ਰਮਨਾਕ ਸੀ; ਪਰ ਫ਼ਰਾਂਸ ਵਿੱਚ ਏਮੀਲ ਜ਼ੋਲਾ ਅਤੇ ਅਨਾਤੋਲੇ ਫ਼ਰਾਂਸ ਨਿਰਦੋਸ਼ ਬਲ਼ਦੀ ਦੇ ਬੂਥੇ ਆਇਆਂ ਦੀ ਹਮਾਇਤ ਵਿੱਚ ਨਿਤਰੇ ਅਤੇ ਉਹਨਾਂ ਨੇ ਹਜ਼ਾਰਾਂ ਲੋਕਾਂ ਨੂੰ ਹਰਕਤ ਵਿੱਚ ਲਿਆਂਦਾ। ਜਰਮਨੀ ਵਿੱਚ ਜੰਗ ਦੇ ਮਗਰੋਂ "ਕੂ ਕਲਕਸ ਕਲੈਨ" ਕਾਤਲਾਂ ਦੀ ਇੱਕ ਜਥੇਬੰਦੀ—ਕਿਸਮ ਦੀ ਇੱਕ ਚੀਜ਼ ਹੋਂਦ ਵਿੱਚ ਆਈ ਪਰ ਉੱਥੇ ਵੀ ਉਹਨਾਂ ਦੇ ਵਿਰੁੱਧ ਕਾਰਵਾਈ ਕੀਤੀ ਗਈ ਤੇ ਉਹਨਾਂ ਨੂੰ ਮੁਜਰਮ ਠਹਿਰਾਇਆ ਗਿਆ ਹੈ ਜਦ ਕਿ ਤੁਹਾਡੇ ਦੇਸ਼ ਵਿੱਚ ਏਦਾਂ ਨਹੀਂ ਹੁੰਦਾ। "ਕੂ ਕਲਕਸ ਕਲੈਨ" ਰੰਗਦਾਰ ਲੋਕਾਂ ਤੇ ਔਰਤਾਂ ਦਾ ਕਤਲ ਕਰਦੀ ਹੈ ਅਤੇ ਸ਼ਰਮਨਾਕ ਢੰਗ ਨਾਲ਼ ਉਹਨਾਂ ਦੀ ਬੇਇੱਜ਼ਤੀ ਕਰਦੀ ਹੈ ਅਤੇ ਇਹ ਸਭ ਕੁਝ ਦੰਡ ਤੋਂ ਮੁਕਤ ਹੈ, ਇਸ ਤਰ੍ਹਾਂ ਜਿਵੇਂ ਰਾਜਾਂ ਦੇ ਗਵਰਨਰ ਸੋਸ਼ਲਿਸਟ ਕਾਰਕੁਨਾਂ ਨੂੰ ਖਤਮ ਕਰਵਾ ਦੇਂਦੇ ਹਨ ਪਰ ਉਹਨਾਂ ਨੂੰ ਕੋਈ ਸਜ਼ਾ ਨਹੀਂ ਮਿਲ਼ਦੀ।

ਯੂਰਪ ਵਿੱਚ "ਨੀਗਰੋ ਲੋਕਾਂ ਨੂੰ ਜ਼ਿੱਚ ਕਰਨ" ਵਰਗੀ ਕੋਈ ਕਰਾਹਤ ਨਹੀਂ, ਭਾਵੇਂ ਉਹ ਇੱਕ ਹੋਰ ਬਦਨਾਮ ਰੋਗ "ਯਹੂਦੀਵਾਦ-ਵਿਰੋਧ" ਦਾ ਸ਼ਿਕਾਰ ਹੈ, ਇਹ ਇੱਕ ਅਜਿਹਾ ਰੋਗ ਹੈ, ਅਸਲ ਵਿੱਚ, ਜਿਸ ਦੀ ਅਮਰੀਕਾ ਨੂੰ ਵੀ ਲਾਗ ਲੱਗੀ ਹੋਈ ਹੈ।

ਯੂਰਪ ਵਿੱਚ ਵੀ ਨਿਰੰਤਰ ਤੌਰ ’ਤੇ ਜੁਰਮ ਵੱਧ ਰਹੇ ਹਨ, ਪਰ ਅੱਜ ਉਹ ਇਤਨੀ ਮਾਤਰਾਂ ਵਿੱਚ ਨਹੀਂ ਵਧੇ, ਜਿੰਨੇ—ਤੁਹਾਡੀਆਂ ਅਖ਼ਬਾਰਾਂ ਦੀਆਂ ਖ਼ਬਰਾਂ ਤੋਂ ਅਨੁਮਾਨ ਲਾਉਂਦਿਆਂ — ਸ਼ਿਕਾਗੋ ਵਿੱਚ ਵੱਧ ਰਹੇ ਹਨ, ਜਿੱਥੇ ਐਕਸਚੇਂਜ ਤੇ ਬੈਂਕਾਂ ਦੇ ਗੁੰਡਿਆਂ ਤੋਂ ਇਲਾਵਾ ਬੰਦੂਕਾਂ ਤੇ ਬੰਬਾਂ ਨਾਲ਼ ਲੈਸ ਗੁੰਡੇ ਵੀ ਹਨ ਜੋ ਜੀਅ ਆਇਆ ਕਰਦੇ ਫਿਰਦੇ ਹਨ। ਬੰਦੂਕਾਂ ਨਾਲ਼ ਲੜਾਈਆਂ ਜੋ ਤੁਹਾਡੇ ਦੇਸ਼ ਵਿੱਚ **ਪਰੋਹਿਬਸ਼ਨ** ਕਾਰਨ ਪੈਦਾ ਹੋਈਆਂ, ਯੂਰਪ ਵਿੱਚ ਅਜਿਹੀਆਂ ਨਹੀਂ ਹੁੰਦੀਆਂ, ਨਾ ਹੀ ਉੱਥੇ ਸ਼ਹਿਰ ਦਾ ਕੋਈ ਅਜਿਹਾ ਮੇਅਰ ਹੈ ਜਿਸ ਨੇ ਅੰਗਰੇਜ਼ੀ ਭਾਸ਼ਾ ਦੀਆਂ ਪਰਮਾਣੀਕ ਪੁਸਤਕਾਂ ਖੁੱਲ੍ਹੇ ਆਮ ਸਾੜੀਆਂ ਹੋਣ ਜਿਵੇਂ ਸ਼ਿਕਾਗੋ ਦੇ ਮੇਅਰ ਨੇ ਸਾੜੀਆਂ ਸਨ।

ਮੇਰਾ ਵਿਸ਼ਵਾਸ ਨਹੀਂ ਕਿ ਬਰਨਾਰਡ ਸ਼ਾਅ ਨੂੰ ਕਿਸੇ ਦੂਜੇ ਦੇਸ਼ ਵਿੱਚ ਆਉਣ ਦੇ ਸੱਦਾ ਪੱਤਰ ਦਾ ਇਤਨਾ ਚੌਕੰਨਾ ਜਵਾਬ ਦੇਣ ਦਾ ਅਧਿਕਾਰ ਹੋਵੇਗਾ ਜਿਹੋ ਜਿਹਾ ਉਸ ਨੇ **ਨੇਸ਼ਨ** ਦੇ ਸੰਪਾਦਕ ਵਿੱਲਰਡ ਨੂੰ, ਜਿਸ ਨੇ ਉਸ ਨੂੰ ਅਮਰੀਕਾ ਆਉਣ ਦਾ ਸੱਦਾ ਪੱਤਰ ਘੱਲਿਆ ਸੀ, ਦਿੱਤਾ ਸੀ।

ਸਾਰੇ ਦੇਸ਼ਾਂ ਦੇ ਪੂੰਜੀਪਤੀ ਸਮਾਨ ਰੂਪ ਵਿੱਚ ਘਿਨਾਉਣੇ ਤੇ ਅਣ-ਮਨੁੱਖੀ ਨਸਲ ਦੇ ਹਨ ਪਰ ਤੁਹਾਡੇ ਤਾਂ ਸਭ ਤੋਂ ਘਟੀਆਂ ਹਨ। ਪ੍ਰਤੱਖ ਰੂਪ ਵਿੱਚ ਇਹ ਪੈਸੇ ਦੇ ਬਹੁਤ ਭੁੱਖੜ ਲਾਲਚੀ ਹਨ। ਸਬੱਬ ਨਾਲ਼ ਸ਼ਬਦ “ਵਪਾਰੀ” ਦਾ ਮੈਂ ਨਿੱਜੀ ਤੌਰ ’ਤੇ ਅਨੁਵਾਦ “ਖਬਤੀ” ਕਰਦਾ ਹਾਂ।

ਰਤਾ ਸੋਚੋ ਇਹ ਸਭ ਕੁਝ ਕਿਤਨਾ ਸ਼ਰਮਨਾਕ ਤੇ ਮੂਰਖਤਾ ਭਰਪੂਰ ਹੈ : ਇਹ ਸਾਡਾ ਸੁੰਦਰ ਨਛੱਤਰ, ਜਿਸ ਨੂੰ ਇਤਨੇ ਯਤਨਾਂ ਦੀ ਕੀਮਤ ਉੱਤੇ ਵਧੇਰੇ ਖ਼ੂਬਸੂਰਤ ਤੇ ਅਮੀਰ ਬਣਾਉਣਾ ਅਸਾਂ ਸਿੱਖਿਆ ਹੈ — ਲਗਭਗ ਸਾਡੀ ਸਾਰੀ ਧਰਤੀ ਉਹਨਾਂ ਮਨੁੱਖਾਂ ਦੀ ਨਿਖੇਧੀ ਯੋਗ ਨਸਲ ਦੀ ਪੀਡੀ ਜਕੜ ਵਿੱਚ ਹੈ, ਜਿਹੜੇ ਪੈਸਾ ਬਣਾਉਣ ਤੋਂ ਬਿਨਾਂ ਹੋਰ ਕਿਸੇ ਕੰਮ ਕਾਰ ਦੇ ਨਹੀਂ ਹਨ। ਉਹ ਸ਼ਾਨਦਾਰ ਰਚਨਾਤਮਕ ਸ਼ਕਤੀ—ਵਿਗਿਆਨੀਆਂ, ਤਕਨੀਕੀ ਮਾਹਰਾਂ, ਕਵੀਆਂ, ਮਜ਼ਦੂਰਾਂ ਦਾ, ਜਿਹੜੇ ਸੱਭਿਆਚਾਰ ਸਾਡੀ “ਦੂਜੀ ਕੁਦਰਤ”, ਉਸਾਰਦੇ ਹਨ ਲਹੂ ਤੇ ਦਿਮਾਗ ਇਹਨਾਂ ਮੂੜ੍ਹ ਤੇ ਬੁੱਧੂ ਵਿਅਕਤੀਆਂ ਰਾਹੀਂ ਧਾਤ ਦੀਆਂ ਛੋਟੀਆਂ ਪੀਲ਼ੀਆਂ ਗੋਲ਼ ਟਿੱਕੀਆਂ ਵਿੱਚ ਅਤੇ ਕਾਗਜ਼ੀ ਚੈਕਾਂ ਵਿੱਚ ਬਦਲਿਆ ਜਾ ਰਿਹਾ ਹੈ।

ਪੈਸੇ ਤੋਂ ਬਿਨਾਂ ਇਹ ਪੂੰਜੀਪਤੀ ਹੋਰ ਕਿਹੜੀ ਸ਼ੈਅ ਦੀ ਰਚਨਾ ਕਰਦੇ ਹਨ ? ਨਿਰਾਸ਼ਾ ਹੈ, ਸਾੜਾ ਹੈ, ਲੋਭ ਹੈ ਅਤੇ ਘ੍ਰਿਣਾ ਜੋ ਅਟੱਲ ਤੌਰ ’ਤੇ ਇਹਨਾਂ ਨੂੰ ਤਬਾਹ ਕਰ ਦੇਵੇਗੀ, ਪਰ ਇਹਨਾਂ ਦੇ ਨਾਲ਼ ਹੀ, ਹੋ ਸਕਦਾ ਹੈ ਇਹ ਆਪਣੀ ਵਿਸਫੋਟਕੀ ਹਿੰਸਾ ਨਾਲ਼ ਸੱਭਿਆਚਾਰ ਦੇ ਅਥਾਹ ਭਾਰੀ ਖਜ਼ਾਨੇ ਵੀ ਤਬਾਹ ਕਰ ਦੇਣ। ਤੁਹਾਡੀ ਰੋਗਾਤਮਕ ਤੌਰ ’ਤੇ ਭਾਰੀ ਅਕਾਰ ਵਿੱਚ ਵਧੀ ਹੋਈ ਸੱਭਿਆਤਾ ਡਰਾਉਣੇ ਰੂਪ ਵਿੱਚ ਤੁਹਾਡੇ ਲਈ ਦੁਖਾਂਤ ਪੈਦਾ ਕਰ ਰਹੀ ਹੈ।

ਜਿੱਥੋਂ ਤੱਕ ਮੇਰਾ ਸਬੰਧ ਹੈ, ਮੇਰੀ ਇਹ ਰਾਏ ਹੈ ਕਿ ਅਸਲੀ ਸੱਭਿਅਤਾ ਤੇ ਸੱਭਿਆਚਾਰ ਦਾ ਤੇਜ਼ ਵਿਕਾਸ ਕੇਵਲ ਉਸ ਹਾਲਤ ਵਿੱਚ ਹੀ ਸੰਭਵ ਹੋ ਸਕਦਾ ਹੈ ਜਦੋਂ ਰਾਜਸੀ ਤਾਕਤ ਪੂਰੀ ਤਰ੍ਹਾਂ ਮਜ਼ਦੂਰ ਜਮਾਤ ਦੇ ਹੱਥ ਵਿੱਚ ਹੋਵੇ — ਦੂਜਿਆਂ ਦੀ ਮਿਹਨਤ ਉੱਤੇ ਪਲ਼ ਰਹੀਆਂ

ਜੋਕਾਂ ਦੇ ਹੱਥਾਂ ਵਿੱਚ ਨਹੀਂ ਅਤੇ ਨਿਰਸੰਦੇਹ, ਮੈਂ ਪੂੰਜੀਪਤੀਆਂ ਨੂੰ ਸਮਾਜਿਕ ਤੌਰ 'ਤੇ ਖਤਰਨਾਕ ਲੋਕਾਂ ਦਾ ਇੱਕ ਟੋਲਾ **ਐਲਾਨਣ** ਦੀ, ਰਾਜ ਦੇ ਲਾਭ ਲਈ ਉਹਨਾਂ ਦੀ ਜਾਇਦਾਦ ਜ਼ਬਤ ਕਰਨ ਦੀ, ਇਹਨਾਂ ਲੋਕਾਂ ਨੂੰ ਸਮੁੰਦਰੀ ਜਹਾਜ਼ ਰਾਹੀਂ ਮਹਾਂਸਾਗਰ ਦੇ ਕਿਸੇ ਟਾਪੂ ਵਿੱਚ ਭੇਜਣ ਦੀ—ਅਤੇ ਉੱਥੇ ਇਹਨਾਂ ਨੂੰ ਆਰਾਮ ਨਾਲ਼ ਮਰ ਜਾਣ ਦਿਓ—ਸਿਫਾਰਸ਼ ਕਰਾਂਗਾ। ਇਸ ਸਮਾਜਿਕ ਸਮੱਸਿਆ ਦਾ ਇਹ ਬਹੁਤ ਹੀ ਮਾਨਵੀ ਅਤੇ "ਅਮਰੀਕੀ ਆਦਰਸ਼ਵਾਦ" ਦੀ ਕਾਮਨਾ ਦੇ ਅਨੁਕੂਲ ਹੱਲ ਹੋਵੇਗਾ ਜੋ ਇਕੱਲੇ ਇਕੱਲੇ ਵਿਅਕਤੀ ਦਾ ਉਲਟ-ਸਿੱਧੜ ਆਸ਼ਾਵਾਦ ਤੋਂ ਬਿਨਾਂ ਕੁਝ ਵੀ ਨਹੀਂ ਜਿਨ੍ਹਾਂ ਵਿਅਕਤੀਆਂ ਨੇ ਅਜੇ ਤੱਕ ਨਾਟਕ ਦੇ ਦੁਖਾਂਤ ਨਹੀਂ ਵੇਖੇ ਜੋ ਉਹਨਾਂ ਦੇ ਯੋਗ ਫਲ ਵਿੱਚ "ਇੱਕ ਕੌਮ ਦਾ ਇਤਿਹਾਸ" ਵਜੋਂ ਜਾਣੇ ਜਾਂਦੇ ਹਨ।

1927-1929

ਬੁਰਜੂਆ ਪ੍ਰੈੱਸ

ਜਿਹੜਾ ਗੰਦ ਮੰਦ ਤੁਸੀਂ ਵਰਤੀਆਂ ਹੋਈਆਂ ਚੀਜ਼ਾਂ ਦੇ ਬਾਜ਼ਾਰਾਂ ਵਿੱਚ ਵੇਖਦੇ ਹੋ ਉਹ ਤੁਹਾਨੂੰ ਦੱਸਦਾ ਹੈ ਕਿ ਬੀਤੇ ਦਿਨਾਂ ਵਿੱਚ ਲੋਕ ਕਿਵੇਂ ਰਹਿੰਦੇ ਸਨ; ਅਖ਼ਬਾਰਾਂ ਵਿੱਚ ਇਸ਼ਤਿਹਾਰ ਤੇ ਪੁਲਿਸ ਦੀਆਂ ਖ਼ਬਰਾਂ, ਲੋਕਾਂ ਦੀ ਵਰਤਮਾਨ ਜੀਵਨ ਜਾਚ ਬਾਰੇ ਚੰਗੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਜਦੋਂ ਮੈਂ ਅਖ਼ਬਾਰ ਦੀ ਗੱਲ ਕਰਦਾ ਹਾਂ, ਤਾਂ ਮੈਂ ਯੂਰਪ ਤੇ ਅਮਰੀਕਾ ਦੇ "ਸੱਭਿਆਚਾਰਕ ਕੇਂਦਰਾਂ" ਵਿੱਚ "ਜਨਤਕ ਗਿਆਨ ਦੀਆਂ" ਮੁੱਖ ਮਾਨਸਿਕ ਅਖ਼ਬਾਰਾਂ ਦਾ ਹਵਾਲਾ ਦੇ ਰਿਹਾ ਹਾਂ। ਬੁਰਜੂਆ ਅਖ਼ਬਾਰਾਂ ਨੂੰ ਪੜ੍ਹਨਾ ਮੈਂ ਇੰਝ ਲਾਹੇਵੰਦ ਸਮਝਦਾ ਹਾਂ ਜਿਵੇਂ ਨੌਕਰਾਂ ਵੱਲੋਂ ਆਪਣੇ ਮਾਲਕਾਂ ਦੇ ਅੰਦਰੂਨੀ ਜੀਵਨ ਬਾਰੇ ਹੁੰਦੀਆਂ ਗੱਲਾਂ ਬਾਤਾਂ ਨੂੰ ਸੁਣਨਾ ਲਾਹੇਵੰਦ ਹੁੰਦਾ ਹੈ। ਇੱਕ ਤੰਦਰੁਸਤ ਬੰਦੇ ਨੂੰ ਬੀਮਾਰੀਆਂ ਬਾਰੇ ਕੋਈ ਦਿਲਚਸਪੀ ਨਹੀਂ ਹੋ ਸਕਦੀ ਤੇ ਨਾ ਹੀ ਹੋਣੀ ਚਾਹੀਦੀ ਹੈ, ਪਰ ਡਾਕਟਰ ਆਪਣੇ ਫਰਜ਼ ਵੱਲੋਂ ਪਾਬੰਦ ਹੈ ਕਿ ਉਹ ਉਹਨਾਂ ਦਾ ਅਧਿਐਨ ਕਰੇ। ਡਾਕਟਰਾਂ ਤੇ ਪੱਤਰਕਾਰਾਂ ਵਿਚਾਲੇ ਇੱਕ ਗੱਲ ਸਾਂਝੀ ਹੈ: ਇਹ ਦੋਵੇਂ ਬੀਮਾਰੀਆਂ ਦੀ ਤਸ਼ਖੀਸ਼ ਕਰਦੇ ਹਨ ਤੇ ਉਹਨਾਂ ਬਾਰੇ ਦੱਸਦੇ ਹਨ। ਸਾਡੇ ਪੱਤਰਕਾਰ ਬੁਰਜੂਆ ਪੱਤਰਕਾਰਾਂ ਨਾਲ਼ੋਂ ਚੰਗੇਰੀ ਸਥਿਤੀ ਵਿੱਚ ਹਨ, ਕਿਉਂ ਜੋ ਉਹ ਸਮਾਜ ਦੇ ਦੁਖਦਾਈ ਵਰਤਾਰੇ ਦੇ ਆਮ ਕਾਰਨਾਂ ਤੋਂ ਚੰਗੀ ਤਰ੍ਹਾਂ ਜਾਣੂੰ ਹਨ। ਇਸ ਲਈ ਇੱਕ ਸੋਵੀਅਤ ਪੱਤਰਕਾਰ ਬੁਰਜੂਆ ਪ੍ਰੈੱਸ ਦੀ ਸ਼ਹਾਦਤ ਬਾਰੇ ਇਤਨਾ ਸੁਚੇਤ ਤੇ ਸੋਘਾ ਜ਼ਰੂਰ ਹੋਣਾ ਚਾਹੀਦਾ ਹੈ ਜਿੰਨਾ ਇੱਕ ਡਾਕਟਰ ਇੱਕ ਰੋਗੀ ਦੀਆਂ ਚੀਕਾਂ ਤੇ ਰੋਣ ਧੋਣ ਬਾਰੇ ਸੁਚੇਤ ਹੁੰਦਾ ਹੈ। ਜੇ ਸਾਡੇ ਦੇਸ਼ ਵਿੱਚ ਕੋਈ ਪ੍ਰਤਿਭਾਸ਼ਾਲੀ ਵਿਅਕਤੀ ਹੁੰਦਾ ਤੇ ਉਹ ਕਿਸੇ "ਸੱਭਿਆਚਾਰਕ ਕੇਂਦਰ" ਦੀਆਂ ਅਖ਼ਬਾਰਾਂ ਵਿੱਚ ਪੁਲਸ ਦੀਆਂ ਮਿਤੀਵਾਰ ਖ਼ਬਰਾਂ ਤੋਂ ਚੋਖੀ ਮਾਤਰਾ ਵਿੱਚ ਤੱਥ ਇਕੱਤਰ ਕਰਦਾ ਅਤੇ ਇਹਨਾਂ ਤੱਥਾਂ ਦਾ ਵਿਭਾਗੀ ਸਟੋਰਾਂ, ਰੈਸਟੋਰੈਂਟਾਂ ਤੇ ਮਨੋਰੰਜਨ ਦੇ ਭਵਨਾਂ ਦੇ ਇਸ਼ਤਿਹਾਰਾਂ ਨਾਲ਼ ਅਤੇ ਸਮਾਗਮਾਂ, ਸਵਾਗਤੀ ਸਮਾਰੋਹਾਂ ਤੇ ਆਮ ਉਤਸਵਾਂ ਦੇ ਵਰਣਨਾਂ ਨਾਲ਼ ਟਾਕਰਾ ਕਰਦਾ ਅਤੇ ਜੇ ਉਹ ਇਸ ਸਮੱਗਰੀ ਨੂੰ ਉਸ ਵਿਧੀ ਅਨੁਸਾਰ ਪੇਸ਼ ਕਰਦਾ ਜਿਹੜੀ ਜੋਨ ਡੋਸ ਪਾਸੋਸ ਨੇ ਆਪਣੇ ਬਹੁਤ ਹੀ ਦਿਲਚਸਪ ਨਾਵਲ **ਮਾਨਹਟਨ ਟਰਾਂਸਫਰ** ਵਿੱਚ ਵਰਤੀ ਹੈ ਤਾਂ ਅਸੀਂ ਵਰਤਮਾਨ ਬੁਰਜੂਆ ਸਮਾਜ ਦੇ "ਸੱਭਿਆਚਾਰਕ" ਜੀਵਨ ਦੀ ਇੱਕ ਚੁੰਧਿਆਉਣ ਤੇ ਚਕਰਾ ਦੇਣ ਵਾਲ਼ੀ ਤਸਵੀਰ ਪ੍ਰਾਪਤ ਕਰਦੇ।

ਅਸੀਂ ਹਰ ਰੋਜ਼ ਬੁਰਜੂਆ ਪ੍ਰੈੱਸ ਵਿੱਚ ਕੀ ਕੁਝ ਵੇਖਦੇ ਹਾਂ? ਉਦਾਹਰਣ ਵਜੋਂ, ਕੁਝ ਖਬਰਾਂ ਪੇਸ਼ ਹਨ ਜੋ ਪਿਛਲੇ ਮਈ ਦੇ ਮਹੀਨੇ ਵਿੱਚ ਵੇਖਣ ਵਿੱਚ ਆਈਆਂ ਹਨ:

"ਬਾਲ ਸੁਧਾਰ ਘਰ ਵਿੱਚ ਬਗਾਵਤ" — ਇੱਕ ਬਾਲ ਸੁਧਾਰ ਘਰ ਵਿੱਚ 14 ਲੜਕੇ ਭੱਜ ਗਏ, ਘੋੜ ਸੁਆਰ ਪੁਲਸ ਨੇ 12 ਲੜਕੇ ਪਕੜ ਲਏ, ਬਾਕੀ ਦੋਹਾਂ ਦਾ ਪਤਾ ਨਹੀਂ ਲੱਗਾ। "ਇੱਕ ਹੋਰ ਨਾਬਾਲਗ ਨੂੰ ਤਸੀਹੇ ਦਿੱਤੇ ਗਏ"। ਮਾਂ ਨੇ ਆਪਣੇ ਬੱਚਿਆਂ ਨੂੰ ਕਤਲ ਕਰ ਦਿੱਤਾ — ਦੋ ਗੈਸ ਦੀ ਜ਼ਹਿਰ ਨਾਲ਼ ਮਰ ਗਏ, ਕਾਰਨ — ਭੁੱਖ! "ਇੱਕ ਹੋਰ ਥਾਂ ਗੈਸ ਦੀ ਜ਼ਹਿਰ ਨਾਲ਼ ਮੌਤਾਂ"—ਪੰਜ ਸਾਹ ਘੁਟਣ ਨਾਲ਼ ਮਰ ਗਏ: ਪਤੀ, ਪਤਨੀ, ਪਤੀ ਦੀ ਬੁੱਢੀ ਮਾਂ, ਤਿੰਨਾਂ ਸਾਲਾਂ ਦੀ ਕੁੜੀ ਅਤੇ ਇੱਕ ਛੋਟਾ ਮੁੰਡਾ। "ਭੁੱਖ ਦੇ ਕਾਰਨ ਕਤਲ।" "ਇੱਕ ਹੋਰ ਔਰਤ ਨੂੰ ਟੁਕੜੇ ਟੁਕੜੇ ਕਰ ਦਿੱਤਾ ਗਿਆ।" "ਆਦੀ ਮੁਜਰਮ ਫਿਰ ਜੇਲ੍ਹ ਵਿੱਚ" ਪੰਜ ਸਾਲ ਕੈਦ ਦੀ ਸਜ਼ਾ ਭੁਗਤਣ ਮਗਰੋਂ ਰਿਹਾ ਹੋਇਆ ਇੱਕ ਆਦਮੀ ਪੁਲਸ ਕੋਲ਼ ਗਿਆ ਤੇ ਕਹਿਣ ਲੱਗਾ ਕਿ ਉਹ ਬੀਮਾਰ ਹੈ, ਕੰਮ ਨਹੀਂ ਕਰ ਸਕਦਾ ਅਤੇ ਮੰਗਤਾ ਨਹੀਂ ਬਣਨਾ ਚਾਹੁੰਦਾ ਅਤੇ ਕਹਿੰਦਾ ਹੈ ਕਿ ਮੈਨੂੰ ਮੁੜ ਜੇਲ੍ਹ ਭੇਜ ਦਿੱਤਾ ਜਾਵੇ; ਬੁਰਜੂਆ ਰਾਜ ਦੇ "ਨਿਆਈਂ ਕਾਨੂੰਨ" ਇਸ ਦੀ ਆਗਿਆ ਨਹੀਂ ਦੇਂਦੇ, ਸੋ ਜੇਲ੍ਹ ਦਾ ਆਦੀ ਹੋਣ ਕਾਰਨ ਆਦਮੀ ਬਾਹਰ ਜਾਂਦਾ ਹੈ ਅਤੇ ਇੱਕ ਦੁਕਾਨ ਦੀਆਂ ਖਿੜਕੀਆਂ ਤੋੜ ਦੇਂਦਾ ਹੈ ਅਤੇ ਪੁਲਸ ਨਾਲ਼ ਲੜਨਾ ਸ਼ੁਰੂ ਕਰ ਦੇਂਦਾ ਹੈ ਅਤੇ ਇਸ ਤਰ੍ਹਾਂ ਜੋ ਕੁਝ ਉਹ ਚਾਹੁੰਦਾ ਹੈ ਉਸ ਨੂੰ ਮਿਲ਼ ਜਾਂਦਾ ਹੈ। "ਕਰੋੜਪਤੀ ਕੰਗਲਾ" — ਇੱਕ ਅੱਸੀ ਸਾਲ ਦੇ ਬੁੱਢੇ ਮੰਗਤੇ ਦੀ ਮੌਤ, 50 ਲੱਖ ਕਰੋਨ ਉਸ ਦੇ ਗੰਦ ਮੰਦ ਵਿੱਚੋਂ ਲੱਭੇ। "89 ਵਰ੍ਹਿਆਂ ਦਾ ਲਾਰਡ ਐਸ਼ਟਨ ਮਰਨ ਪਿੱਛੋਂ ਦੋ ਕਰੋੜ ਡਾਲਰ ਛੱਡ ਗਿਆ।" "ਅਦਭੁੱਤ ਮੁਕੱਦਮਾ"—ਲੀਓਨ ਵਿੱਚ 300 ਵਿਅਕਤੀ ਗੰਦਾ ਪਾਣੀ ਪੀਣ ਕਾਰਨ ਮਰ ਗਏ। "ਭਾਰੀ ਜਾਨੀ ਨੁਕਸਾਨ" "ਕੱਲ੍ਹ ਸ਼ਹਿਰ ਦੇ ਵੱਖ ਵੱਖ ਭਾਗਾਂ ਵਿੱਚ ਕਈ ਕਤਲ ਹੋਏ ਤੇ ਲੁਟੇਰੇ ਬੱਚ ਕੇ ਨਿਕਲ਼ ਗਏ।" ਇਸ ਘਟਨਾ ਵਿੱਚ ਸ਼ਬਦ "ਬੱਚ ਕੇ" ਵਿਅੰਗ ਵਜੋਂ ਨਹੀਂ, ਸਗੋਂ ਇਸ ਨੂੰ ਕਾਤਲਾਂ ਨਾਲ਼ ਹਮਦਰਦੀ ਦੇ ਚਿੰਨ੍ਹ ਵਜੋਂ ਸਮਝਿਆ ਜਾਵੇ।

ਇਹ ਧੋਖਾਦਹੀ, ਭ੍ਰਿਸ਼ਟਾਚਾਰ ਅਤੇ ਆਤਮ-ਘਾਤ ਤੇ ਕਤਲ ਵਿੱਚ ਖਤਮ ਹੋਣ ਵਾਲ਼ੇ, ਵਿਭਚਾਰ ਦੇ ਛੋਟੇ ਜਾਂ ਵੱਡੇ ਮਾਮਲਿਆਂ ਬਾਰੇ ਰਿਪੋਰਟਾਂ ਹੁੰਦੀਆਂ ਹਨ, ਨਿਰਸੰਦੇਹ ਮੈਂ ਇੱਕ ਮਹੀਨੇ ਦੇ ਦੌਰਾਨ ਪ੍ਰਕਾਸ਼ਤ ਹੋਈਆਂ ਖ਼ਬਰਾਂ ਦੀ ਇੱਕ ਬਹੁਤ ਹੀ ਨਿਗੂਣੀ ਜਿਹੀ ਗਿਣਤੀ ਗਿਣਾਈ ਹੈ—ਬਾਕੀ ਦੇ 90 ਫੀਸਦੀ ਮਾਮਲੇ ਇਸੇ ਤਰ੍ਹਾਂ ਦੇ ਮੁਜਰਮਾਨਾ ਤੇ ਦੁਖਦਾਈ ਖਾਸੇ ਵਾਲ਼ੇ ਹਨ। ਇਹ ਸਭ ਕੁਝ ਬਹੁਤ ਹੀ ਸੰਖੇਪ ਤੇ ਸਪੱਸ਼ਟ ਰੂਪ ਵਿੱਚ ਬਿਨਾਂ ਕਿਸੇ ਬਨਾਵਟ ਦੇ ਮੁੜ ਬਿਆਨ ਕੀਤਾ ਗਿਆ ਹੈ; ਪੱਤਰਕਾਰਾਂ ਨੂੰ ਕੇਵਲ ਆਪਣੇ ਬਿਆਨ ਕਰਨ ਦੇ ਢੰਗ ਅਨੁਸਾਰ ਥੋੜ੍ਹੀ ਜਿਹੀ ਬਨਾਵਟ ਤੇ ਥੋੜ੍ਹਾ ਜਿਹਾ ਚਸਕੇਦਾਰ ਰੰਗ ਮਿਲਾਉਣਾ ਪਵੇਗਾ, ਇਹ ਜ਼ਰੂਰੀ ਹੈ ਕਿ "ਹਰ ਔਰਤ" ਨੂੰ ਅਸਾਧਾਰਨ ਜਿਣਸੀ ਕਾਰਗਰੀ ਨਾਲ਼ ਟੁਕੜੇ ਟੁਕੜੇ ਕੀਤਾ ਜਾਵੇ ਜਾਂ ਇੱਕ ਮਜ਼ਦੂਰ ਕੁਰਤੇਨ ਡਿਉਸੇਲ ਡੋਰਫ ਕਾਤਲ ਨੂੰ ਇਕਬਾਲ ਕਰਨਾ ਚਾਹੀਦਾ ਹੈ ਕਿ ਉਸ ਨੇ 53 ਜੁਰਮ ਕੀਤੇ ਹਨ ਤੇ ਫਿਰ "ਅਚਾਨਕ ਪੜਤਾਲ਼ ਕਰਨ ਵਾਲ਼ੇ ਪੁਲਸੀਏ ਨੂੰ

ਝੱਟ ਆਖੇ: ਕੀ ਵਿਚਾਰ ਏ ਤੇਰਾ ਜੇ ਮੈਂ ਹੁਣ ਸਭ ਕੁਝ ਤੋਂ ਮੁੱਕਰ ਜਾਵਾਂ ?" ਇਹ "ਸਨਸਨੀਖੇਜ਼" ਖਬਰ ਹੈ। ਪਰ ਬੁਰਜੂਆ ਦੇਸ਼ਾਂ ਵਿੱਚ ਵੁਲਨ ਦਾ ਕੰਮ ਸਨਸਨੀਆਂ ਦਾ ਸਿਲਸਿਲਾ ਬਣਦਾ ਜਾ ਰਿਹਾ ਹੈ ਅਤੇ ਕੂਰਤੇਨ ਦਾ ਮਾਮਲਾ ਸੋਵੀਅਤ ਪਾਠਕ ਲਈ ਕੋਈ ਅਚੰਭਾਜਨਕ ਨਹੀਂ ਹੋਣਾ ਚਾਹੀਦਾ। ਤੁਸੀਂ ਮਹਿਜ਼ ਇਹ ਸਭ ਕੁਝ ਨਹੀਂ ਸਮਝ ਸਕਦੇ ਕਿ ਇਹ ਸਭ ਕੁਝ ਕਿਉਂ ਛਾਪਿਆ ਗਿਆ ਹੈ ? ਪੁਲਸ ਦੀ ਕਾਰਵਾਈ ਦਾ ਰੋਜ਼ਨਾਮਚਾ ਬੁਰਜੂਆ ਪ੍ਰੈੱਸ ਵਿੱਚ ਕੋਈ "ਟਿੱਪਣੀ" ਨਹੀਂ ਉਕਸਾਉਂਦਾ। ਤੁਸੀਂ ਮਹਿਸੂਸ ਕਰਦੇ ਹੋ ਕਿ ਇਹ ਇਕ ਆਮ ਜਿਹੀ ਗੱਲ ਬਣ ਗਈ ਹੈ ਅਤੇ ਕਿਸੇ ਨੂੰ ਕੋਈ ਰੋਹ ਨਹੀਂ ਚੜ੍ਹਦਾ ਜਾਂ ਕੋਈ ਵੀ ਖਤਰਾ ਮਹਿਸੂਸ ਨਹੀਂ ਕਰਦਾ। ਪਹਿਲਿਆਂ ਵਿੱਚ, ਜੰਗ ਤੋਂ ਪਹਿਲਾਂ ਲੋਕ ਉਪੱਦਰ ਕਰਦੇ ਸਨ। ਭਾਵਕ ਵਿਅਕਤੀ "ਸਮਾਜਿਕ ਸਰੀਰ ਪ੍ਰਬੰਧ ਦੇ ਰੋਗਾਂ" ਬਾਰੇ ਫਜ਼ੂਲ ਕਿਸਮ ਦੇ ਲੰਮ ਸਲੰਮੇ ਲੇਖ ਲਿਖਦੇ ਹੁੰਦੇ ਸਨ ਤੇ ਕਈ ਪ੍ਰਕਾਰ ਦੇ ਜਜ਼ਬਾਤ ਬਿਆਨ ਕਰਦੇ ਸਨ, ਕਈ ਵਾਰ ਜਿਹੜੇ ਖਤਰੇ ਤੇ ਚਿੰਤਾ ਤੋਂ ਪੈਦਾ ਹੋਏ ਹੁੰਦੇ ਸਨ ਪਰ ਬਹੁਤੀ ਵਾਰ "ਅਸਾਧਾਰਨ ਤੱਥਾਂ" ਤੋਂ ਪ੍ਰੇਸ਼ਾਨ ਹੋਏ "ਸੱਭਿਆ" ਲੋਕਾਂ ਦੀ ਖਿੱਝ ਤੋਂ ਉਤਪੰਨ ਹੁੰਦੇ ਹਨ।

ਅੱਜ ਕੱਲ੍ਹ ਬੁਰਜੂਆ ਪ੍ਰੈੱਸ ਜ਼ਿੰਦਗੀ ਦੇ ਮਾਮੂਲੀ ਦੁਖਾਂਤਾਂ ਵਿੱਚ ਦਿਲਚਸਪੀ ਨਹੀਂ ਰੱਖਦਾ, ਕਿਉਂ ਜੋ ਦਸ ਜਾਂ ਨੌਂ ਮਾਮੂਲੀ ਬੰਦਿਆਂ ਦੀ ਨਿੱਤ ਦਿਹਾੜੀ ਮੌਤ ਇੱਕ ਆਮ ਜਿਹੀ ਗੱਲ ਬਣ ਗਈ ਹੈ, ਇਸ ਦਾ ਜ਼ਿੰਦਗੀ ਦੀ ਚਾਲ ਉੱਤੇ ਕੋਈ ਅਸਰ ਨਹੀਂ ਅਤੇ ਇਹ ਉਹਨਾਂ ਲੋਕਾਂ ਲਈ ਕੋਈ ਖਤਰਾ ਪੈਦਾ ਨਹੀਂ ਕਰਦੀ ਜਿਹੜੇ ਖੁਸ਼ੀਆਂ ਭਰਪੂਰ ਤੇ ਅਮਨ ਚੈਨ ਦਾ ਜੀਵਨ ਭੋਗਣਾ ਚਾਹੁੰਦੇ ਹਨ। ਸ਼ਾਨਦਾਰ ਸਿਨਮਿਆਂ ਦੀ ਗਿਣਤੀ ਵਿੱਚ ਹਰ ਰੋਜ਼ ਵਾਧਾ ਹੁੰਦਾ ਜਾ ਰਿਹਾ ਹੈ ਅਤੇ ਅਜੇ ਵੀ ਆਲੀਸ਼ਾਨ ਰੈਸਟੋਰੈਂਟ ਵੱਧਦੇ ਜਾ ਰਹੇ ਹਨ ਜਿਨ੍ਹਾਂ ਵਿੱਚ ਜਾਜ਼ ਬੈਂਡਾਂ ਦੀ ਅਵਾਜ਼ ਕੰਧਾਂ ਤੇ ਛੱਤਾਂ ਨੂੰ ਕੰਬਣੀ ਛੇੜਦੀ ਹੈ। "ਤਾਕਤ ਦੀ ਕਮੀ" ਦੇ ਵਿਰੁੱਧ ਗੋਲ਼ੀਆਂ ਬਾਰੇ ਜਿਨਸੀ ਰੋਗਾਂ ਦੇ ਮਾਹਰਾਂ ਦੇ ਬਹੁਤ ਹੀ ਸ਼ਾਨਦਾਰ ਇਸ਼ਤਿਹਾਰ ਵੇਖ ਕੇ ਹੈਰਾਨੀ ਹੁੰਦੀ ਹੈ।

ਪਰ, ਤੁਸੀਂ ਕਹਿ ਸਕਦੇ ਹੋ ਕਿ ਇਹ ਸਭ ਕੁਝ 1914 ਤੋਂ ਪਹਿਲਾਂ ਵੀ ਮੌਜੂਦ ਸੀ। ਹਾਂ, ਉਹ ਇਤਨਾ ਸ਼ੋਰੀਲਾ ਤੇ ਕੰਨ ਪਾੜਨ ਵਾਲ਼ਾ ਨਹੀਂ ਸੀ। ਹੁਣ ਇੰਝ ਜਾਪਦਾ ਹੈ ਕਿ "ਸੱਭਿਆਚਾਰਕ ਕੇਂਦਰਾਂ" ਦਾ ਬੁਰਜੂਆਜ਼ੀ ਨੇ ਇੱਕਮਤ ਹੋ ਕੇ ਫੈਸਲਾ ਕਰ ਲਿਆ ਹੈ ਕਿ ਜ਼ਿੰਦਗੀ ਘੱਟ ਤੋਂ ਘੱਟ ਹੁੰਦੀ ਜਾਂਦੀ ਹੈ। ਦਿਨ ਤੇਜ਼ ਤੋਂ ਤੇਜ਼ ਰਫਤਾਰ ਨਾਲ਼ ਬੀਤਦੇ ਜਾਂਦੇ ਹਨ ਫਿਰ ਸਾਨੂੰ ਆਪਣੇ ਸਾਰੇ ਦਿਨ ਤੇ ਰਾਤਾਂ ਵੱਧ ਤੋਂ ਵੱਧ ਖੁਸ਼ੀ ਤੇ ਐਸ਼ ਨਾਲ਼ ਜਿਉਂਣੇ ਚਾਹੀਦੇ ਹਨ।

ਇਹ ਸਿੱਖਿਆ ਇੱਕ ਰਾਤਰੀ ਕਲੱਬ ਦੇ ਉਪਦੇਸ਼ ਸੁਣਨ ਤੇ ਇੱਕ ਮਸਤੀ ਵਿੱਚ ਝੂਮਦੇ, ਨਸ਼ਿਆਈਆਂ ਅੱਖਾਂ, ਲਾਲ ਸੂਹੀਆਂ ਗੱਲ੍ਹਾਂ ਤੇ ਮੋਟੀ ਗੋਗੜ ਵਾਲ਼ੇ ਇੱਕ ਬੰਦੇ ਨੇ ਦਿੱਤੀ ਸੀ।

ਤੁਹਾਡਾ ਵਿਚਾਰ ਹੈ ਕਿ ਮੈਂ ਗੱਲ ਨੂੰ ਬਹੁਤ ਵਧਾ ਚੜ੍ਹਾ ਕੇ ਪੇਸ਼ ਕਰ ਰਿਹਾ ਹਾਂ ? ਇੰਝ ਕਰਨ ਦੀ ਮੇਰੀ ਕੋਈ ਇੱਛਾ ਨਹੀਂ ਕਿਉਂ ਜੋ ਮੈਂ ਜਾਣਦਾ ਹਾਂ ਕਿ ਖੁਸ਼ਕ ਤੇ ਗਲ਼ਿਆ ਸੜਿਆ ਗੰਦ ਮੰਦ ਛੂਤਕ ਹੁੰਦਾ ਹੈ। ਜ਼ਿੰਦਗੀ ਦੇ ਰੰਗ ਆਪਣੇ ਆਪ ਵਧੇਰੇ ਸੰਘਣੇ ਤੇ ਲੁਭਾਉਣੇ

ਬਣਦੇ ਜਾ ਰਹੇ ਹਨ। ਸੌ ਵਿਸਵੇ ਇਸ ਲਈ ਕਿਉਂ ਜੋ ਜ਼ਿੰਦਗੀ ਦਾ ਤਾਪਮਾਨ ਵੱਧਦਾ ਜਾ ਰਿਹਾ ਹੈ ਅਤੇ ਕਿਉਂ ਜੋ ਬੁਰਜੂਆਜ਼ੀ ਦੀ ਸ਼ਾਨ ਸ਼ੌਕਤ ਬੜੀ ਤੇਜ਼ੀ ਨਾਲ਼ ਵੱਧ ਰਹੀ...। ਬੁਰਜੂਆਜ਼ੀ ਇਸ ਲਈ ਚਾਈਂ ਚਾਈਂ ਜਿਉਣ ਦਾ ਯਤਨ ਕਰਦੀ ਹੈ ਤਾਂ ਜੋ ਉਹ ਨੇੜੇ ਆ ਰਹੇ ਆਪਣੇ ਅੰਤ ਦੀ ਉਦਾਸ ਦਿੱਖ ਨੂੰ ਬਨਾਉਟੀ ਖੁਸ਼ੀ ਵਿੱਚ ਡੋਬ ਸਕੇ।

* * *

ਮੇਰਾ ਵਿਚਾਰ ਹੈ ਕਿ ਮੈਂ ਅਮਰੀਕਾ ਤੇ ਯੂਰਪ ਦੇ ਅਖ਼ਬਾਰੀ ਬੰਦਿਆਂ ਦੇ ਕੰਮ ਨੂੰ ਚੰਗੀ ਤਰ੍ਹਾਂ ਸਮਝਦਾ ਹਾਂ। ਮੇਰੇ ਵਿਚਾਰ ਵਿੱਚ ਇਹ ਸੈਲਾਨੀ ਬੰਦੇ ਹਨ, ਜਿਨ੍ਹਾਂ ਦਾ ਕਰੜਾ ਤੇ ਅਣਥੱਕ ਮਿਹਨਤ ਵਾਲ਼ਾ ਪੇਸ਼ਾ ਉਹਨਾਂ ਨੂੰ ਮਨੁੱਖੀ ਜੀਵਾਂ ਤੋਂ ਪੂਰੀ ਤਰ੍ਹਾਂ ਅਣਭਿੱਜ ਰਹਿਣ ਦੀ ਭਾਵਨਾ ਨਾਲ਼ ਸਰਸ਼ਾਰ ਕਰ ਦੇਂਦਾ ਹੈ। ਉਹ ਪਾਗਲਖਾਨੇ ਦੇ ਕਰਮਚਾਰੀਆਂ ਨਾਲ਼ ਬਹੁਤ ਮਿਲ਼ਦੇ ਜੁਲ਼ਦੇ ਹਨ ਜੋ ਰੋਗੀਆਂ ਤੇ ਡਾਕਟਰਾਂ ਨੂੰ ਇੱਕੋ ਜਿਹੇ ਪਾਗਲ ਸਮਝਣ ਦੇ ਆਦੀ ਹੋ ਜਾਂਦੇ ਹਨ। ਉਹ ਅਭਿੱਜਤਾ ਜੀਵਨ ਦੇ ਬਹੁਤ ਹੀ ਭਿੰਨ ਭਿੰਨ ਤੱਥਾਂ ਬਾਰੇ ਉਹਨਾਂ ਦੀਆਂ ਰਿਪੋਰਟਾਂ ਦੇ ਨਿਰਉਤਸ਼ਾਹ ਤੇ ਰੁੱਖੇ ਲਹਿਜੇ ਨੂੰ ਦਰਸਾਉਂਦੀ ਹੈ।

ਕੁਝ ਉਦਾਹਰਣਾਂ ਪੇਸ਼ ਹਨ:

"ਕੋਈ ਹਾਂਸ ਮੁਲਰ ਹਾਸੇ ਮਖੌਲ ਵਿੱਚ 11 ਮਿੰਟਾਂ ਵਿੱਚ 72 ਸਾਸੇਜ ਖਾ ਗਿਆ।"

"1928 ਵਿੱਚ, 9530 ਵਿਅਕਤੀਆਂ—6690 ਮਰਦਾਂ ਤੇ 2840 ਔਰਤਾਂ—ਨੇ ਪਰਸ਼ੀਆ ਵਿੱਚ ਆਤਮ ਹੱਤਿਆ ਕੀਤੀ ਤੇ ਇਹਨਾਂ ਵਿੱਚੋਂ 6413 ਪਿੰਡਾਂ ਦੇ ਅਤੇ 3117 ਸ਼ਹਿਰਾਂ ਦੇ ਵਸਨੀਕ ਸਨ।"

"ਲੋਵਨਬਰਗ ਸੀਲੇਸੀਆ ਦੀ ਨਗਰਪਾਲਕਾ ਨੇ ਬਿਲੀਆਂ ਉੱਤੇ ਟੈਕਸ ਲਾ ਕੇ ਸ਼ਹਿਰ ਦੀ ਆਮਦਨੀ ਵਿੱਚ ਵਾਧਾ ਕਰਨ ਦਾ ਫੈਸਲਾ ਕੀਤਾ ਪਰ ਸ਼ਹਿਰ ਦੀ ਪ੍ਰੀਸ਼ਦ ਨੇ ਇਹ ਫੈਸਲਾ ਅਪ੍ਰਵਾਨ ਕਰ ਦਿੱਤਾ। ਹੁਣ ਮੇਅਰ ਨੇ ਕੋਈ ਵੱਖਰਾ ਢੰਗ ਅਪਣਾਇਆ ਹੈ। ਉਸ ਨੇ ਸ਼ਹਿਰ ਦੀ ਪਾਰਕ ਵਿੱਚ ਰਾਤ ਦੇ ਸਮੇਂ ਏਧਰ ਉੱਧਰ ਫਿਰਦੀਆਂ ਬਿੱਲੀਆਂ ਨੂੰ ਫਾਹੁਣ ਲਈ ਪਿੰਜਰੇ ਰੱਖ ਦਿੱਤੇ ਹਨ। ਪਿੰਜਰੇ ਵਿੱਚ ਫਸੀਆਂ ਬਿਲੀਆਂ ਮਾਲਕ ਨੂੰ ਪ੍ਰਤੀ ਬਿੱਲੀ ਤਿੰਨ ਮਾਰਕ ਲੈ ਕੇ ਦਿੱਤੀਆਂ ਜਾਣਗੀਆਂ।"

"ਜਦੋਂ ਅਹਿਲਕਾਰ ਹਮਬਰਗ ਦੇ ਨੇੜੇ, ਨੀਨਡੋਰਫ ਦੇ ਕਲੀਸਿਆਈ ਇਲਾਕੇ ਵਿੱਚ, ਇੱਕ ਸਿੰਜਾਈ ਕੰਪਨੀ ਦੀ ਅਦਾਇਗੀ ਦੀ ਬਕਾਇਆ ਰਕਮ ਦੇ ਬਦਲੇ ਜਾਇਦਾਦ ਕੁਰਕ ਕਰਨ ਲਈ ਆਏ ਤਾਂ ਕਿਸਾਨਾਂ ਨੇ ਹਥਿਆਰਬੰਦ ਮਜ਼ਾਹਮਤ ਕੀਤੀ ਅਤੇ ਅਹਿਲਕਾਰ ਪਿਛਾਂਹ ਮੁੜਨ 'ਤੇ ਮਜਬੂਰ ਹੋ ਗਏ।"

"ਇੱਕ 'ਰਾਤਰੀ ਭੂਤ' ਨੂੰ ਬਰਲਿਨ ਦੇ ਬਾਹਰਵਾਰ ਇੱਕ ਪਾਦਰੀ ਦੇ ਘਰ ਜਾਣ ਦੀ ਆਦਤ ਹੈ। ਜਦੋਂ ਉਸ ਦੀ 'ਅਸ਼ਲੀਲ ਛੋਹ' ਨਾਲ਼ ਪਾਦਰੀ ਨੂੰ ਤਿੰਨ ਵਾਰ ਜਗਾਇਆ ਜਾ ਚੁੱਕਿਆ ਤਾਂ ਪਾਦਰੀ ਨੇ ਪੁਲਸ ਨੂੰ ਬੁਲਾ ਲਿਆ। ਉਹਨਾਂ ਨੂੰ ਪਾਦਰੀ ਦੀ ਬਾਰੀ ਦੇ ਹੇਠਾਂ ਇੱਕ ਹੈਟ ਲੱਭਿਆ ਜੋ ਸਮਝਿਆ ਜਾਂਦਾ ਹੈ ਕਿ ਇਹ 'ਭੂਤ' ਇੱਥੇ ਭੁੱਲ ਗਿਆ ਹੋਵੇਗਾ।"

"ਕੀ ਵਾਲ਼ ਕਟੀਆਂ ਔਰਤਾਂ ਨੂੰ ਰੱਬੀ ਭੋਜ ਵਿੱਚ ਸ਼ਾਮਲ ਹੋਣ ਦੀ ਆਗਿਆ ਹੋਣੀ

ਚਾਹੀਦੀ ਹੈ ? ਇਹ ਸੁਆਲ ਕੁਝ ਪਾਦਰੀਆਂ ਨੇ ਉਠਾਇਆ ਸੀ ਅਤੇ ਇਸ ਬਾਰੇ ਪੋਪ-ਨਿਵਾਸ ਵਿੱਚ 24 ਮਈ ਨੂੰ ਵਿਚਾਰ ਕੀਤੀ ਗਈ। ਗਿਰਜੇ ਦੇ ਮੁਖੀਆਂ ਨੇ ਇਸ ਸੁਆਲ ਦਾ ਉੱਤਰ 'ਹਾਂ' ਵਿੱਚ ਦਿੱਤਾ ਹੈ। ਵਾਲ਼ਾਂ ਦਾ ਕੱਟਣਾ ਈਸਾਈ ਸ਼ਿਸ਼ਟਾਚਾਰਾਂ ਦੇ ਵਿਰੁੱਧ ਨਹੀਂ ਹੈ।"

ਪਿਛਲੇ ਸਾਲ ਇੱਕ ਪੱਤਰਕਾਰ ਨੇ ਰਿਪੋਰਟ ਦਿੱਤੀ ਕਿ ਪੁਲਸ ਦੇ ਕਾਗਜ਼ ਪੱਤਰ ਦਰਸਾਉਂਦੇ ਹਨ ਕਿ ਫ਼ਰਾਂਸ ਵਿੱਚ ਹਰ ਸਾਲ ਚਾਰ ਔਰਤਾਂ ਅਲੋਪ ਹੋ ਰਹੀਆਂ ਹਨ। ਫ਼ਰਾਂਸ ਦੇ ਕਈ ਸ਼ਹਿਰਾਂ ਵਿੱਚ ਗੋਰੇ ਗੁਲਾਮਾਂ ਦਾ ਵਪਾਰ ਕਰਨ ਵਾਲ਼ੇ ਗ੍ਰਿਫ਼ਤਾਰ ਕੀਤੇ ਗਏ ਸਨ। ਇਸ ਟੋਲੇ ਨੇ ਦੱਖਣ ਅਮਰੀਕੀ ਗੀਪਬਲਕਾਂ ਦੇ ਚਕਲਿਆਂ ਨੂੰ 2500 ਕੁੜੀਆਂ ਵੇਚੀਆਂ ਸਨ। ਇੱਕ ਫ਼ਰਾਂਸੀਸੀ ਪੱਤਰਕਾਰ ਏ. ਲੌਂਡਰੇ ਨੇ ਗੁਲਾਮਾਂ ਦੇ ਵਪਾਰ ਦੀ ਇਸ ਸ਼ਾਖ ਦਾ ਡੂੰਘਾ ਅਧਿਅਨ ਕੀਤਾ ਹੈ। ਉਸ ਦੀ ਪੁਸਤਕ **ਕਰਿਮੀਨਲ ਟਰੇਡ** ਪਿਛਲੇ ਸਾਲ ਫੈਡਰੇਸ਼ਨ ਪਬਲਿਸ਼ਿੰਗ ਹਾਊਸ ਨੇ ਸਾਡੇ ਦੇਸ਼ ਵਿੱਚ ਪ੍ਰਕਾਸ਼ਤ ਕੀਤੀ ਸੀ। ਇਹ ਇੱਕ ਬਹੁਤ ਹੀ ਦਿਲਚਸਪ ਪੁਸਤਕ ਹੈ। ਇਹ ਕੁੜੀਆਂ ਨੂੰ ਭੁਚਲਾਉਣ ਤੇ ਫਿਰ ਕੱਢ ਕੇ ਲੈ ਜਾਣ ਦੇ ਤਰੀਕਿਆਂ ਨੂੰ ਅਤੇ ਅਰਜਨਟੀਨਾ ਵਿੱਚ ਉਹਨਾਂ ਦੇ "ਧੰਦੇ" ਨੂੰ ਵਿਸਥਾਰ ਸਹਿਤ ਬਿਆਨ ਕਰਦੀ ਹੈ। ਪਰ ਇਸ ਪੁਸਤਕ ਦੀ ਬਹੁਤ ਹੀ ਸੂਚਨਾਮਈ ਗੱਲ ਇਹ ਹੈ ਕਿ ਇਸ ਵਿੱਚ ਨਿਖੇਧੀ ਜਾਂ ਨਾਰਾਜ਼ਗੀ ਦਾ ਇੱਕ ਵੀ ਸ਼ਬਦ ਮੌਜੂਦ ਨਹੀਂ ਹੈ।

ਪੁਸਤਕ ਦੇ ਦਸਵੇਂ ਪੰਨੇ 'ਤੇ ਲੌਂਡਰੇ ਸਫੈਦ ਗੁਲਾਮਾਂ ਦੇ ਇੱਕ ਵਪਾਰੀ ਨਾਲ਼ ਆਪਣੀ ਮੁਲਾਕਾਤ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:

"ਅਰਮਾਂਡ ਇੱਕ ਦੱਲਾ ਹੈ...। ਮੈਂ ਉਸ ਦੇ ਧੰਦੇ ਬਾਰੇ ਜਾਣਦਾ ਹਾਂ। ਉਹ ਵੀ ਜਾਣਦਾ ਹੈ ਕਿ ਮੈਂ ਕੌਣ ਹਾਂ। ਉਹ ਮੇਰੇ 'ਤੇ ਵਿਸ਼ਵਾਸ ਕਰਦਾ ਹੈ ਤੇ ਮੈਂ ਉਸ ਉੱਤੇ—ਵਪਾਰੀਆਂ ਵਾਂਗ।"

ਬਿਲਕੁੱਲ ਵਪਾਰੀਆਂ ਵਾਂਗ—ਅਤੇ ਹੋਰ ਕੋਈ ਗੱਲ ਨਹੀਂ, ਭਾਵੇਂ "ਵਪਾਰ" ਸਾਰੀ ਈਮਾਨਦਾਰੀ ਨਾਲ਼ ਕਾਫੀ ਅਣਮਨੁੱਖੀ ਤੇ ਅਸ਼ਲੀਲ ਹੈ।

ਪਰ ਲੌਂਡਰੇ ਦੀ ਮਾਨਸਕ ਅਵਸਥਾ ਦੀ ਵਿਆਖਿਆ ਕਰਨ ਲਈ ਇੱਕ ਅਮਰੀਕੀ ਪੱਤਰਕਾਰ ਦੇ ਇੰਨ ਬਿੰਨ ਸ਼ਬਦਾਂ ਨੂੰ ਬਿਆਨ ਕਰਨਾ ਯੋਗ ਹੋਵੇਗਾ:

"ਇਹ ਸੋਚਣਾ ਇੱਕ ਪੁਲਸੀਏ ਦਾ ਕੰਮ ਨਹੀਂ ਕਿ ਜਿਸ ਬੰਦੇ ਨੂੰ ਪਕੜ ਕੇ ਉਹ ਅਦਾਲਤ ਵੱਲ ਜਾਂ ਜੇਲ੍ਹ ਵੱਲ ਲਿਜਾ ਰਿਹਾ ਹੈ ਉਹ ਨਿਰਦੋਸ਼ ਹੈ ਜਾਂ ਨਹੀਂ। ਮੈਂ ਸਮਾਜ ਦੀ ਅਦਾਲਤ ਦੇ ਸਾਹਮਣੇ ਉਹਨਾਂ ਵਰਗੇ ਲੋਕ ਲਿਆਉਂਦਾ ਹਾਂ ਅਤੇ ਪਹਿਲਾਂ ਕੀ ਕੁਝ ਹੋਇਆ ਹੈ ਤੇ ਮਗਰੋਂ ਕੀ ਕੁਝ ਵਾਪਰੇਗਾ, ਇਸ ਦਾ ਮੇਰੇ ਨਾਲ਼ ਕੋਈ ਸਬੰਧ ਨਹੀਂ।"

ਮੈਂ ਇਹ ਗੱਲ 1906 ਵਿੱਚ ਨਿਊਯਾਰਕ ਵਿੱਚ ਕੁਝ ਪਵਿੱਤਰ ਤੇ ਨੇਕ ਅਮਰੀਕਨਾਂ ਵੱਲੋਂ ਇੱਕ ਛੋਟੀ ਜਿਹੀ ਬੇਸੁਆਦੀ ਘਟਨਾ ਦੇ ਦੌਰਾਨ ਸੁਣੀ ਸੀ। ਮੈਨੂੰ ਦੋ ਹੋਟਲਾਂ ਵਿੱਚੋਂ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਸੀ। ਸੋ, ਮੈਂ ਇੱਕ ਗਲੀ ਵਿਚ ਹੀ ਡੱਟ ਗਿਆ ਅਤੇ ਇਹ ਉਡੀਕਣ ਦਾ ਫੈਸਲਾ ਕੀਤਾ ਕਿ ਹੁਣ ਅਗਾਂਹ ਕੀ ਵਾਪਰਦਾ ਹੈ। ਮੈਨੂੰ ਰਿਪੋਰਟਰਾਂ ਨੇ ਘੇਰ ਲਿਆ, ਕੋਈ ਪੰਦਰਾਂ ਕੁ ਹੋਣਗੇ। ਆਪਣੇ ਅਮਰੀਕੀ ਅੰਦਾਜ਼ ਵਿੱਚ ਉਹ ਚੰਗੇ ਬੰਦੇ ਸਨ।

ਉਹਨਾਂ ਨੇ ਮੇਰੇ ਨਾਲ਼ “ਹਮਦਰਦੀ ਪ੍ਰਗਟਾਈ ਅਤੇ ਉਹ ਹੋਏ ਝਗੜੇ ਤੋਂ ਕੁਝ ਪ੍ਰੇਸ਼ਾਨ ਜਿਹੇ ਜਾਪਦੇ ਸਨ। ਇਹਨਾਂ ਵਿੱਚੋਂ ਇੱਕ ਤਾਂ ਵਿਸ਼ੇਸ਼ ਤੌਰ ’ਤੇ ਚੰਗਾ ਜਾਪਦਾ ਸੀ, ਉਹ ਲੰਮੇ ਕੱਦ ਦਾ, ਰੁੱਖੇ ਤੇ ਬੇਹਿੱਸ ਚਿਹਰੇ ਵਾਲ਼ਾ ਸੀ, ਉਸ ਦੀਆਂ ਅਜੀਬ ਜਿਹੀਆਂ ਗੋਲ਼ ਮਟੋਲ ਅੱਖਾਂ ਦੋ ਨੀਲੇ ਮਣਕਿਆਂ ਵਾਂਗ ਚਮਕੀਲੀਆਂ ਸਨ। ਉਹ ਇੱਕ ਉੱਘੀ ਸ਼ਖਸ਼ੀਅਤ ਸੀ। ਇੱਕ ਵਾਰ ਉਸ ਨੂੰ ਉਸ ਦੀ ਅਖ਼ਬਾਰ ਨੇ ਮਨੀਲਾ ਵਿੱਚ, ਇੱਕ ਇਨਕਲਾਬੀ ਤੇ ਕੌਮਪ੍ਰਸਤ ਕੁੜੀ ਨੂੰ ਜੇਲ੍ਹ ਤੋੜ ਕੇ ਰਿਹਾਅ ਕਰਾਉਣ ਦਾ ਪ੍ਰਬੰਧ ਕਰਨ ਲਈ ਭੇਜਿਆ ਸੀ, ਜਿਸ ਨੂੰ ਸਪੇਨੀ ਹਾਕਮਾਂ ਨੇ ਕੈਦ ਕੀਤਾ ਹੋਇਆ ਸੀ ਤੇ ਉਸ ਨੂੰ ਮੌਤ ਦੀ ਸਜ਼ਾ ਹੋਣ ਦਾ ਖਤਰਾ ਸੀ। ਇਸ ਬੰਦੇ ਨੇ ਇਹ ਕਿਆਸ ਲਾਇਆ ਕਿ ਮੈਂ ਹੋਟਲ ਦੀ ਸਮੱਸਿਆ ਨੂੰ ਆਪਣਾ ਰੁਖ ਧਾਰਨ ਦੇ ਹੱਕ ਵਿੱਚ ਹਾਂ। ਉਸ ਨੇ ਨਾਵਲ **ਦੀ ਵਾਕਿੰਗ ਡੈਲੀਗੇਟ** ਦੇ ਨੌਜਵਾਨ ਲੇਖਕ ਲੇਰਾਏ ਸਕਾਟ ਨੂੰ ਅਤੇ **ਫਾਈਵ ਕਲੱਬ** ਦੇ ਆਪਣੇ ਸਾਥੀਆਂ ਨੂੰ “ਇਸ ਮਾਮਲੇ ਵਿੱਚ ਦਖਲ ਦੇਣ” ਲਈ ਪ੍ਰੇਰਿਆ। ਮਗਰੋਂ ਜਾ ਕੇ ਪਤਾ ਲੱਗਾ ਕਿ ਉਹ ਇਸ ਬਾਰੇ ਕੁਝ ਵੀ ਨਹੀਂ ਸਨ ਕਰ ਸਕਦੇ, ਪਰ ਮੈਨੂੰ ਗਲੀ ਵਿੱਚੋਂ “ਕਲੱਬ” ਵਿੱਚ ਇੱਕ ਕਮਰੇ ਵਿੱਚ ਲੈ ਆਂਦਾ ਗਿਆ ਜਿੱਥੇ ਪੰਜ ਅਰੰਭਕ ਸਾਹਿਤਕਾਰ ਇੱਕ “ਕਮਿਊਨ” ਵਿੱਚ ਰਹਿੰਦੇ ਸਨ ਅਤੇ ਜਿੱਥੇ ਸਕਾਟ ਦੀ ਪਤਨੀ ਜੋ ਇੱਕ ਰੂਸੀ ਯਹੂਦਣ ਸੀ ਘਰ ਦੀ ਦੇਖ ਭਾਲ਼ ਕਰਦੀ ਸੀ। ਨੌਜਵਾਨ ਲੇਖਕ ਸ਼ਾਮ ਵੇਲ਼ੇ “ਕਲੱਬ” ਦੀ ਸੋਹਣੀ ਲੱਗਦੀ ਡਿਊਢੀ ਵਿੱਚ ਅੰਗੀਠੀ ਦੇ ਸਾਹਮਣੇ ਜੁੜ ਬੈਠਦੇ ਸਨ। ਰਿਪੋਰਟਰ ਆਏ ਅਤੇ ਮੈਂ ਉਹਨਾਂ ਨਾਲ਼ ਰੂਸੀ ਸਾਹਿਤ, ਰੂਸੀ ਇਨਕਲਾਬ, ਮਾਸਕੋ ਦੀ ਬਗਾਵਤ (ਜੋ ਕੁਝ ਮੈਂ ਆਖਿਆ ਉਸ ਦਾ ਅੰਗਰੇਜ਼ੀ ਵਿੱਚ ਅਨੁਵਾਦ ਬਾਲਸ਼ਵਿਕ ਕੇਂਦਰੀ ਕਮੇਟੀ ਦੀ ਲੜਾਕੂ ਜਥੇਬੰਦੀ ਦੇ ਮੈਂਬਰ ਐੱਸ. ਈ. ਬਿਉਰਨਿਨ, ਸਕਾਟ ਦੀ ਪਤਨੀ ਅਤੇ ਐੱਮ. ਐੱਫ. ਆਂਦਰੇਯੇਵਾ ਨੇ ਕੀਤਾ)। ਪੱਤਰਕਾਰ ਸੁਣਦੇ ਰਹੇ, ਨੋਟ ਲੈਂਦੇ ਰਹੇ ਅਤੇ ਅਫਸੋਸ ਦਾ ਹੌਕਾ ਲੈਂਦਿਆਂ ਕਹਿਣ ਲੱਗੇ:

“ਇਹ ਸਭ ਕੁਝ ਬਹੁਤ ਹੀ ਦਿਲਚਸਪ ਹੈ — ਪਰ ਇਹ ਸਾਡੀਆਂ ਅਖ਼ਬਾਰਾਂ ਲਈ ਠੀਕ ਨਹੀਂ।”

ਮੈਂ ਉਹਨਾਂ ਤੋਂ ਪੁੱਛਿਆ ਕਿ ਉਹਨਾਂ ਦੇ ਅਖ਼ਬਾਰ ਉਹਨਾਂ ਘਟਨਾਵਾਂ ਬਾਰੇ ਸੱਚਾਈ ਕਿਉਂ ਨਹੀਂ ਦੱਸ ਸਕਦੇ ਜੋ ਭਵਿੱਖ ਦੇ ਨਵੇਂ ਯੁੱਗ ਲਈ ਬਹੁਤ ਹੀ ਢੁਕਵੀਆਂ ਹਨ।

ਪਰ ਉਹਨਾਂ ਨੇ ਮੇਰਾ ਸੁਆਲ ਇੱਕ ਬਿਲਕੁੱਲ ਹੀ ਨਿੱਜੀ ਗੱਲ ਵਾਂਗ ਆਪਣੇ ਹੀ ਸਾਦੇ ਢੰਗ ਨਾਲ਼ ਸਮਝਿਆ ਤੇ ਕਹਿਣ ਲੱਗੇ:

“ਅਸੀਂ ਸਾਰੇ ਤੁਹਾਡੇ ਨਾਲ਼ ਸਹਿਮਤ ਹਾਂ, ਪਰ ਅਸੀਂ ਇਸ ਸਬੰਧੀ ਕੁਝ ਵੀ ਨਹੀਂ ਕਰ ਸਕਦੇ। ਤੁਸੀਂ ਇੱਥੇ ਇਨਕਲਾਬ ਲਈ ਪੈਸਾ ਨਾ ਲੱਭ ਸਕੋਗੇ ਨਾ ਹੀ ਕਮਾ ਸਕਦੇ ਹੋ। ਜਦੋਂ ਪ੍ਰੈੱਸ ਨੇ ਇਹ ਰਿਪੋਰਟ ਦਿੱਤੀ ਕਿ ਰੂਜ਼ਵੈਲਟ ਤੁਹਾਨੂੰ ਮਿਲ਼ਣਾ ਚਾਹੁੰਦਾ ਹੈ, ਰੂਸੀ ਸਫੀਰ ਨੇ ਦਖਲ ਦਿੱਤਾ ਅਤੇ ਇਸ ਗੱਲ ਨੇ ਤੁਹਾਡੀ ਖੇਡ ਰੋਕ ਦਿੱਤੀ। ਅਸੀਂ ਜਾਣਦੇ ਹਾਂ ਕਿ ਇਹ ਆਂਦਰੇਯੇਵਾ ਦੀ ਤਸਵੀਰ ਨਹੀਂ ਸੀ ਜੋ ਅਖ਼ਬਾਰਾਂ ਨੇ ਛਾਪੀ ਸੀ ਅਤੇ ਅਸੀਂ ਜਾਣਦੇ ਹਾਂ ਕਿ ਤੁਹਾਡੀ ਪਹਿਲੀ ਪਤਨੀ ਤੇ ਬੱਚੇ ਗਰੀਬੀ ਵਿੱਚ ਨਹੀਂ ਰਹਿ ਰਹੇ, ਪਰ ਇਸ ਸਭ ਕੁਝ ਨੂੰ ਨੰਗਾ

ਕਰਨਾ ਸਾਡੀ ਤਾਕਤ ਤੋਂ ਬਾਹਰੀ ਗੱਲ ਹੈ। ਉਹ ਤੁਹਾਨੂੰ ਇੱਥੇ ਇਨਕਲਾਬ ਲਈ ਕੰਮ ਨਹੀਂ ਕਰਨ ਦੇਣਗੇ।"

"ਪਰ ਉਹਨਾਂ ਨੇ ਬਰੇਸ਼ਕੋਵਸਕਾਇਆ ਨੂੰ ਕਿਉਂ ਆਗਿਆ ਦਿੱਤੀ ਹੈ ?"

ਇਸ ਸੁਆਲ ਦਾ ਉਹਨਾਂ ਕੋਈ ਜਵਾਬ ਨਾ ਦਿੱਤਾ। ਪਰ ਉਹਨਾਂ ਨੂੰ ਗਲਤੀ ਲੱਗੀ ਸੀ। ਮੈਂ ਕੰਮ ਕਰਨ ਦੇ ਯੋਗ ਸਾਂ, ਭਾਵੇਂ ਮੈਨੂੰ ਜਿੰਨੀ ਆਸ ਸੀ, ਉਸ ਤੋਂ ਘੱਟ ਕੰਮ ਕੀਤਾ ਸੀ। (ਪਰ ਇਸ ਦਾ ਇਸ ਲੇਖ ਦੇ ਵਿਸ਼ੇ ਨਾਲ਼ ਕੋਈ ਸਬੰਧ ਨਹੀਂ ਹੈ)।

ਪੱਤਰਕਾਰ ਮੇਰੀ ਜਾਣ ਪਛਾਣ ਨਿਊਯਾਰਕ ਦੇ ਪ੍ਰੈੱਸ ਦੀ ਅਚੰਭਾਜਨਕ ਸ਼ਕਤੀ ਨਾਲ਼ ਕਰਾਉਂਦੇ ਰਹੇ। ਉਹਨਾਂ ਮੈਨੂੰ ਕਈ ਉਦਾਹਰਣਾਂ ਸੁਣਾਈਆਂ। ਇੱਕ ਅਮੀਰ ਤੇ ਅਸਰ ਰਸੂਖ ਵਾਲ਼ੀ ਪਰ-ਉਪਕਾਰੀ ਔਰਤ ਉੱਤੇ ਪ੍ਰੈੱਸ ਨੇ ਕਈ ਚਕਲੇ ਚਲਾਉਣ ਦਾ ਇਲਜ਼ਾਮ ਲਾਇਆ। ਇਹ ਪਹਿਲੇ ਦਰਜੇ ਦੀ ਸਨਸਨੀ ਸੀ। ਪਰ ਦੋ ਦਿਨਾਂ ਦੇ ਮਗਰੋਂ ਹੀ ਉਸੇ ਅਖਬਾਰ ਨੇ ਪੰਜੀ ਪੁਲਸੀਆਂ ਦੀਆਂ ਤਸਵੀਰਾਂ ਛਾਪੀਆਂ, ਜਿਹੜੇ ਉਸ ਦੇ ਕਹਿਣ ਅਨੁਸਾਰ ਲੁਕਵੀਂ ਰੰਡੀਬਾਜ਼ੀ ਦੇ ਅਸਲੀ ਜਥੇਬੰਦਕ ਸਨ ਅਤੇ ਉਹ ਬਹੁਤ ਹੀ ਸਤਿਕਾਰ ਯੋਗ ਔਰਤ ਨਹੀਂ ਸੀ।

"ਅਤੇ ਪੁਲਸੀਆ ਦਾ ਕੀ ਬਣਿਆ ?"

"ਉਹਨਾਂ ਨੂੰ ਯੋਗ ਮੁਆਵਜ਼ਾ ਦੇ ਕੇ ਨੌਕਰੀ ਤੋਂ ਹਟਾ ਦਿੱਤਾ ਗਿਆ। ਉਹ ਦੂਜੀਆਂ ਰਿਆਸਤਾਂ ਵਿੱਚ ਕੰਮ ਲੱਭ ਲੈਣਗੇ।"

ਇੱਕ ਹੋਰ ਉਦਾਹਰਣ ਸੁਣੋ। ਕਿਸੇ ਸੈਨੇਟਰ ਨੂੰ ਬਦਨਾਮ ਕਰਨਾ ਜ਼ਰੂਰੀ ਸੀ, ਇਸ ਲਈ ਇਹ ਵਾਰਤਾ ਛਾਪੀ ਗਈ ਕਿ ਉਸ ਦੀ ਆਪਣੀ ਦੂਜੀ ਪਤਨੀ ਨਾਲ਼ ਅਣਬਣ ਹੈ ਅਤੇ ਉਸ ਦੇ ਬੱਚੇ, ਕਾਲਜ ਵਿੱਚ ਪੜ੍ਹਦੇ ਮੁੰਡੇ ਤੇ ਕੁੜੀਆਂ ਆਪਣੀ ਮਤਰੇਈ ਮਾਂ ਨਾਲ਼ ਹਰ ਸਮੇਂ ਲੜਦੇ ਝਗੜਦੇ ਰਹਿੰਦੇ ਹਨ। ਬਜ਼ੁਰਗ ਅਤੇ ਉਸ ਦੇ ਬੱਚਿਆਂ ਨੇ ਇਸ ਤੋਂ ਇਨਕਾਰ ਦਾ ਪੱਤਰ ਲਿਖ ਭੇਜਿਆ। ਅਖਬਾਰ ਨੇ ਵੀ ਛਾਪ ਦਿੱਤਾ, ਪਰ ਇੱਕ ਟਿਚਕਰ ਜਿਹੀ ਦੇ ਰੂਪ ਵਿੱਚ। ਜਿਸ ਘਰ ਵਿੱਚ ਉਹ ਰਹਿੰਦਾ ਸੀ ਰਿਪੋਰਟਰਾਂ ਨੇ ਜਾ ਘੇਰਿਆ...।

1930

ਨੀਗਰੋ ਮਜ਼ਦੂਰਾਂ ਦੇ ਵਿਰੁੱਧ ਅਮਰੀਕਾ ਵਿੱਚ ਪੂੰਜੀਵਾਦੀ ਦਹਿਸ਼ਤ

ਪੂੰਜੀਪਤੀ ਅਤੇ ਉਹਨਾਂ ਦੇ ਵਫਾਦਾਰ ਸੇਵਕ-ਸੋਸ਼ਲ-ਡੈਮੋਕਰੈਟ ਅਤੇ ਚਰਚਿਲ ਅਤੇ ਕਾਟਸਕੀ, ਸਮਾਜਕ ਤਬਾਹੀ ਦੇ ਡਰੋਂ ਨੀਮ ਪਾਗਲ ਹੋਏ ਇਹ ਬਜ਼ੁਰਗ ਅਤੇ ਮੱਕਾਰ ਨੌਜਵਾਨ ਜਿਹੜੇ ਵੱਡੀਆਂ ਜੋਕਾਂ ਬਣਨ ਲਈ ਉਤਾਵਲੇ ਹਨ, "ਕਲਮੀ ਗੁੰਡੇ ਅਤੇ ਅਖਬਾਰੀ ਡਾਕੂ", ਪੂੰਜੀਵਾਦੀ ਪ੍ਰਬੰਧ ਵਿੱਚ ਪਲ਼ਿਆ ਇਹ ਸਾਰਾ ਦੋ ਟੰਗਾ ਗੰਦ ਮੰਦ ਮਨੁੱਖ ਰੂਪ ਵਿੱਚ ਇਹ ਸਾਰੀ ਜ਼ਹਿਰ ਜਿਨ੍ਹਾਂ ਤੋਂ ਬਿਨਾਂ ਪੂੰਜੀਵਾਦ ਜ਼ਿੰਦਾ ਨਹੀਂ ਰਹਿ ਸਕਦਾ—ਸੋਵੀਅਤ ਬੁੱਧੀਵਾਨਾਂ ਅਤੇ ਬਾਲਸ਼ਵਿਕਾਂ ਉੱਤੇ ਇਹ ਇਲਜ਼ਾਮ ਲਾਉਂਦੇ ਹਨ ਕਿ ਉਹ ਸੱਭਿਆਚਾਰ ਨੂੰ ਤਬਾਹ ਕਰਨਾ ਚਾਹੁੰਦੇ ਹਨ। ਬੁਰਜੂਆ ਪ੍ਰੈੱਸ ਆਪਣੇ ਮਾਲਕਾਂ ਦੇ ਨਾਹਰੇ ਪ੍ਰਕਾਸ਼ਤ ਕਰੀ ਜਾ ਰਿਹਾ ਹੈ। "ਬਾਲਸ਼ਵਿਕਾਂ ਦੇ ਵਿਰੁੱਧ ਲੜਾਈ, ਕਮਿਊਨਿਜ਼ਮ ਦੇ ਵਿਰੁੱਧ ਲੜਾਈ, ਸੱਭਿਆਚਾਰ ਲਈ ਲੜਾਈ ਹੈ।"

ਇਹ ਕਹਿਣ ਦੀ ਲੋੜ ਨਹੀਂ ਕਿ ਪੂੰਜੀਪਤੀ ਕਿਸੇ ਗੱਲ ਲਈ ਜ਼ਰੂਰ ਲੜ ਰਹੇ ਹਨ। ਉਹਨਾਂ ਦਾ "ਸੱਭਿਆਚਾਰ" ਕਈ ਸੰਸਥਾਵਾਂ ਉੱਤੇ ਸਮਿਲਤ ਹੈ ਜੋ ਮਿਹਨਤ ਕਰ ਰਹੀ ਬਹੁਗਿਣਤੀ ਦੀ ਲੁੱਟ ਚੋਂਘ ਕਰ ਰਹੀ ਘੱਟ ਗਿਣਤੀ ਦੀ ਕਤਈ ਤੇ ਅਧੀਨ ਸ਼ਕਤੀ ਨੂੰ ਹੱਕੀ ਠਹਿਰਾਉਣ ਦੇ ਮੰਤਵ ਨਾਲ਼ ਬੜੀ ਅਸਾਨੀ ਨਾਲ਼ ਤੇ ਸੁਤੰਤਰ ਰੂਪ ਵਿੱਚ ਕੰਮ ਕਰਦੀਆਂ ਹਨ। ਇਹ ਬਹੁ-ਗਿਣਤੀ ਮਜ਼ਦੂਰ ਤੇ ਕਿਸਾਨ, ਅਤੇ ਨਿੱਕ ਬੁਰਜੂਆਜ਼ੀ, ਜੋ ਵੱਡੀ ਬੁਰਜੂਆਜ਼ੀ ਲਈ ਨਿੱਖਿਧ ਛੋਟੇ ਮੋਟੇ ਕੰਮ ਕਰਦੇ ਹਨ। ਇਹਨਾਂ ਦਾ ਸੱਭਿਆਚਾਰ ਸਕੂਲਾਂ ਉੱਤੇ, ਜਿੱਥੇ ਝੂਠ ਬੋਲਣਾ ਸਿਖਾਇਆ ਜਾਂਦਾ ਹੈ, ਗਿਰਜਿਆਂ ਉੱਤੇ ਜਿੱਥੇ ਕੂੜ ਕੁਸੱਤ ਸਿਖਾਇਆ ਜਾਂਦਾ ਹੈ, ਪਾਰਲੀਮੈਂਟ ਉੱਤੇ ਜਿਨ੍ਹਾਂ ਵਿੱਚ ਵੀ ਝੂਠ ਬੋਲਣਾ ਦੱਸਿਆ ਜਾਂਦਾ ਹੈ ਅਤੇ ਪ੍ਰੈੱਸ ਉੱਤੇ ਸਮਿਲਤ ਹੈ ਜੋ ਝੂਠ ਬੋਲਦਾ ਹੈ ਅਤੇ ਊਜਾਂ ਲਾਉਂਦਾ ਹੈ। ਇਹਨਾਂ ਦੀ ਸੱਭਿਆਚਾਰਕ ਪੁਲਸ ਹੈ ਜਿਸ ਨੂੰ ਮਜ਼ਦੂਰਾਂ ਨਾਲ਼ ਦੁਰਵਿਹਾਰ ਕਰਨ ਤੇ ਉਹਨਾਂ ਨੂੰ ਕਤਲ ਕਰਨ ਦਾ ਅਧਿਕਾਰ ਪ੍ਰਾਪਤ ਹੈ। ਇਹਨਾਂ ਦਾ ਸੱਭਿਆਚਾਰ ਇੱਕ ਨਾ-ਮੰਨਣ ਯੋਗ ਹੱਦ ਤੱਕ ਤੇ ਉਚਾਈ ਤੱਕ ਵਿਕਸਤ ਹੋ ਗਿਆ ਹੈ—ਮਜ਼ਦੂਰਾਂ ਦੇ ਵਿਰੁੱਧ ਨਿਰੰਤਰ ਤੇ ਨਿੱਤ ਦਿਹਾੜੀ ਦੀ ਜੰਗ ਦੀ ਹੱਦ ਤੱਕ, ਮਜ਼ਦੂਰ ਜਿਹੜੇ ਲੁਟੀਣਾ ਨਹੀਂ ਚਾਹੁੰਦੇ ਜੋ ਨਹੀਂ ਚਾਹੁੰਦੇ ਕਿ ਉਹਨਾਂ ਦੀਆਂ ਪਤਨੀਆਂ

30 ਸਾਲਾਂ ਦੀ ਉਮਰ ਵਿੱਚ ਹੀ ਬਿਮਾਰ ਤੇ ਬੁੱਢੀਆਂ ਠੇਰੀਆਂ ਬਣ ਜਾਣ, ਉਹਨਾਂ ਬੱਚੇ ਭੁੱਖ ਨਾਲ਼ ਮਰ ਜਾਣ ਤੇ ਉਹਨਾਂ ਦੀਆਂ ਧੀਆਂ ਰੋਟੀ ਦੇ ਇੱਕ ਟੁਕੜੇ ਲਈ ਵੇਸ਼ਵਾਵਾਂ ਬਣ ਜਾਣ ਅਤੇ ਜੋ ਨਹੀਂ ਚਾਹੁੰਦੇ ਕਿ ਬੇਰੁਜ਼ਗਾਰੀ ਵਿੱਚੋਂ ਪੈਦਾ ਹੋਏ ਜੁਰਮ—ਸੁਹਿਰਦ ਤੇ ਇਮਾਨਦਾਰ ਕਿਰਤੀ ਲੋਕਾਂ ਵਿਚਾਲੇ ਫੈਲ ਜਾਣ।

ਅਸਲ ਵਿੱਚ, ਬੁਰਜੂਆ ਰਿਆਸਤਾਂ ਦੇ ਸੱਭਿਆਚਾਰਕ ਜੀਵਨ ਦਾ ਮੁੱਖ ਰੂਪ ਵਿੱਚ ਭਾਵ ਹੈ, ਗਲੀਆਂ ਵਿੱਚ ਪੁਲਸ ਤੇ ਮਜ਼ਦੂਰਾਂ ਦੀ ਲੜਾਈ, ਭੁੱਖ ਮਰੀ ਦੇ ਕਾਰਨ ਖੁਦਕੁਸ਼ੀਆਂ ਦੀ ਨਿੱਤ ਵੱਧਦੀ ਦਰ, ਬੇਰੁਜ਼ਗਾਰੀ ਦੇ ਕਾਰਨ ਤੁੱਛ ਜਿਹੀਆਂ ਕਾਨੂੰਨੀ ਚੋਰੀਆਂ ਵਿੱਚ ਵਾਧਾ। ਇਹ ਉੱਕਾ ਅਤਿਕਥਨੀ ਨਹੀਂ ਹੈ। ਸਾਰੀਆਂ ਬੁਰਜੂਆ ਅਖ਼ਬਾਰਾਂ ਦਾ "ਪੁਲਸੀ ਖਬਰਨਾਮਾ" ਇਸ ਪ੍ਰਕਾਰ ਦੇ ਤੱਥਾਂ ਨਾਲ਼ ਭਰਿਆ ਹੁੰਦਾ ਹੈ। "ਸੱਭਿਆ" ਬੁਰਜੂਆ ਸੰਸਾਰ ਮਜ਼ਦੂਰ ਜਮਾਤ ਨਾਲ਼ ਨਿਰੰਤਰ ਜੰਗ ਦੀ ਹਾਲਤ ਵਿੱਚ ਰਹਿੰਦਾ ਹੈ ਅਤੇ ਇਹ ਜੰਗ ਹਰ ਰੋਜ਼ ਵਧੇਰੇ ਤੋਂ ਵਧੇਰੇ ਖ਼ੂੰਖਾਰ ਹੁੰਦੀ ਜਾ ਰਹੀ ਹੈ। ਮੁੱਕਦੀ ਗੱਲ ਇੱਕ ਘੱਟ ਗਿਣਤੀ ਵੱਲੋਂ ਬਿਨਾਂ ਕਿਸੇ ਵਜ੍ਹਾ ਦੇ ਬਹੁਗਿਣਤੀ ਨੂੰ ਲੁੱਟਣ ਦੇ ਅਧਿਕਾਰ ਲਈ ਲੜਾਈ, ਸੋਵੀਅਤ ਯੂਨੀਅਨ ਤੋਂ ਬਾਹਰ ਦੇ ਵਰਤਮਾਨ ਸੰਸਾਰ ਦਾ ਸੱਭਿਆਚਾਰਕ ਜੀਵਨ ਹੈ। ਗਰੀਬਾਂ ਤੇ ਭੁੱਖਿਆਂ ਦੇ ਵਿਰੁੱਧ ਉਹਨਾਂ ਦੀ ਜੰਗ ਵਿੱਚ ਧਨਾਢ ਤੇ ਚੰਗੀ ਤਰ੍ਹਾਂ ਰੱਜੇ ਪੁੱਜੇ ਮਜ਼ਦੂਰ ਜਮਾਤ ਨੂੰ ਜੋ ਇੱਕ ਸੰਸਾਰ ਵਿਆਪੀ ਨਿਰਣਾਇਕ ਲੜਾਈ ਲਈ ਆਪਣੇ ਆਪ ਨੂੰ ਜਥੇਬੰਦ ਕਰ ਰਹੀ ਹੈ, ਉਸ ਵਿੱਚ ਦੁਫੇੜ ਪੈਦਾ ਕਰਕੇ, ਉਸ ਦੇ ਬਹੁਤ ਹੀ ਸਰਗਰਮ ਕਾਰਕੁਨਾਂ ਨੂੰ ਜੇਲ੍ਹਾਂ ਵਿੱਚ ਸੁੱਟ ਕੇ ਜਾਂ ਕਤਲ ਕਰਕੇ ਕਮਜ਼ੋਰ ਕਰਨਾ ਚਾਹੁੰਦੇ ਹਨ ਤੇ ਇਸੇ ਸਮੇਂ ਉਹ ਨਿਰਦੋਸ਼ ਬੰਦਿਆਂ ਨੂੰ ਮੌਤ ਦੇ ਘਾਟ ਉਤਾਰ ਕੇ, ਜਿਸ ਦੀ ਸਾਕੋ ਅਤੇ ਵਾਨਜੇਤੀ ਦਾ ਕਤਲ ਇੱਕ ਉਦਾਹਰਣ ਸੀ, ਮਜ਼ਦੂਰਾਂ ਦੇ ਸਮੂਹ ਨੂੰ ਡਰਾਉਣ ਦਾ ਯਤਨ ਕਰਦੇ ਹਨ।

ਹੁਣੇ ਜਿਹੇ, ਅਮਰੀਕਾ ਵਿੱਚ, ਸਕਾਟਸਬੋਰੋ ਦੇ ਨਗਰ ਵਿੱਚ ਇੱਕ ਦੁਖਾਂਤ ਵਾਪਰ ਰਿਹਾ ਹੈ, ਜੋ ਇਹਨਾਂ ਦੋ ਇਟਲੀ ਦੇ ਵਸਨੀਕਾਂ ਦੇ ਮੁਕੱਦਮੇ ਦੀ ਯਾਦ ਦਵਾਉਂਦਾ ਹੈ, ਜਿਹੜੇ ਮੌਤ ਦੀ ਸਜ਼ਾ ਸੁਣਾਏ ਜਾਣ ਮਗਰੋਂ ਸੱਤਾਂ ਸਾਲਾਂ ਤੋਂ ਜੇਲ੍ਹ ਦੀ ਕਾਲ ਕੋਠੜੀ ਵਿੱਚ ਬਿਜਲੀ ਕੁਰਸੀ ਨੂੰ ਉਡੀਕਦੇ ਰਹੇ ਸਨ। ਸਾਰੇ ਯੂਰਪ ਦੇ ਮਾਨਵਵਾਦੀਆਂ ਤੇ ਇਸ ਦੀ ਮਜ਼ਦੂਰ ਜਮਾਤ ਨੇ ਇਹਨਾਂ ਦੋ ਨਿਰਦੋਸ਼ ਬੰਦਿਆਂ ਦੇ ਕਤਲ ਦੇ ਵਿਰੁੱਧ ਰੋਸ ਪ੍ਰਗਟ ਕੀਤਾ ਸੀ ਪਰ ਇਹ ਰੋਸ ਅਮਰੀਕੀ ਕਰੋੜਪਤੀਆਂ ਦੇ ਰੁੱਖੇ ਚਿਹਰਿਆਂ ਉੱਤੇ ਇੱਕ ਵੀ ਵੱਟ ਪੈਦਾ ਨਹੀਂ ਸੀ ਕਰ ਸਕਿਆ। ਸਕਾਟਸਬੋਰੋ ਨਗਰ ਵਿੱਚ ਅੱਠ ਨੀਗਰੋ ਜਵਾਨਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। ਇਹ ਵੀ ਬਿਲਕੁੱਲ ਨਿਰਦੋਸ਼ ਹਨ। ਉਹ ਇਕ ਦੂਜੇ ਨੂੰ ਉੱਕਾ ਨਹੀਂ ਸਨ ਜਾਣਦੇ। ਉਹ ਸਬੱਬ ਨਾਲ਼ ਹੀ ਗ੍ਰਿਫ਼ਤਾਰ ਕੀਤੇ ਗਏ ਸਨ। ਫਿਰ ਵੀ ਉਹਨਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਸੀ। ਇਹ ਨੀਗਰੋ ਲੋਕਾਂ ਨੂੰ ਡਰਾਉਣ ਲਈ ਕੀਤਾ ਗਿਆ ਸੀ। ਇਹ ਕਤਲ ਇੱਕ "ਹਿਫਾਜ਼ਤੀ ਕਦਮ" ਹੈ। ਇਹ ਇਸ ਲਈ ਅਮਲ ਵਿੱਚ ਲਿਆਂਦਾ ਗਿਆ ਕਿਉਂ ਜੋ ਨੀਗਰੋ ਜਨਸਮੂਹ ਵਧੇਰੇ ਤੋਂ ਵਧੇਰੇ ਇਨਕਲਾਬੀ ਲਹਿਰ ਵੱਲ, ਖਿਚ ਆ ਰਹੇ ਹਨ ਅਤੇ ਉਹ ਗੋਰੇ ਮਜ਼ਦੂਰਾਂ ਦੇ ਸਮੂਹਾਂ ਦੇ ਮੋਢੇ ਨਾਲ਼ ਮੋਢਾ ਜੋੜ ਰਹੇ ਹਨ। ਉਹਨਾਂ ਨੇ ਅਮਰੀਕੀ ਸਾਮਰਾਜ ਦੇ ਵਿਰੁੱਧ

ਜਦੋਜਹਿਦ ਵਿੱਚ ਸਰਗਰਮ ਭਾਗ ਲੈਣਾ ਸ਼ੁਰੂ ਕਰ ਦਿੱਤਾ ਹੈ। ਤਿੰਨ ਕਰੋੜ ਨੀਗਰੋ ਲੋਕਾਂ—ਮਜ਼ਦੂਰਾਂ ਤੇ ਕਿਸਾਨਾਂ—ਵਿਚਾਲੇ ਬਗਾਵਤ ਦੀ ਭਾਵਨਾ ਫੈਲਣ ਤੋਂ ਡਰਦਿਆਂ ਬੁਰਜੂਆਜ਼ੀ ਨੀਗਰੋ ਜਨਸਮੂਹਾਂ ਦੀ ਨਿਤ-ਵੱਧਦੀ ਲੜਾਕੂ ਸ਼ਕਤੀ ਨੂੰ ਕੁਚਲਣ ਦੀ ਆਪਣੀ ਪੂਰੀ ਵਾਹ ਲਾ ਰਹੀ ਹੈ ਅਤੇ ਹਥਿਆਰ ਜਿਹੜਾ ਉਹ ਵਰਤਦੇ ਹਨ ਉਹ ਹੈ—ਗੋਰੀ ਦਹਿਸ਼ਤ।

ਇਹ ਗੱਲ, ਕੈਂਪ ਹਿਲ, ਅਲਾਬਾਮਾ ਦੀਆਂ ਖ਼ੂਨੀ ਘਟਨਾਵਾਂ ਤੋਂ ਵੇਖੀ ਜਾ ਸਕਦੀ ਹੈ। ਇਸ ਘਟਨਾ ਨੇ ਖੁੱਲ੍ਹੇ ਆਮ ਕੁੱਟ ਕੁੱਟ ਕੇ ਮਾਰ ਦੇਣ ਦੇ ਵਿਰੁੱਧ ਅਤੇ ਅਮਰੀਕੀ ਨੀਗਰੋ ਮਜ਼ਦੂਰ ਦੇ ਹੱਕ ਵਿੱਚ ਸੰਸਾਰ ਦੀ ਮਜ਼ਦੂਰ ਜਮਾਤ ਦੀ ਚੱਲ ਰਹੀ ਮੁਹਿੰਮ ਵਿੱਚ ਨਵਾਂ ਜੋਸ਼ ਭਰ ਦਿੱਤਾ ਹੈ।

ਇਸ ਨਾਲ਼ ਤਾਲਾਪੂਸਾ ਕੌਂਟੀ, ਅਲਾਬਾਮਾ ਦੇ ਹਿੱਸੇ ’ਤੇ ਬੀਜਾਈ ਕਰਨ ਵਾਲ਼ਿਆਂ ਨੇ ਆਪਣੀ ਜਥੇਬੰਦੀ ਬਣਾ ਲਈ ਹੈ। ਇਹ ਇੱਕ ਲੜਾਕੂ ਜਥੇਬੰਦੀ ਹੈ ਅਤੇ ਸਕਾਟਸਬੋਰੋ ਮੁਹਿੰਮ ਵਿੱਚ ਸਰਗਰਮ ਹਿੱਸਾ ਲੈ ਰਹੀ ਹੈ। ਕੋਈ ਪੰਦਰਾਂ ਦਿਨ ਹੋਏ ਹਨ ਇਸ ਨੇ ਸਕਾਟਸਬੋਰੋ ਘਟਨਾ ਦੇ ਵਿਰੁੱਧ ਰੋਸ ਪ੍ਰਗਟ ਕਰਨ ਲਈ ਇੱਕ ਗਿਰਜੇ ਵਿੱਚ ਆਪਣੇ ਮੈਂਬਰਾਂ ਦੀ ਮੀਟਿੰਗ ਬੁਲਾਈ। ਜ਼ਿਮੀਂਦਾਰ ਨੇ ਕੋਈ ਚਾਰ ਸੌ ਪੁਲਸੀਏ ਤੇ ਹਥਿਆਰਬੰਦ ਫਾਸਿਸਟ ਇਕੱਠੇ ਕਰ ਲਏ ਤੇ ਗਿਰਜੇ ਉੱਤੇ ਹਮਲਾ ਕਰ ਦਿੱਤਾ। ਲੜਾਈ ਦੇ ਦੌਰਾਨ ਜਥੇਬੰਦੀ ਦਾ ਆਗੂ ਗਲਫ ਗਰੇਅ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ ਤੇ ਉਸ ਦੇ ਸਾਥੀ ਉਸ ਨੂੰ ਚੁੱਕ ਕੇ ਘਰ ਲੈ ਗਏ। ਜਦੋਂ ਫਾਸਿਸਟ ਗੁੰਡਿਆਂ ਨੂੰ ਇਹ ਪਤਾ ਲੱਗਾ ਕਿ ਗਰੇਅ ਅਜੇ ਜਿਉਂਦਾ ਹੈ ਉਹਨਾਂ ਨੇ ਉਸ ਦੇ ਘਰ ਜਾ ਘੇਰਿਆ, ਬੂਹੇ ਭੰਨ੍ਹ ਕੇ ਅੰਦਰ ਜਾ ਵੜੇ ਅਤੇ ਬਿਸਤਰੇ ਵਿਚ ਪਏ, ਉਸ ਡਾਕਟਰ ਦੇ ਸਾਹਮਣੇ ਜਿਹੜਾ ਉਸ ਦੀ ਮਰ੍ਹਮ ਪੱਟੀ ਕਰ ਰਿਹਾ ਸੀ ਗੋਲ਼ੀ ਮਾਰ ਦਿੱਤੀ। ਫਾਸਿਸਟਾਂ ਨੇ ਜਥੇਬੰਦੀ ਦੇ ਅਧਿਕਾਰੀਆਂ ਦੀ ਭਾਲ਼ ਵਿੱਚ ਨੀਗਰੋ ਲੋਕਾਂ ਦੇ ਘਰ ਤਬਾਹ ਕਰ ਦਿੱਤੇ। ਚਾਰ ਨੀਗਰੋਆਂ ਨੂੰ ਪਕੜ ਕੇ ਜੰਗਲ ਵਿੱਚ ਲੈ ਗਏ ਤੇ ਉਹਨਾਂ ਨੂੰ ਪੱਥਰ ਮਾਰ ਮਾਰ ਕੇ ਮਾਰ ਦਿੱਤਾ। ਪੰਝੀ ਨੀਗਰੋ “ਮਨੁੱਖਾਂ ਨੂੰ ਕਤਲ” ਕਰਨ ਦੇ ਜੁਰਮ ਵਿੱਚ ਗ੍ਰਿਫਤਾਰ ਕਰ ਲਏ ਗਏ। ਜਥੇਬੰਦੀ ਦੇ ਪੰਜ ਮੁੱਖ ਅਧਿਕਾਰੀਆਂ ਉੱਤੇ “ਕਤਲ ਕਰਨ ਦੀ ਕੋਸ਼ਿਸ਼” ਦਾ ਜੁਰਮ ਲਾਇਆ ਗਿਆ। ਫਾਸਿਸਟ ਟੋਲੇ ਦਾ ਮੁਖੀ ਸ਼ੈਰਿਫ ਯੰਗ ਬੁਰੀ ਤਰ੍ਹਾਂ ਫੱਟੜ ਹੋਇਆ ਸੀ।

ਹਾਰਲਾਨ ਕੌਂਟੀ, ਕੇਨਟੱਕੀ ਦੀ ਜੇਲ੍ਹ ਨੂੰ ਲਓ, ਜਿਹੜੀ ਕੇਨਟੱਕੀ ਖਾਣ ਖੇਤਰ ਦੇ ਐਨ ਵਿਚਕਾਰ ਸਥਿਤ ਹੈ। ਇਹ ਖੇਤਰ ਦੇਸ਼ ਦੀਆਂ ਕੁਝ ਕੁ ਸਭ ਤੋਂ ਵੱਡੀਆਂ ਕਾਰਪੋਰੇਸ਼ਨਾਂ ਲਈ ਦੌਲਤ ਦਾ ਵਸੀਲਾ ਹੈ ਅਤੇ ਜਿਸ ਦੇ ਕੋਲ਼ ਖਾਣ ਮਜ਼ਦੂਰਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਕੇਵਲ ਭੁੱਖ ਕੰਗਾਲੀ ਤੇ ਮੌਤ ਹੀ ਭੇਟ ਕਰਨ ਲਈ ਹੈ। ਲਗਭਗ ਇੱਕ ਸੌ ਖਾਣ ਮਜ਼ਦੂਰਾਂ ਨੂੰ ਹਨ੍ਹੇਰੀਆਂ ਕੋਠੜੀਆਂ ਵਿੱਚ ਡੱਕਿਆ ਹੋਇਆ ਹੈ। ਕਈਆਂ ਉੱਤੇ ਕਤਲ ਕਰਨ ਦਾ ਇਲਜ਼ਾਮ ਹੈ ਤੇ ਜਿਨ੍ਹਾਂ ਨੂੰ ਮੌਤ ਦੀ ਸਜ਼ਾ ਦਾ ਖਤਰਾ ਹੈ। ਕਈਆਂ ਉੱਤੇ ਜਥੇਬੰਦ ਟੋਲਿਆਂ ਦੇ ਮੈਂਬਰ ਹੋਣ ਦਾ, ਬਾਕੀਆਂ ਉੱਤੇ “ਮੁਜਰਮ ਸੰਘਵਾਦ” ਦੇ ਮੈਂਬਰ ਹੋਣ ਦਾ ਇਲਜ਼ਾਮ ਹੈ, ਕਿਉਂ ਜੋ ਉਹਨਾਂ ਨੇ ਮੀਟਿੰਗਾਂ ਨੂੰ ਸੰਬੋਧਨ ਕੀਤਾ ਹੈ। ਕੋਈ ਤਿੰਨ ਮਹੀਨੇ ਹੋਏ, ਖਾਣ-ਮਜ਼ਦੂਰਾਂ ਨੇ ਆਪਣੀਆਂ ਤਰਸਯੋਗ ਹਾਲਤਾਂ ਸੁਧਾਰਨ ਲਈ ਹੜਤਾਲ ਕੀਤੀ। ਗਵਰਨਰ ਸੈਂਪਸਨ ਨੇ

ਹੜਤਾਲੀ ਮਜ਼ਦੂਰਾਂ ਦੇ ਵਿਰੁੱਧ ਪੁਲਸ ਦੀ ਗਾਰਦ ਭੇਜ ਦਿੱਤੀ ਅਤੇ ਖਾਣ ਮਾਲਕਾਂ ਨੇ ਮਜ਼ਦੂਰਾਂ ਦੀ ਹੜਤਾਲ ਨੂੰ ਮਸ਼ੀਨ ਗੰਨਾਂ ਤੇ ਬੰਬਾਂ ਨਾਲ਼ ਕੁਚਲਣ ਲਈ ਹਥਿਆਰਬੰਦ ਫਾਸਿਸਟ ਟੋਲਿਆਂ, ਸ਼ੈਰਫਾਂ ਤੇ ਪੁਲਸ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ। ਇਕੱਠੀ ਬੰਦੇ—ਅਠ੍ਹਾਰਾਂ ਖਾਣ ਮਜ਼ਦੂਰ ਅਤੇ ਤੇਰ੍ਹਾਂ ਫਾਸਿਸਟ ਤੇ ਸਿਪਾਹੀ ਮਾਰੇ ਗਏ। ਖਾਣ ਮਜ਼ਦੂਰਾਂ ਨੇ ਦਾਰੂ ਸਿੱਕੇ ਸਮੇਤ ਛੇ ਮਸ਼ੀਨ ਗੰਨਾਂ ਕਾਬੂ ਕਰ ਲਈਆਂ, ਇੱਕ ਕੰਪਨੀ ਸਟੋਰ ਉੱਤੇ ਹੱਲਾ ਬੋਲ ਦਿੱਤਾ ਅਤੇ ਆਪਣੇ ਭੁੱਖੇ ਮਰਦੇ ਪਰਿਵਾਰਾਂ ਲਈ ਖਾਣ-ਪੀਣ ਦਾ ਸਾਮਾਨ ਲੁੱਟ ਲਿਆ।

ਅਠਾਰਾਂ ਖਾਣ ਮਜ਼ਦੂਰਾਂ ਨੂੰ ਮੌਤ ਦੀ ਅਤੇ ਪੰਜਾਹ ਨੂੰ ਲੰਮੇ ਸਮੇਂ ਦੀ ਕੈਦ ਦੀ ਸਜ਼ਾ ਮਿਲ਼ਣ ਦਾ ਖਤਰਾ ਹੈ। ਸੋਲ੍ਹਾਂ ਖਾਣ ਮਜ਼ਦੂਰਾਂ ਦੇ ਘਰ ਸਾੜ ਫੂਕ ਦਿੱਤੇ ਗਏ ਹਨ। ਅਜੇ ਤੱਕ ਖਾਣ ਮਜ਼ਦੂਰਾਂ ਦੇ ਪਰਵਾਰਾਂ ਨੂੰ ਉਹਨਾਂ ਦੇ ਘਰਾਂ ਤੋਂ ਬੇਦਖਲ ਕੀਤਾ ਜਾ ਰਿਹਾ ਹੈ।

ਪੈਨਸਿਲਵਾਨੀਆਂ, ਪੱਛਮੀ ਵਰਜੀਨੀਆ ਤੇ ਓਹੀਓ ਵਿੱਚ ਚਾਲ਼ੀ ਹਜ਼ਾਰ ਖਾਣ ਮਜ਼ਦੂਰ ਹੜਤਾਲ ਉੱਤੇ ਹਨ, ਬਹੁਗਿਣਤੀ ਨੀਗਰੋ ਮਜ਼ਦੂਰਾਂ ਦੀ ਹੈ। 6 ਜੁਲਾਈ ਨੂੰ ਪਕੜੇ ਛੇ ਸੌ ਮਜ਼ਦੂਰਾਂ ਵਿੱਚੋਂ ਬਹੁਤੇ ਨੀਗਰੋ ਸਨ। ਜਦੋਂ ਉਹਨਾਂ ਨੂੰ ਗ੍ਰਿਫਤਾਰ ਕੀਤਾ ਗਿਆ, ਉਹਨਾਂ ਨੂੰ ਕੁੱਟਿਆ ਗਿਆ ਤੇ ਤਸੀਹੇ ਦਿੱਤੇ ਗਏ।

ਇੰਟਰਨੈਸ਼ਨਲ ਲੇਬਰ ਡੀਫੈਂਸ ਦਾ ਅਮਰੀਕੀ ਵਿਭਾਗ ਸਕਾਟਸਬੋਰੋ ਘਟਨਾ ਨੂੰ ਸੰਸਾਰ ਮਹੱਤਤਾ ਦੇ ਰਿਹਾ ਹੈ। ਅਮਰੀਕੀ ਗ੍ਰਹਿ ਯੁੱਧ ਦੇ ਮਗਰੋਂ ਪਹਿਲੀ ਵਾਰ ਅਮਰੀਕਾ ਦਾ ਹਾਕਮ ਜਮਾਤ ਵੱਲੋਂ ਨੀਗਰੋ ਸਮੂਹਾਂ ਦੀ ਵਹਿਸ਼ੀ ਲੁੱਟ ਖਸੁੱਟ ਨੂੰ ਕੌਮਾਂਤਰੀ ਲੋਕ-ਪ੍ਰਸਿੱਧੀ ਪ੍ਰਾਪਤ ਹੋ ਰਹੀ ਹੈ ਤੇ ਉਸ ਦੀ ਨਿਖੇਧੀ ਹੋ ਰਹੀ ਹੈ। ਕੌਮਾਂਤਰੀ ਲੇਬਰ ਡੀਫੈਂਸ ਦੇ ਅਮਰੀਕੀ ਵਿਭਾਗ ਵੱਲੋਂ ਕੀਤੀ ਗਈ ਇਸ ਮੰਗ ਨੂੰ ਕਿ ਸਜ਼ਾ ਦੇ ਅਮਲ ਨੂੰ 90 ਦਿਨਾਂ ਲਈ ਮੁਲਤਵੀ ਕਰ ਦਿੱਤਾ ਜਾਵੇ ਸਾਰੇ ਸੰਸਾਰ ਵਿੱਚ ਹਮਾਇਤ ਪ੍ਰਾਪਤ ਹੋਈ। ਸੋਵੀਅਤ ਯੂਨੀਅਨ, ਬਰਤਾਨੀਆ, ਫ਼ਰਾਂਸ, ਅਸਟਰੇਲੀਆ, ਕਿਊਬਾ, ਅਸਟਰੀਆ, ਜਰਮਨੀ ਅਤੇ ਕਈ ਹੋਰ ਦੇਸ਼ਾਂ ਤੋਂ ਸਕਾਟਸਬੋਰੋ ਦੇ ਅੱਠ ਨੀਗਰੋ ਜਵਾਨਾਂ ਨੂੰ ਰਿਹਾ ਕਰਨ ਦੀ ਮੰਗ ਬਾਰੇ ਹਜ਼ਾਰਾਂ ਮਤੇ ਆਏ। ਜਰਮਨੀ ਤੇ ਕਿਊਬਾ ਵਿਚਲੇ ਅਮਰੀਕੀ ਕੌਂਸਲ ਘਰਾਂ ਨੂੰ ਮੁਜ਼ਾਹਰਾ ਕਰਨ ਵਾਲ਼ੇ ਹਜ਼ਾਰਾਂ ਮਜ਼ਦੂਰਾਂ ਨੇ ਘੇਰ ਲਿਆ।

ਸਕਾਟਸਬੋਰੋ ਦੇ ਅੱਠ ਨੀਗਰੋ ਜਵਾਨ ਅਜੇ ਵੀ ਜੇਲ੍ਹ ਵਿੱਚ ਹਨ ਅਤੇ ਬਿਜਲੀ ਕੁਰਸੀ ਦਾ ਖਤਰਾ ਅਜੇ ਵੀ ਉਹਨਾਂ ਦੇ ਸਿਰਾਂ 'ਤੇ ਲਟਕ ਰਿਹਾ ਹੈ ਅਤੇ ਹਰ ਰੋਜ਼ ਵਾਰਡਨ ਉਹਨਾਂ ਨੂੰ ਦੱਸਦੇ ਹਨ ਕਿ ਉਹਨਾਂ ਨੂੰ ਜਲਦੀ ਹੀ ਉਸ ਕੁਰਸੀ ਉੱਤੇ ਬਿਠਾਇਆ ਜਾ ਰਿਹਾ ਹੈ।

"ਸੰਸਾਰ ਵਿਆਪੀ ਮੁਹਿੰਮ ਨੂੰ ਹੋਰ ਤੇਜ਼ ਕਰਨਾ ਚਾਹੀਦਾ ਹੈ। ਕੋਈ ਵੀ ਅਜਿਹਾ ਜਲਸਾ ਜਾਂ ਮੁਜ਼ਾਹਰਾ ਨਹੀਂ ਹੋਣਾ ਚਾਹੀਦਾ, ਕੋਈ ਇਸ਼ਤਿਹਾਰ, ਕੋਈ ਇੰਟਰਨੈਸ਼ਨਲ ਲੇਬਰ ਡੀਫੈਂਸ ਦਾ ਪੱਤਰ ਪ੍ਰਕਾਸ਼ਤ ਨਹੀਂ ਹੋਣਾ ਚਾਹੀਦਾ ਜਿਨ੍ਹਾਂ ਵਿੱਚ ਅਮਰੀਕੀ ਸਾਮਰਾਜ ਦੇ ਉਸ ਗੋਰੀ ਦਹਿਸ਼ਤ ਦੇ ਵਿਰੁੱਧ ਆਵਾਜ਼ ਉਠਾਉਣ ਦੀ ਜਨਸਮੂਹਾਂ ਨੂੰ ਅਪੀਲ ਨਾ ਕੀਤੀ ਗਈ ਹੋਵੇ ਜਿਹੜਾ ਅਮਰੀਕਾ ਵਿੱਚ ਨੀਗਰੋ ਜਨਸਮੂਹਾਂ ਦੇ ਵੱਧ ਰਹੇ ਰੋਹ ਤੇ ਗੁੱਸੇ ਦੀ ਸੰਘੀ ਘੁੱਟਣ ਲਈ ਵਰਤੀ ਜਾ ਰਹੀ ਹੈ।" (ਇੰਟਰਨੈਸ਼ਨਲ ਲੇਬਰ ਡੀਫੈਂਸ ਸੰਸਥਾ ਦੀ ਕੇਂਦਰੀ ਕਮੇਟੀ ਵੱਲੋਂ

ਉਸ ਦੇ ਸਾਰੇ ਵਿਭਾਗਾਂ ਤੇ ਜਥੇਬੰਦੀਆਂ ਨੂੰ ਅਪੀਲ ਵਿੱਚੋਂ।)

ਜਦੋਂ ਸਾਰੇ ਦੇਸ਼ਾਂ ਦੇ ਪ੍ਰੋਲੇਤਾਰੀ ਆਪਣੇ ਭਰਾਵਾਂ ਦੇ ਮਾਰੇ ਜਾਣ ਦੇ ਵਿਰੁੱਧ ਰੋਸ ਪ੍ਰਗਟ ਕਰਦੇ ਹਨ, ਨਿਰਸੰਦੇਹ ਇਹ ਇਸ ਲਈ ਨਹੀਂ ਕਰਦੇ ਕਿ ਉਹ ਪੂੰਜੀਪਤੀਆਂ ਨੂੰ ਪ੍ਰੇਰਨਾ ਚਾਹੁੰਦੇ ਹਨ ਕਿ ਉਹ ਮਜ਼ਦੂਰਾਂ ਨੂੰ ਨਾ ਮਾਰਨ। ਪੂੰਜੀਪਤੀ "ਮਾਨਵਵਾਦੀ" ਨਹੀਂ ਹੋ ਸਕਦਾ – ਮਨੁੱਖ ਵਿੱਚ ਵਹਿਸ਼ੀ ਭਾਵਨਾ ਤੋਂ ਬਿਨਾਂ ਹਰ ਮਾਨਵਵਾਦੀ ਚੀਜ਼ ਉਸ ਲਈ ਓਪਰੀ ਹੈ। ਜੇ ਉਹ ਮਜ਼ਦੂਰਾਂ ਦਾ ਲਹੂ ਨਿਚੋੜ ਕੇ ਕਮਾਏ ਡਾਲਰ ਯੂਨੀਵਰਸਿਟੀਆਂ ਨੂੰ ਦਾਨ ਦੇਂਦਾ ਹੈ, ਉਹ ਆਪਣੀ ਤਾਕਤ ਨੂੰ ਮਜ਼ਬੂਤ ਬਣਾਉਣ ਲਈ ਦੇਂਦਾ ਹੈ। ਮਾਰਕਸ ਤੇ ਲੈਨਿਨ ਦੀ ਸਿੱਖਿਆ ਉਸ ਦੀਆਂ ਯੂਨੀਵਰਸਿਟੀਆਂ ਵਿੱਚ ਪੜ੍ਹਾਈ ਨਹੀਂ ਜਾਂਦੀ ਅਤੇ ਜੇ ਕਿਸੇ ਨੇ ਇਹ ਸੁਝਾਅ ਦਿੱਤਾ ਕਿ ਵਿਦਿਆਰਥੀਆਂ ਨੂੰ ਦਵੰਦਵਾਦੀ ਪਦਾਰਥਵਾਦ ਬਾਰੇ ਲੈਕਚਰ ਦਿੱਤੇ ਜਾਣ ਤਾਂ ਉਸ ਨੂੰ ਤੁਰੰਤ ਬਾਹਰ ਕੱਢ ਦਿੱਤਾ ਜਾਂਦਾ ਗਿਆ। ਪ੍ਰੋਲੇਤਾਰੀਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਇਹਨਾਂ ਕਾਤਲਾਂ ਦੇ ਵਿਰੁੱਧ ਰੋਸ ਪ੍ਰਗਟ ਕਰਨ, ਪਰ ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਾਤਲ ਕਤਲ ਕਰਨ ਤੋਂ ਬਾਜ਼ ਨਹੀਂ ਆ ਸਕਦੇ ਅਤੇ ਕਿ ਉਹ ਉਹਨਾਂ ਦੇ ਸਭ ਤੋਂ ਵਧੀਆ ਸਾਥੀਆਂ ਨੂੰ ਕਤਲ ਕਰਨਗੇ। ਪੂੰਜੀਪਤੀ ਆਪਣੇ ਡਾਲਰਾਂ ਦੀ ਹਿਫਾਜ਼ਤ ਕਰਦਾ ਹੈ ਅਤੇ ਉਸ ਲਈ ਡਾਲਰ ਹਮੇਸ਼ਾ ਕਿਸੇ ਵਿਅਕਤੀ ਨਾਲ਼ੋਂ ਵਧੇਰੇ ਕੀਮਤੀ ਹੁੰਦੇ ਹਨ, ਭਾਵੇਂ ਉਹ ਵਿਅਕਤੀ ਕੋਈ ਵੀ ਹੋਵੇ। ਪ੍ਰੋਲੇਤਾਰੀਆਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਰੋਜ਼ਾ ਲਕਜ਼ਮਬਰਗ ਅਤੇ ਕਾਰਲ ਲੀਬਨੇਕਤ ਨੂੰ ਸਿਪਾਹੀਆਂ ਨੇ ਨਹੀਂ ਸਗੋਂ ਪੂੰਜੀਪਤੀਆਂ ਨੇ ਕਤਲ ਕੀਤਾ ਸੀ ਅਤੇ ਉਹ ਔਰਤ ਕੋਈ ਨੀਮ-ਪਾਗਲ ਨਹੀਂ ਸੀ ਜਿਸ ਨੇ ਲੈਨਿਨ 'ਤੇ ਗੋਲ਼ੀ ਚਲਾਈ ਸੀ, ਸਗੋਂ ਉਹ ਵਿਚਾਰਧਾਰਾ ਦੇ ਇੱਕ ਨਿਸ਼ਚਿਤ ਪ੍ਰਬੰਧ ਦਾ ਇੱਕ ਮੈਕਾਨਕੀ ਹਥਿਆਰ ਸੀ—ਬੁਰਜੂਆਜ਼ੀ ਦੇ ਨੀਚ, ਅਣ-ਮਨੁੱਖੀ ਸੋਚਣ ਢੰਗ ਦਾ ਇੱਕ ਹਥਿਆਰ।

ਪ੍ਰੋਲੇਤਾਰੀਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹਨਾਂ ਤੇ ਪੂੰਜੀਪਤੀਆਂ ਵਿਚਾਲੇ ਕੋਈ ਸਮਝੌਤਾ — "ਮਨ-ਮੰਨੌਤ" ਜਾਂ ਵਕਤੀ ਯੁੱਧਬੰਦੀ — ਸੰਭਵ ਨਹੀਂ। ਸਮਾਂ ਹੈ ਕਿ ਪ੍ਰੋਲੇਤਾਰੀਏ ਇਸ ਨੂੰ ਸਮਝ ਜਾਣ ਅਤੇ ਇਹ ਗੱਲ ਵੀ ਪੱਕੀ ਤਰ੍ਹਾਂ ਚੇਤੇ ਹੋਣੀ ਚਾਹੀਦੀ ਹੈ ਕਿ 1914 ਵਿੱਚ ਯੂਰਪ ਤੇ ਅਮਰੀਕਾ ਦੇ ਪ੍ਰੋਲੇਤਾਰੀਆਂ ਨਾਲ਼ ਪੂੰਜੀਪਤੀਆਂ ਨੇ ਸੋਸ਼ਲ ਡੈਮੋਕਰੇਟਾਂ ਰਾਹੀਂ ਗੱਦਾਰੀ ਕੀਤੀ ਸੀ ਅਤੇ ਇਸ ਦਾ ਮੁੱਲ ਮਜ਼ਦੂਰਾਂ ਨੂੰ ਤਿੰਨ ਕਰੋੜ ਜਾਨਾਂ ਨਾਲ਼ ਤਾਰਨਾ ਪਿਆ ਸੀ। ਉਹਨਾਂ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ "ਖੂਨੀ ਸ਼ਿਕਾਰੀ ਕੁੱਤਾ" ਨੋਸਕੇ ਵੀ ਇੱਕ ਸੋਸ਼ਲ ਡੈਮੋਕਰੇਟ ਹੈ ਅਤੇ ਆਮ ਤੌਰ 'ਤੇ ਉਹਨਾਂ ਨੂੰ ਉਹ ਜੁਰਮ ਨਹੀਂ ਭੁੱਲਣੇ ਚਾਹੀਦੇ ਜਿਹੜੇ ਮਜ਼ਦੂਰ ਜਮਾਤ ਦੇ ਵਿਰੁੱਧ ਉਸ ਦੇ ਵਿਰੋਧੀ-ਦੁਸ਼ਮਣਾਂ, ਗੱਦਾਰਾਂ ਤੇ ਲੁੱਚਿਆਂ ਨੇ ਕੀਤੇ ਹਨ। ਇਸ ਲਈ ਸਭ ਕੁਝ ਹਰ ਹਾਲਤ ਵਿੱਚ ਇਸ ਲਈ ਚੇਤੇ ਰੱਖਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਬੀਤੇ ਦੇ ਉਪੱਦਰ ਮੁੜ ਕੇ ਨਾ ਵਾਪਰਨ ਅਤੇ ਇਹ ਸਭ ਕੁਝ ਚੇਤੇ ਰੱਖਣਾ ਆਸਾਨ ਹੈ। ਕੇਵਲ ਦੂਜੀ ਇੰਟਰਨੈਸ਼ਨਲ ਸੋਸ਼ਲਿਸਟ ਦੀਆਂ ਘ੍ਰਿਣਤ ਸਰਗਰਮੀਆਂ ਨੂੰ ਅਤੇ ਉਸ ਸਭ ਕੁਝ ਨੂੰ ਵਾਚਣ ਦੀ ਲੋੜ ਹੈ ਜੋ ਯੂਰਪੀ ਪੂੰਜੀਪਤੀ ਸੋਵੀਅਤ ਯੂਨੀਅਨ ਦੇ

ਵਿਰੁੱਧ ਕਰ ਰਹੇ ਹਨ।

ਯੂਰਪ ਤੇ ਅਮਰੀਕਾ ਦੇ ਮਜ਼ਦੂਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜਦੋਂ ਉਹ ਦਾਰੂ ਸਿੱਕੇ ਦੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਹਨ, ਉਹ ਜਿਹੜੀਆਂ ਰਾਈਫਲਾਂ, ਮਸ਼ੀਨ ਗੰਨਾਂ ਤੇ ਬੰਦੂਕਾਂ ਬਣਾ ਰਹੇ ਹੁੰਦੇ ਹਨ ਉਹ ਉਹਨਾਂ ਦੇ ਆਪਣੇ ਵਿਰੁੱਧ ਹੀ ਵਰਤੀਆਂ ਜਾਣਗੀਆਂ। ਪੂੰਜੀਪਤੀ ਖੁਦ ਆਪ ਲੜਨ ਲਈ ਨਹੀਂ ਜਾਣਗੇ ਜਦੋਂ ਉਹਨਾਂ ਨੇ ਸੋਵੀਅਤ ਯੂਨੀਅਨ ਦੇ ਵਿਰੁੱਧ ਜੰਗ ਛੇੜਨ ਦਾ ਮਨ ਬਣਾ ਲਿਆ—ਉਹ ਮੌਤ ਦੇ ਰਣਖੇਤਰ ਵਿੱਚ, ਆਪਣੇ ਮਜ਼ਦੂਰਾਂ ਤੇ ਕਿਸਾਨਾਂ ਨੂੰ ਉਹਨਾਂ ਮਜ਼ਦੂਰਾਂ ਤੇ ਕਿਸਾਨਾਂ ਦੇ ਵਿਰੁੱਧ ਲੜਨ ਲਈ ਭੇਜਣਗੇ ਜਿਹਨਾਂ ਨੇ ਆਪਣੇ ਦੇਸ਼ ਵਿੱਚ ਪੂੰਜੀਵਾਦ ਦਾ ਭੋਗ ਪਾ ਦਿੱਤਾ ਹੈ। ਹਰ ਪੂੰਜੀਵਾਦੀ ਜੰਗ ਦਾ ਅਰਥ ਮਜ਼ਦੂਰ ਜਮਾਤ ਲਈ ਆਤਮਘਾਤ ਦਾ ਹੁੰਦਾ ਹੈ।

ਯੂਰਪ ਤੇ ਅਮਰੀਕਾ ਦੀ ਮਜ਼ਦੂਰ ਜਮਾਤ ਨੂੰ ਪੂੰਜੀਪਤੀਆਂ ਵੱਲੋਂ ਕੀਤੇ ਜਾ ਰਹੇ ਵਿਅਕਤੀਗਤ ਕਤਲਾਂ ਦੇ ਵਿਰੁੱਧ ਰੋਸ ਪ੍ਰਗਟ ਕਰਨਾ ਚਾਹੀਦਾ ਹੈ। ਉਹਨਾਂ ਨੂੰ ਰੋਸ ਪ੍ਰਗਟ ਕਰਨਾ ਚਾਹੀਦਾ ਹੈ ਕਿਉਂ ਜੋ ਇਹ ਗੱਲ ਉਹਨਾਂ ਦੇ ਅੰਦਰ ਕੌਮਾਂਤਰੀ ਜਮਾਤੀ ਇਕਮੁੱਠਤਾ ਦੀ ਭਾਵਨਾ ਨੂੰ ਪ੍ਰਫੁੱਲਤ ਕਰਨ ਵਿੱਚ ਸਹਾਈ ਹੁੰਦੀ ਹੈ—ਅਤੇ ਇਸ ਭਾਵਨਾ ਦੀ ਵਿਸ਼ਾਲਤਾ ਤੇ ਡੂੰਘਾਈ ਇੱਕ ਅਜਿਹੀ ਚੀਜ਼ ਹੈ ਜਿਸ ਦੀ ਯੂਰਪ ਤੇ ਅਮਰੀਕਾ ਦੀ ਮਜ਼ਦੂਰ ਜਮਾਤ ਨੂੰ ਬਹੁਤ ਭਾਰੀ ਜ਼ਰੂਰਤ ਹੈ। ਪਰ ਪੂੰਜੀਪਤੀਆਂ ਵੱਲੋਂ ਮਜ਼ਦੂਰਾਂ ਤੇ ਕਿਸਾਨਾਂ ਦਾ ਇੱਕ ਹੋਰ ਸੰਸਾਰ ਕਤਲੇਆਮ ਕਰਨ ਦੇ ਹਰ ਯਤਨ ਦੇ ਵਿਰੁੱਧ ਮਜ਼ਦੂਰ ਜਮਾਤ ਦੇ ਰੋਸ ਨੂੰ ਵਧੇਰੇ ਠੋਸ, ਦ੍ਰਿੜ ਤੇ ਤੂਫਾਨੀ ਹੋਣਾ ਚਾਹੀਦਾ ਹੈ।

ਸੋਸ਼ਲਿਸਟ ਮਜ਼ਦੂਰਾਂ ਲਈ ਅਜਿਹੇ ਕਤਲੇਆਮ ਨੂੰ ਰੋਕਣ ਦਾ ਵਧੀਆ, ਯਕੀਨੀ ਤੇ ਬਹੁਤ ਹੀ ਅਮਲੀ ਤਰੀਕਾ ਬਹੁਤ ਭਾਰੀ ਗਿਣਤੀ ਵਿੱਚ ਕਮਿਊਨਿਸਟ ਪਾਰਟੀਆਂ ਵਿੱਚ ਸ਼ਾਮਲ ਹੋਣਾ ਹੈ।

ਤੀਜੀ ਇੰਟਰਨੈਸ਼ਨਲ ਮਜ਼ਦੂਰਾਂ ਦਾ ਇੱਕ ਅਸਲੀ ਆਗੂ ਹੈ ਕਿਉਂ ਜੋ ਇਹ ਮਜ਼ਦੂਰਾਂ ਦਾ ਇੰਟਰਨੈਸ਼ਨਲ ਹੈ। ਇਹ ਉਹਨਾਂ ਨੂੰ ਧੋਖਾ ਨਹੀਂ ਦੇਵੇਗੀ। ਇਹ ਕੇਵਲ ਇੱਕੋ ਜੰਗ ਨੂੰ ਮੰਨਦੀ ਹੈ—ਸਾਰੇ ਦੇਸ਼ਾਂ ਦੇ ਪ੍ਰੋਲੇਤਾਰੀਆਂ ਦੀ ਕੌਮਾਂਤਰੀ ਪੂੰਜੀਪਤੀ ਟੋਲੇ ਦੇ ਵਿਰੁੱਧ, ਉਹਨਾਂ ਦੇ ਵਿਰੁੱਧ ਜੰਗ ਜਿਹੜੇ ਦੂਜਿਆਂ ਦੀ ਮਿਹਨਤ ਉੱਤੇ ਜਿਊਂਦੇ ਹਨ।

1931

“ਸੱਭਿਆਚਾਰ ਦੇ ਸੁਆਮੀਓਂ” ਤੁਸੀਂ ਕਿਸ ਪਾਸੇ ਹੋ ?

ਅਮਰੀਕੀ ਪੱਤਰਕਾਰਾਂ ਨੂੰ ਜਵਾਬ

ਤੁਸੀਂ ਲਿਖਦੇ ਹੋ: “ਸੰਭਾਵਨਾ ਹੈ ਕਿ ਤੁਸੀਂ ਸਾਗਰ ਪਾਰ ਦੇ ਲੋਕਾਂ ਦੇ, ਜਿਨ੍ਹਾਂ ਨਾਲ਼ ਤੁਹਾਡੀ ਜਾਣ ਪਹਿਚਾਣ ਨਹੀਂ, ਇਸ ਸੁਨੇਹੇ ਤੋਂ ਹੈਰਾਨ ਹੋ ਗਏ ਹੋਵੋ।”

ਨਹੀਂ, ਤੁਹਾਡੀ ਚਿੱਠੀ ਤੋਂ ਮੈਨੂੰ ਕੋਈ ਹੈਰਾਨੀ ਨਹੀਂ ਸੀ ਹੋਈ; ਮੈਨੂੰ ਅਜਿਹੀਆਂ ਚਿੱਠੀਆਂ ਅਕਸਰ ਮਿਲ਼ਦੀਆਂ ਰਹਿੰਦੀਆਂ ਹਨ ਅਤੇ ਤੁਹਾਨੂੰ ਗਲਤੀ ਲੱਗਦੀ ਹੈ ਜਦੋਂ ਤੁਸਾਂ ਇਸ ਦਾ “ਮੌਲਕ” ਵਜੋਂ ਹਵਾਲਾ ਦਿੱਤਾ ਹੈ—ਇਹਨਾਂ ਪਿਛਲੇ ਤਿੰਨਾਂ ਚੌਹ ਸਾਲਾਂ ਤੋਂ ਬੁੱਧੀਜੀਵੀਆਂ ਵੱਲੋਂ ਖਤਰੇ ਦਾ ਸ਼ੋਰ-ਸ਼ਰਾਬਾ ਇੱਕ ਆਮ ਗੱਲ ਬਣ ਗਈ ਹੈ। ਇਹ ਕੁਦਰਤੀ ਗੱਲ ਹੈ। ਬੁੱਧੀਜੀਵੀਆਂ ਦਾ ਹਮੇਸ਼ਾ ਹੀ ਇਹ ਮੁੱਖ ਕੰਮ ਰਿਹਾ ਹੈ ਕਿ ਬੁਰਜੂਆਜ਼ੀ ਦੇ ਵਜੂਦ ਨੂੰ ਸ਼ਿੰਗਾਰਿਆ ਜਾਵੇ ਅਤੇ ਬਿਪਤਾ ਦੀਆਂ ਘੜੀਆਂ ਵਿੱਚ ਅਮੀਰਾਂ ਦੇ ਅੱਥਰੂ ਪੂੰਝੇ ਜਾਣ। ਪੂੰਜੀਪਤੀਆਂ ਦੇ ਸੇਵਕ, ਬੁੱਧੀਜੀਵੀਆਂ ਜਾਂ ਉਹਨਾਂ ਦੀ ਬਹੁਗਿਣਤੀ ਨੇ ਬੜੀ ਮਿਹਨਤ ਨਾਲ਼ ਸਫੈਦ ਧਾਗੇ ਨਾਲ਼ ਬੁਰਜੂਆਜ਼ੀ ਦੇ ਦਾਰਸ਼ਨਕ ਤੇ ਮਜ਼ਬੀ ਪਹਿਰਾਵੇ ਨੂੰ ਤੋਪੇ ਮਾਰੇ ਹਨ, ਪਹਿਰਾਵਾ ਜਿਹੜਾ ਲੰਮੇ ਸਮੇਂ ਤੋਂ ਗੰਦਾ ਤੇ ਮੈਲ਼ਾ ਤੇ ਛਿੱਜ ਚੁੱਕਿਆ ਹੈ ਅਤੇ ਜਿਹੜਾ ਕਿਰਤੀ ਲੋਕਾਂ ਦੇ ਲਹੂ ਨਾਲ਼ ਕਾਫੀ ਦਾਗੋ ਦਾਗ ਹੋ ਚੁੱਕਿਆ ਹੈ। ਅੱਜ ਤੱਕ ਉਹ ਇਹ ਔਖਾ, ਉਸਤਤ ਰਹਿਤ ਤੇ ਉੱਕਾ ਹੀ ਨਿਕੰਮਾ ਕੰਮ ਕਰਦੇ ਆ ਰਹੇ ਹਨ ਅਤੇ ਇਸ ਤਰ੍ਹਾਂ ਲਗਭਗ ਇੱਕ ਇਲਹਾਮੀ ਦੂਰ ਦ੍ਰਿਸ਼ਟੀ ਨੂੰ ਧੋਖਾ ਦੇਂਦੇ ਆ ਰਹੇ ਹਨ। ਉਦਾਹਰਣ ਵਜੋਂ ਜਪਾਨੀ ਸਾਮਰਾਜੀਆਂ ਵੱਲੋਂ ਚੀਨ ਨੂੰ ਵੰਡਣ ਵੱਲ ਤੁਰਨ ਤੋਂ ਬਹੁਤ ਚਿਰ ਪਹਿਲਾਂ ਜਰਮਨ ਫਿਲਾਸਫਰ ਸਪੈਂਗਲਰ ਨੇ ਆਪਣੀ ਪੁਸਤਕ **ਮਨੁੱਖ ਅਤੇ ਤਕਨੀਕ** ਵਿੱਚ ਲਿਖਿਆ ਸੀ ਕਿ 19ਵੀਂ ਸਦੀ ਦੇ ਯੂਰਪੀਆਂ ਨੇ “ਰੰਗਦਾਰ ਨਸਲਾਂ” ਨੂੰ ਆਪਣਾ ਗਿਆਨ ਤੇ ਤਕਨੀਕੀ ਤਜ਼ਰਬਾ ਪ੍ਰਦਾਨ ਕਰ ਕੇ ਇੱਕ ਬਹੁਤ ਹੀ ਗੰਭੀਰ ਗਲਤੀ ਕੀਤੀ ਸੀ। ਸਪੈਂਗਲਰ ਦੇ ਇਸ ਵਿਚਾਰ ਦੀ ਹਮਾਇਤ ਤੁਹਾਡੇ ਅਮਰੀਕੀ ਇਤਿਹਾਸਕਾਰ ਹੈਂਡਰਿਕ ਵਾਨ ਲੂਨ ਨੇ ਕੀਤੀ ਹੈ; ਉਸ ਦਾ

ਇਹ ਵੀ ਵਿਚਾਰ ਹੈ ਕਿ ਕਾਲ਼ੇ ਤੇ ਪੀਲ਼ੇ ਲੋਕਾਂ ਨੂੰ ਯੂਰਪੀ ਸੱਭਿਆਚਾਰ ਦੇ ਤਜ਼ਰਬੇ ਨਾਲ਼ ਲੈਸ ਕਰਨਾ ਯੂਰਪੀ ਬੁਰਜੂਆਜ਼ੀ ਦੀਆਂ "ਸੱਤ ਘਾਤਕ ਇਤਿਹਾਸਕ ਗਲਤੀਆਂ" ਵਿੱਚੋਂ ਇੱਕ ਹੈ।

ਅਤੇ ਹੁਣ ਅਸੀਂ ਇਸ ਗਲਤੀ ਨੂੰ ਸੋਧਣ ਦੀ ਇੱਛਾ ਵੇਖ ਰਹੇ ਹਾਂ; ਯੂਰਪੀ ਤੇ ਅਮਰੀਕੀ ਪੂੰਜੀਪਤੀ ਜਪਾਨੀਆਂ ਤੇ ਚੀਨੀਆਂ ਨੂੰ ਪੈਸਾ ਤੇ ਹਥਿਆਰ ਸਪਲਾਈ ਕਰਦੇ ਹਨ ਅਤੇ ਇੱਕ ਦੂਜੇ ਨੂੰ ਤਬਾਹ ਕਰਨ ਵਿੱਚ ਉਹਨਾਂ ਦੀ ਮਦਦ ਕਰਦੇ ਹਨ ਅਤੇ ਇਸੇ ਸਮੇਂ ਆਪਣੇ ਸਮੁੰਦਰੀ ਬੇੜੇ, ਜਾਪਾਨੀ ਸਾਮਰਾਜ ਨੂੰ ਆਪਣਾ ਤਾਕਤਵਰ ਮੁੱਕਾ ਵਿਖਾਉਣ ਲਈ ਪੂਰਬ ਵੱਲ ਭੇਜਦੇ ਹਨ ਅਤੇ ਮਰੇ ਹੋਏ ਰਿੱਛ ਦੀ ਖਲੜੀ ਵੰਡਾਉਣ ਲਈ ਦਲੇਰ ਸਹੇ ਨਾਲ਼ ਮਿਲ਼ ਕੇ ਤੁਰਦੇ ਹਨ। ਨਿੱਜੀ ਤੌਰ 'ਤੇ ਮੇਰਾ ਵਿਚਾਰ ਹੈ ਕਿ ਰਿੱਛ ਨਹੀਂ ਮਾਰਿਆ ਜਾਵੇਗਾ। ਕਿਉਂ ਜੋ ਸਪੈਂਗਲਰ, ਵਾਨ ਲੂਨ ਅਤੇ ਉਹਨਾਂ ਜਿਹੇ ਬੁਰਜੂਆਜ਼ੀ ਦੇ ਵਕੀਲ ਜਿਹੜੇ ਯੂਰਪੀ-ਅਮਰੀਕੀ "ਸੱਭਿਆਚਾਰ" ਨੂੰ ਦਰਪੇਸ਼ ਖਤਰਿਆਂ ਦਾ ਵਰਨਣ ਕਰਦੇ ਹਨ ਇੱਕ ਜਾਂ ਦੋ ਗੱਲਾਂ ਦਾ ਜ਼ਿਕਰ ਕਰਨਾ ਭੁੱਲ ਗਏ ਹਨ। ਉਹ ਭੁੱਲ ਗਏ ਹਨ ਕਿ ਹਿੰਦੁਸਤਾਨੀ, ਚੀਨੀ, ਜਾਪਾਨੀ ਤੇ ਨੀਗਰੋ ਲੋਕ ਸਮਾਜਿਕ ਤੌਰ 'ਤੇ ਇੱਕ ਜੁੱਟ ਤੇ ਇੱਕ ਸੁਰ ਨਹੀਂ ਹਨ ਸਗੋਂ ਜਮਾਤਾਂ ਵਿੱਚ ਵੰਡੇ ਹੋਏ ਹਨ। ਉਹ ਭੁੱਲ ਗਏ ਹਨ ਕਿ ਯੂਰਪੀ ਤੇ ਅਮਰੀਕੀ ਅਸੱਭਿਆ ਮਨੁੱਖਾਂ ਦੇ ਖੁਦਗਰਜ਼ ਵਿਚਾਰਾਂ ਦੀ ਜ਼ਹਿਰ ਦੇ ਵਿਰੁੱਧ ਮਾਰਕਸ ਤੇ ਲੈਨਿਨ ਦੀ ਸਿੱਖਿਆ ਦੀ ਜ਼ਹਿਰ ਮਾਰ ਦੁਆਈ ਤਿਆਰ ਕੀਤੀ ਗਈ ਹੈ ਅਤੇ ਇਸ ਦਾ ਬਹੁਤ ਹੀ ਨਰੋਆ ਅਸਰ ਹੋ ਰਿਹਾ ਹੈ, ਪਰ ਇਹ ਸੰਭਵ ਹੈ ਕਿ ਉਹਨਾਂ ਅਸਲ ਵਿੱਚ ਇਹ ਗੱਲ ਨਾ ਭੁਲਾਈ ਹੋਵੇ ਅਤੇ ਇਸ ਬਾਰੇ ਐਵੇਂ ਚੁੱਪ ਸਾਧ ਰੱਖੀ ਹੋਵੇ ਕਿ ਯੂਰਪੀ ਸੱਭਿਆਚਾਰ ਦੀ ਅਧੋਗਤੀ ਬਾਰੇ ਖਤਰੇ ਦਾ ਉਹਨਾਂ ਦਾ ਚੀਕ ਚਿਹਾੜਾ ਜ਼ਹਿਰ ਦੀ ਨਿਪੁੰਸਕਤਾ ਅਤੇ ਜ਼ਹਿਰ-ਮਾਰ ਦੁਆਈ ਦੀ ਸਮਰੱਥਾ ਦੀ ਮਹੱਤਤਾ ਬਾਰੇ ਉਹਨਾਂ ਨੂੰ ਪਤਾ ਲੱਗ ਜਾਣ ਦਾ ਸਿੱਟਾ ਹੋਵੇ।

ਸੱਭਿਅਤਾ ਦੇ ਤਬਾਹ ਹੋਣ ਬਾਰੇ ਹਵਾਂਕਣ ਵਾਲ਼ਿਆਂ ਦੀ ਗਿਣਤੀ ਜਿਤਨੀ ਵੱਧਦੀ ਹੈ ਉਤਨੀਆਂ ਹੀ ਵੱਧ ਉੱਚੀਆਂ ਉਹਨਾਂ ਦੀਆਂ ਹਵਾਂਕਣੀਆਂ ਹੁੰਦੀਆਂ ਹਨ। ਕੋਈ ਤਿੰਨ ਮਹੀਨੇ ਹੋਏ, ਫ਼ਰਾਂਸ ਵਿੱਚ ਸਾਬਕ ਮੰਤਰੀ ਕਾਈਲਾਕਸ ਨੇ ਖਤਰੇ ਦਾ ਰੋਣਾ ਰੋਇਆ ਸੀ।

ਉਹ ਕੁਰਲਾਇਆ ਸੀ: "ਸੰਸਾਰ ਬਹੁਲਤਾ ਤੇ ਅੰਧ-ਵਿਸ਼ਵਾਸ ਦੇ ਦੁਖਾਂਤਾਂ ਦੀ ਸ਼ਿਕਾਰ ਹੈ। ਕੀ ਇਹ ਦੁਖਾਂਤ ਨਹੀਂ ਕਿ ਕਣਕ ਉਦੋਂ ਸਾੜੀ ਜਾ ਰਹੀ ਹੈ ਤੇ ਕੌਫੀ ਦੀਆਂ ਬੋਰੀਆਂ ਸਾਗਰ ਵਿੱਚ ਸੁੱਟੀਆਂ ਜਾ ਰਹੀਆਂ ਹਨ ਜਦੋਂ ਕਰੋੜਾਂ ਲੋਕਾਂ ਕੋਲ਼ ਖਾਣ ਲਈ ਪੂਰੀ ਖੁਰਾਕ ਨਹੀਂ ? ਜਿੱਥੋਂ ਤੱਕ ਅੰਧ-ਵਿਸ਼ਵਾਸ ਦਾ ਸਬੰਧ ਹੈ ਇਹ ਪਹਿਲਾਂ ਹੀ ਕਾਫੀ ਨੁਕਸਾਨ ਪਹੁੰਚਾ ਚੁੱਕਿਆ ਹੈ। ਇਸ ਨੇ ਜੰਗ ਨੂੰ ਜਨਮ ਦਿੱਤਾ ਹੈ ਅਤੇ ਅਮਨ-ਸੰਧੀਆਂ ਕਰਵਾਈਆਂ ਹਨ ਜਿਨ੍ਹਾਂ ਨੂੰ ਉਸ ਹਾਲਤ ਵਿੱਚ ਸੋਧਿਆ ਜਾ ਸਕਦਾ ਹੈ ਜਦੋਂ ਅੰਧ-ਵਿਸ਼ਵਾਸ ਅਲੋਪ ਹੁੰਦਾ ਹੈ। ਜੇ ਵਿਸ਼ਵਾਸ ਨੂੰ ਬਹਾਲ ਨਹੀਂ ਕੀਤਾ ਜਾਂਦਾ, ਸਾਰੀ ਸੱਭਿਆਤਾ ਖਤਰੇ ਵਿੱਚ ਪੈ ਜਾਵੇਗੀ, ਕਿਉਂ ਜੋ ਹੋ ਸਕਦਾ ਹੈ ਲੋਕ ਇੱਕ ਅਜਿਹੇ ਖਤਰਨਾਕ ਪ੍ਰਬੰਧ ਨੂੰ ਭੁੰਜੇ ਪਟਕਾ ਦੇਣ ਜਿਸ ਨੂੰ ਉਹ ਸਾਰੀਆਂ ਬਿਮਾਰੀਆਂ ਦਾ ਜ਼ਿੰਮੇਵਾਰ ਸਮਝਦੇ ਹਨ।"

ਕਾਤਲਾਂ ਵਿਚਾਲੇ ਪਰਸਪਰ ਵਿਸ਼ਵਾਸ ਦੀ ਸੰਭਾਵਨਾ ਬਾਰੇ ਗੱਲਾਂ ਕਰਨ ਵਾਲ਼ਾ ਜਾਂ ਤਾਂ ਪੁੱਜ ਕੇ ਫਰੇਬੀ ਜਾਂ ਉੱਕਾ ਹੀ ਸਿੱਧੜ ਹੋ ਸਕਦਾ ਹੈ, ਕਾਤਲ ਜਿਹੜੇ ਅੱਜ ਇੱਕ ਦੂਜੇ ਦੇ ਵਿਰੁੱਧ ਖੁੱਲ੍ਹੇਆਮ ਆਪਣੇ ਖੂਨੀ ਪੰਜੇ ਤੇ ਦੰਦ ਵਰਤਣ ਨੂੰ ਤਿਆਰ-ਬਰ-ਤਿਆਰ ਹਨ। ਜੇ "ਲੋਕਾਂ" ਤੋਂ ਉਸ ਦਾ ਭਾਵ ਕਿਰਤੀ ਲੋਕ ਹਨ ਤਾਂ ਹਰ ਈਮਾਨਦਾਰ ਆਦਮੀ ਨੂੰ ਇਹ ਮੰਨਣਾ ਚਾਹੀਦਾ ਹੈ ਕਿ ਮਜ਼ਦੂਰ ਪੂੰਜੀਵਾਦੀ ਪ੍ਰਬੰਧ ਦੇ ਊਤਪੁਣੇ ਦੇ ਸਿਰ ਉਹਨਾਂ ਖਰਾਬੀਆਂ ਨੂੰ "ਮੜ੍ਹਨ" ਵਿੱਚ ਬਿਲਕੁੱਲ ਸਹੀ ਹਨ ਜਿਨ੍ਹਾਂ ਨਾਲ਼ ਇਹ ਪ੍ਰਬੰਧ ਉਹਨਾਂ ਨੂੰ ਉਹਨਾਂ ਦੀ ਧਨ-ਸਿਰਜਕ ਮਿਹਨਤ ਦਾ ਇਨਾਮ ਦੇਂਦਾ ਹੈ। ਪ੍ਰੋਲੇਤਾਰੀਆ ਵੱਧ ਤੋਂ ਵੱਧ ਸਪੱਸ਼ਟਤਾ ਨਾਲ਼ ਇਹ ਸਮਝੀ ਜਾ ਰਿਹਾ ਹੈ ਕਿ ਬੁਰਜੂਆ ਹਕੀਕਤ ਮਾਰਕਸ ਅਤੇ ਏਂਗਲਜ਼ ਵੱਲੋਂ **ਕਮਿਊਨਿਸਟ ਮੈਨੀਫੈਸਟੋ** ਵਿੱਚ ਲਿਖੇ ਇਹਨਾਂ ਸ਼ਬਦਾਂ ਨੂੰ ਡਰਾਉਣੀ ਸ਼ੁੱਧਤਾਈ ਨਾਲ਼ ਹੱਕੀ ਠਹਿਰ ਰਹੀ ਹੈ।

"ਇਹ (ਬੁਰਜੂਆਜ਼ੀ) ਰਾਜ ਕਰਨ ਦੇ ਯੋਗ ਨਹੀਂ ਹੈ ਕਿਉਂ ਜੋ ਇਹ ਆਪਣੀ ਗੁਲਾਮਦਾਰੀ ਦੇ ਅੰਦਰ ਆਪਣੇ ਗੁਲਾਮ ਦਾ ਜਿਉਂਣਾ ਯਕੀਨੀ ਬਣਾਉਣ ਦੇ ਸਮਰੱਥ ਨਹੀਂ ਹੈ, ਕਿਉਂ ਜੋ ਇਹ ਗੁਲਾਮ ਨੂੰ ਅਜਿਹੀ ਸਥਿਤੀ ਵਿੱਚ ਨਿਘਰਨੋਂ ਨਹੀਂ ਬਚਾ ਸਕਦਾ ਜਿਸ ਵਿੱਚ ਗੁਲਾਮ ਰਾਹੀਂ ਆਪ ਪਲਣ ਦੀ ਥਾਂ 'ਤੇ ਇਸ ਨੂੰ ਖੁਦ ਗੁਲਾਮ ਪਾਲਣਾ ਪਵੇਗਾ। ਸਮਾਜ ਬਹੁਤ ਚਿਰ ਬੁਰਜੂਆਜ਼ੀ ਦੇ ਅਧੀਨ ਨਹੀਂ ਰਹਿ ਸਕਦਾ, ਦੂਜੇ ਸ਼ਬਦਾਂ ਵਿੱਚ ਇਸ ਦੀ ਹੋਂਦ ਸਮਾਜ ਨਾਲ਼ ਉੱਕਾ ਮੇਲ ਨਹੀਂ ਖਾਂਦੀ।"

ਕਾਈਲਾਕਸ ਉਹਨਾਂ ਸੈਂਕੜੇ ਪੁਰਾਣੇ ਭੱਦਰਪੁਰਸ਼ਾਂ ਵਿੱਚੋਂ ਹੈ ਜੋ ਇਸ ਗੱਲ ਦੀ ਪ੍ਰੋੜ੍ਹਤਾ ਕਰਨੀ ਜਾਰੀ ਰੱਖ ਰਹੇ ਹਨ ਕਿ ਉਹਨਾਂ ਦਾ ਬੁਰਜੂਆ ਊਤਪੁਣਾ ਉਹ ਸਿਆਣਪ ਹੈ ਜੋ ਸਾਰੇ ਸਮਿਆਂ ਲਈ ਮਨੁੱਖ ਨੂੰ ਬਖਸ਼ੀ ਗਈ ਹੈ ਕਿ ਉਹ ਕਦੇ ਵੀ ਕੋਈ ਵਧੀਆ ਚੀਜ਼ ਈਜ਼ਾਦ ਨਹੀਂ ਕਰੇਗਾ, ਇਸ ਤੋਂ ਅਗਾਂਹ ਨਹੀਂ ਜਾਵੇਗਾ, ਉਚੇਰੇ ਅਸੂਲਾਂ ਤੱਕ ਕਦੇ ਨਹੀਂ ਪੁੱਜਣਾ ਚਾਹੁੰਦਾ ਅਤੇ ਇਸ ਗੱਲ ਨੂੰ ਕੋਈ ਬਹੁਤਾ ਸਮਾਂ ਨਹੀਂ ਹੋਇਆ ਕਿ ਬੁਰਜੂਆਜ਼ੀ ਦੇ ਅੱਥਰੂ ਪੂੰਝਣ ਵਾਲ਼ਿਆਂ ਨੇ ਆਪਣੇ ਵਿਗਿਆਨ ਨੂੰ ਆਪਣੀ ਆਰਥਕ ਸਿਆਣਪ ਤੇ ਇਸ ਦੀ ਪਾਇਦਾਰੀ ਦੇ ਸਬੂਤ ਵਜੋਂ ਬਿਆਨ ਕੀਤਾ ਸੀ।

ਹੁਣ ਉਹ ਆਪਣੀ ਨੀਚ ਖੇਡ ਵਿੱਚੋਂ ਵਿਗਿਆਨ ਨੂੰ ਕੱਢਣਾ ਚਾਹੁੰਦੇ ਹਨ। 23 ਫਰਵਰੀ ਨੂੰ ਉਸੇ ਕਾਈਲਾਕਸ ਨੇ ਸਾਬਕਾ ਮੰਤਰੀਆਂ, ਪਾਲ ਮਿਲੀਓਕੋਵ ਵਰਗੇ ਬੰਦਿਆਂ ਦੇ ਸਾਹਮਣੇ ਸਪੈਂਗਲਰ ਵਾਂਗ ਬੋਲਦਿਆਂ ਆਖਿਆ:

"ਕਈ ਹਾਲਤਾਂ ਵਿੱਚ ਤਕਨੀਕੀ ਗਿਆਨ ਬੇਰੁਜ਼ਗਾਰੀ ਪੈਦਾ ਕਰਦਾ ਹੈ, ਨੌਕਰੀ ਤੋਂ ਹਟਾਏ ਗਏ ਮਜ਼ਦੂਰਾਂ ਦੀਆਂ ਉਜਰਤਾਂ ਨੂੰ ਹਿੱਸੇਦਾਰਾਂ ਲਈ ਵਾਧੂ ਲਾਭ ਅੰਸ਼ਾਂ ਵਿੱਚ ਬਦਲਦਾ ਹੈ। 'ਬਿਨਾਂ ਜ਼ਮੀਰ' ਦੇ ਵਿਗਿਆਨ, ਜ਼ਮੀਰ ਰਾਹੀਂ ਨਿਰਉਤਸ਼ਾਹ ਵਿਗਿਆਨ ਮਨੁੱਖ ਦੀ ਤਬਾਹੀ ਲਈ ਕੰਮ ਕਰਦਾ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਵਿਗਿਆਨ ਦੀਆਂ ਵਾਗਾਂ ਖਿੱਚ ਕੇ ਰੱਖੇ। ਵਰਤਮਾਨ ਸੰਕਟ ਮਨੁੱਖੀ ਵਿਵੇਕ ਲਈ ਹਾਰ ਹੈ। ਕਈ ਵਾਰ ਵਿਗਿਆਨ ਲਈ ਇੱਕ ਮਹਾਨ ਮਨੁੱਖ ਨਾਲ਼ੋਂ ਹੋਰ ਵੱਡੀ ਬਦਬਖਤੀ ਨਹੀਂ ਹੁੰਦੀ। ਉਹ ਸਿਧਾਂਤਕ ਪਰਮ ਸਿਧਾਂਤ

ਪੇਸ਼ ਕਰਦੇ ਹਨ ਜਿਨ੍ਹਾਂ ਦਾ ਇੱਕ ਵਿਸ਼ੇਸ਼ ਸਮੇਂ ਤੇ ਜਦੋਂ ਉਹਨਾਂ ਨੂੰ ਪੇਸ਼ ਕੀਤਾ ਜਾਂਦਾ ਹੈ ਅਰਥ ਤੇ ਮਹੱਤਤਾ ਹੁੰਦੇ ਹਨ ਜਿਵੇਂ ਕਿ ਕਾਰਲ ਮਾਰਕਸ ਬਾਰੇ ਕਹਿ ਸਕਦੇ ਹਾਂ। ਉਹ 1844 ਜਾਂ 1870 ਵਿੱਚ ਸਹੀ ਸਨ, ਪਰ 1932 ਵਿੱਚ ਬਿਲਕੁਲ ਠੀਕ ਨਹੀਂ। ਜੇ ਮਾਰਕਸ ਅੱਜ ਜਿਉਂਦਾ ਹੁੰਦਾ ਤਾਂ ਉਹ ਕੁਝ ਨਾ ਲਿਖਦਾ ਜੋ ਉਸ ਨੇ ਲਿਖਿਆ ਸੀ।"

ਇਹਨਾਂ ਸ਼ਬਦਾਂ ਵਿੱਚ ਬੁਰਜੂਆਜ਼ੀ ਇਹ ਪ੍ਰਵਾਨ ਕਰਦੀ ਹੈ ਕਿ ਉਸ ਦੀ ਜਮਾਤ ਦੀ ਸਿਆਣਪ ਨਿਰਬਲ ਤੇ ਦਿਵਾਲੀਆ ਹੋ ਗਈ ਹੈ। ਉਹ ਇਸ ਗੱਲ ਨੂੰ ਭੁਲਾਉਂਦਿਆਂ "ਵਿਗਿਆਨ ਨੂੰ ਛਾਂਗਣ" ਦੀ ਸਿਫਾਰਸ਼ ਕਰਦਾ ਹੈ ਕਿ ਵਿਗਿਆਨ ਨੇ ਉਸ ਦੀ ਜਮਾਤ ਨੂੰ ਮਿਹਨਤਕਸ਼ ਸੰਸਾਰ ਉੱਤੇ ਸੱਤ੍ਹਾ ਮਜ਼ਬੂਤ ਕਰਨ ਵਿੱਚ ਕਿਤਨੀ ਤਾਕਤ ਪ੍ਰਦਾਨ ਕੀਤੀ ਹੈ। "ਵਿਗਿਆਨ ਨੂੰ ਛਾਂਗਣ" ਦਾ ਅਰਥ ਕੀ ਹੈ ? ਖੋਜ ਕਰਨ ਦੀ ਅਜ਼ਾਦੀ ਨਾ ਦੇਣ ਦਾ ਭਾਵ ਕੀ ਹੈ ? ਇੱਕ ਸਮਾਂ ਸੀ ਜਦੋਂ ਬੁਰਜੂਆਜ਼ੀ ਨੇ ਵਿਗਿਆਨ ਦੀ ਅਜ਼ਾਦੀ ਉੱਤੇ ਗਿਰਜੇ ਦੇ ਹਮਲਿਆਂ ਦਾ ਬੜੀ ਦਲੇਰੀ ਤੇ ਅਸਰਦਾਰ ਢੰਗ ਨਾਲ਼ ਟਾਕਰਾ ਕੀਤਾ ਸੀ। ਸਾਡੇ ਸਮੇਂ ਬੁਰਜੂਆ ਦਰਸ਼ਨ ਸਹਿਜੇ ਸਹਿਜੇ ਮੱਧ ਕਾਲੀਨ ਧਰਮ ਵਿੱਦਿਆ ਦੇ ਸੇਵਕਾਂ ਦੇ ਯੁੱਗ ਵੱਲ ਪਰਤ ਰਿਹਾ ਹੈ। ਕਾਈਲਾਕਸ ਠੀਕ ਹੈ ਜਦੋਂ ਉਹ ਕਹਿੰਦਾ ਹੈ ਯੂਰਪ ਨੂੰ ਵਹਿਸ਼ੀਪਣ ਵੱਲ ਪਰਤਣ ਦਾ ਖਤਰਾ ਦਰਪੇਸ਼ ਹੈ, ਜਿਵੇਂ ਕਿ ਮਾਰਕਸ ਨੇ, ਜਿਸ ਦੀ ਸਿੱਖਿਆ ਤੋਂ ਉਹ ਅਣਜਾਣ ਹੈ – ਭਵਿੱਖਬਾਣੀ ਕੀਤੀ ਸੀ; ਹਾਂ, ਇਸ ਗੱਲ ਤੋਂ ਉੱਕਾ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਯੂਰਪ ਦੀ, ਅਮਰੀਕਾ ਦੀ ਬੁਰਜੂਆਜ਼ੀ, ਜੋ ਸੰਸਾਰ ਦੀ ਮਾਲਕਿਆਣੀ ਹੈ, ਹਰ ਆਉਂਦੇ ਸਾਲ ਵਧੇਰੇ ਅਣਜਾਣ, ਬੌਧਕ ਤੌਰ 'ਤੇ ਮਰੀਅਲ ਤੇ ਵਹਿਸ਼ੀ ਹੁੰਦੀ ਜਾ ਰਹੀ ਹੈ—ਅਤੇ ਉਹ ਆਪ ਜਿਵੇਂ ਕਿ ਤੁਸਾਂ ਚਿੱਠੀ ਵਿੱਚ ਲਿਖਿਆ ਹੈ ਇਸ ਨੂੰ ਮਹਿਸੂਸ ਕਰਦੀ ਹੈ।

ਅੱਜ ਕੱਲ੍ਹ ਬੁਰਜੂਆਜ਼ੀ ਵਿਚਾਲੇ ਵਹਿਸ਼ੀਪਣ ਵੱਲ ਪਰਤਣ ਦੀ ਸੰਭਾਵਨਾ ਦਾ ਵਿਚਾਰ ਇੱਕ ਫੈਸ਼ਨ ਬਣ ਗਿਆ ਹੈ। ਸਪੈਂਗਲਰ ਕਾਈਲਾਕਸ ਤੇ ਇਸੇ ਤਰ੍ਹਾਂ ਦੇ "ਚਿੰਤਕ" ਹਜ਼ਾਰਾਂ ਅਸੱਭਿਆ ਭੱਦਰ ਪੁਰਸ਼ਾਂ ਦੀ ਦਿਮਾਗੀ ਹਾਲਤ ਨੂੰ ਪ੍ਰਗਟ ਕਰਦੇ ਹਨ। ਇਹ ਚਿੰਤਾਜਨਕ ਹਾਲਤ ਉਹਨਾਂ ਦੀ ਜਮਾਤ ਦੀ ਮੌਤ ਦੀ ਪੂਰਨ ਭਾਵਨਾ ਵਿੱਚੋਂ ਇਸ ਤੱਥ ਵਿੱਚੋਂ ਪੈਦਾ ਹੁੰਦੀ ਹੈ ਕਿ ਸਾਰੇ ਸੰਸਾਰ ਵਿਚ ਕਿਰਤੀ ਜਨਸਮੂਹਾਂ ਦੀ ਆਪਣੇ ਨਿਆਈਂ ਉਦੇਸ਼ ਲਈ ਇਨਕਲਾਬੀ ਜਾਗ੍ਰਿਤੀ ਵੱਲ ਵੱਧ ਰਹੀ ਹੈ। ਬੁਰਜੂਆਜ਼ੀ ਕਿਰਤੀ ਲੋਕਾਂ ਦੇ ਇਨਕਲਾਬੀ ਸੱਭਿਆਚਾਰ ਦੇ ਵਿਕਾਸ ਬਾਰੇ ਵਿਸ਼ਵਾਸ ਨਾ ਕਰਨ ਨੂੰ ਚੰਗਾ ਸਮਝਦੀ ਹੈ, ਪਰ ਉਹ ਇਸ ਨੂੰ ਵੇਖਦੀ ਹੈ ਤੇ ਮਹਿਸੂਸ ਕਰਦੀ ਹੈ। ਇਹ ਇਕ ਸਰਬ ਵਿਆਪੀ ਅਮਲ ਹੈ ਅਤੇ ਬਹੁਤ ਹੀ ਨਿਆਈਂ ਤੇ ਹੱਕੀ ਹੈ। ਇਹ ਮਨੁੱਖਤਾ ਦੇ ਸਮੁੱਚੇ ਕਿਰਤ ਤਜ਼ਰਬੇ ਦਾ ਤਰਕਸ਼ੀਲ ਤੇ ਅਟੱਲ ਵਿਕਾਸ ਹੈ, ਜਿਸ ਬਾਰੇ ਬੁਰਜੂਆ ਇਤਿਹਾਸਕਾਰ ਬਹੁਤ ਹੀ ਵਧਾ ਚੜ੍ਹਾ ਕੇ ਦੱਸਦੇ ਹਨ। ਪਰ ਕਿਉਂ ਜੋ ਇਤਿਹਾਸ ਵੀ ਇੱਕ ਵਿਗਿਆਨ ਹੈ, ਇਸ ਲਈ ਇਸ ਨੂੰ "ਛਾਂਗਣਾ" ਚਾਹੀਦਾ ਹੈ ਜਾਂ ਇਸ ਤੋਂ ਵੀ ਆਸਾਨ ਗੱਲ, ਇਸ ਦੀ ਹੋਂਦ ਨੂੰ ਹਰ ਹਾਲਤ ਵਿੱਚ ਭੁਲਾ ਦੇਣਾ ਚਾਹੀਦਾ ਹੈ। ਇਹ ਸਲਾਹ ਫ਼ਰਾਂਸੀਸੀ ਕਵੀ ਤੇ ਐਕਾਦਮੀਸ਼ਨ ਪਾਲ ਵਾਲੇਰੀ ਨੇ ਆਪਣੀ ਪੁਸਤਕ **ਸਮਕਾਲੀ ਸੰਸਾਰ ਦਾ ਰੀਵਿਊ** ਵਿੱਚ ਦਿੱਤੀ ਹੈ : ਉਹ ਚਾਹੁੰਦਾ ਹੈ ਕਿ ਅਸੀਂ ਇਤਿਹਾਸ ਨੂੰ ਭੁੱਲ ਜਾਈਏ,

ਜਿਸ ਉੱਤੇ ਉਹ ਕੌਮਾਂ ਦੀਆਂ ਬਿਪਤਾਵਾਂ ਦਾ ਬਹੁਤ ਹੀ ਗੰਭੀਰ ਦੋਸ਼ ਮੜ੍ਹਦਾ ਹੈ। ਉਹ ਕਹਿੰਦਾ ਹੈ ਕਿ ਬੀਤੇ ਨੂੰ ਚੇਤੇ ਕਰਦਿਆਂ ਇਤਿਹਾਸ ਬੇਅਰਥ ਸੁਪਨਿਆਂ ਨੂੰ ਜਨਮ ਦੇਂਦਾ ਹੈ ਅਤੇ ਲੋਕਾਂ ਨੂੰ ਅਮਨਚੈਨ ਤੋਂ ਵੰਚਤ ਕਰ ਦੇਂਦਾ ਹੈ, ਲੋਕਾਂ ਤੋਂ, ਨਿਰਸੰਦੇਹ ਉਸ ਦਾ ਭਾਵ ਬੁਰਜੂਆਜ਼ੀ ਤੋਂ ਹੈ। ਸੌ ਵਿਸਵੇ ਵਾਲੇਰੀ ਧਰਤੀ ਉੱਤੇ ਕੋਈ ਹੋਰ ਲੋਕ ਵੇਖਣ ਦੇ ਯੋਗ ਨਹੀਂ ਹੈ ਅਤੇ ਉਸ ਕੋਲ਼ ਇਤਿਹਾਸ ਬਾਰੇ ਇਹੋ ਕੁਝ ਕਹਿਣ ਨੂੰ ਹੈ, ਜਿਸ ਉੱਤੇ ਪੁਣੇ ਪਿੱਛੇ ਜਿਹੇ ਤੱਕ ਬੁਰਜੂਆਜ਼ੀ ਨੂੰ ਬੜਾ ਮਾਣ ਸੀ ਅਤੇ ਜਿਸ ਨੂੰ ਉਸ ਨੇ ਬੜੀ ਚਤੁਰਾਈ ਨਾਲ਼ ਲਿਖਿਆ ਸੀ:

"ਸਾਡੀ ਬੁੱਧੀ ਦੀ ਰਸਾਇਣਕ ਪ੍ਰਯੋਗਸ਼ਾਲਾ ਵਿੱਚ ਤਿਆਰ ਕੀਤੀਆਂ ਗਈਆਂ ਸਾਰੀਆਂ ਉਪਜਾਂ ਵਿੱਚੋਂ ਇਤਿਹਾਸ ਸਭ ਤੋਂ ਵੱਧ ਖਤਰਨਾਕ ਉਪਜ ਹੈ। ਇਹ ਸੁਪਨਿਆਂ ਨੂੰ ਉਤੇਜਤ ਕਰਦਾ ਹੈ, ਕੌਮਾਂ ਨੂੰ ਨਸ਼ਿਆਉਂਦਾ ਹੈ, ਉਹਨਾਂ ਵਿੱਚ ਝੂਠੀਆਂ ਯਾਦਾਂ ਜਗਾਉਂਦਾ ਹੈ, ਉਹਨਾਂ ਦੇ ਪ੍ਰਤੀਕਰਮਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦਾ ਹੈ, ਉਹਨਾਂ ਦੇ ਪੁਰਾਣੇ ਜ਼ਖਮਾਂ ਨੂੰ ਉਚੇੜਦਾ ਹੈ, ਉਹਨਾਂ ਨੂੰ ਸੁੱਖ ਚੈਨ ਤੋਂ ਵੰਚਤ ਕਰਦਾ ਹੈ ਅਤੇ ਉਹਨਾਂ ਨੂੰ ਖਬਤ, ਫੜ੍ਹਬਾਜ਼ੀ ਦੇ ਜਾਂ ਕਸ਼ਟ ਦੇਣ ਦੇ ਖਬਤ ਵੱਲ ਧੱਕਦਾ ਹੈ।"

ਇੱਕ ਢਾਰਸ ਬਨ੍ਹਾਉਣ ਵਾਲ਼ੇ ਦੇ ਪੱਖ ਤੋਂ ਜਿਵੇਂ ਤੁਸੀਂ ਵੇਖਦੇ ਹੋ, ਉਹ ਬਹੁਤ ਹੀ ਗਰਮ ਖਿਆਲੀਆਂ ਹੈ। ਉਹ ਜਾਣਦਾ ਹੈ ਕਿ ਬੁਰਜੂਆਜ਼ੀ ਸੁੱਖ ਚੈਨ ਵਿੱਚ ਰਹਿਣਾ ਚਾਹੁੰਦੀ ਹੈ ਅਤੇ ਉਹ ਆਪਣੇ ਆਪ ਨੂੰ ਕਰੋੜਾਂ ਲੋਕਾਂ ਨੂੰ ਤਬਾਹ ਕਰਨ ਦੀ ਹੱਕਦਾਰ ਸਮਝਦੀ ਹੈ ਤਾਂ ਜੋ ਉਹ ਅਮਨ ਚੈਨ ਦਾ ਜੀਵਨ ਬਤੀਤ ਕਰ ਸਕੇ। ਨਿਰਸੰਦੇਹ ਉਹ ਲਾਇਬ੍ਰੇਰੀਆਂ ਲਈ ਲੱਖਾਂ ਪੁਸਤਕਾਂ ਨੂੰ ਧਰਤੀ ਉਤਲੀ ਅਤੇ ਆਪਣੇ ਕੰਟਰੋਲ ਹੇਠਲੀ ਹਰ ਚੀਜ਼ ਨੂੰ ਆਸਾਨੀ ਨਾਲ਼ ਨਸ਼ਟ ਕਰ ਸਕਦੀ ਹੈ। ਕੀ ਇਤਿਹਾਸ ਇੱਕ ਸ਼ਾਂਤ ਜੀਵਨ ਨੂੰ ਰੋਕਦਾ ਹੈ ? ਫਿਰ, ਇਤਿਹਾਸ ਤੋਂ ਖਹਿੜਾ ਛੁਡਾਓ ! ਇਤਿਹਾਸ ਸਬੰਧੀ ਸਾਰੀਆਂ ਪੁਸਤਕਾਂ ਵਾਪਸ ਲੈ ਲਵੋ ! ਸਕੂਲਾਂ ਵਿੱਚ ਇਸ ਦਾ ਪੜ੍ਹਾਇਆ ਜਾਣਾ ਬੰਦ ਕਰ ਦਿਓ ! ਬੀਤੇ ਦੇ ਅਧਿਐਨ ਨੂੰ ਸਮਾਜਿਕ ਤੌਰ 'ਤੇ ਖਤਰਨਾਕ ਤੇ ਇੱਥੋਂ ਤੱਕ ਇੱਕ ਮੁਜਰਮਾਨਾ ਚੀਜ਼ ਕਰਾਰ ਦੇ ਦਿਓ ! ਇਤਿਹਾਸਕ ਖੋਜ ਦੀ ਰੁਚੀ ਰੱਖਣ ਵਾਲ਼ੇ ਲੋਕਾਂ ਨੂੰ ਪਾਗਲ ਕਰਾਰ ਦੇ ਦਿਓ ਅਤੇ ਉਹਨਾਂ ਨੂੰ ਵਸੋਂ ਰਹਿਤ ਟਾਪੂਆਂ ਵਿੱਚ ਭੇਜ ਦਿਓ।

ਮੁੱਖ ਚੀਜ਼ ਅਮਨ ਚੈਨ ਹੈ ! ਅਤੇ ਬੁਰਜੂਆਜ਼ੀ ਦੇ ਸਾਰੇ ਢਾਰਸ ਬੰਨ੍ਹਾਉਣ ਵਾਲ਼ਿਆਂ ਦੀ ਇਹੋ ਚਿੰਤਾ ਹੈ। ਪਰ, ਅਮਨ ਚੈਨ ਪ੍ਰਾਪਤ ਕਰਨ ਲਈ ਜਿਵੇਂ ਕਾਈਲਾਕਸ ਕਹਿੰਦਾ ਹੈ, ਵੱਖ ਵੱਖ ਕੌਮੀਅਤਾਂ ਦੇ ਪੂੰਜੀਪਤੀ ਲੁਟੇਰਿਆਂ ਵਿਚਾਲੇ ਪਰਸਪਰ ਵਿਸ਼ਵਾਸ ਹੋਣਾ ਚਾਹੀਦਾ ਹੈ ਅਤੇ ਵਿਸ਼ਵਾਸ ਦੀ ਸਥਾਪਨਾ ਲਈ ਇਹ ਜ਼ਰੂਰੀ ਹੈ ਕਿ ਦੂਜੀਆਂ ਧਰਤੀਆਂ—ਉਦਾਹਰਣ ਵਜੋਂ ਚੀਨ—ਦੇ ਬੂਹੇ ਚੌਪਟ ਖੋਲ੍ਹ ਦਿੱਤੇ ਜਾਣੇ ਚਾਹੀਦੇ ਹਨ, ਤਾਂ ਜੋ ਉਹਨਾਂ ਨੂੰ ਯੂਰਪ ਦੇ ਸਾਰੇ ਲੁਟੇਰੇ ਤੇ ਦੁਕਾਨਦਾਰ ਲੁੱਟ ਸਕਣ। ਪਰ ਜਾਪਾਨ ਦੇ ਲੁਟੇਰੇ ਤੇ ਦੁਕਾਨਦਾਰ ਆਪਣੇ ਤੋਂ ਬਿਨਾਂ ਸਾਰਿਆਂ ਲਈ ਇਹ ਬੂਹੇ ਇਸ ਕਰਕੇ ਬੰਦ ਕਰਨਾ ਚਾਹੁੰਦੇ ਹਨ ਕਿਉਂ ਜੋ ਚੀਨ ਉਹਨਾਂ ਨੂੰ ਯੂਰਪ ਨਾਲ਼ੋਂ ਬਹੁਤ ਨੇੜੇ ਹਨ ਅਤੇ ਕਿ ਉਹਨਾਂ ਲਈ ਚੀਨੀਆਂ ਨੂੰ ਲੁੱਟਣਾ ਹਿੰਦੁਸਤਾਨੀਆਂ ਨਾਲ਼ੋਂ ਸੁਖਾਲਾ ਹੈ, ਜਿਨ੍ਹਾਂ ਨੂੰ ਇੰਗਲੈਂਡ ਦੇ "ਭੱਦਰ ਪੁਰਸ਼" ਲੁੱਟਣ ਦੇ

ਆਦੀ ਹਨ। ਲੁੱਟ-ਚੋਂਘ ਕਰਨ ਵਿੱਚ ਸ਼ਰੀਕੇਬਾਜ਼ੀ ਝਗੜਿਆਂ ਨੂੰ ਜਨਮ ਦੇਂਦੀ ਹੈ। ਜੋ ਨਵੀਂ ਸੰਸਾਰ ਜੰਗ ਦੇ ਖਤਰੇ ਨਾਲ਼ ਭਰਪੂਰ ਹਨ। ਇਸ ਤੋਂ ਉਪਰੰਤ, ਜਿਵੇਂ ਕਿ ਪੈਰਿਸ ਦਾ ਰਸਾਲਾ **ਗਰਿਨਗੋਰੇ** ਲਿਖਦਾ ਹੈ: "ਰੂਸੀ ਸਲਤਨਤ, ਇੱਕ ਆਮ ਤੇ ਮਜ਼ਬੂਤ ਮੰਡੀ ਵਜੋਂ ਯੂਰਪ ਦੇ ਹੱਥੋਂ ਖੁੱਸ ਗਈ ਹੈ।" ਰਸਾਲਾ **ਗਰਿਨਗੋਰੇ** ਇਸ ਗੱਲ ਵਿਚ ਹੀ ਬੁਰਿਆਈ ਦੀ ਜੜ੍ਹ ਵੇਖਦਾ ਹੈ ਅਤੇ ਕਈ ਹੋਰ ਪੱਤਰਕਾਰਾਂ, ਸਿਆਸਤਦਾਨਾਂ, ਪਾਦਰੀਆਂ ਲਾਰਡਾਂ, ਮਾਅਰਕੇਬਾਜ਼ਾਂ ਤੇ ਧੋਖੇਬਾਜ਼ਾਂ ਵਾਂਗ ਸੋਵੀਅਤ ਯੂਨੀਅਨ ਵਿਚ ਸਰਬ ਯੂਰਪੀ ਮੁਦਾਖਲਤ ਦੀ ਜ਼ਰੂਰਤ ਉੱਤੇ ਜ਼ੋਰ ਦੇਂਦਾ ਹੈ। ਫਿਰ, ਯੂਰਪ ਵਿੱਚ ਬੇਰੁਜ਼ਗਾਰੀ ਨਿਰੰਤਰ ਵੱਧਦੀ ਜਾ ਰਹੀ ਹੈ ਅਤੇ ਇਸੇ ਤਰ੍ਹਾਂ ਪ੍ਰੋਲੇਤਾਰੀਆਂ ਦਾ ਆਪਣੇ ਉਦੇਸ਼ ਦੇ ਨਿਆਈਂ ਹੋਣ ਬਾਰੇ ਇਨਕਲਾਬੀ ਜਾਗ੍ਰਿਤੀ ਵੀ ਵੱਧਦੀ ਜਾ ਰਹੀ ਹੈ। ਇਸ ਸਭ ਕੁਝ ਦਾ ਇਹੋ ਸਿੱਟਾ ਨਿਕਲ਼ਦਾ ਹੈ ਕਿ "ਅਮਨ ਚੈਨ" ਦੀ ਸਥਾਪਨਾ ਲਈ ਬਹੁਤ ਹੀ ਘੱਟ ਅਵਸਰ ਹੈ ਅਤੇ ਇੱਥੋਂ ਤਕ ਕਿ ਇਸ ਦੀ ਉੱਕਾ ਹੀ ਕੋਈ ਥਾਂ ਨਹੀਂ ਹੈ। ਪਰ ਮੈਂ, ਇਕ ਆਸ਼ਾਵਾਦੀ ਨਾ ਹੁੰਦਿਆਂ ਅਤੇ ਜਾਣਦੇ ਹੋਇਆ ਕਿ ਬੁਰਜੂਆਜ਼ੀ ਦਾ ਸਨਕੀਪੁਣਾ ਬੇਹੱਦ ਹੈ ਇਹ ਮੰਨਣ ਨੂੰ ਤਿਆਰ ਹਾਂ ਕਿ ਕੋਈ ਵੀ ਅਜਿਹਾ ਢੰਗ ਤਰੀਕਾ ਨਹੀਂ ਜਿਸ ਰਾਹੀਂ ਬੁਰਜੂਆਜ਼ੀ ਇੱਕ ਸ਼ਾਂਤ ਜੀਵਨ ਲਈ ਥਾਂ ਪ੍ਰਾਪਤ ਕਰ ਸਕਦੀ ਹੋਵੇ। ਕੋਲੋਜਨ ਵਿੱਚ 19 ਫਰਵਰੀ ਨੂੰ ਦਿੱਤੇ ਭਾਸ਼ਣ ਵਿੱਚ ਨਸਲਵਾਦੀ ਡਿਪਟੀ ਬਰਗਰ ਨੇ ਇਸ ਗੱਲ ਦੀ ਸੰਭਾਵਨਾ ਬਾਰੇ ਸੰਕੇਤ ਕੀਤਾ ਸੀ ਜਦੋਂ ਉਸ ਨੇ ਇਹ ਆਖਿਆ:

"ਜੇ, ਹਿਟਲਰ ਦੇ ਸੱਤ੍ਹਾ ਵਿੱਚ ਆਉਣ ਦੇ ਮਗਰੋਂ ਫ਼ਰਾਂਸੀਸੀਆਂ ਨੇ ਜਰਮਨ ਇਲਾਕੇ ਉੱਤੇ ਕਬਜ਼ਾ ਕਰਨ ਦਾ ਯਤਨ ਕੀਤਾ ਤਾਂ ਅਸੀਂ ਸਾਰੇ ਯਹੂਦੀਆਂ ਦੇ ਗਲ਼ੇ ਕੱਟ ਦਿਆਂਗੇ।"

ਜਦੋਂ ਪਰਸ਼ੀਅਨ ਸਰਕਾਰ ਨੂੰ ਇਸ ਬਿਆਨ ਦਾ ਪਤਾ ਲੱਗਾ ਤਾਂ ਉਹਨਾਂ ਨੇ ਬਰਗਰ ਨੂੰ ਹੋਰ ਪਬਲਿਕ ਭਾਸ਼ਣ ਦੇਣ ਤੋਂ ਵਰਜ ਦਿੱਤਾ। ਇਸ ਗੱਲ ਨੇ ਹਿਟਲਰ ਦੇ ਕੈਂਪ ਵਿੱਚ ਰੋਹ ਦਾ ਤੂਫਾਨ ਖੜ੍ਹਾ ਕਰ ਦਿੱਤਾ। ਇਕ ਨਸਲਵਾਦੀ ਅਖ਼ਬਾਰ ਲਿਖਦਾ ਹੈ:

"ਬਰਗਰ ਲੋਕਾਂ ਨੂੰ ਗੈਰ ਕਾਨੂੰਨੀ ਕਾਰਵਾਈਆਂ ਕਰਨ ਲਈ ਉਕਸਾਉਣ ਦਾ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ; ਅਸੀਂ ਯਹੂਦੀਆਂ ਦੇ ਗਲ਼ੇ ਇਸ ਕਾਨੂੰਨ ਦੇ ਅਧਾਰ ਉੱਤੇ ਕੱਟਾਂਗੇ ਜੋ ਅਸੀਂ, ਜਦੋਂ ਰਾਜ ਸੱਤ੍ਹਾ 'ਤੇ ਕਾਬਜ਼ ਹੋਏ, ਪਾਸ ਕਰਾਂਗੇ।"

ਇਸ ਬਿਆਨ ਨੂੰ ਕੋਈ ਮਖ਼ੌਲ, ਇੱਕ ਜਰਮਨ "ਵਿਅੰਗ" ਨਹੀਂ ਸਮਝਿਆ ਜਾਣਾ ਚਾਹੀਦਾ। ਆਪਣੀ ਅਜੋਕੀ ਦਿਮਾਗੀ ਹਾਲਤ ਵਿੱਚ ਯੂਰਪੀ ਬੁਰਜੂਆਜ਼ੀ ਨਾ ਕੇਵਲ ਯਹੂਦੀਆਂ ਦੇ ਸਗੋਂ ਉਹਨਾਂ ਸਾਰਿਆਂ ਦੇ ਸਰਵਨਾਸ਼ ਲਈ ਕਾਨੂੰਨ ਪਾਸ ਕਰਨ ਦੇ ਕਾਬਲ ਹੈ ਜੋ ਇਸ ਤੋਂ ਵੱਖਰੀ ਤਰ੍ਹਾਂ ਸੋਚਦੇ ਹਨ ਅਤੇ ਸਭ ਤੋਂ ਪਹਿਲਾਂ ਉਹਨਾਂ ਸਾਰਿਆਂ ਨੂੰ ਖਤਮ ਕਰਨ ਦਾ ਜੋ ਇਸ ਦੇ ਅਣ-ਮਨੁੱਖੀ ਹਿੱਤਾਂ ਦੇ ਅਨੁਸਾਰ ਕੰਮ ਨਹੀਂ ਕਰਦੇ।

ਇਸ "ਦੁਸ਼ਟ ਚੱਕਰ" ਵਿੱਚ ਕੈਦ ਬੁੱਧੀਜੀਵੀ ਢਾਰਸ ਦੇਣ ਵਾਲ਼ੇ ਸਹਿਜੇ ਸਹਿਜੇ ਢਾਰਸ ਬੰਨ੍ਹਾਉਣ ਦੀ ਆਪਣੀ ਯੋਗਤਾ ਗਵਾ ਬੈਠਦੇ ਹਨ ਅਤੇ ਆਪ ਢਾਰਸ ਬੰਨ੍ਹਾਉਣ ਦੇ ਚਾਹਵਾਨਾਂ ਦੀ ਕਤਾਰ ਵਿੱਚ ਆ ਖਲੋਂਦੇ ਹਨ। ਉਹ ਉਹਨਾਂ ਲੋਕਾਂ ਵੱਲ ਵੀ ਢਾਰਸ ਬੰਨ੍ਹਾਉਣ ਲਈ ਮੂੰਹ ਕਰਦੇ ਹਨ ਜੋ ਅਸੂਲੀ ਤੌਰ 'ਤੇ ਦਾਨ ਵੰਡਣ ਤੋਂ ਇਨਕਾਰੀ ਹੁੰਦੇ ਹਨ, ਕਿਉਂ ਜੋ

ਦਾਨ ਦੇਣਾ ਢਾਰਸ ਬੰਨ੍ਹਾਉਣ ਦੇ ਅਧਿਕਾਰ ਨੂੰ ਸਿੱਧ ਕਰਦਾ ਹੈ। "ਖ਼ੂਬਸੂਰਤ ਝੂਠ ਬੋਲਣ" ਦੀ ਯੋਗਤਾ ਜੋ ਉਹਨਾਂ ਦੀ ਬੁਨਿਆਦੀ ਯੋਗਤਾ ਹੈ, ਬੁਰਜੂਆ ਹਕੀਕਤ ਦੇ ਕਰੂਪ ਸੰਨਕੀਪਣ ਨੂੰ ਲੁਕਾਉਣ ਦੇ ਹੁਣ ਉੱਕਾ ਯੋਗ ਨਹੀਂ ਰਹੀ। ਉਹਨਾਂ ਵਿੱਚੋਂ ਕੁਝ ਮਹਿਸੂਸ ਕਰਨ ਲੱਗ ਪਏ ਹਨ ਕਿ ਉਹਨਾਂ ਲੋਕਾਂ ਨੂੰ ਜਿਹੜੇ ਸੰਸਾਰ ਨੂੰ ਲੁੱਟ ਲੁੱਟ ਕੇ ਥੱਕ ਗਏ ਹਨ ਅਤੇ ਜਿਹੜੇ ਆਪਣੇ ਦੁਸ਼ਟ ਮੰਤਵਾਂ ਦੀ ਪ੍ਰੋਲੇਤਾਰੀਆਂ ਵੱਲੋਂ ਮੁਕਾਬਲੇ ਦੀ ਨਿੱਤ ਵੱਧਦੀ ਤੀਖਣਤਾ ਤੋਂ ਸਹਿਮੇ ਹੋਏ ਹਨ, ਅਜਿਹੇ ਲੋਕਾਂ ਨੂੰ ਜਿਨ੍ਹਾਂ ਦੀ ਦੌਲਤ ਲਈ ਬੇਸੂਝ ਪਿਆਸ ਨੇ ਸ਼ੋਰੀਲੇ ਜਨੂੰਨ ਦਾ ਖਾਸਾ ਧਾਰਨ ਕਰ ਲਿਆ ਹੈ ਅਤੇ ਆਪਣੇ ਆਪ ਨੂੰ ਸਮਾਜਿਕ ਤੌਰ 'ਤੇ ਢਾਹੂ ਰੂਪਾਂ ਵਿੱਚ ਪ੍ਰਗਟ ਕਰਦਾ ਹੈ—ਖ਼ੁਸ਼ ਕਰਨਾ ਤੇ ਉਹਨਾਂ ਦੀ ਢਾਰਸ ਬੰਨ੍ਹਾਉਣਾ ਨਾ ਕੇਵਲ ਇੱਕ ਬੇਅਰਥ ਕਿੱਤਾ ਬਣਦਾ ਜਾ ਰਿਹਾ ਹੈ ਸਗੋਂ ਖ਼ੁਦ ਢਾਰਸ ਬੰਨ੍ਹਾਉਣ ਵਾਲ਼ਿਆਂ ਲਈ ਖਤਰਨਾਕ ਹੁੰਦਾ ਜਾ ਰਿਹਾ ਹੈ।

ਅਵਾਜ਼ਾਰ ਹੋਏ ਲੁਟੇਰਿਆਂ ਤੇ ਹੱਤਿਆਰਿਆਂ ਨੂੰ ਢਾਰਸ ਦੇਣ ਦੀ ਜੁਰਮੀ ਖਾਸੀਅਤ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਪਰ ਮੈਂ ਜਾਣਦਾ ਹਾਂ ਕਿ ਇਹ ਦਲੀਲ ਕਿਸੇ ਦੇ ਵੀ ਦਿਲ ਦੀਆਂ ਤਾਰਾਂ ਨੂੰ ਨਹੀਂ ਟੁੰਬੇਗੀ—ਕਿਉਂ ਜੋ ਇਹ ਉਪਦੇਸ਼ ਦਾ ਰੂਪ ਧਾਰਨ ਕਰ ਲਵੇਗੀ, ਅਤੇ ਉਪਦੇਸ਼ ਦੇਣ ਨੂੰ ਫਰਜ਼ ਤੋਂ ਵਧੀਕ ਕੰਮ ਕਰਨ ਵਜੋਂ ਵਰਜਤ ਕਰਾਰ ਦੇ ਦਿੱਤਾ ਗਿਆ ਹੈ। ਵਧੇਰੇ ਸਹੀ ਗੱਲ ਇਹ ਤੱਥ ਹੈ ਕਿ ਵਰਤਮਾਨ ਸੰਸਾਰ ਵਿੱਚ ਇੱਕ ਬੁੱਧੀਜੀਵੀ ਢਾਰਸ ਬੰਨ੍ਹਾਉਣ ਵਾਲਾ ਇੱਕ ਅਜਿਹਾ "ਵਿਚੋਲਾ" ਬਣਦਾ ਜਾ ਰਿਹਾ ਹੈ ਜਿਸ ਦੀ ਹੋਂਦ ਤੋਂ ਮੰਤਕ ਸਖਤ ਇਨਕਾਰੀ ਹੈ।

ਬੁਰਜੂਆਜ਼ੀ ਦੀ ਇੱਕ ਔਲਾਦ ਅਤੇ ਸਮਾਜਿਕ ਹੈਸੀਅਤ ਵਿੱਚ ਇੱਕ ਪ੍ਰੋਲੇਤਾਰੀ ਹੁੰਦਿਆਂ ਉਹ ਇੱਕ ਅਜਿਹੀ ਜਮਾਤ ਦੇ ਜਿਸ ਨੇ ਹਰ ਹਾਲਤ ਵਿੱਚ ਨਸ਼ਟ ਹੋਣਾ ਹੈ ਸੇਵਕ ਵਜੋਂ ਆਪਣੀ ਪੁਜ਼ੀਸ਼ਨ ਦੇ ਅਪਮਾਨ ਜਨਕ ਦੁਖਾਂਤ ਪ੍ਰਤੀ ਜਾਗਦਾ ਜਾਪਦਾ ਹੈ ਅਤੇ ਪੇਸ਼ਾਵਰ ਡਾਕੂ ਤੇ ਹਤਿਆਰੇ ਵਾਂਗ ਤਬਾਹ ਹੋਣ ਦਾ ਪੂਰਨ ਹਕਦਾਰ ਹੈ। ਉਸ ਨੇ ਇਹ ਗੱਲ ਮਹਿਸੂਸ ਕਰਨੀ ਸ਼ੁਰੂ ਕਰ ਦਿੱਤੀ ਹੈ ਕਿਉਂ ਜੋ ਬੁਰਜੂਆਜ਼ੀ ਨੂੰ ਉਸ ਦੀ ਸੇਵਕੀ ਦੀ ਲੋੜ ਮੁੱਕਦੀ ਜਾ ਰਹੀ ਹੈ। ਉਹ ਆਪਣੇ ਭਾਈਚਾਰੇ ਦੇ ਬੰਦਿਆਂ ਨੂੰ ਲਗਾਤਾਰ ਸੁਣ ਰਿਹਾ ਹੈ ਜਿਹੜਾ ਬੁਰਜੂਆਜ਼ੀ ਦੀ, ਇਹ ਕਹਿ ਕੇ ਮਿਹਰ ਤੇ ਕ੍ਰਿਪਾ ਦ੍ਰਿਸ਼ਟੀ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ ਕਿ ਬੁੱਧੀਜੀਵੀਆਂ ਦੀ ਗਿਣਤੀ ਬਹੁਤ ਵੱਧ ਗਈ ਹੈ। ਉਹ ਵੇਖਦਾ ਹੈ ਕਿ ਬੁਰਜੂਆਜ਼ੀ "ਢਾਰਸ" ਪ੍ਰਾਪਤ ਕਰਨ ਲਈ ਬੜੇ ਚਾਅ ਨਾਲ਼ ਉਹਨਾਂ ਦੰਭੀਆਂ ਪਖੰਡੀਆਂ ਵੱਲ ਝੁੱਕ ਰਹੀ ਹੈ ਜਿਹੜੇ ਫਿਲਾਸਫਰਾਂ ਤੇ "ਚਿੰਤਕਾਂ" ਦੀ ਥਾਂ ਭਵਿੱਖਬਾਣੀ ਕਰਦੇ ਹਨ। ਯੂਰਪੀ ਅਖ਼ਬਾਰਾਂ ਹੱਥ ਵੇਖਣ ਵਾਲ਼ਿਆਂ, ਜੋਤਸ਼ੀਆਂ, ਜਾਦੂਗਰਾਂ, ਫਕੀਰਾਂ, ਯੋਗੀਆਂ, ਆਤਮਵਾਦੀਆਂ ਅਤੇ ਹੋਰ ਪੱਤੇਬਾਜ਼ਾਂ ਦੇ ਜਿਹੜੇ ਖ਼ੁਦ ਬੁਰਜੂਆਜ਼ੀ ਨਾਲ਼ੋਂ ਵੀ ਵੱਧ ਅਣਜਾਣ ਹਨ ਇਸ਼ਤਿਹਾਰਾਂ ਨਾਲ਼ ਭਰੀਆਂ ਪਈਆਂ ਹਨ। ਫੋਟੋਗਰਾਫੀ ਤੇ ਸਿਨੇਮਾ ਚਿੱਤਰਕਾਰੀ ਦੀ ਕਲਾ ਨੂੰ ਮਾਰ ਰਹੇ ਹਨ ਅਤੇ ਕਲਾਕਾਰ ਭੁੱਖਿਆਂ ਨਾ ਮਰਨ ਦੀ ਖਾਤਰ ਆਪਣੀਆਂ ਤਸਵੀਰਾਂ ਆਲੂਆਂ, ਰੋਟੀ ਅਤੇ ਦਰਮਿਆਨੀ ਜਮਾਤ ਦੇ ਹੰਢਾਏ ਕੱਪੜਿਆਂ ਨਾਲ਼ ਵਟਾ ਰਹੇ ਹਨ।

ਪੈਰਿਸ ਦੇ ਅਖ਼ਬਾਰ ਨੇ ਹੇਠਲੀ ਦਿਲਚਸਪ ਛੋਟੀ ਜਿਹੀ ਖ਼ਬਰ ਪ੍ਰਕਾਸ਼ਤ ਕੀਤੀ:

"ਬਰਲਿਨ ਦੇ ਕਲਾਕਾਰਾਂ ਵਿਚਾਲੇ ਨਿਰਾਸ਼ਾ ਭਿਆਨਕ ਰੂਪ ਧਾਰਨ ਕਰ ਗਈ ਹੈ ਅਤੇ ਇਸ ਤੋਂ ਛੁਟਕਾਰੇ ਦਾ ਕੋਈ ਸੰਕੇਤ ਵਿਖਾਈ ਨਹੀਂ ਦੇਂਦਾ। ਕਲਾਕਾਰਾਂ ਦੀ ਪਰਸਪਰ ਸਹਾਇਤਾ ਜਥੇਬੰਦ ਕਰਨ ਦੀ ਗੱਲ ਚੱਲ ਰਹੀ ਹੈ, ਪਰ ਅਜਿਹੇ ਲੋਕ ਇੱਕ ਦੂਜੇ ਨੂੰ ਕੀ ਮਦਦ ਦੇ ਸਕਦੇ ਹਨ ਜੋ ਕੁਝ ਵੀ ਨਹੀਂ ਕਮਾਉਂਦੇ ਅਤੇ ਜਿਨ੍ਹਾਂ ਨੂੰ ਕੁਝ ਕਮਾਉਣ ਦੀ ਕੋਈ ਸੰਭਾਵਨਾ ਵਿਖਾਈ ਨਹੀਂ ਦੇਂਦੀ ? ਬਰਲਿਨ ਦੇ ਕਲਾਕਾਰ ਹਲਕਿਆਂ ਨੇ ਆਨੋਤ ਜੈਕੋਬੀ ਨਾਂ ਦੀ ਇੱਕ ਇਸਤਰੀ ਕਲਾਕਾਰ ਦੇ ਮੌਲਕ ਵਿਚਾਰ ਦਾ ਬੜੇ ਉਤਸ਼ਾਹ ਨਾਲ਼ ਸੁਆਗਤ ਕੀਤਾ ਹੈ ਜਿਸ ਨੇ ਚੀਜ਼ਾਂ ਦੇ ਸਿੱਧੇ ਵਟਾਂਦਰੇ ਦੀ ਪ੍ਰਣਾਲੀ ਦਾ ਸੁਝਾਅ ਦਿੱਤਾ ਹੈ। ਕੋਲ਼ੇ ਦੇ ਵਪਾਰੀਆਂ ਨੂੰ ਮੂਰਤੀਆਂ ਤੇ ਤਸਵੀਰਾਂ ਦੇ ਵਟਾਂਦਰੇ ਵਿੱਚ ਬਾਲਣ ਸਪਲਾਈ ਕਰਨ ਦਿਓ। ਸਮਾਂ ਤਬਦੀਲ ਹੋਵੇਗਾ ਅਤੇ ਕੋਲ਼ੇ ਦੇ ਵਪਾਰੀਆਂ ਕੋਲ਼ ਇਸ ਸੌਦੇਬਾਜ਼ੀ ਬਾਰੇ ਅਫਸੋਸ ਕਰਨ ਦਾ ਕੋਈ ਕਾਰਨ ਨਹੀਂ ਰਹੇਗਾ। ਦੰਦਸਾਜ਼ਾਂ ਨੂੰ ਆਪਣੀ ਕਲਾ ਕਲਾਕਾਰਾਂ ਉੱਤੇ ਵਰਤਣ ਦਿਓ। ਇੱਕ ਵਧੀਆ ਤਸਵੀਰ ਇੱਕ ਦੰਦਸਾਜ਼ ਦੇ ਉਡੀਕ ਕਮਰੇ ਵਿੱਚ ਕਦੇ ਵੀ ਘਾਟੇਵੰਦੀ ਨਹੀਂ ਹੋਵੇਗੀ। ਬੁੱਚੜ ਤੇ ਡੇਅਰੀ ਵਾਲ਼ੇ ਇਸ ਮੌਕੇ ਤੋਂ ਲਾਭ ਉਠਾਉਣ ਲਈ ਚਾਈਂ ਚਾਈਂ ਅੱਗੇ ਆਉਣਗੇ ਅਤੇ ਇਸ ਸਮੇਂ ਬਿਨਾਂ ਨਕਦੀ ਦੇ ਅਸਲੀ ਕਲਾ ਪ੍ਰਾਪਤ ਕਰਨਗੇ। ਬਰਲਿਨ ਵਿੱਚ ਆਨੋਤ ਜੈਕੋਬੀ ਦੇ ਵਿਚਾਰ ਨੂੰ ਵਿਕਸਤ ਕਰਨ ਤੇ ਇਸ ਨੂੰ ਅਮਲ ਵਿੱਚ ਲਿਆਉਣ ਲਈ ਇੱਕ ਵਿਸ਼ੇਸ਼ ਬਿਊਰੋ ਸਥਾਪਤ ਕੀਤਾ ਗਿਆ ਹੈ।"

ਜਿਸ ਅਖ਼ਬਾਰ ਨੇ ਇਨ੍ਹਾਂ ਚੀਜ਼ਾਂ ਦੇ ਸਿੱਧੇ ਵਟਾਂਦਰੇ ਦੀ ਪ੍ਰਣਾਲੀ ਬਾਰੇ ਖ਼ਬਰ ਛਾਪੀ ਹੈ ਇਹ ਨਹੀਂ ਦੱਸਦੀ ਕਿ ਪੈਰਿਸ ਵਿੱਚ ਵੀ ਇਸ ਉੱਤੇ ਅਮਲ ਕੀਤਾ ਜਾ ਰਿਹਾ ਹੈ।

ਸਿਨੇਮਾ ਥੇਟਰ ਦੀ ਉੱਚੀ ਕਲਾ ਨੂੰ ਸਹਿਜੇ ਸਹਿਜੇ ਤਬਾਹ ਕਰਦਾ ਜਾ ਰਿਹਾ ਹੈ। ਬੁਰਜੂਆ ਸਿਨੇਮਾ ਦੇ ਭ੍ਰਿਸ਼ਟਾਚਾਰੀ ਪ੍ਰਭਾਵ ਬਾਰੇ ਦੱਸਣ ਦੀ ਕੋਈ ਲੋੜ ਨਹੀਂ ਕਿਉਂ ਜੋ ਇਹ ਬਿਲਕੁੱਲ ਪ੍ਰਤੱਖ ਹੈ। ਹਰ ਭਾਵਿਕ ਵਿਸ਼ੇ ਦੇ ਨਿਖੁੱਟ ਜਾਣ ਕਾਰਨ ਇਸ ਨੇ ਸਰੀਰਕ ਕਰੂਪਤਾ ਦੀ ਨੁਮਾਇਸ਼ ਕਰਨੀ ਸ਼ੁਰੂ ਕਰ ਦਿੱਤੀ ਹੈ।

"ਮੀਟਰੋ-ਗੋਲਡਵਾਈਨ-ਮੇਅਰ ਦੇ ਹਾਲੀਵੁੱਡ ਸਟੂਡੀਓ ਨੇ ਫਿਲਮ "ਫਰੀਕਸ" ਬਣਾਉਣ ਲਈ ਇੱਕ ਮੌਲਕ ਟਰੁੱਪ ਇਕੱਤਰ ਕੀਤਾ ਹੈ। ਇਸ ਵਿੱਚ ਕੂ—ਕੂ ਨਾਂ ਦੀ ਪੰਛੀ ਕੁੜੀ ਸ਼ਾਮਲ ਹੈ ਜੋ ਸਾਰਸ ਨਾਲ਼ ਬਹੁਤ ਮਿਲ਼ਦੀ ਜੁਲ਼ਦੀ ਹੈ; ਪੀ. ਰੋਬਿਨਸਨ ਨਾਂ ਦਾ ਇੱਕ ਹੱਡੀਆਂ ਦੀ ਮੁੱਠ ਆਦਮੀ; ਮਾਰਥਾ, ਜਿਸ ਦੀ ਜਨਮ ਤੋਂ ਹੀ ਇੱਕ ਬਾਂਹ ਹੈ ਤੇ ਜੋ ਬੜੀ ਉਸਤਾਦੀ ਨਾਲ਼ ਆਪਣੇ ਪੈਰ ਨਾਲ਼ ਲੈਸ ਉਣਦਾ ਹੈ। ਸਟੂਡੀਓ ਵਿੱਚ ਇੱਕ ਸੂਈ ਦੇ ਨੱਕੇ ਵਰਗੇ ਸਿਰ ਵਾਲ਼ੀ ਸ਼ਿਲਜ਼ ਨਾਂ ਦੀ ਔਰਤ ਵੀ ਹੈ, ਜਿਸ ਦਾ ਸਰੀਰ ਆਮ ਸਰੀਰਾਂ ਵਰਗਾ ਹੈ ਪਰ ਇੱਕ ਅਸਧਾਰਨ ਰੂਪ ਵਿੱਚ ਪਤਲਾ ਸਿਰ ਹੈ ਜੋ ਸੂਈ ਨਾਲ਼ ਮਿਲ਼ਦਾ ਜੁਲ਼ਦਾ ਹੈ; ਓਲਗਾ, ਇੱਕ ਇਸਤਰੀ ਜਿਸ ਦੀ ਆਦਮੀਆਂ ਵਰਗੀ ਸ਼ਾਨਦਾਰ ਦਾਹੜੀ ਹੈ; ਜੋਸਫੀਨ ਜੋਸਫ਼, ਅੱਧੀ ਔਰਤ, ਅੱਧਾ ਆਦਮੀ; ਹਿਲਟਨ ਸਿਆਸੀ ਜੋੜਾ, ਗਿੱਠ-ਮੁੱਠੀਏ ਤੇ ਬੌਣੇ।

ਬਾਰਨੇਆਂ, ਪੋਸਾਰਟਾਂ ਮਾਊਂਟ-ਸਲੀਆਂ ਤੇ ਇਸ ਪ੍ਰਕਾਰ ਦੇ ਹੋਰ ਕਲਾਕਾਰਾਂ ਦੀ ਕੋਈ

ਜ਼ਰੂਰਤ ਨਹੀਂ ਰਹੀ; ਉਹਨਾਂ ਨੂੰ ਕੱਢ ਦਿੱਤਾ ਗਿਆ ਹੈ ਤੇ ਉਹਨਾਂ ਦੀ ਥਾਂ 'ਤੇ ਫੇਅਰਬਾਕਾਂ, ਹੈਰਲਡ ਲਾਇਡਾਂ ਤੇ ਹੋਰ ਜਾਦੂਗਰਾਂ ਤੇ ਮਦਾਰੀਆਂ ਨੂੰ ਰੱਖ ਲਿਆ ਗਿਆ ਹੈ ਜਿਨ੍ਹਾਂ ਦਾ ਮੁਖੀ ਅਕਾਊ, ਜਜ਼ਬਾਤੀ ਤੇ ਰੁੱਖਾ ਚਾਰਲੀ ਚਪਲਿਨ ਹੈ, ਜਿਸ ਤਰ੍ਹਾਂ ਜਾਜ਼ ਵੱਲੋਂ ਪ੍ਰਮਾਣੀਕ ਸੰਗੀਤ ਨੂੰ ਕੱਢਿਆ ਜਾ ਰਿਹਾ ਹੈ ਅਤੇ ਸਟੈਂਡਲ, ਬਾਲਜਾਕ, ਡਿਕਨਜ਼ ਅਤੇ ਓਲਾਅਬਰਟ ਦੀ ਥਾਂ 'ਤੇ ਉਹਨਾਂ ਤੋਂ ਬਿਲਕੁੱਲ ਉਲਟ ਵੈਲਿਨ ਵਰਗੇ ਬੰਦੇ ਆ ਗਏ ਹਨ, ਜਿਨ੍ਹਾਂ ਵਿੱਚ ਇਹ ਦੱਸਣ ਦੀ ਯੋਗਤਾ ਹੈ ਕਿ ਕਿਵੇਂ ਪੁਲਿਸ ਦੇ ਕਾਨੂੰਨ ਛੋਟੇ ਛੋਟੇ ਚੋਰਾਂ ਤੇ ਕਾਤਲਾਂ ਨੂੰ ਪਕੜ ਕੇ ਵੱਡੇ ਲੁਟੇਰਿਆਂ ਤੇ ਥੋਕ ਕਾਤਲ ਦੇ ਜਥੇਬੰਦਕਾਂ ਦੀ ਜਾਇਦਾਦ ਦੀ ਹਿਫਾਜ਼ਤ ਕਰਦੇ ਹਨ। ਕਲਾ ਦੇ ਖੇਤਰ ਵਿੱਚ ਬੁਰਜੂਆਜ਼ੀ ਡਾਕ ਟਿਕਟਾਂ ਤੇ ਟਰੈਮਵੇ ਦੀਆਂ ਟਿਕਟਾਂ ਇਕੱਠੀਆਂ ਕਰਨ ਨਾਲ਼ ਪੂਰੀ ਤਰ੍ਹਾਂ ਸੰਤੁਸ਼ਟ ਹੈ ਜਾਂ ਵੱਧ ਤੋਂ ਵੱਧ ਪੁਰਾਣੇ ਨਕਲੀ ਚਿੱਤਰ ਇਕੱਤਰ ਕਰਨ ਨਾਲ਼। ਵਿਗਿਆਨ ਦੇ ਖੇਤਰ ਵਿੱਚ ਬੁਰਜੂਆਜ਼ੀ ਮਜ਼ਦੂਰ ਜਮਾਤ ਦੀ ਸਰੀਰਕ ਸ਼ਕਤੀ ਦੀ ਲੁੱਟਚੋਂਘ ਕਰਨ ਵਾਲ਼ੇ ਸਭ ਤੋਂ ਸਸਤੇ ਤੇ ਸੁਖਾਲੇ ਢੰਗਾਂ ਤਰੀਕਿਆਂ ਵਿੱਚ ਦਿਲਚਸਪੀ ਰੱਖਦੀ ਹੈ ਬੁਰਜੂਆਜ਼ੀ ਲਈ ਵਿਗਿਆਨ ਦੀ ਹੋਂਦ ਕੇਵਲ ਇਸ ਹੱਦ ਤੱਕ ਹੈ ਕਿ ਉਹ ਉਸ ਦੀ ਅਮੀਰੀ ਵਿੱਚ ਹਿੱਸਾ ਪਾਉਣ ਦੇ, ਉਸ ਦੇ ਪੇਟ ਤੇ ਆਂਦਰਾ ਦੇ ਕਾਰਜਾਂ ਨੂੰ ਨੇਮਬੱਧ ਕਰਨ ਦੇ ਅਤੇ ਲੁਟੇਰਿਆਂ ਦੀ ਕਾਮਭਾਵਨਾ ਨੂੰ ਸੰਤੁਸ਼ਟ ਕਰਨ ਦੇ ਯੋਗ ਹੈ। ਬੁਰਜੂਆਜ਼ੀ ਇਹ ਗੱਲ ਸਮਝਣ ਦੇ ਯੋਗ ਨਹੀਂ ਕਿ ਵਿਗਿਆਨ ਦਾ ਬੁਨਿਆਦੀ ਕੰਮ ਬੌਧਿਕ ਵਿਕਾਸ ਨੂੰ ਵਧਾਉਣਾ, ਉਸ ਮਨੁੱਖੀ ਸਰੀਰਕ ਬਣਤਰ ਦੀ ਮੁਰੰਮਤ ਕਰਨ ਵਿੱਚ ਮਦਦ ਕਰਨ। ਜਿਸ ਨੂੰ ਪੂੰਜੀਵਾਦੀ ਜਬਰ ਨੇ ਤਬਾਹ ਕਰ ਦਿੱਤਾ ਹੈ, ਜ਼ਮੀਨ ਵਿੱਚ ਦੱਬੇ ਹੋਏ ਪਦਾਰਥ ਨੂੰ ਸ਼ਕਤੀ ਵਿੱਚ ਤਬਦੀਲ ਕਰਨਾ, ਮਨੁੱਖੀ ਸਰੀਰਕ ਪ੍ਰਬੰਧ ਦੀ ਬਣਤਰ ਤੇ ਵਾਧੇ ਦੀ ਬਣਤਰ ਵਿਧੀ ਦਾ ਅਧਿਐਨ ਕਰਨਾ ਹੈ। ਇਸ ਸਭ ਕੁਝ ਵਿੱਚ ਆਧੁਨਿਕ ਬੁਰਜੂਆਜ਼ੀ ਇਤਨੀ ਥੋੜ੍ਹੀ ਦਿਲਚਸਪੀ ਰੱਖਦੀ ਹੈ ਜਿਤਨੀ ਕੇਂਦਰੀ ਅਫਰੀਕਾ ਦੇ ਵਹਿਸੀ ਲੋਕ।

ਇਹ ਕੁਝ ਵੇਖਦਿਆਂ ਕੁਝ ਬੁੱਧੀਜੀਵੀ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ "ਰਚਨਾਤਮਕ ਸੱਭਿਆਚਾਰ"—ਜਿਸ ਨੂੰ ਉਹ ਆਪਣਾ ਕੰਮ, ਆਪਣੇ "ਸੁਤੰਤਰ ਵਿਚਾਰ" ਅਤੇ "ਅਜ਼ਾਦ ਇੱਛਾ" ਦੀ ਉਪਜ ਸਮਝਦੇ ਹਨ—ਹੁਣ ਉੱਕਾ ਹੀ ਉਹਨਾਂ ਦਾ ਕੰਮ ਨਹੀਂ ਰਿਹਾ ਹੈ **ਸੱਭਿਆਚਾਰ ਪੂੰਜੀਵਾਦੀ ਸੰਸਾਰ ਲਈ ਕੋਈ ਜਮਾਂਦਰੂ ਜ਼ਰੂਰਤ ਨਹੀਂ ਹੈ।** ਚੀਨ ਵਿਚਲੀਆਂ ਘਟਨਾਵਾਂ ਨੇ ਉਹਨਾਂ ਨੂੰ 1914 ਵਿੱਚ ਕਾਉਵੇਨ ਦੀ ਯੂਨੀਵਰਸਿਟੀ ਤੇ ਉਸ ਦੀ ਲਾਇਬ੍ਰੇਰੀ ਦੀ ਹੋਈ ਤਬਾਹੀ ਯਾਦ ਕਰਾ ਦਿੱਤੀ ਹੈ; ਅਗਲੇ ਦਿਨ ਉਹਨਾਂ ਨੂੰ ਸ਼ਿੰਘਾਈ ਵਿੱਚ ਤੁੰਗ ਸੀ ਯੂਨੀਵਰਸਿਟੀ, ਨੋਵਲ ਕਾਲਜ, ਸਕੂਲ ਆਫ਼ ਫਿਸ਼ਰੀ, ਨੈਸ਼ਨਲ ਯੂਨੀਵਰਸਿਟੀ, ਮੈਡੀਕਲ ਕਾਲਜ, ਐਗਰੀਕਲਚਰਲ ਅਤੇ ਇੰਜੀਨੀਅਰਿੰਗ ਕਾਲਜ ਅਤੇ ਵਰਕਰਜ਼ ਯੂਨੀਵਰਸਿਟੀ ਦੀ ਜਾਪਾਨੀ ਤੋਪਾਂ ਨਾਲ਼ ਹੋਈ ਤਬਾਹੀ ਬਾਰੇ ਪਤਾ ਲੱਗਿਆ। ਇਸ ਵਹਿਸ਼ੀ ਕਰਤੂਤ ਤੇ ਕਿਸੇ ਦਾ ਵੀ ਰੋਹ ਨਹੀਂ ਜਾਗਿਆ, ਜਿਵੇਂ ਸੱਭਿਆਚਾਰਕ ਸੰਸਥਾਵਾਂ ਲਈ ਰਕਮਾਂ ਨੂੰ ਰੋਕਣ ਤੇ ਕਿਸੇ ਨੂੰ ਕੋਈ ਗੁੱਸਾ ਨਹੀਂ ਸੀ ਆਇਆ ਜਦ ਕਿ ਇਹ ਰਕਮਾਂ ਹਥਿਆਰ ਬਣਾਉਣ ਉੱਤੇ ਨਿਰੰਤਰ ਖਰਚ ਕੀਤੀਆਂ ਜਾ ਰਹੀਆਂ ਹਨ।

ਪਰ, ਫਿਰ ਵੀ ਯੂਰਪੀ ਤੇ ਅਮਰੀਕੀ ਬੁੱਧੀਜੀਵੀਆਂ ਦਾ ਇੱਕ ਬਹੁਤ ਹੀ ਛੋਟਾ ਹਿੱਸਾ ਮਹਿਸੂਸ ਕਰਦਾ ਹੈ ਕਿ ਉਹ ਹਰ ਹਾਲਤ ਵਿੱਚ "ਖਾਰਜ ਕੀਤੇ ਗਏ ਮੱਧ ਵਰਗ ਦੇ ਕਾਨੂੰਨ" ਅਧੀਨ ਆਉਂਦੇ ਹਨ ਅਤੇ ਹਰ ਸਮੇਂ ਉਹਨਾਂ ਦੇ ਸਾਹਮਣੇ ਕਿਹੜੇ ਪਾਸੇ ਹੋਣ ਦਾ ਸੁਆਲ ਖਲੋਤਾ ਹੈ। ਕੀ, ਪੁਰਾਣੀ ਆਦਤ ਅਨੁਸਾਰ ਪ੍ਰੋਲੇਤਾਰੀ ਦੇ ਵਿਰੁੱਧ ਬੁਰਜੂਆਜ਼ੀ ਦੇ ਪੱਖ ਵਿੱਚ ਜਾਂ ਅਣਖ ਦੇ ਹੁਕਮ ਅਨੁਸਾਰ ਬੁਰਜੂਆਜ਼ੀ ਦੇ ਵਿਰੁੱਧ ਪ੍ਰੋਲੇਤਾਰੀ ਦੇ ਹੱਕ ਵਿੱਚ। ਬੁੱਧੀਜੀਵੀ ਵਰਗ ਦੀ ਬਹੁਗਿਣਤੀ ਪੂੰਜੀਵਾਦ ਦੀ ਇੱਕ ਅਜਿਹੇ ਮਾਲਕ ਦੀ ਸੇਵਾ ਕਰਕੇ ਹੀ ਸੰਤੁਸ਼ਟ ਹਨ ਜੋ ਆਪਣੇ ਸੇਵਕਾਂ ਦੇ ਢਾਰਸ ਦੇਣ ਵਾਲ਼ਿਆਂ ਦੀ ਸ੍ਰਿਸ਼ਟਾਚਾਰੀ ਲਚਕ ਤੋਂ ਪੂਰੀ ਤਰ੍ਹਾਂ ਜਾਣੂ ਹੁੰਦਿਆਂ ਅਤੇ ਉਹਨਾਂ ਦੇ ਮੰਨ ਮਨੇਵੇ ਵਾਲ਼ੇ ਕੰਮ ਦੀ ਵਿਅਰਥਤਾ ਤੇ ਨਾਪਾਇਦਾਰੀ ਨੂੰ ਵੇਖਦਿਆਂ ਉਹਨਾਂ ਨੂੰ ਖੁੱਲ੍ਹੇ ਤੌਰ 'ਤੇ ਤੁੱਛ ਸਮਝਣ ਲੱਗ ਪਿਆ ਹੈ ਅਤੇ ਇਹ ਸ਼ੱਕ ਪ੍ਰਗਟ ਕਰਦਾ ਹੈ ਕਿ ਅਜਿਹੇ ਸੇਵਕਾਂ ਤੇ ਢਾਰਸ ਬੰਨ੍ਹਾਉਣ ਵਾਲ਼ਿਆਂ ਦੀ ਜ਼ਰੂਰਤ ਵੀ ਹੈ।

ਮੈਨੂੰ ਅਕਸਰ ਮੱਧ ਵਰਗ ਦੇ ਅਸੱਭਿਅ ਲੋਕਾਂ ਨੂੰ ਢਾਰਸ ਦੇਣ ਵਾਲ਼ੇ ਮਾਹਿਰਾਂ ਦੀਆਂ ਚਿੱਠੀਆਂ ਮਿਲ਼ਦੀਆਂ ਰਹਿੰਦੀਆਂ ਹਨ। ਮੈਂ ਇੱਕ ਚਿੱਠੀ ਦਾ ਹਵਾਲਾ ਦੇਣਾ ਚਾਹਾਂਗਾ ਜੋ ਮੈਨੂੰ ਸਿਟੀਜ਼ਨ ਸਵੇਨ ਏਲਵਰਸਟਡ ਤੋਂ ਮਿਲ਼ੀ ਹੈ:

"ਪਿਆਰੇ ਮਿਸਟਰ ਗੋਰਕੀ,

"ਉਸ ਭਿਆਨਕ ਆਰਥਕ ਸੰਕਟ ਦੇ ਕਾਰਨ, ਜਿਸ ਨੇ ਧਰਤੀ ਉਤਲੇ ਸਾਰੇ ਦੇਸ਼ਾਂ ਨੂੰ ਜਕੜ ਰੱਖਿਆ ਹੈ ਸਾਰੇ ਸੰਸਾਰ ਉੱਤੇ ਘੋਰ ਉਦਾਸੀ ਤੇ ਨਿਰਾਸ਼ਾ ਅਤੇ ਭਿਅੰਕਰ ਘਬਰਾਹਟ ਪਸਰੀ ਪਈ ਹੈ। ਇਸ ਸੰਸਾਰ ਦੁਖਾਂਤ ਨੇ ਨਾਰਵੇ ਦੇ ਸਭ ਤੋਂ ਵੱਡੀ ਇਸ਼ਾਇਤ ਵਾਲ਼ੇ ਅਖ਼ਬਾਰ **ਟਾਈਡਨਜ਼ ਟੇਗਨ** ਵਿੱਚ ਲੇਖਾਂ ਦੀ ਇੱਕ ਲੜੀ ਪ੍ਰਕਾਸ਼ਤ ਕਰਨ ਲਈ ਪਰੇਰਿਆ ਹੈ ਜਿਨ੍ਹਾਂ ਲੇਖਾਂ ਦਾ ਉਦੇਸ਼ ਇਸ ਭਿਆਨਕ ਤਬਾਹੀ ਦੇ ਸ਼ਿਕਾਰ ਹੋਏ ਕਰੋੜਾਂ ਲੋਕਾਂ ਵਿੱਚ ਇੱਕ ਨਵੀਂ ਭਾਵਨਾ ਤੇ ਆਸ ਪੈਦਾ ਕਰਨਾ ਹੈ। ਸੋ, ਮੈਂ ਇਹ ਯੋਗ ਸਮਝਿਆ ਹੈ ਕਿ ਲੇਖਕਾਂ, ਕਲਾਕਾਰਾਂ, ਵਿਗਿਆਨੀਆਂ ਤੇ ਸਿਆਸਤਦਾਨਾਂ ਨੂੰ ਇਹ ਬੇਨਤੀ ਕਰਾਂ ਉਹ ਪਿਛਲੇ ਦੋ ਸਾਲਾਂ ਵਿੱਚ ਲੋਕਾਂ ਦੀ ਦੁਖਦਾਈ ਹਾਲਤ ਦੇ ਵਿਸ਼ੇ ਬਾਰੇ ਆਪਣੀਆਂ ਰਾਵਾਂ ਦੇਣ ਦੀ ਕ੍ਰਿਪਾਲਤਾ ਕਰਨ। ਹਰ ਦੇਸ਼ ਦੇ ਹਰ ਨਾਗਰਿਕ ਸਾਹਮਣੇ ਇਹੋ ਚੋਣ ਰਹਿ ਗਈ ਹੈ : ਜਾਂ ਤਾਂ ਉਹ ਜ਼ਾਲਮ ਹੋਣੀ ਦੀਆਂ ਘਾਤਕ ਸੱਟਾਂ ਹੇਠ ਤਬਾਹ ਹੋ ਜਾਵੇ ਜਾਂ ਫਿਰ ਸੰਕਟ ਦੇ ਸੁਖਾਵੇਂ ਹੱਲ ਦੀ ਆਸ ਵਿੱਚ ਲੜਨਾ ਜਾਰੀ ਰੱਖੇ। ਹਰ ਕਿਸੇ ਨੂੰ ਅਜਿਹੀ ਆਸ ਦੀ ਜ਼ਰੂਰਤ ਹੈ ਕਿ ਵਰਤਮਾਨ ਦੁਖਦਾਈ ਹਾਲਤ ਖੁਸ਼ੀ ਖੁਸ਼ੀ ਸਮਾਪਤ ਹੋ ਜਾਵੇ ਅਤੇ ਇਹ ਆਸ ਹਰ ਕਿਸੇ ਦੇ ਸੀਨੇ ਵਿੱਚ ਇੱਕ ਅਜਿਹੇ ਮਨੁੱਖ ਦੀ ਆਸ਼ਾਵਾਦੀ ਰਾਏ ਪੜ੍ਹ ਕੇ ਹੋਰ ਵੀ ਪ੍ਰਜਵਲਤ ਹੋ ਜਾਵੇਗੀ ਜਿਸ ਦੇ ਸ਼ਬਦਾਂ ਨੂੰ ਸਾਰੇ ਬੜੇ ਗਹੁ ਨਾਲ਼ ਸੁਣਨ ਦੇ ਆਦੀ ਹਨ। ਇਸ ਲਈ, ਮੈਂ ਤੁਹਾਥੋਂ ਇਹ ਬੇਨਤੀ ਕਰਨ ਦੀ ਖੁੱਲ੍ਹ ਲੈਂਦਾ ਹਾਂ ਕਿ ਤੁਸੀਂ ਮੈਨੂੰ ਵਰਤਮਾਨ ਸਥਿਤੀ ਬਾਰੇ ਆਪਣੇ ਵਿਚਾਰ ਲਿਖ ਭੇਜੋ। ਇਹ ਭਾਵੇਂ ਤਿੰਨ ਜਾਂ ਚਾਰ ਸਤਰਾਂ ਤੋਂ ਵੱਧ ਨਾ ਹੋਣ, ਪਰ ਇਹ ਨਿਰਸੰਦੇਹ, ਕਈਆਂ ਨੂੰ ਨਿਰਾਸ਼ਾ ਤੋਂ ਬਚਾ ਲੈਣਗੇ ਅਤੇ ਉਹਨਾਂ ਵਿੱਚ ਭਵਿੱਖ ਦੀ ਦਲੇਰੀ ਨਾਲ਼ ਟਾਕਰਾ ਕਰਨ ਦੀ ਤਾਕਤ ਭਰ ਦੇਣਗੇ।

ਸਤਿਕਾਰ ਸਹਿਤ ਤੁਹਾਡਾ,
"ਸਵੇਨ ਏਲਵਰਸਟਡ"

ਇਸ ਚਿੱਠੀ ਦੇ ਲੇਖਕ ਵਾਂਗ ਅਜੇ ਵੀ ਕਿਤਨੇ ਹੀ ਲੋਕ ਹਨ ਜਿਨ੍ਹਾਂ ਨੇ "ਦੋ ਜਾਂ ਤਿੰਨ ਸਤਰਾਂ" ਦੇ ਦੁੱਖ ਦੂਰ ਕਰਨ ਦੇ ਗੁਣ ਵਿੱਚ ਆਪਣਾ ਸਿੱਧੜ ਵਿਸ਼ਵਾਸ ਨਹੀਂ ਗਵਾਇਆ। ਇਹ ਵਿਸ਼ਵਾਸ ਇਤਨਾ ਸਿੱਧੜ ਹੈ, ਕਿ ਇਹ ਮੁਸ਼ਕਲ ਨਾਲ਼ ਹੀ ਸੁਹਿਰਦ ਹੋ ਸਕਦਾ ਹੈ। ਦੋ ਜਾਂ ਤਿੰਨ ਵਾਕੰਸ਼, ਜਾਂ ਦੋ ਜਾਂ ਤਿੰਨ ਸੌ ਵਾਕੰਸ਼ ਵੀ ਮਰੀਅਲ ਬੁਰਜੂਆ ਸੰਸਾਰ ਵਿੱਚ ਨਵੀਂ ਜ਼ਿੰਦਗੀ ਨਹੀਂ ਫੂਕ ਸਕਣਗੇ। ਹਰ ਰੋਜ਼, ਸੰਸਾਰ ਦੀਆਂ ਸਾਰੀਆਂ ਪਾਰਲੀਮੈਂਟਾਂ ਵਿੱਚ ਅਤੇ ਲੀਗ ਆਫ਼ ਨੇਸ਼ਨਜ਼ ਵਿੱਚ ਹਜ਼ਾਰਾਂ ਵਾਕੰਸ਼ ਉਚਾਰੇ ਜਾਂਦੇ ਹਨ ਪਰ ਉਹ ਕਿਸੇ ਇੱਕ ਨੂੰ ਢਾਰਸ ਨਹੀਂ ਬੰਨ੍ਹਾਉਂਦੇ ਜਾਂ ਯਕੀਨ ਨਹੀਂ ਦਿਵਾਉਂਦੇ, ਕਿਸੇ ਇੱਕ ਵਿੱਚ ਵੀ ਬੁਰਜੂਆ ਤਹਿਜ਼ੀਬ ਦੇ ਸੰਕਟ ਦੇ ਅਸਲ ਵਾਧੇ ਨੂੰ ਰੋਕਣ ਦੀ ਸੰਭਾਵਨਾ ਵਿੱਚ ਆਸ ਨਹੀਂ ਜਗਾਉਂਦੇ। ਸਾਬਕ ਮੰਤਰੀ ਅਤੇ ਹੋਰ ਵਿਹਲੜ ਸ਼ਹਿਰਾਂ ਦੇ ਦੌਰੇ ਕਰਦੇ ਬੁਰਜੂਆ ਸਮਾਜ ਨੂੰ ਵਿਗਿਆਨ ਨੂੰ "ਛਾਂਗਣ" ਤੇ "ਕਾਬੂ ਵਿੱਚ ਰੱਖਣ" ਦੀ ਤਾਕੀਦ ਕਰਦੇ ਹਨ। ਇਹਨਾਂ ਲੋਕਾਂ ਦੀ ਲੁਤਰ ਲੁਤਰ ਨੂੰ ਪੱਤਰਕਾਰਾਂ ਨੇ ਤੁਰੰਤ ਗ੍ਰਹਿਣ ਕਰ ਲਿਆ ਹੈ—ਪੱਤਰਕਾਰ ਜਿਨ੍ਹਾਂ ਲਈ ਲੰਮੇ ਸਮੇਂ ਤੋਂ ਇਸੇ ਤਰ੍ਹਾਂ ਹੁੰਦਾ ਆ ਰਿਹਾ ਹੈ ਅਤੇ ਇਹਨਾਂ ਵਿੱਚ ਇੱਕ ਏਮਿਲ ਲਿਊਡਵਿਗ ਇੱਕ ਗੰਭੀਰ ਅਖ਼ਬਾਰ **ਡੇਲੀ ਐਕਸਪ੍ਰੈਸ** ਵਿੱਚ ਲਿਖਦਿਆਂ ਮਨੁੱਖਤਾ ਨੂੰ "ਮਾਹਿਰਾਂ ਤੋਂ ਛੁਟਕਾਰਾ ਪਾਉਣ" ਦੀ ਸਲਾਹ ਦੇਂਦਾ ਹੈ ਅਤੇ ਨਿੱਕ-ਬੁਰਜੂਆਜ਼ੀ ਇੱਕ ਉਜੱਡ ਬਕਵਾਸ ਨੂੰ ਸੁਣਦੀ ਤੇ ਪੜ੍ਹਦੀ ਹੈ ਅਤੇ ਇਸ ਵਿੱਚੋਂ ਆਪਣੇ ਸਿੱਟੇ ਕੱਢਦੀ ਹੈ ਅਤੇ ਜੇ ਯੂਰਪੀ ਬੁਰਜੂਆ ਪਰਪੰਚ ਇਹ ਫੈਸਲਾ ਕਰ ਲਵੇ ਕਿ ਯੂਨੀਵਰਸਿਟੀਆਂ ਨੂੰ ਬੰਦ ਕਰਨਾ ਜ਼ਰੂਰੀ ਹੈ ਤਾਂ ਕੋਈ ਹੈਰਾਨੀ ਵਾਲ਼ੀ ਗੱਲ ਨਹੀਂ ਹੋਵੇਗੀ। ਸੱਬਬ ਨਾਲ਼, ਇਸ ਗੱਲ ਦੀ ਹਮਾਇਤ ਵਿੱਚ ਉਹ ਅਜਿਹੀਆਂ ਦਲੀਲਾਂ ਵੀ ਦੇ ਸਕਦੀ ਹੈ : ਜਰਮਨੀ ਵਿੱਚ ਹਰ ਸਾਲ ਯੂਨੀਵਰਸਿਟੀ ਡਿਪਲੋਮੇ ਵਾਲ਼ੀਆਂ 6000 ਥਾਵਾਂ ਖਾਲੀਆਂ ਹੁੰਦੀਆਂ ਹਨ, ਪਰ ਜਰਮਨ ਯੂਨੀਵਰਸਿਟੀਆਂ ਵਿੱਚੋਂ ਹਰ ਸਾਲ 40,000 ਗਰੈਜੂਏਟ ਨਿਕਲ਼ਦੇ ਹਨ।

ਤੁਸੀਂ, ਡੀ. ਸਮਿਥ ਤੇ ਟੀ. ਮੋਰੀਸ਼ਸ ਦੋਵੇਂ ਗਲਤੀ ਕਰਦੇ ਹੋ ਜਦੋਂ ਤੁਸੀਂ ਬੁਰਜੂਆ ਸਾਹਿਤ ਤੇ ਪੱਤਰਕਾਰੀ ਨੂੰ "ਸੁਧਰੀ ਹੋਈ ਰਾਏ ਦੇ ਜਥੇਬੰਦਕ" ਦਾ ਰੋਲ ਪ੍ਰਦਾਨ ਕਰਦੇ ਹੋ। ਇਹ "ਜੱਥੇਬੰਦਕ" ਇੱਕ ਲਹੂ ਚੂਸ ਵਾਧਾ ਹੈ ਜੋ ਯਥਾਰਥ ਦੀ ਕਮੀਨੀ ਘੜਮਸ ਉੱਤੇ ਪਰਦਾ ਪਾਉਣ ਲਈ ਟਿਲ ਲਾਉਂਦਾ ਹੈ; ਪਰ ਇਹ ਕੁਝ ਵੀ ਉਹ ਉਸ ਤੋਂ ਵੀ ਘੱਟ ਅਸਰ ਨਾਲ਼ ਕਰਦਾ ਹੈ ਜਿਤਨਾ ਇਸ਼ਕ ਪੇਚੇ ਦੀ ਵੇਲ ਜਾਂ ਘਾਹ ਪੱਤਾ ਖੰਡਰਾਂ ਦੀ ਗੰਦਗੀ ਤੇ ਕੂੜੇ ਕਰਕਟ ਨੂੰ ਲੁਕਾਉਣ ਦਾ ਯਤਨ ਕਰਦਾ ਹੈ। ਨਾਗਰਿਕੋ, ਤੁਹਾਨੂੰ ਆਪਣੇ ਪ੍ਰੈੱਸ ਦੇ ਸੱਭਿਆਚਾਰਕ ਰੋਲ ਦਾ ਬਹੁਤ ਹੀ ਘੱਟ ਗਿਆਨ ਹੈ, ਜੋ ਇੱਕਮਤ ਹੋ ਕੇ ਇਸ ਗੱਲ 'ਤੇ ਜ਼ੋਰ ਦੇਂਦਾ ਹੈ ਕਿ "ਅਮਰੀਕੀ ਸਾਰਿਆਂ ਦੇ ਸਾਹਮਣੇ ਇੱਕ ਅਮਰੀਕੀ ਹੈ", ਅਤੇ ਕੇਵਲ ਇਸ ਦੇ ਮਗਰੋਂ ਹੀ ਇੱਕ ਮਨੁੱਖ ਹੈ। ਆਪਣੀ ਵਾਰੀ ਤੇ ਜਰਮਨ ਨਸਲਵਾਦੀ ਪ੍ਰੈੱਸ ਇਹ ਸਿੱਖਿਆ

ਦੇਂਦਾ ਹੈ ਕਿ ਨਸਲਵਾਦੀ ਸਾਰਿਆਂ ਦੇ ਸਾਹਮਣੇ ਇੱਕ ਆਰੀਆ ਹੈ ਅਤੇ ਕੇਵਲ ਇਸ ਦੇ ਮਗਰੋਂ ਹੀ ਉਹ ਇੱਕ ਡਾਕਟਰ, ਇੱਕ ਭੂ ਵਿਗਿਆਨੀ ਜਾਂ ਫਿਲਾਸਫਰ ਹੈ। ਫ਼ਰਾਂਸੀਸੀ ਪੱਤਰਕਾਰ ਇਹ ਦਲੀਲਬਾਜ਼ੀ ਕਰਦੇ ਹਨ ਕਿ ਇੱਕ ਫ਼ਰਾਂਸੀਸੀ ਸਾਰਿਆਂ ਦੇ ਸਾਹਮਣੇ ਇੱਕ ਜੇਤੂ ਹੈ ਅਤੇ ਇਸ ਲਈ ਉਸ ਨੂੰ ਹਰ ਹਾਲਤ ਵਿੱਚ ਦੂਜਿਆਂ ਨਾਲ਼ੋਂ ਵੱਧ ਸ਼ਕਤੀਸ਼ਾਲੀ ਹਥਿਆਰਬੰਦ ਹੋਣਾ ਚਾਹੀਦਾ ਹੈ—ਨਿਰਸੰਦੇਹ, ਇਸ ਤੋਂ ਭਾਵ ਦਿਮਾਗ ਨੂੰ ਹਥਿਆਰਬੰਦ ਕਰਨ ਤੋਂ ਨਹੀਂ ਸਗੋਂ ਕੇਵਲ ਮੁੱਕੇ ਨੂੰ ਕਰਨ ਤੋਂ ਹੈ।

ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਯੂਰਪੀ ਤੇ ਅਮਰੀਕੀ ਪ੍ਰੈੱਸ ਬੜੇ ਉਤਸ਼ਾਹ ਨਾਲ਼ ਅਤੇ ਲਗਭਗ ਵਿਸ਼ੇਸ਼ ਤੌਰ ’ਤੇ ਆਪਣੇ ਪਾਠਕਾਂ ਦੇ ਸੱਭਿਆਚਾਰਕ ਪੱਧਰ ਨੂੰ ਨੀਵਾਂ ਕਰਨ ਵਿੱਚ ਰੁੱਕਿਆ ਹੋਇਆ ਹੈ, ਜੋ ਪਹਿਲਾਂ ਹੀ ਉਸ ਦੀ ਮਦਦ ਤੋਂ ਬਿਨਾਂ ਹੀ ਕਾਫੀ ਨਹੀਂ ਹੈ। ਪੱਤਰਕਾਰ, ਜਿਨ੍ਹਾਂ ਵਿੱਚ ਇੱਕ ਮੱਖੀ ਨੂੰ ਵਧਾ ਕੇ ਹਾਥੀ ਵਿਖਾਉਣ ਦੀ ਯੋਗਤਾ ਹੈ, ਪੂੰਜੀਪਤੀਆਂ, ਆਪਣੇ ਮਾਲਕਾਂ ਦੇ ਹਿੱਤਾਂ ਦੀ ਸੇਵਾ ਕਰਦਿਆਂ ਲੋਭ ਤੇ ਲਾਲਚ ਨੂੰ ਆਪਣੇ ਵੱਸ ਵਿੱਚ ਕਰਨਾ ਆਪਣੇ ਮੰਤਵ ਨਹੀਂ ਬਣਾਉਂਦੇ, ਭਾਵੇਂ, ਉਹ ਵੇਖਦੇ ਹਨ ਕਿ ਇਹ ਲੋਭੀ ਤੇ ਲਾਲਚੀ ਮਨ ਬੱਕ ਬੱਕ ਕਰਨ ਦੀ ਹੱਦ ਤੱਕ ਪਾਗਲ ਹੋ ਗਿਆ ਹੈ।

ਤੁਸੀਂ ਲਿਖਦੇ ਹੋ : “ਜਦੋਂ ਅਸੀਂ ਯੂਰਪ ਵਿੱਚ ਸਾਂ ਅਸੀਂ ਡੂੰਘੀ ਕੁੜੱਤਣ ਨਾਲ਼ ਇਹ ਮਹਿਸੂਸ ਕੀਤਾ ਸੀ ਕਿ ਯੂਰਪੀ ਲੋਕ ਸਾਨੂੰ ਘ੍ਰਿਣਾ ਕਰਦੇ ਹਨ।” ਇਹ ਗੱਲ ਬਹੁਤ ਹੀ “ਅੰਤਰਮੁਖੀ” ਹੈ ਅਤੇ ਜਦੋਂ ਅੰਤਰਮੁਖਤਾ ਨੇ ਤੁਹਾਨੂੰ ਸੱਚਾਈ ਦੇ ਇੱਕ ਭਾਗ ਨੂੰ ਸਮਝਣ ਦੇ ਯੋਗ ਬਣਾਇਆ ਹੈ, ਇਸ ਨੇ ਸਮੁੱਚੀ ਸੱਚਾਈ ਨੂੰ ਤੁਹਾਡੇ ਤੋਂ ਲੁਕਾ ਲਿਆ ਹੈ। ਤੁਸੀਂ ਇਹ ਵੇਖਣ ਵਿੱਚ ਅਸਫਲ ਰਹੇ ਹੋ ਕਿ ਯੂਰਪ ਦੀ ਸਾਰੀ ਬੁਰਜੂਆਜ਼ੀ ਪਰਸਪਰ ਘ੍ਰਿਣਾ ਦੇ ਇੱਕ ਵਾਤਾਵਰਣ ਵਿੱਚ ਰਹਿੰਦੀ ਹੈ। ਲੁੱਟੇ ਹੋਏ ਜਰਮਨ ਲੋਕ ਫ਼ਰਾਂਸ ਨੂੰ ਘ੍ਰਿਣਾ ਕਰਦੇ ਹਨ, ਫ਼ਰਾਂਸ, ਜਿਸ ਦਾ ਸੋਨੇ ਦੇ ਅਫਰਾਅ ਨਾਲ਼ ਸਾਹ ਘੁੱਟਿਆ ਜਾ ਰਿਹਾ ਹੈ ਅੰਗਰੇਜ਼ਾਂ ਨੂੰ ਘ੍ਰਿਣਾ ਕਰਦਾ ਹੈ, ਜਿਵੇਂ ਇਟਲੀ ਦੇ ਲੋਕ ਫ਼ਰਾਂਸੀਸੀ ਲੋਕਾਂ ਨੂੰ ਨਫਰਤ ਕਰਦੇ ਹਨ ਅਤੇ ਸਾਰੀ ਦੀ ਸਾਰੀ ਬੁਰਜੂਆਜ਼ੀ ਇੱਕ ਮਤ ਹੋ ਕੇ ਸੋਵੀਅਤ ਯੂਨੀਅਨ ਨੂੰ ਘ੍ਰਿਣਾ ਕਰਦੀ ਹੈ। ਤੀਹ ਕਰੋੜ ਹਿੰਦੁਸਤਾਨੀ ਅੰਗਰੇਜ਼ ਮਾਲਕਾਂ ਤੇ ਦੁਕਾਨਦਾਰਾਂ ਪ੍ਰਤੀ ਘ੍ਰਿਣਾ ਨਾਲ਼ ਬਲ ਰਹੇ ਹਨ, ਪੰਜਤਾਲੀ ਕਰੋੜ ਚੀਨੀ ਜਾਪਾਨੀਆਂ ਤੇ ਸਾਰੇ ਯੂਰਪੀਆਂ ਨੂੰ ਨਫਰਤ ਕਰਦੇ ਹਨ, ਜਿਹੜੇ ਯੂਰਪੀ ਚੀਨ ਨੂੰ ਲੁੱਟਣ ਦੇ ਆਦੀ ਹਨ, ਜਾਪਾਨੀਆਂ ਨੂੰ ਘ੍ਰਿਣਾ ਕਰਨ ਨੂੰ ਵੀ ਤਿਆਰ ਹਨ, ਜਿਹੜੇ ਚੀਨੀਆਂ ਨੂੰ ਲੁੱਟਣ ਦਾ ਆਪਣਾ ਵਿਸ਼ੇਸ਼ ਜਮਾਂਦਰੂ ਅਧਿਕਾਰ ਸਮਝਦੇ ਹਨ। ਇਹ ਸਾਰਿਆਂ ਦੀ ਸਾਰਿਆਂ ਲਈ ਘ੍ਰਿਣਾ ਵਧ ਰਹੀ ਹੈ ਅਤੇ ਵਧੇਰੇ ਤੇਜ਼, ਵਧੇਰੇ ਸੰਘਣੀ ਤੇ ਪਰਚੰਡ ਹੁੰਦੀ ਜਾ ਰਹੀ ਹੈ; ਇਹ ਬੁਰਜੂਆਜ਼ੀ ਦੇ ਵਿਚਾਲੇ ਇੱਕ ਸੜ੍ਹਾਂਦ ਮਾਰਦੇ ਫੋੜੇ ਵਾਂਗ ਫੁੱਲਦੀ ਜਾ ਰਹੀ ਹੈ ਅਤੇ ਨਿਰਸੰਦੇਹ ਇਹ ਫੱਟ ਜਾਵੇਗਾ ਅਤੇ ਫਿਰ ਸੰਭਾਵਨਾ ਹੈ ਕਿ ਧਰਤੀ ਦੇ ਲੋਕਾਂ ਦਾ ਵਧੀਆ ਤੇ ਬਹੁਤ ਹੀ ਨਰੋਆ ਲਹੂ ਜੀਵਨ ਪ੍ਰਵਾਹ ਵਿੱਚ ਮੁੜ ਕੇ ਵਗਣ ਲੱਗ ਪਏਗਾ। ਕਰੋੜਾਂ ਰਿਸ਼ਟ-ਪੁਸ਼ਟ ਵਿਅਕਤੀਆਂ ਤੋਂ ਉਪਰੰਤ, ਜੰਗ ਅਥਾਹ ਭਾਰੀ ਦੌਲਤ ਤੇ ਕੱਚੇ

ਪਦਾਰਥ ਤਬਾਹ ਕਰ ਦੇਵੇਗਾ ਜਿਨ੍ਹਾਂ ਵਿੱਚੋਂ ਇਹ ਦੌਲਤ ਪੈਦਾ ਕੀਤੀ ਜਾਂਦੀ ਹੈ ਅਤੇ ਜਿਸ ਦੇ ਫਲਸਰੂਪ ਮਨੁੱਖਤਾ ਦੀ ਸਿਹਤ ਅਤੇ ਇਸ ਦੀ ਧਾਤ ਤੇ ਬਾਲਣ ਦੇ ਵਸੀਲੇ ਕਮਜ਼ੋਰ ਪੈ ਜਾਣਗੇ। ਇਹ ਗੱਲ ਕਹਿਣ ਦੀ ਲੋੜ ਨਹੀਂ ਕਿ ਜੰਗ ਬੁਰਜੂਆਜ਼ੀ ਦੇ ਕੌਮੀ ਧੜਿਆਂ ਵਿਚਾਲੇ ਪਰਸਪਰ ਘ੍ਰਿਣਾ ਨੂੰ ਖਤਮ ਨਹੀਂ ਕਰਦੀ। ਤੁਸੀਂ ਆਪਣੇ ਆਪ ਨੂੰ "ਵਿਸ਼ਵ ਵਿਆਪੀ ਮਨੁੱਖੀ ਸੱਭਿਆਚਾਰ ਦੀ ਸੇਵਾ ਕਰਨ ਦੇ ਯੋਗ" ਸਮਝਦੇ ਹੋ ਅਤੇ ਆਪਣੇ ਆਪ ਨੂੰ "ਇਸ ਨੂੰ ਵਹਿਸ਼ੀਪੁਣੇ ਵਿੱਚ ਡੁੱਬਣ ਤੋਂ ਬਚਾਉਣ ਦੇ ਜ਼ਿੰਮੇਵਾਰ" ਮਹਿਸੂਸ ਕਰਦੇ ਹੋ। ਇਹ ਬਹੁਤ ਚੰਗੀ ਗੱਲ ਹੈ। ਪਰ ਆਪਣੇ ਆਪ ਤੋਂ ਇਹ ਸਧਾਰਨ ਜਿਹਾ ਸੁਆਲ ਪੁੱਛੋ: ਤੁਸੀਂ ਇਸ ਸੱਭਿਆਚਾਰ ਨੂੰ ਬਚਾਉਣ ਲਈ ਅੱਜ ਜਾਂ ਕੱਲ੍ਹ ਕੀ ਕਰ ਸਕਦੇ ਹੋ, ਜਿਹੜਾ ਸੱਭਿਆਚਾਰ, ਸਬੱਬ ਨਾਲ਼ ਕਦੇ ਵੀ "ਵਿਸ਼ਵ ਵਿਆਪੀ ਮਾਨਵੀ" ਨਹੀਂ ਸੀ ਅਤੇ ਇਹ ਕਦੇ ਹੋ ਵੀ ਨਹੀਂ ਸਕਦਾ ਜਦੋਂ ਇੱਥੇ ਕੌਮੀ-ਪੂੰਜੀਵਾਦੀ ਰਿਆਸਤੀ ਜਥੇਬੰਦੀਆਂ ਮੌਜੂਦ ਹਨ ਜਿਹੜੀਆਂ ਮਜ਼ਦੂਰ ਜਮਾਤ ਨੂੰ ਉੱਕਾ ਹੀ ਜਵਾਬ ਦੇਹ ਨਹੀਂ ਹਨ ਅਤੇ ਜੋ ਇੱਕ ਕੌਮ ਨੂੰ ਦੂਜੀ ਕੌਮ ਦੇ ਪਿੱਛੇ ਪਾਈ ਰੱਖਦੀਆਂ ਹਨ ?

ਇੱਕ ਛਿਨ ਲਈ, ਆਪਣੇ ਆਪ ਤੋਂ ਪੁੱਛੋ ਸੱਭਿਆਚਾਰ ਨੂੰ ਤਬਾਹ ਕਰਨ ਵਾਲ਼ੇ ਅਜਿਹੇ ਵਰਤਾਰੇ ਨੂੰ ਰੋਕਣ ਲਈ ਤੁਸੀਂ ਕੀ ਕਰ ਸਕਦੇ ਹੋ, ਜਿਵੇਂ ਬੇਰੁਜ਼ਗਾਰੀ ਜਾਂ ਮਜ਼ਦੂਰ ਜਮਾਤ ਦੀ ਸਿਹਤ ਉੱਤੇ ਭੁੱਖ ਨਾਲ਼ ਨਿਰਬਲਤਾ ਦਾ ਅਸਰ ਜਾਂ ਬੱਚਿਆਂ ਦੇ ਵਿਭਚਾਰ ਦਾ ਪਾਸਾਰ ? ਕੀ ਤੁਸੀਂ ਸਮਝਦੇ ਹੋ ਕਿ ਜਨਸਮੂਹਾਂ ਦੀ ਨਿਰਬਲਤਾ ਦਾ ਅਰਥ ਉਸ ਮਿੱਟੀ ਦੀ ਨਿਰਬਲਤਾ ਹੈ ਜਿਸ ਵਿੱਚੋਂ ਸੱਭਿਆਚਾਰ ਪੈਦਾ ਹੁੰਦਾ ਹੈ ? ਤੁਸੀਂ ਜ਼ਰੂਰ ਇਸ ਗੱਲ ਤੋਂ ਜਾਣੂ ਹੋਵੋਗੇ ਕਿ ਕਥਤ ਸੁਧਰੀ ਹੋਈ ਪਰਤ ਹਮੇਸ਼ਾ ਹੀ ਜਨਸਮੂਹਾਂ ਦੀ ਉਪਜ ਹੁੰਦੀ ਹੈ। ਤੁਹਾਨੂੰ ਇਹ ਗੱਲ ਚੰਗੀ ਤਰ੍ਹਾਂ ਜਾਣਨੀ ਚਾਹੀਦੀ ਹੈ, ਕਿਉਂ ਜੋ ਅਮਰੀਕੀ ਇਸ ਗੱਲ ਦੀ ਫੜ੍ਹ ਮਾਰਨ ਦੇ ਆਦੀ ਹਨ ਕਿ ਅਮਰੀਕਾ ਵਿੱਚ ਇੱਕ ਅਖ਼ਬਾਰਾਂ ਵੇਚਣ ਵਾਲ਼ਾ ਮੁੰਡਾ ਵੀ ਰਾਸ਼ਟਰਪਤੀ ਬਣ ਸਕਦਾ ਹੈ।

ਮੈਂ ਇਸ ਦਾ ਜ਼ਿਕਰ ਕੇਵਲ ਮੁੰਡਿਆ ਦੀ ਤੀਖਣ ਬੁੱਧੀ ਨੂੰ ਨੋਟ ਕਰਨ ਲਈ ਕੀਤਾ ਹੈ ਨਾ ਕਿ ਰਾਸ਼ਟਰਪਤੀਆਂ ਦੀਆਂ ਯੋਗਤਾਵਾਂ ਨੂੰ ਨੋਟ ਕਰਨ, ਜਿਨ੍ਹਾਂ ਬਾਰੇ ਮੈਂ ਬਿਲਕੁੱਲ ਕੁਝ ਨਹੀਂ ਜਾਣਦਾ।

ਇੱਕ ਹੋਰ ਵੀ ਸੁਆਲ ਹੈ ਜਿਸ ਉੱਤੇ ਤੁਹਾਨੂੰ ਬੜੇ ਗਹੁ ਨਾਲ਼ ਵਿਚਾਰ ਕਰਨੀ ਚਾਹੀਦੀ ਹੈ: ਕੀ ਤੁਸੀਂ ਸਮਝਦੇ ਹੋ ਕਿ ਪੰਜਤਾਲੀ ਕਰੋੜ ਚੀਨੀ, ਯੂਰਪੀ ਤੇ ਅਮਰੀਕੀ ਸਰਮਾਏ ਦੇ ਗੁਲਾਮ ਬਣਾਏ ਜਾ ਸਕਦੇ ਹਨ, ਜਦੋਂ ਤੀਹ ਕਰੋੜ ਹਿੰਦੁਸਤਾਨੀਆਂ ਨੇ ਇਹ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਅੰਗਰੇਜ਼ਾਂ ਦੇ ਗੁਲਾਮਾਂ ਦਾ ਰੋਲ ਸਾਨੂੰ ਕਿਸੇ ਵੀ ਤਰ੍ਹਾਂ ਦੇਵਤਿਆਂ ਵੱਲੋਂ ਸੌਂਪਿਆਂ ਹੋਇਆ ਨਹੀਂ ਹੈ ? ਰਤਾ ਸੋਚੋ ! ਕੁਝ ਹਜ਼ਾਰ ਕਾਤਲ ਤੇ ਮਾਅਰਕੇਬਾਜ਼ ਅਰਬਾਂ ਮਿਹਨਤਕਸ਼ਾਂ ਦੀਆਂ ਸ਼ਕਤੀਆਂ ਦੀ ਕੀਮਤ ਉੱਤੇ ਹਮੇਸ਼ਾ ਲਈ ਅਮਨ ਚੈਨ ਨਾਲ਼ ਰਹਿਣਾ ਚਾਹੁੰਦੇ ਹਨ। ਪਰ, ਤੁਹਾਡੇ ਵਿਚਾਰ ਵਿੱਚ ਕੀ ਇਹ ਸਧਾਰਨ ਗੱਲ ਹੈ ? ਇਹ ਸੀ ਅਤੇ ਸਧਾਰਨ ਗੱਲ ਹੈ, ਪਰ ਕੀ ਤੁਸੀਂ ਇਹ ਕਹਿਣ ਦੀ ਦਲੇਰੀ ਕਰ ਸਕਦੇ ਹੋ ਕਿ ਇੰਝ ਹੀ ਹੋਣਾ

ਚਾਹੀਦਾ ਹੈ ? ਇੱਕ ਵਾਰ ਪਲੇਗ ਨੂੰ ਵੀ ਮੱਧ ਕਾਲੀਨ ਯੁਗ ਵਿੱਚ ਇੱਕ ਸਧਾਰਨ ਗੱਲ ਸਮਝਿਆ ਜਾਂਦਾ ਸੀ, ਪਰ ਹੁਣ ਅਮਲੀ ਰੂਪ ਵਿਚ ਪਲੇਗ ਅਲੋਪ ਹੋ ਗਈ ਹੈ ਅਤੇ ਇਸ ਦਾ ਰੋਲ ਹੁਣ ਧਰਤੀ ਉੱਤੇ ਬੁਰਜੂਆਜ਼ੀ ਨਿਭਾ ਰਹੀ ਹੈ, ਜੋ ਸਾਰੇ ਰੰਗਦਾਰ ਸੰਸਾਰ ਨੂੰ ਭ੍ਰਿਸ਼ਟ ਕਰ ਰਹੀ, ਉਸ ਨੂੰ ਚਿੱਟੀ ਨਸਲ ਦੇ ਵਿਰੁੱਧ ਡੂੰਘੀ ਘ੍ਰਿਣਾ ਤੇ ਤ੍ਰਿਸਕਾਰ ਦੀ ਲਾਗ ਲਾ ਰਹੀ ਹੈ। ਕੀ ਤੁਹਾਨੂੰ ਸੱਭਿਆਚਾਰ ਦੇ ਰਖਵਾਲਿਓ, ਇਹ ਨਹੀਂ ਦਿੱਸ ਰਿਹਾ ਕਿ ਪੂੰਜੀਵਾਦ ਨਸਲੀ ਜੰਗਾਂ ਨੂੰ ਉਕਸਾ ਰਿਹਾ ਹੈ ?

***

ਤੁਸੀਂ ਮੇਰੇ ਤੇ "ਘ੍ਰਿਣਾ ਪ੍ਰਚਾਰਨ" ਦਾ ਇਲਜ਼ਾਮ ਲਾਉਂਦੇ ਹੋ ਅਤੇ ਇਸ ਦੀ ਥਾਂ "ਪਿਆਰ ਫੈਲਾਉਣ" ਦੀ ਸਲਾਹ ਦੇਂਦੇ ਹੋ, ਤੁਸੀਂ ਫ਼ਰਜੀ ਤੌਰ 'ਤੇ ਮੇਰੇ ਬਾਰੇ ਸੋਚਦੇ ਹੋ ਕਿ ਮੈਂ ਮਜ਼ਦੂਰਾਂ ਨੂੰ ਇਹ ਬੇਨਤੀ ਕਰਾਂ : ਪੂੰਜੀਪਤੀਆਂ ਨੂੰ ਪਿਆਰ ਕਰੋ, ਕਿਉਂ ਜੋ ਉਹ ਤੁਹਾਡੀ ਤਾਕਤ ਨੂੰ ਨਿਗਲਦੇ ਹਨ। ਉਹਨਾਂ ਨੂੰ ਪਿਆਰ ਕਰੋ, ਕਿਉਂ ਜੋ ਇਹ ਤੁਹਾਡੀ ਧਰਤੀ ਦੇ ਖਜ਼ਾਨਿਆਂ ਨੂੰ ਵਿਅਰਥ ਗਵਾਉਂਦੇ ਹਨ; ਇਹਨਾਂ ਲੋਕਾਂ ਨੂੰ ਪਿਆਰ ਕਰੋ ਕਿਉਂ ਜੋ ਇਹ ਤੁਹਾਡੇ ਲੋਹੇ ਨੂੰ ਉਹ ਬੰਦੂਕਾਂ ਬਣਾਉਣ ਉੱਤੇ ਅੰਨ੍ਹੇਵਾਹ ਖਰਚਦੇ ਹਨ ਜਿਹੜੀਆਂ ਤੁਹਾਨੂੰ ਤਬਾਹ ਕਰਦੀਆਂ ਹਨ; ਉਹਨਾਂ ਬਦਮਾਸ਼ਾਂ ਨੂੰ ਪਿਆਰ ਕਰੋ ਜਿਨ੍ਹਾਂ ਦੀ ਕ੍ਰਿਪਾ ਨਾਲ਼ ਤੁਹਾਡੇ ਬੱਚੇ ਭੁੱਖੇ ਮਰ ਰਹੇ ਹਨ; ਉਹਨਾਂ ਨੂੰ ਪਿਆਰ ਕਰੋ ਜੋ ਤੁਹਾਨੂੰ ਇਸ ਲਈ ਨਸ਼ਟ ਕਰ ਰਹੇ ਹਨ ਤਾਂ ਜੋ ਉਹ ਆਪ ਸਮਾਜ ਵਿੱਚ ਸੁੱਖ ਚੈਨ ਨਾਲ਼ ਰਹਿ ਸਕਣ; ਪੂੰਜੀਪਤੀ ਨੂੰ ਪਿਆਰ ਕਰੋ, ਕਿਉਂ ਜੋ ਉਸ ਦਾ ਗਿਰਜਾ ਘਰ ਤੁਹਾਨੂੰ ਅਣਜਾਣਤਾ ਦੇ ਅਨ੍ਹੇਰੇ ਵਿੱਚ ਰੱਖੀ ਰੱਖਦਾ ਹੈ।

ਕੁਝ ਇਸ ਤਰ੍ਹਾਂ ਦੀ ਹੀ ਗੱਲ ਅੰਜੀਲ ਵੱਲੋਂ ਪ੍ਰਚਾਰੀ ਜਾਂਦੀ ਹੈ ਅਤੇ ਇਸ ਨੂੰ ਚੇਤੇ ਕਰਦਿਆਂ ਤੁਸਾਂ "ਈਸਾਈ ਮਤ" ਦਾ ਇੱਕ "ਸੱਭਿਆਚਾਰਕ ਤੁਲ" ਵਜੋਂ ਹਵਾਲਾ ਦਿੱਤਾ ਹੈ। ਤੁਸੀਂ ਸਮੇਂ ਤੋਂ ਬਹੁਤ ਹੀ ਪਿਛਾਂਹ ਰਹਿ ਗਏ ਹੋ। ਈਮਾਨਦਾਰ ਲੋਕਾਂ ਨੇ "ਪਿਆਰ ਤੇ ਨਿਮਰਤਾ ਦੇ ਧਰਮ-ਸਿਧਾਂਤ" ਦੇ ਸੱਭਿਆਚਾਰਕ ਪ੍ਰਭਾਵ ਬਾਰੇ ਹੋਰ ਕੋਈ ਗੱਲਾਂ ਕਰਨੀਆਂ ਛੱਡ ਦਿੱਤੀਆਂ ਹਨ। ਸਾਡੇ ਦਿਨਾਂ ਵਿੱਚ ਇਸ ਪ੍ਰਭਾਵ ਬਾਰੇ ਗੱਲਾਂ ਕਰਨੀਆਂ ਅਯੋਗ ਤੇ ਅਸੰਭਵ ਵੀ ਹੈ, ਜਦੋਂ ਈਸਾਈ ਬੁਰਜੂਆਜ਼ੀ, ਘਰ ਅਤੇ ਬਸਤੀਆਂ ਵਿੱਚ, ਦੋਹੀਂ ਥਾਈਂ ਨਿਰਮਾਣਤਾ ਲੋਕਾਂ ਦੇ ਮਨ ਵਿੱਚ ਬਿਠਾਉਂਦੀ ਹੈ। "ਗੋਲ਼ੀਆਂ ਤੇ ਤਲਵਾਰ" ਦੀ ਮਦਦ ਨਾਲ਼ ਆਪਣੇ ਗੁਲਾਮਾਂ ਨੂੰ ਮਜਬੂਰ ਕਰਦੀ ਹੈ ਕਿ ਉਹ ਉਸ ਨਾਲ਼ ਪਿਆਰ ਕਰਨ, "ਗੋਲ਼ੀਆਂ ਤੇ ਤਲਵਾਰ" ਦੀ ਵਰਤੋਂ ਇਹ ਪਹਿਲਾਂ ਨਾਲ਼ੋਂ ਕਿਤੇ ਵਧੇਰੇ ਤਾਕਤ ਨਾਲ਼ ਕਰਦੀ ਹੈ। ਜਿਵੇਂ ਤੁਸੀਂ ਜਾਣਦੇ ਹੋ, ਅੱਜ ਕੱਲ੍ਹ ਤਲਵਾਰਾਂ ਦੀ ਥਾਂ ਮਸ਼ੀਨ ਗੰਨਾਂ ਤੇ ਬੰਬਾਂ ਨੇ, ਇੱਥੋਂ ਤੱਕ ਕਿ "ਉਪਰਲੀ ਸਿਖਰ ਤੋਂ ਖੁਦਾ ਦੀ ਆਵਾਜ਼" ਨੇ ਮੱਲ ਲਈ ਹੈ। ਪੈਰਿਸ ਦਾ ਇੱਕ ਅਖ਼ਬਾਰ ਲਿਖਦਾ ਹੈ:

"ਅਫ਼ਰੀਕੀਆਂ ਨਾਲ਼ ਆਪਣੀ ਜੰਗ ਦੇ ਵਿੱਚ, ਅੰਗਰੇਜ਼ਾਂ ਨੇ ਇੱਕ ਉਸ਼ਟੰਡ ਬਾਰੇ ਸੋਚਿਆਂ ਹੈ ਜੋ ਉਹਨਾਂ ਦਾ ਚੰਗਾ ਬੁੱਤਾ ਸਾਰਦਾ ਹੈ। ਅਪਹੁੰਚ ਪਹਾੜਾਂ ਦੇ ਵਿਚਕਾਰ ਇੱਕ ਪੱਬੀ ਵਿੱਚ ਬਾਗੀਆਂ ਦੀ ਇੱਕ ਟੋਲੀ ਨੇ ਪਨਾਹ ਲਈ ਹੋਈ ਹੈ। ਅਚਾਨਕ ਹੀ ਉਹਨਾਂ ਦੇ

ਉੱਪਰ ਬਹੁਤ ਉਚਾਈ ਉੱਤੇ ਇੱਕ ਹਵਾਈ ਜਹਾਜ਼ ਵਿਖਾਈ ਦਿੱਤਾ। ਅਫ਼ਰੀਕੀਆਂ ਨੇ ਆਪਣੇ ਹਥਿਆਰ ਕੱਢ ਲਏ। ਪਰ ਕੋਈ ਬੰਬ ਨਾ ਡਿੱਗਿਆ। ਉਸ ਦੀ ਥਾਂ 'ਤੇ, ਹਵਾਈ ਜਹਾਜ਼ ਵਿੱਚੋਂ ਸ਼ਬਦਾਂ ਦਾ ਉਚਾਰਨ ਹੋਣ ਲੱਗਾ ਅਤੇ ਆਕਾਸ਼ ਵਿੱਚੋਂ ਇੱਕ ਆਵਾਜ਼ ਆਈ, ਜੋ ਉਹਨਾਂ ਦੀ ਹੀ ਭਾਸ਼ਾ ਵਿੱਚ ਸੀ, ਉਸ ਨੇ ਅਫ਼ਰੀਕੀਆਂ ਨੂੰ ਹਥਿਆਰ ਸੁੱਟਣ ਅਤੇ ਅੰਗਰੇਜ਼ ਸਲਤਨਤ ਦੇ ਵਿਰੁੱਧ ਇਸ ਫਜ਼ੂਲ ਟੱਕਰ ਨੂੰ ਬੰਦ ਕਰਨ ਲਈ ਪਰੇਰਿਆ। ਅਜਿਹੀਆਂ ਕਈ ਉਦਾਹਰਣਾਂ ਹਨ, ਜਿਵੇਂ ਹੀ ਆਕਾਸ਼ ਵਿੱਚੋਂ ਆਵਾਜ਼ ਆਉਣੀ ਅਰੰਭ ਹੋਈ ਤਾਂ ਬਾਗੀਆਂ ਨੇ ਸੱਚੀਂ ਮੁੱਚੀਂ ਹਥਿਆਰ ਸੁੱਟ ਦਿੱਤੇ ਤੇ ਲੜਨਾ ਬੰਦ ਕਰ ਦਿੱਤਾ।

"ਖੁਦਾ ਦੀ ਆਵਾਜ਼" ਦੀ ਇਹ ਤਰਕੀਬ ਮਿਲਾਨ ਵਿੱਚ ਵੀ ਫਾਸਿਸਟ ਮਲੀਸ਼ੀਆ ਦੀ ਬੁਨਿਆਦ ਰੱਖਣ ਦੀ ਵਰ੍ਹੇ ਗੰਢ ਉੱਤੇ ਦੁਹਰਾਈ ਗਈ, ਜਦੋਂ ਸਾਰੇ ਸ਼ਹਿਰ ਨੇ ਖੁਦਾਈ ਅਵਾਜ਼ ਨੂੰ ਫਾਸਿਜ਼ਮ ਦੇ ਹੱਕ ਵਿੱਚ ਸੰਖੇਪ ਸ਼ਬਦ ਉਚਾਰਦਿਆਂ ਸੁਣਿਆ। ਮਿਲਾਨ ਦੇ ਲੋਕ ਜਿਨ੍ਹਾਂ ਨੂੰ ਜਰਨੈਲ ਬਾਲਬੋ ਨੂੰ ਸੁਣਨ ਦਾ ਅਵਸਰ ਮਿਲ਼ ਚੁੱਕਿਆ ਸੀ, ਆਕਾਸ਼ ਤੋਂ ਆਈ ਆਵਾਜ਼ ਵਿੱਚ ਉਸੇ ਦੇ ਲਹਿਜੇ ਨੂੰ ਪਹਿਚਾਣਨ ਬਾਰੇ ਗੱਲਾਂ ਕਰਦੇ ਹਨ।"

ਸੋ ਇਹ ਸਧਾਰਨ ਜਿਹੀ ਤਰਕੀਬ ਖੁਦਾ ਦੀ ਹੋਂਦ ਨੂੰ ਸਿੱਧ ਕਰਨ ਲਈ ਲੱਭ ਲਈ ਗਈ ਹੈ ਅਤੇ ਇਸ ਨੂੰ ਉਜੱਡ ਲੋਕਾਂ ਨੂੰ ਗੁਲਾਮ ਬਣਾਉਣ ਲਈ ਵਰਤਿਆ ਜਾ ਰਿਹਾ ਹੈ। ਇਹ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਇੱਕ ਦਿਨ ਖੁਦਾ ਦੀ ਆਵਾਜ਼ ਸਾਨ ਫ਼ਰਾਂਸਿਸਕੋ ਜਾਂ ਵਾਸ਼ਿੰਗਟਨ ਉੱਤੇ ਜਾਪਾਨੀ ਲਹਿਜੇ ਵਾਲ਼ੀ ਅੰਗਰੇਜ਼ੀ ਭਾਸ਼ਾ ਵਿੱਚ ਸੁਣਾਈ ਦੇਵੇਗੀ।

ਤੁਸਾਂ ਮੈਨੂੰ "ਮਹਾਨ ਮਨੁੱਖਾਂ, ਗਿਰਜੇ ਦੇ ਉਪਦੇਸ਼ਕਾਂ" ਦੀ ਉਦਾਹਰਣ ਦਿੱਤੀ ਹੈ। ਤੁਹਾਡੇ ਵੱਲੋਂ ਗੰਭੀਰਤਾ ਨਾਲ਼ ਇੰਝ ਕਹਿਣਾ ਸੱਚੀਂ ਮੁੱਚੀਂ ਇੱਕ ਬਹੁਤ ਹੀ ਹਸਾਉਣੀ ਤੇ ਦਿਲਚਸਪ ਗੱਲ ਹੈ। ਸਾਨੂੰ ਇਹ ਨਹੀਂ ਪੁੱਛਣਾ ਚਾਹੀਦਾ ਕਿ ਮਹਾਨ ਪਾਦਰੀ ਕਦੋਂ ਤੇ ਕਿਉਂ ਬਣਾਏ ਗਏ ਸਨ। ਪਰ ਹਮਾਇਤ ਲਈ ਉਹਨਾਂ ਵੱਲ ਝਾਕਣ ਤੋਂ ਪਹਿਲਾਂ ਤੁਹਾਨੂੰ ਉਹਨਾਂ ਦੀ ਦ੍ਰਿੜਤਾ ਤੇ ਸਥਿਰਤਾ ਦੀ ਚੰਗੀ ਤਰ੍ਹਾਂ ਅਜ਼ਮਾਇਸ਼ ਕਰ ਲੈਣੀ ਚਾਹੀਦੀ ਹੈ। "ਗਿਰਜੇ" ਬਾਰੇ ਆਪਣੀ ਲੰਮੀ ਵਿਆਖਿਆ ਵਿੱਚ ਤੁਸੀਂ ਉਸ "ਅਮਰੀਕੀ ਆਦਰਸ਼ਵਾਦ" ਨੂੰ ਪੇਸ਼ ਕਰਦੇ ਹੋ ਜੋ ਕੇਵਲ ਘੋਰ ਅਗਿਆਨਤਾ ਵਿੱਚੋਂ ਜਨਮ ਲੈ ਸਕਦਾ ਹੈ। ਵਰਤਮਾਨ ਸਥਿਤੀ ਵਿੱਚ ਈਸਾਈ ਗਿਰਜੇ ਦੇ ਇਤਿਹਾਸ ਬਾਰੇ ਤੁਹਾਡੀ ਅਣਜਾਣਤਾ ਨੂੰ ਕੇਵਲ ਇਸ ਤੱਥ ਰਾਹੀਂ ਹੀ ਦੱਸਿਆ ਜਾ ਸਕਦਾ ਹੈ ਕਿ ਅਮਰੀਕਾ ਦੇ ਵਸਨੀਕਾਂ ਨੂੰ ਕਦੇ ਵੀ ਆਪਣੇ ਕੌੜੇ ਤਜ਼ਰਬੇ ਰਾਹੀਂ ਇਹ ਜਾਣਕਾਰੀ ਪ੍ਰਾਪਤ ਨਹੀਂ ਹੋਈ ਕਿ ਗਿਰਜਾ ਮਨੁੱਖ ਦੇ ਦਿਮਾਗ ਤੇ ਜ਼ਮੀਰ ਉੱਤੇ ਜਬਰ ਕਰਨ ਵਾਲ਼ੀ ਇੱਕ ਸੰਸਥਾ ਹੈ ਅਤੇ ਉਹਨਾਂ ਨੂੰ ਕਦੇ ਵੀ ਇਸ ਦਾ ਤਜ਼ਰਬਾ ਇਤਨੀ ਤੀਖਣਤਾ ਨਾਲ਼ ਨਹੀਂ ਹੋਇਆ ਜਿਤਨਾ ਯੂਰਪ ਦੇ ਵਸਨੀਕਾਂ ਨੂੰ ਹੋਇਆ ਹੈ। ਤੁਹਾਨੂੰ ਉਹਨਾਂ ਖੂਨੀ ਝੜਪਾਂ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ ਜੋ ਸਮੂਹ ਈਸਾਈ ਜਗਤ ਦੀਆਂ ਕੌਂਸਲਾਂ ਵਿੱਚ "ਗਿਰਜੇ ਦੇ ਮਹਾਨ ਉਪਦੇਸ਼ਕਾਂ" ਦੀ ਖੁਦਗਰਜ਼ੀ, ਲਾਲਸਾ ਤੇ ਕਰੂਪਤਾ ਸਮੇਤ ਹੋਈਆਂ ਸਨ। ਤੁਸੀਂ ਇਸ ਬਾਰੇ ਵਿਸ਼ੇਸ਼ ਤੌਰ 'ਤੇ ਈਫੀਸੀਅਨ ਦੀ ਕੌਂਸਲ ਦੇ ਦੰਭੀ ਗਿਆਨ ਦੀ ਕਹਾਣੀ ਤੋਂ ਬਹੁਤ ਕੁਝ ਸਿੱਖੋਗੇ। ਤੁਹਾਨੂੰ ਧਰਮ ਪਖੰਡਾਂ ਦੇ

ਇਤਿਹਾਸ ਬਾਰੇ ਕੁਝ ਨਾ ਕੁਝ ਜ਼ਰੂਰ ਪੜ੍ਹਨਾ ਚਾਹੀਦਾ ਹੈ, ਤੁਹਾਨੂੰ ਈਸਾਈ ਮਤ ਦੀਆਂ ਮੁੱਢਲੀਆਂ ਸਦੀਆਂ ਵਿੱਚ "ਕਾਫਰਾਂ" ਦੇ ਸਰਵਨਾਸ਼ ਤੋਂ ਪੂਰਨ ਵਿਕਸਤ ਯਹੂਦੀਆਂ ਦੀ ਵੱਢ ਟੁੱਕ ਤੋਂ, 12ਵੀਂ ਤੇ 14ਵੀਂ ਸਦੀ ਵਿੱਚ ਕਤਲੇਆਮਾਂ ਤੋਂ ਤੇ ਆਮ ਤੌਰ 'ਤੇ ਈਸਾ ਦੇ ਗਿਰਜੇ ਦੀ ਖ਼ੂਨੀ ਨੀਤੀ ਤੋਂ ਜਾਣੂ ਹੋਣਾ ਚਾਹੀਦਾ ਹੈ। ਘੱਟ ਪੜ੍ਹਿਆਂ ਲਿਖਿਆਂ ਲਈ ਨਾਸਤਕਤਾ ਨੂੰ ਦਬਾਉਣ ਲਈ ਸਥਾਪਤ ਕੀਤੀ ਗਈ ਅਦਾਲਤ ਦਾ ਇਤਿਹਾਸ ਬਹੁਤ ਦਿਲਚਸਪ ਹੈ, ਪਰ ਤੁਹਾਡੇ ਆਪਣੇ ਦੇਸ਼ ਵਾਸੀ ਵਾਸ਼ਿੰਗਟਨਲੀਅ ਵੱਲੋਂ ਲਿਖਿਆ ਗਿਆ ਇਤਿਹਾਸ ਨਹੀਂ ਜੋ ਪੋਪ-ਨਿਵਾਸ, ਜਿਸ ਨੇ ਇਹ ਅਦਾਲਤ ਸਥਾਪਤ ਕੀਤੀ ਸੀ ਦੀ ਸੈਂਸਰਸ਼ਿਪ ਤੋਂ ਪਾਸ ਕਰਵਾਇਆ ਸੀ। ਇਹ ਪੂਰੀ ਤਰ੍ਹਾਂ ਫਰਜ ਕੀਤਾ ਜਾ ਸਕਦਾ ਹੈ ਕਿ ਜੇ ਤੁਸੀਂ ਇਸ ਸਭ ਤੋਂ ਜਾਣੂ ਹੋ ਜਾਵੋ ਤਾਂ ਤੁਸੀਂ ਇਸ ਨਿਸ਼ਚੇ ਤੇ ਪੁੱਜ ਜਾਵੋਗੇ ਕਿ ਗਿਰਜੇ ਦੇ ਪਾਦਰੀ ਬਹੁ-ਗਿਣਤੀ ਉੱਤੇ ਘੱਟ ਗਿਣਤੀ ਦੀ ਸੱਤ੍ਹਾ ਨੂੰ ਮਜ਼ਬੂਤ ਕਰਨ ਲਈ ਬੜੇ ਉਤਸ਼ਾਹ ਤੇ ਚਾਅ ਨਾਲ਼ ਕੰਮ ਕਰਦੇ ਹਨ ਅਤੇ ਜੇ ਉਹ ਨਾਸਤਕਤਾ ਦੇ ਵਿਰੁੱਧ ਲੜੇ ਸਨ ਤਾਂ ਇਸ ਲਈ ਕਿਉਂ ਜੋ ਨਾਸਤਕਤਾ ਸਭ ਤੋਂ ਪਹਿਲਾਂ ਕਿਰਤੀ ਜਨਸਮੂਹਾਂ ਵਿੱਚ ਪੈਦਾ ਹੋਈ ਸੀ, ਜਿਨ੍ਹਾਂ ਨੇ ਪਾਦਰੀਆਂ ਵੱਲੋਂ ਹੁਕਮ ਚਾੜ੍ਹਨ ਦੀ ਰੁਚੀ ਨੂੰ ਪਹਿਲਾਂ ਹੀ ਭਾਂਪ ਲਿਆ ਸੀ। ਉਹਨਾਂ ਨੇ ਗੁਲਾਮਾਂ ਲਈ ਮਜ਼੍ਹਬ ਦਾ ਪ੍ਰਚਾਰ ਕੀਤਾ, ਅਜਿਹਾ ਮਜ਼੍ਹਬ ਜਿਸ ਨੂੰ ਮਾਲਕਾਂ ਨੇ ਗਲਤ ਫਹਿਮੀ ਰਾਹੀਂ ਜਾਂ ਗੁਲਾਮਾਂ ਵੱਲੋਂ ਖਤਰੇ ਬਿਨਾਂ ਕਦੇ ਵੀ ਪ੍ਰਵਾਨ ਨਹੀਂ ਕੀਤਾ। ਤੁਹਾਨੂੰ ਇਤਿਹਾਸਕਾਰ ਵਾਨ ਲੂਨ ਇੱਕ ਲੇਖ "ਮਹਾਨ ਇਤਿਹਾਸਕ ਗਲਤੀਆਂ" ਵਿੱਚ ਦਾਅਵਾ ਕਰਦਾ ਹੈ ਕਿ ਗਿਰਜੇ ਨੂੰ ਅੰਜੀਨ ਦੀ ਸਿੱਖਿਆ ਦੇ ਵਿਰੁੱਧ ਨਾ ਕਿ ਹੱਕ ਵਿੱਚ ਲੜਨਾ ਪਿਆ ਸੀ। ਉਹ ਕਹਿੰਦਾ ਹੈ ਕਿ ਟਾਈਟਸ ਨੇ ਜੇਰੋਸਲਮ ਨੂੰ ਤਬਾਹ ਕਰ ਕੇ ਸਭ ਤੋਂ ਵੱਡੀ ਗਲਤੀ ਕੀਤੀ—ਯਹੂਦੀਆਂ ਲਈ, ਉਹਨਾਂ ਨੂੰ ਫਲਸਤੀਨ ਤੋਂ ਬਾਹਰ ਕੱਢੇ ਜਾਣ ਮਗਰੋਂ ਉਹ ਸਾਰੀ ਧਰਤੀ ਉੱਤੇ ਖਿਲਰ ਗਏ ਅਤੇ ਇਹ ਉਹਨਾਂ ਨੂੰ ਮਜ਼੍ਹਬੀ ਮਿਲ਼ਣੀਆਂ ਵਿੱਚ ਪਤਾ ਲੱਗਾ ਕਿ ਈਸਾਈ ਮਤ ਪੱਕ ਗਿਆ ਹੈ ਤੇ ਵੱਧ ਫੁੱਲ ਗਿਆ ਹੈ; ਅਤੇ ਈਸਾਈ ਮਤ ਰੋਮਨ ਸਲਤਨਤ ਲਈ ਉਸ ਤੋਂ ਕੋਈ ਘੱਟ ਘਾਤਕ ਨਹੀਂ ਸੀ ਜਿਤਨੇ ਪੂੰਜੀਪਤੀ ਰਾਜਾਂ ਲਈ ਮਾਰਕਸ ਤੇ ਲੈਨਿਨ ਦੇ ਵਿਚਾਰ ਘਾਤਕ ਹਨ।

ਸੋ, ਅਸਲ ਵਿੱਚ, ਇਹ ਘਾਤਕ ਸੀ ਅਤੇ ਹੁਣ ਵੀ ਹੈ। ਈਸਾਈ ਗਿਰਜਾ ਅੰਜੀਲ ਦੇ ਸਿੱਧੜ ਕਮਿਊਨਿਜ਼ਮ ਦੇ ਵਿਰੁੱਧ ਲੜਿਆ—ਇਹ ਹੈ ਇਸ ਦੇ ਸਮੁੱਚੇ "ਇਤਿਹਾਸ" ਦਾ ਨਿਚੋੜ ਤੇ ਤੱਤ।

ਅੱਜ ਕੱਲ੍ਹ ਗਿਰਜਾ ਕੀ ਕਰ ਰਿਹਾ ਹੈ ? ਨਿਰਸੰਦੇਹ, ਸਭ ਤੋਂ ਪਹਿਲਾਂ ਇਹ ਅਰਦਾਸ ਕਰਦਾ ਹੈ। ਨਿਊਯਾਰਕ ਦਾ ਲਾਟ ਪਾਦਰੀ ਅਤੇ ਕੈਂਟਰਬਰੀ ਦਾ ਲਾਟ ਪਾਦਰੀ—ਜਿਸ ਨੇ ਸੋਵੀਅਤ ਯੂਨੀਅਨ ਦੇ ਵਿਰੁੱਧ "ਜਹਾਦ" ਵਰਗਾ ਪ੍ਰਚਾਰ ਕੀਤਾ ਇਹਨਾਂ ਦੋਹਾਂ ਲਾਟ ਪਾਦਰੀਆਂ ਨੇ ਇੱਕ ਨਵੀਂ ਅਰਦਾਸ ਤਿਆਰ ਕੀਤੀ ਹੈ, ਜਿਸ ਵਿੱਚ ਅੰਗਰੇਜ਼ੀ ਦੰਭ ਨੂੰ ਅੰਗਰੇਜ਼ੀ ਮਜ਼ਾਕ ਨਾਲ਼ ਪੂਰੀ ਤਰ੍ਹਾਂ ਮੇਲਿਆ ਗਿਆ ਹੈ। ਇਹ ਰਤਾ ਲੰਮਾ ਸੰਗ੍ਰਹਿ ਹੈ, ਜੋ **"ਸਾਡੇ ਪਿਤਾ"** ਅਰਦਾਸ ਦੀ ਸ਼ੈਲੀ ਉੱਤੇ ਤਿਆਰ ਕੀਤਾ ਗਿਆ ਹੈ। ਲਾਟ-ਪਾਦਰੀ ਹੇਠਲੇ

ਸ਼ਬਦਾਂ ਵਿੱਚ ਖੁਦਾ ਨੂੰ ਯਾਚਨਾ ਕਰਦੇ ਹਨ।

"ਵੱਕਟਰ ਤੇ ਖੁਸ਼ਹਾਲੀ ਦੀ ਮੁੜ ਬਹਾਲੀ ਲਈ ਸਾਡੀ ਸਰਕਾਰ ਦੀ ਨੀਤੀ ਬਾਰੇ ਬੇਨਤੀ ਹੈ ਕਿ ਇੰਝ ਕਰਨ ਦੀ ਕ੍ਰਿਪਾ ਕਰੋ। ਹਿੰਦੁਸਤਾਨ ਦੇ ਭਵਿੱਖੀ ਸੰਵਿਧਾਨ ਲਈ ਜੋ ਕੁਝ ਕੀਤਾ ਜਾ ਰਿਹਾ ਹੈ, ਉਸ ਸਿਰੇ ਚਾੜ੍ਹਨ ਦੀ ਮਿਹਰ ਕਰੋ। ਹੋਣ ਵਾਲ਼ੀ ਨਿਸ਼ਸਤਰੀਕਣ ਕਾਂਗਰਸ ਬਾਰੇ ਅਤੇ ਉਸ ਸਭ ਕੁਝ ਬਾਰੇ ਜੋ ਧਰਤੀ ਉੱਤੇ ਅਮਨ ਸਥਾਪਤ ਕਰਨ ਦੀ ਜ਼ਿੰਮੇਵਾਰੀ ਲਈ ਗਈ ਹੈ, ਉਸ ਨੂੰ ਨਿਭਾਉਣ ਦੀ ਕ੍ਰਿਪਾਲਤਾ ਕਰੋ। ਵਣਜ ਵਪਾਰ, ਵੱਕਟਰ ਤੇ ਪਰਸਪਰ ਮਿੱਤਰਤਾ ਦੀ ਮੁੜ ਬਹਾਲੀ ਲਈ ਸਾਨੂੰ ਹਰ ਰੋਜ਼ ਰੋਟੀ ਦੇਣ ਦੀ ਮਿਹਰ ਕਰੋ। ਸਾਡੇ ਮੰਤਵ ਲਈ ਸਾਰੀਆਂ ਜਮਾਤਾਂ ਦੀ ਮਿਲਵਰਤਣ ਲਈ ਸਾਨੂੰ ਹਰ ਰੋਜ਼ ਦੀ ਰੋਟੀ ਦੇਣ ਦੀ ਮਿਹਰ ਕਰੇ। ਜੇ ਅਸੀਂ ਕੌਮੀ ਹੰਕਾਰ ਦੇ ਗੁਨਾਹਗਾਰ ਹਾਂ ਅਤੇ ਆਪਣੀ ਵੱਧ ਤੋਂ ਵੱਧ ਯੋਗਤਾ ਨਾਲ਼ ਸਹਾਇਤਾ ਕਰਨ ਦੀ ਥਾਂ ਜੇ ਅਸਾਂ ਹੋਰਾਂ ਉੱਤੇ ਰਾਜ ਕਰਨ ਵਿੱਚ ਵਧੇਰੇ ਸੰਤੁਸ਼ਟਤਾ ਪ੍ਰਾਪਤ ਕੀਤੀ ਹੈ ਤਾਂ ਸਾਡੇ ਗੁਨਾਹ ਮੁਆਫ ਕਰੋ। ਜੇ ਅਸਾਂ ਆਪਣਾ ਕੰਮ ਕਾਜ ਕਰਦਿਆਂ ਖੁਦਗਰਜ਼ੀ ਦਾ ਪ੍ਰਗਟਾਅ ਕੀਤਾ ਹੈ ਅਤੇ ਅਸਾਂ ਆਪਣੇ ਤੇ ਆਪਣੀ ਜਮਾਤ ਦੇ ਹਿੱਤਾਂ ਨੂੰ ਦੂਜਿਆਂ ਦੇ ਹਿੱਤਾਂ ਉੱਪਰ ਰੱਖਿਆ ਹੈ, ਤਾਂ ਸਾਡੇ ਗੁਨਾਹ ਮੁਆਫ ਕਰੋ।"

ਸਹਿਮੇ ਹੋਏ ਦੁਕਾਨਦਾਰਾਂ ਦੀ ਇੱਕ ਸਿੱਕੇਬੰਦ ਅਰਦਾਸ ਹੈ। ਸਾਰੀ ਅਰਦਾਸ ਦੇ ਦੌਰਾਨ ਇਹ ਖੁਦਾ ਪਾਸੋਂ ਇੱਕ ਦਰਜਨ ਵਾਰ ਆਪਣੇ "ਗੁਨਾਹ ਮੁਆਫ਼" ਕਰਨ ਦੀ ਯਾਚਨਾ ਕਰਦੇ ਹਨ, ਪਰ ਇੱਕ ਵਾਰ ਵੀ ਇਹ ਨਹੀਂ ਆਖਦੇ ਕਿ ਉਹ ਗੁਨਾਹ ਨਾ ਕਰਨ ਲਈ ਰਜ਼ਾਮੰਦ ਹਨ ਜਾਂ ਯੋਗ ਹਨ ਅਤੇ ਕੇਵਲ ਇਸ ਹਾਲਤ ਵਿੱਚ ਇਹ ਖੁਦਾ ਦੀ "ਮੁਆਫੀ" ਲਈ ਆਖਦੇ ਹਨ:

"ਕਿ ਅਸੀਂ ਕੌਮੀ ਗਰੂਰ ਦਾ, ਦੂਜਿਆਂ ਉੱਤੇ ਹਕੂਮਤ ਕਰਨ ਵਿੱਚ ਸੰਤੁਸ਼ਟਤਾ ਲੱਭਣ ਦਾ ਸ਼ਿਕਾਰ ਹੋ ਗਏ ਹਾਂ ਅਤੇ ਸਾਨੂੰ ਦੂਜਿਆਂ ਦੀ ਸੇਵਾ ਕਰਨ ਵਿੱਚ ਸੰਤੋਖ ਪ੍ਰਾਪਤ ਨਹੀਂ ਹੁੰਦਾ, ਹੇ ਖੁਦਾ, ਸਾਨੂੰ ਮੁਆਫ ਕਰ!"

ਸਾਡਾ ਇਹ ਗੁਨਾਹ ਮੁਆਫ ਕਰੋ, ਪਰ ਅਸੀਂ ਗੁਨਾਹ ਕਰਨੋਂ ਰੁੱਕ ਨਹੀਂ ਸਕਦੇ—ਇਹ ਗੱਲ ਹੈ ਜਿਹੜੀ ਉਹ ਕਹਿੰਦੇ ਹਨ। ਪਰ ਮੁਆਫੀ ਲਈ ਇਹ ਅਰਦਾਸ ਅੰਗਰੇਜ਼ ਪਾਦਰੀਆਂ ਦੀ ਬਹੁਗਿਣਤੀ ਨੇ ਰੱਦ ਕਰ ਦਿੱਤੀ ਸੀ। ਉਹਨਾਂ ਇਸ ਨੂੰ ਅਰਦਾਸ ਪੜ੍ਹਨਾ ਆਪਣੇ ਲਈ ਕੁਵੱਲੀ ਤੇ ਜ਼ਲੀਲ ਕਰਨ ਵਾਲ਼ੀ ਸਮਝਿਆ।

ਇਹ ਅਰਦਾਸ ਦੋ ਜਨਵਰੀ ਨੂੰ ਲੰਡਨ ਦੇ ਸੇਂਟ ਪਾਲੇ ਦੇ ਗਿਰਜੇ ਵਿੱਚ **ਬ੍ਰਿਟਿਸ਼ ਖੁਦਾ** ਦੇ ਤਖ਼ਤ ਅੱਗੇ "ਅਦਾ ਕਰਨ" ਲਈ ਸੀ। ਪਾਦਰੀਆਂ ਨੇ, ਜਿਨ੍ਹਾਂ ਨੂੰ ਇਹ ਆਪਣੀ ਪਸੰਦ ਦੀ ਨਾ ਜਾਪੀ ਕੈਂਟਰਬਰੀ ਦੇ ਲਾਟ ਪਾਦਰੀ ਤੋਂ ਨਾ ਪੜ੍ਹਨ ਦੀ ਆਗਿਆ ਪ੍ਰਾਪਤ ਕਰ ਲਈ।

ਸੋ, ਤੁਸੀਂ ਵੇਖਦੇ ਹੋ ਕਿ ਈਸਾਈ ਗਿਰਜਾ ਕਿਤਨੀਆਂ ਉਜੱਡ ਤੇ ਬੇਹੂਦਾ ਹਾਸੋਹੀਣੀਆਂ ਗੱਲਾਂ ਕਰਨ ਦੇ ਯੋਗ ਹੋ ਗਿਆ ਹੈ ਅਤੇ ਪਾਦਰੀ ਲੋਕਾਂ ਨੇ ਖੁਦਾ ਨੂੰ ਯੂਰਪ ਦੇ ਵਧੀਆ ਦੁਕਾਨਦਾਰਾਂ ਦੇ ਸਾਰੇ ਵਪਾਰਕ ਲੈਣ ਦੇਣ ਵਿੱਚ ਇੱਕ ਸੀਨੀਅਰ ਦੁਕਾਨਦਾਰ ਤੇ ਭਿਆਲ ਜਿਹੀ ਨੀਵੀਂ ਪੱਧਰ ਉੱਤੇ ਲੈ ਆਂਦਾ ਹੈ। ਪਰ ਕੇਵਲ ਅੰਗਰੇਜ਼ ਪਾਦਰੀ ਫਿਰਕੇ ਬਾਰੇ ਗੱਲ

ਕਰਨੀ ਅਤੇ ਇਸ ਗੱਲ ਨੂੰ ਭੁੱਲਣਾ ਵਾਜਬ ਨਹੀਂ ਕਿ ਇਟਲੀ ਦੇ ਪਾਦਰੀ ਲੋਕਾਂ ਨੇ **ਹੋਲੀ ਘੋਸਟ** ਦਾ ਬੈਂਕ ਸਥਾਪਤ ਕੀਤਾ ਹੈ ਅਤੇ ਫ਼ਰਾਂਸ ਵਿੱਚ 15 ਫਰਵਰੀ ਨੂੰ ਮਲਹਾਊਸ ਵਿੱਚ ਜਿਵੇਂ ਕਿ ਰੂਸੀ ਪਰਵਾਸੀਆਂ ਦੇ ਪੈਰਿਸ ਵਿਚਲੇ ਅਖ਼ਬਾਰ ਨੇ ਰਿਪੋਰਟ ਪ੍ਰਕਾਸ਼ਤ ਕੀਤੀ ਹੈ:

"ਪੁਲਿਸ ਅਧਿਕਾਰੀਆਂ ਨੇ ਕੈਥੋਲਿਕ ਯੂਨੀਅਨ ਪਬਲਿਸ਼ਿੰਗ ਹਾਊਸ ਵੱਲੋਂ ਚਲਾਈ ਜਾ ਰਹੀ ਕਿਤਾਬਾਂ ਦੀ ਦੁਕਾਨ ਜਿਸ ਦਾ ਨਿਰਦੇਸ਼ਨ ਐਬੇ ਏਗੀ ਕਰਦਾ ਹੈ, ਦੇ ਸੇਲਜ਼ਮੈਨ ਨੂੰ ਗ੍ਰਿਫਤਾਰ ਕਰਨ ਦਾ ਹੁਕਮ ਦਿੱਤਾ ਹੈ। ਦੁਕਾਨ ਨੇ ਨੰਗੀਆਂ ਤੇ ਅਸ਼ਲੀਲ ਤਸਵੀਰਾਂ ਤੇ ਕਿਤਾਬਾਂ ਵੇਚੀਆਂ ਸਨ ਜੋ ਜਰਮਨੀ ਤੋਂ ਲਿਆਂਦੀਆਂ ਗਈਆਂ ਹਨ। 'ਮਾਲ' ਜ਼ਬਤ ਕਰ ਲਿਆ ਗਿਆ ਹੈ। ਕੁਝ ਕਿਤਾਬਾਂ ਕੇਵਲ ਅਸ਼ਲੀਲ ਹੀ ਨਹੀਂ ਸਗੋਂ ਮਜ਼੍ਹਬ ਦੇ ਵਿਰੁੱਧ ਗੰਦਮੰਦ ਤੇ ਬਕਵਾਸ ਨਾਲ਼ ਭਰੀਆਂ ਹੋਈਆਂ ਹਨ।"

ਇਸ ਪ੍ਰਕਾਰ ਦੇ ਸੈਂਕੜੇ ਤੱਥ ਬਿਆਨ ਕੀਤੇ ਜਾ ਸਕਦੇ ਹਨ ਅਤੇ ਇਹ ਸਾਰੇ ਇਸ ਗੱਲ ਵੱਲ ਸੰਕੇਤ ਕਰਦੇ ਹਨ ਕਿ ਗਿਰਜਾ, ਜੋ ਆਪਣੇ ਸਰਪ੍ਰਸਤ ਤੇ ਮਾਲਕ ਪੂੰਜੀਵਾਦ ਦਾ ਸੇਵਕ ਹੈ ਉਹਨਾਂ ਰੋਗਾਂ ਦਾ ਹੀ ਸ਼ਿਕਾਰ ਹੈ ਜੋ ਪੂੰਜੀਵਾਦ ਨੂੰ ਨਸ਼ਟ ਕਰ ਰਹੇ ਹਨ ਅਤੇ ਜੇ ਇਹ ਕਿਆਸ ਕਰ ਲਿਆ ਜਾਵੇ ਕਿ ਇੱਕ ਸਮਾਂ ਸੀ ਜਦੋਂ ਬੁਰਜੂਆਜ਼ੀ "ਗਿਰਜੇ ਦੇ ਸ੍ਰਿਸ਼ਟਾਚਾਰੀ ਅਧਿਕਾਰ ਨੂੰ ਪ੍ਰਵਾਨ ਕਰਦੀ" ਸੀ ਤਾਂ ਇਹ ਮੰਨਣਾ ਪਵੇਗਾ ਕਿ ਇਹ "ਆਤਮਾ ਦੇ ਪੁਲਸੀਏ" ਦਾ ਅਧਿਕਾਰ ਸੀ, ਇੱਕ ਅਜਿਹੀ ਜਥੇਬੰਦੀ ਦਾ ਅਧਿਕਾਰ ਸੀ ਜੋ ਕਿਰਤੀ ਲੋਕਾਂ ਉੱਤੇ ਜਬਰ ਕਰਨ ਦਾ ਕੰਮ ਕਰਦੀ ਹੈ। ਤੁਸੀਂ ਕਹਿੰਦੇ ਹੋ ਕਿ ਗਿਰਜੇ ਨੇ ਤੁਹਾਡੀ "ਢਾਰਸ" ਬੰਨ੍ਹਾਈ ਹੈ ? ਮੈਂ ਇਸ ਤੋਂ ਇਨਕਾਰ ਨਹੀਂ ਕਰਦਾ। ਪਰ ਇਹ ਧਰਵਾਸ ਦਲੀਲ ਤੇ ਮੰਤਵ ਨੂੰ ਖਤਮ ਕਰਨ ਦਾ ਇੱਕ ਤਰੀਕਾ ਹੈ।

ਗਰੀਬਾਂ ਨੂੰ ਅਮੀਰਾਂ ਨੂੰ ਪਿਆਰ ਕਰਨ ਦਾ, ਮਜ਼ਦੂਰਾਂ ਨੂੰ ਆਪਣੇ ਮਾਲਕ ਨੂੰ ਪਿਆਰ ਕਰਨ ਦਾ ਉਪਦੇਸ਼ ਕਰਨਾ ਮੇਰਾ ਕਿੱਤਾ ਨਹੀਂ ਹੈ। ਮੈਂ ਧਰਵਾਸ ਦੇਣ ਦੇ ਸਮਰੱਥ ਨਹੀਂ ਹਾਂ। ਮੈਂ ਇਹ ਚੰਗੀ ਤਰ੍ਹਾਂ ਜਾਣਦਾ ਹਾਂ ਤੇ ਲੰਮੇ ਸਮੇਂ ਤੋਂ ਜਾਣਦਾ ਹਾਂ ਕਿ ਸਾਰੀ ਦੁਨੀਆਂ ਘ੍ਰਿਣਾ ਦੇ ਇੱਕ ਵਾਤਾਵਰਣ ਨਾਲ਼ ਭਰਪੂਰ ਹੈ ਅਤੇ ਮੈਂ ਇਸ ਨੂੰ ਨਿੱਤ ਵਧੇਰੇ ਸੰਘਣਾ, ਕਿਤੇ ਵਧੇਰੇ ਸਰਗਰਮ ਤੇ ਦਿਆਲੂ ਹੁੰਦਾ ਜਾ ਰਿਹਾ ਵੇਖਦਾ ਹਾਂ।

ਇਹ ਸਮਾਂ ਹੈ ਤੁਸੀਂ, "ਮਾਨਵਵਾਦੀ ਜਿਹੜੇ ਅਮਲੀ ਬੰਦੇ ਬਣਾਨਾ ਚਾਹੁੰਦੇ ਹੋ" ਇਹ ਸਮਝ ਜਾਵੋ ਕਿ ਸੰਸਾਰ ਵਿੱਚ ਦੋ ਨਫਰਤਾਂ ਕੰਮ ਕਰ ਰਹੀਆਂ ਹਨ: ਇੱਕ ਲੁਟੇਰਿਆਂ ਵਿਚਾਲੇ ਆਪਣੇ ਪਰਸਪਰ ਮੁਕਾਬਲੇ ਵਿੱਚੋਂ ਅਤੇ ਭਵਿੱਖ ਬਾਰੇ ਉਹਨਾਂ ਦੇ ਡਰ ਵਿੱਚੋਂ ਪੈਦਾ ਹੋਈ ਜਿਹੜੀ ਲੁਟੇਰਿਆਂ ਦੀ ਅਟੱਲ ਮੌਤ ਨਾਲ਼ ਭਰਪੂਰ ਹੈ। ਦੂਜੀ—ਪ੍ਰੋਲੇਤਾਰੀਆਂ ਦੀ ਨਫਰਤ—ਜੋ ਇਸ ਦੀ ਅਜੋਕੀ ਜ਼ਿੰਦਗੀ ਲਈ ਘ੍ਰਿਣਾ ਵਿੱਚੋਂ ਉਗਮਦੀ ਹੈ ਅਤੇ ਜੋ ਹਕੂਮਤ ਕਰਨ ਦੇ ਇਸ ਦੇ ਅਧਿਕਾਰ ਬਾਰੇ ਚੇਤਨਤਾ ਰਾਹੀਂ ਵਧੇਰੇ ਤੋਂ ਵਧੇਰੇ ਪਰਚੰਡ ਹੁੰਦੀ ਹੈ। ਇਹ ਦੋ ਨਫਰਤਾਂ ਇਤਨੀ ਉੱਚੀ ਪੱਧਰ ਤੱਕ ਵਿਕਸਤ ਹੋ ਗਈਆਂ ਹਨ ਕਿ ਕੋਈ ਵੀ ਇਹਨਾਂ ਵਿਚਾਲੇ ਮਨ-ਮਨੌਤ ਨਹੀਂ ਕਰਾ ਸਕਦਾ ਅਤੇ ਜਮਾਤਾਂ ਵਿਚਾਲੇ, ਜੋ ਉਹਨਾਂ ਦੀਆਂ ਸਾਕਾਰ ਪ੍ਰਤੀਨਿੱਧ ਹਨ ਅਟੱਲ ਲੜਾਈ ਤੋਂ ਬਿਨਾਂ ਕੋਈ ਵੀ ਹੋਰ, ਪ੍ਰੋਲੇਤਾਰੀਆਂ ਦੀ ਜਿੱਤ ਤੋਂ ਬਿਨਾਂ

ਕੋਈ ਵੀ ਹੋਰ ਨਫਰਤ ਦੇ ਸੰਸਾਰ ਤੋਂ ਛੁਟਕਾਰਾ ਨਹੀਂ ਦੁਆ ਸਕਦਾ।

ਤੁਸੀਂ ਲਿਖਦੇ ਹੋ: "ਕਈ ਹੋਰਾਂ ਵਾਂਗ ਅਸੀਂ ਸੋਚਦੇ ਹਾਂ ਕਿ ਤੁਹਾਡੇ ਦੇਸ਼ ਵਿੱਚ ਮਜ਼ਦੂਰਾਂ ਦੀ ਡਿਕਟੇਟਰੀ ਦੇ ਫਲਸਰੂਪ ਕਿਸਾਨਾਂ ਉੱਤੇ ਜਬਰ ਹੁੰਦਾ ਹੈ।" ਮੈਂ ਤੁਹਾਨੂੰ ਸਲਾਹ ਦਿਆਂਗਾ ਕਿ ਤੁਸੀਂ ਕੁਝ ਕੁ ਵਿਅਕਤੀਆਂ ਵਾਂਗ ਸੋਚੋ, ਉਹਨਾਂ ਬੁੱਧੀਜੀਵੀਆਂ ਵਾਂਗ ਜੋ ਅਜੇ ਬਹੁਤ ਥੋੜ੍ਹੇ ਹਨ ਜਿਨ੍ਹਾਂ ਨੇ ਇਹ ਸਮਝਣਾ ਸ਼ੁਰੂ ਕਰ ਦਿੱਤਾ ਹੈ ਕਿ ਮਾਰਕਸ ਤੇ ਲੈਨਿਨ ਦੀਆਂ ਸਿੱਖਿਆਵਾਂ ਉਸ ਵਿਗਿਆਨਕ ਵਿਚਾਰ ਰਾਹੀਂ ਪ੍ਰਾਪਤ ਕੀਤੀ ਉੱਚੀ ਸਿਖਰ ਹਨ ਜੋ ਸਮਾਜਿਕ ਵਰਤਾਰੇ ਦੀ ਸੁਹਿਰਦਤਾ ਨਾਲ਼ ਅਧਿਐਨ ਕਰਦਾ ਹੈ ਅਤੇ ਕੇਵਲ ਇਹਨਾਂ ਸਿੱਖਿਆਵਾਂ ਦੀ ਸਿਖਰ ਤੋਂ ਹੀ ਸਮਾਜਿਕ ਨਿਆਂ ਵੱਲ, ਸੱਭਿਆਚਾਰ ਦੇ ਨਵੇਂ ਰੂਪਾਂ ਵੱਲ ਜਾਂਦਾ ਸਿੱਧਾ ਰਾਹ ਸਾਫ ਵਿਖਾਈ ਦੇਂਦਾ ਹੈ। ਥੋੜ੍ਹਾ ਜਿਹਾ ਯਤਨ ਕਰੋ ਅਤੇ ਕੇਵਲ ਇੱਕ ਪਲ ਲਈ ਉਸ ਜਮਾਤ ਨਾਲ਼ ਆਪਣੇ ਰਿਸ਼ਤੇ ਨੂੰ ਭੁੱਲ ਜਾਓ ਜਿਸ ਦਾ ਸਾਰਾ ਇਤਿਹਾਸ ਮਿਹਨਤਕਸ਼ ਮਨੁੱਖਤਾ—ਮਜ਼ਦੂਰ ਤੇ ਕਿਸਾਨ—ਦੇ ਸਮੂਹ ਦੇ ਸਰੀਰਕ ਤੇ ਆਤਮਕ ਜਬਰ ਦੀ ਇੱਕ ਲੰਮੀ ਕਹਾਣੀ ਹੈ। ਇਹ ਯਤਨ ਕਰੋ ਅਤੇ ਤੁਸੀਂ ਸਮਝ ਜਾਵੋਗੇ ਕਿ ਤੁਹਾਡੀ ਜਮਾਤ ਹੀ ਤੁਹਾਡੀ ਦੁਸ਼ਮਣ ਹੈ। ਕਾਰਲ ਮਾਰਕਸ ਬਹੁਤ ਸਿਆਣਾ ਬੰਦਾ ਸੀ ਅਤੇ ਇਹ ਸੋਚਣਾ ਗਲਤ ਹੋਵੇਗਾ ਕਿ ਉਹ ਸੰਸਾਰ ਵਿੱਚ ਇੰਝ ਪ੍ਰਗਟ ਹੋਇਆ ਸੀ ਜਿਵੇਂ ਜੁਪੀਟਰ ਦੇ ਸਿਰ ਵਿੱਚੋਂ ਮਿਨਰਵਾ। ਨਹੀਂ, ਉਸ ਦੀਆਂ ਸਿੱਖਿਆਵਾਂ ਵਿਗਿਆਨਕ ਤਜ਼ਰਬੇ ਦੇ ਅਧਾਰ ਉੱਤੇ ਪ੍ਰਤਿਭਾਸ਼ਾਲੀ ਮਨੁੱਖਾਂ ਵੱਲੋਂ ਰੱਖੇ ਗਏ ਮਮਟੀ ਦੇ ਪੱਥਰ ਵਾਂਗ ਹਨ ਜਿਹੋ ਜਿਹੇ ਨਿਊਟਨ ਤੇ ਡਾਰਵਿਨ ਦੇ ਸਿਧਾਂਤ ਹਨ। ਲੈਨਿਨ, ਮਾਰਕਸ ਨਾਲ਼ੋਂ ਸੁਖਾਲਾ ਸਮਝ ਆਉਂਦਾ ਹੈ ਅਤੇ ਇੱਕ ਅਧਿਆਪਕ ਵਜੋਂ ਉਸ ਨਾਲ਼ੋਂ ਕੋਈ ਘੱਟ ਸਿਆਣਾ ਨਹੀਂ ਹੈ। ਉਹ ਤੁਹਾਨੂੰ ਉਸ ਜਮਾਤ ਦੇ ਜਿਸ ਦੀ ਤੁਸੀਂ ਸੇਵਾ ਕਰਦੇ ਹੋ ਉਸ ਦੀ ਤਾਕਤ ਤੇ ਸ਼ਾਨ ਦੇ ਰੂਪ ਵਿਚ ਦਰਸ਼ਨ ਕਰਾਉਣਗੇ, ਉਹ ਤੁਹਾਨੂੰ ਵਿਖਾਉਣਗੇ ਕਿ ਕਿਵੇਂ ਉਸ ਨੇ ਅਣ-ਮਨੁੱਖੀ ਜਬਰ ਦੇ ਸਾਧਨਾਂ ਰਾਹੀਂ ਲਹੂ, ਪਖੰਡ ਤੇ ਝੂਠਾਂ ਦੀ ਸਮੱਗਰੀ ਨਾਲ਼ ਇੱਕ ਅਜਿਹਾ "ਸੱਭਿਆਚਾਰ" ਉਸਾਰਨ ਲਈ ਕੰਮ ਕੀਤਾ ਅਤੇ ਜੇ ਉਸ ਨੇ ਉਸਾਰ ਵੀ ਲਿਆ ਹੈ, ਜਿਹੜਾ ਉਸ ਨੂੰ ਢੁੱਕਵਾ ਹੈ ਅਤੇ ਫਿਰ ਉਹ ਤੁਹਾਨੂੰ ਇਸ ਸੱਭਿਆਚਾਰ ਦੀ ਅਧੋਗਤੀ ਦੇ ਅਮਲ ਵਿਖਾਉਣਗੇ। ਵਰਤਮਾਨ ਵਿੱਚ ਇਸ ਦਾ ਸਿੱਟਾ ਭ੍ਰਿਸ਼ਟਾਚਾਰ ਹੈ ਜੋ ਤੁਸੀਂ ਆਪ ਵੇਖ ਸਕਦੇ ਹੋ, ਮੁੱਖ ਤੌਰ 'ਤੇ ਇਹ ਉਹ ਅਮਲ ਹੈ ਜੋ ਡਰ ਤੇ ਚਿੰਤਾ ਪੈਦਾ ਕਰਦਾ ਹੈ ਤੇ ਜਿਸ ਦਾ ਪ੍ਰਗਟਾਅ ਤੁਹਾਡੀ ਚਿੱਠੀ ਵਿੱਚ ਹੁੰਦਾ ਹੈ।

ਆਓ ਅਸੀਂ "ਜਬਰ" ਬਾਰੇ ਗੱਲ ਕਰੀਏ। ਪ੍ਰੋਲੇਤਾਰੀਏ ਦੀ ਡਿਕਟੇਟਰੀ ਇੱਕ ਆਰਜ਼ੀ ਗੱਲ ਹੈ; ਇਹ ਕੁਦਰਤ ਦੇ ਅਤੇ ਬੁਰਜੂਆ ਰਾਜ ਦੇ ਸਾਬਕ ਕਰੋੜਾਂ ਗੁਲਾਮਾਂ ਨੂੰ ਮੁੜ ਸਿੱਖਿਅਤ ਕਰਨ ਲਈ ਅਤੇ ਉਹਨਾਂ ਨੂੰ ਆਪਣੇ ਦੇਸ਼ ਅਤੇ ਇਸ ਦੀ ਸਾਰੀ ਦੌਲਤ ਦੇ ਕੇਵਲ ਇੱਕੋ ਇੱਕ ਮਾਲਕ ਵਿੱਚ ਤਬਦੀਲ ਕਰਨ ਲਈ ਜ਼ਰੂਰੀ ਹੈ। ਪ੍ਰੋਲੇਤਾਰੀਆਂ ਦੀ ਡਿਕਟੇਟਰੀ ਉਦੋਂ ਜ਼ਰੂਰੀ ਨਹੀਂ ਰਹੇਗੀ ਜਦੋਂ ਸਾਰੇ ਕਿਰਤੀ ਲੋਕ ਸਾਰੀ ਕਿਰਸਾਨੀ, ਸਮਾਨ ਸਮਾਜਿਕ ਤੇ ਆਰਥਿਕ ਹਾਲਤਾਂ ਵਿੱਚ ਰਹਿ ਰਹੇ ਹੋਣਗੇ ਅਤੇ ਜਦੋਂ ਹਰ ਵਿਅਕਤੀ ਲਈ ਆਪਣੀਆਂ ਯੋਗਤਾਵਾਂ ਅਨੁਸਾਰ ਕੰਮ ਕਰਨਾ ਅਤੇ ਆਪਣੀਆਂ ਲੋੜਾਂ ਅਨੁਸਾਰ ਪ੍ਰਾਪਤ ਕਰਨਾ ਸੰਭਵ

ਹੋ ਜਾਵੇਗਾ। "ਜਬਰ" ਜਿਵੇਂ ਤੁਸੀਂ ਤੇ "ਕਈ ਹੋਰ" ਚਿਤਰਦੇ ਹਨ, ਗਲਤ ਫਹਿਮੀ ਉੱਤੇ ਅਧਾਰਿਤ ਹੈ; ਪਰ ਬਹੁਤੀ ਵਾਰ ਇਹ ਸੋਵੀਅਤ ਯੂਨੀਅਨ ਦੀ ਮਜ਼ਦੂਰ ਜਮਾਤ ਤੇ ਇਸ ਦੀ ਪਾਰਟੀ ਦੇ ਵਿਰੁੱਧ ਝੂਠ ਤੇ ਤੁਹਮਤ ਹੁੰਦੀ ਹੈ। "ਜਬਰ", ਜਿਵੇਂ ਸੋਵੀਅਤ ਯੂਨੀਅਨ ਵਿੱਚ ਚੱਲ ਰਹੇ ਸਮਾਜਿਕ ਅਮਲ ਲਈ ਲਾਗੂ ਕੀਤਾ ਗਿਆ ਹੈ, ਇੱਕ ਅਜਿਹਾ "ਬੱਲਾ" ਹੈ ਜੋ ਮਜ਼ਦੂਰ ਜਮਾਤ ਦੇ ਦੁਸ਼ਮਣਾਂ ਵੱਲੋਂ ਇਸ ਦੇ ਸੱਭਿਆਚਾਰਕ ਕੰਮ — ਆਪਣੇ ਦੇਸ਼ ਦੇ ਪੁਨਰ ਨਿਰਮਾਣ ਦਾ ਅਤੇ ਨਵੇਂ ਆਰਥਕ ਰੂਪਾਂ ਨੂੰ ਜਥੇਬੰਦ ਕਰਨ ਦਾ ਕੰਮ — ਨੂੰ ਬਦਨਾਮ ਕਰਨ ਲਈ ਵਰਤਿਆ ਜਾਂਦਾ ਹੈ।

ਮੇਰੇ ਵਿਚਾਰ ਅਨੁਸਾਰ, ਮਜਬੂਰੀ ਦੀ ਗੱਲ ਕਰਨੀ ਵਧੇਰੇ ਠੀਕ ਰਹੇਗਾ, ਜੋ ਜਬਰ ਤੋਂ ਬਿਲਕੁੱਲ ਵੱਖਰੀ ਗੱਲ ਹੈ; ਕਿਉਂ ਜੋ ਯਕੀਨੀ ਤੌਰ 'ਤੇ, ਜਦੋਂ ਤੁਸੀਂ ਆਪਣੇ ਬੱਚਿਆਂ ਨੂੰ ਪੜ੍ਹਾਉਂਦੇ ਹੋ ਤਾਂ ਉਹਨਾਂ 'ਤੇ ਜਬਰ ਨਹੀਂ ਕਰਦੇ ? ਸੋਵੀਅਤ ਯੂਨੀਅਨ ਦੀ ਮਜ਼ਦੂਰ ਜਮਾਤ ਤੇ ਉਸ ਦੀ ਪਾਰਟੀ ਕਿਰਸਾਨੀ ਨੂੰ ਸਮਾਜਿਕ ਤੇ ਰਾਜਨੀਤਕ ਤੌਰ 'ਤੇ ਸਿੱਖਿਅਤ ਕਰਨ ਲਈ ਸਿੱਖਿਆ ਦੇ ਰਹੇ ਹਨ। ਬਿਲਕੁੱਲ ਉਸੇ ਤਰ੍ਹਾਂ ਜਿਵੇਂ ਤੁਸੀਂ, ਬੁੱਧੀਜੀਵੀ "ਵਦਾਣ ਤੇ ਅਹਿਰਣ ਵਿਚਾਲੇ" ਆਪਣੀ ਸਥਿਤੀ ਦੇ ਦੁਖਾਂਤ ਨੂੰ ਕਿਸੇ ਵਿਅਕਤੀ ਜਾਂ ਕਿਸੇ ਚੀਜ਼ ਰਾਹੀਂ ਮਹਿਸੂਸ ਕਰਨ ਲਈ ਮਜਬੂਰ ਹੁੰਦੇ ਹੋ; ਤੁਹਾਨੂੰ ਵੀ, ਕਿਸੇ ਵਿਅਕਤੀ ਵੱਲੋਂ — ਅਤੇ ਉਹ ਵਿਅਕਤੀ, ਨਿਰਸੰਦੇਹ, ਮੈਂ ਨਹੀਂ ਹਾਂ — ਸਮਾਜਿਕ ਤੇ ਰਾਜਨੀਤਕ ਅੱਬਰ ਬੋਧ ਦੇ ਅੰਸ਼ ਸਿਖਾਏ ਜਾਂਦੇ ਹਨ।

ਸਾਰਿਆਂ ਦੇਸ਼ਾਂ ਵਿੱਚ ਕਿਰਸਾਨੀ — ਕਰੋੜਾਂ ਛੋਟੇ ਮਾਲਕ — ਅਜਿਹੀ ਮਿੱਟੀ ਤਿਆਰ ਕਰਦੀ ਹੈ ਜਿਸ ਵਿੱਚੋਂ ਲੁਟੇਰੇ ਤੇ ਜੋਕਾਂ ਪੈਦਾ ਹੁੰਦੀਆਂ ਹਨ, ਇਸ ਮਿੱਟੀ ਵਿੱਚੋਂ ਪੂੰਜੀਵਾਦੀ ਆਪਣੀਆਂ ਸਾਰੀਆਂ ਰਾਖਸ਼ੀ ਕਰੂਪਤਾਵਾਂ ਨਾਲ਼ ਪੈਦਾ ਹੁੰਦਾ ਹੈ। ਕਿਸਾਨ ਦੀਆਂ ਸਾਰੀਆਂ ਸ਼ਕਤੀਆਂ, ਯੋਗਤਾਵਾਂ ਤੇ ਸਮਰੱਥਾਵਾਂ ਆਪਣੀ ਅਤਿ ਮੰਦੀ ਕੰਗਾਲੀ ਲਈ ਉਸ ਦੀ ਚਿੰਤਾ ਵਿੱਚ ਡੁੱਬ ਜਾਂਦੀਆਂ ਹਨ। ਛੋਟੇ ਮਾਲਕ ਦਾ ਸੱਭਿਆਚਾਰਕ ਊਤਪੁਣਾ ਇੱਕ ਕਰੋੜਪਤੀ ਦੇ ਸੱਭਿਆਚਾਰਕ ਊਤਪੁਣੇ ਨਾਲ਼ ਬਿਲਕੁੱਲ ਮਿਲ਼ਦਾ ਜੁਲ਼ਦਾ ਹੈ, ਤੁਹਾਨੂੰ, ਬੁੱਧੀਜੀਵੀਆਂ ਨੂੰ ਇਸ ਨੂੰ ਚੰਗੀ ਤਰ੍ਹਾਂ ਵੇਖਣਾ ਤੇ ਮਹਿਸੂਸ ਕਰਨਾ ਚਾਹੀਦਾ ਹੈ। ਅਕਤੂਬਰ ਇਨਕਲਾਬ ਤੋਂ ਪਹਿਲਾਂ ਰੂਸ ਵਿੱਚ ਕਿਸਾਨ ਸਤਾਰ੍ਹਵੀਂ ਸਦੀ ਦੀਆਂ ਹਾਲਤਾਂ ਵਿੱਚ ਰਹਿੰਦੇ ਸਨ, ਅਤੇ ਇਹ ਇੱਕ ਅਜਿਹੀ ਹਕੀਕਤ ਹੈ ਜਿਸ ਤੋਂ ਰੂਸ ਦਾ ਪ੍ਰਧਾਨ ਵੀ ਇਨਕਾਰ ਕਰਨ ਦੀ ਜੁਰੱਅਤ ਨਹੀਂ ਕਰ ਸਕਦਾ, ਇੱਥੋਂ ਤੱਕ ਕਿ ਭਾਵੇਂ ਸੋਵੀਅਤ ਪ੍ਰਬੰਧ ਦੇ ਵਿਰੁੱਧ ਉਹਨਾਂ ਦੇ ਗੁੱਸੇ ਨੇ ਹਾਸੋਹੀਣੀਆਂ ਤੇ ਊਟ-ਪਟਾਂਗ ਹੱਦਾਂ ਛੋਹ ਲਈਆਂ ਹਨ।

ਕਿਸਾਨ ਚੌਥੇ ਦਰਜੇ ਦੇ ਘਟੀਆ ਤੇ ਨੀਮ ਵਹਿਸ਼ੀ ਲੋਕ ਨਹੀਂ ਹੋਣੇ ਚਾਹੀਦੇ; ਉਹਨਾਂ ਨੂੰ ਘੁਮੰਡੀ ਜਗੀਰਦਾਰਾਂ ਤੇ ਪੂੰਜੀਪਤੀਆਂ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ; ਉਹਨਾਂ ਨੂੰ ਨਿਖੁੱਟਦੀ ਜਾਂਦੀ ਜ਼ਮੀਨ ਦੇ ਛੋਟੇ ਛੋਟੇ ਅਣਗਿਣਤ ਹਿੱਸਿਆਂ ਵਿੱਚ ਵੰਡੇ ਹੋਏ ਟੁਕੜਿਆਂ ਉੱਤੇ ਮੁਜਰਮਾਂ ਵਾਂਗ ਗੁਲਾਮ ਨਹੀਂ ਹੋਣਾ ਚਾਹੀਦਾ, ਜਿਹੜੀ ਜ਼ਮੀਨ ਆਪਣੇ ਕੰਗਾਲ ਤੇ ਅਨਪੜ੍ਹ ਮਾਲਕ ਦਾ ਢਿੱਡ ਭਰਨ ਦੇ ਕਾਬਲ ਨਹੀਂ - ਮਾਲਕ, ਜੋ ਆਪਣੀ ਜ਼ਮੀਨ ਵਿੱਚ

ਰੇਹ ਪਾਉਣ, ਉਸ ਦੀ ਵਾਹੀ ਲਈ ਮਸ਼ੀਨਾਂ ਵਰਤਣ ਦੀ ਜਾਂ ਖੇਤੀਵਾਹੀ ਦਾ ਵਿਗਿਆਨ ਵਿਕਸਤ ਕਰਨ ਦੀ ਸਥਿਤੀ ਵਿੱਚ ਨਹੀਂ। ਕਿਸਾਨਾਂ ਨੂੰ ਸੋਗਮਈ ਮਾਲਥਿਊਸ਼ੀਅਨ ਸਿਧਾਂਤ ਨੂੰ ਹੱਕੀ ਨਹੀਂ ਠਹਿਰਾਉਣਾ ਚਾਹੀਦਾ, ਮੇਰੀ ਰਾਏ ਵਿੱਚ, ਜਿਸ ਦੀ ਤਹਿ ਵਿੱਚ ਪਾਦਰੀਆਂ ਦੇ ਵਿਚਾਰ ਦੀ ਕਰੂਰਤਾ ਵਿਛੀ ਹੋਈ ਹੈ। ਜੇ ਕਿਸਾਨ ਸਮੂਹਕ ਤੌਰ 'ਤੇ ਅਜੇ ਵੀ ਆਪਣੀ ਸਥਿਤੀ ਦੀ ਹਕੀਕਤ ਤੇ ਨੀਵਾਣ ਨੂੰ ਸਮਝਣ ਦੇ ਅਯੋਗ ਹਨ ਤਾਂ ਇਹ ਮਜ਼ਦੂਰ ਜਮਾਤ ਦਾ ਫਰਜ ਹੈ ਕਿ ਉਹ ਉਹਨਾਂ ਨੂੰ ਇਸ ਤੋਂ ਸੁਚੇਤ ਕਰੇ, ਭਾਵੇਂ ਮਜਬੂਰੀ ਵਜੋਂ ਕਰੇ। ਪਰ, ਇਸ ਦੀ ਵੀ ਜ਼ਰੂਰਤ ਨਹੀਂ ਹੈ, ਕਿਉਂ ਜੋ ਸੋਵੀਅਤ ਯੂਨੀਅਨ ਦਾ ਕਿਸਾਨ, ਜਿਸ ਨੇ 1914-18 ਦੇ ਖੂਨ ਖਰਾਬੇ ਦੇ ਤਸੀਹੇ ਝੱਲੇ ਹਨ ਅਤੇ ਜਿਸ ਨੂੰ ਅਕਤੂਬਰ ਇਨਕਲਾਬ ਨੇ ਜਗਾ ਦਿੱਤਾ ਹੈ। ਹੁਣ ਬਿਲਕੁੱਲ ਅਣਜਾਣ ਤੇ ਅਗਿਆਨੀ ਨਹੀਂ ਰਿਹਾ ਅਤੇ ਅਮਲੀ ਤੌਰ 'ਤੇ ਸੋਚਣ ਦੇ ਯੋਗ ਹੋ ਗਿਆ ਹੈ। ਉਸ ਨੂੰ ਮਸ਼ੀਨਾਂ ਤੇ ਖਾਦਾਂ ਮੁਹੱਈਆ ਕਰ ਦਿੱਤੀਆਂ ਗਈਆਂ ਹਨ, ਸਾਰੇ ਸਕੂਲਾਂ ਵੱਲ ਜਾਂਦਾ ਰਾਹ ਉਸ ਲਈ ਖੁੱਲ੍ਹਾ ਹੈ ਅਤੇ ਹਰ ਸਾਲ ਹਜ਼ਾਰਾਂ ਕਿਸਾਨ ਬੱਚੇ ਇੰਜੀਨੀਅਰ, ਭੂ ਵਿਗਿਆਨੀ ਤੇ ਡਾਕਟਰ ਬਣਨ ਲਈ ਦਾਖਲ ਹੁੰਦੇ ਹਨ। ਕਿਸਾਨ ਨੇ ਇਹ ਸਮਝਣਾ ਸ਼ੁਰੂ ਕਰ ਦਿੱਤਾ ਹੈ, ਕਿ ਮਜ਼ਦੂਰ ਜਮਾਤ, ਜਿਵੇਂ ਕਿ ਇਸ ਦੀ ਪਾਰਟੀ ਨੇ ਆਖਿਆ ਹੈ, ਸੋਵੀਅਤ ਯੂਨੀਅਨ ਵਿੱਚ ਇੱਕੋ ਇੱਕ ਮਾਲਕ ਪੈਦਾ ਕਰਨ ਦਾ ਯਤਨ ਕਰ ਰਹੀ ਹੈ, ਮਾਲਕ ਜਿਸ ਦੇ 16,000,0000 ਸਿਰ ਤੇ 32,000,0000 ਹੱਥ ਹਨ—ਅਤੇ ਇਹ ਮੁੱਖ ਗੱਲ ਹੈ ਜਿਸ ਨੂੰ ਸਮਝਣਾ ਉਸ ਲਈ ਜ਼ਰੂਰੀ ਹੈ। ਕਿਸਾਨ ਵੇਖਦਾ ਹੈ ਕਿ ਉਸ ਦੇ ਦੇਸ਼ ਵਿੱਚ ਕੀਤੀ ਜਾ ਰਹੀ ਹਰ ਗੱਲ ਸਾਰਿਆਂ ਲਈ ਕੀਤੀ ਜਾ ਰਹੀ ਹੈ ਅਤੇ ਧਨਾਢ ਲੋਕਾਂ ਦੀ ਇੱਕ ਛੋਟੀ ਜਿਹੀ ਟੋਲੀ ਲਈ ਨਹੀਂ ਕੀਤੀ ਜਾ ਰਹੀ ਕਿਸਾਨ ਵੇਖਦਾ ਹੈ ਕਿ ਸੋਵੀਅਤ ਯੂਨੀਅਨ ਵਿੱਚ ਕੇਵਲ ਉਹੋ ਕੁਝ ਕੀਤਾ ਜਾ ਰਿਹਾ ਹੈ ਜੋ ਉਸ ਲਈ ਲਾਹੇਵੰਦ ਹੈ ਅਤੇ ਦੇਸ਼ ਦੀਆਂ 26 ਜ਼ਰਾਇਤੀ ਖੋਜ ਸੰਸਥਾਵਾਂ ਉਸ ਦੀ ਜ਼ਮੀਨ ਦੀ ਜ਼ਾਰ ਖੇਜ਼ੀ ਨੂੰ ਵਧਾਉਣ ਲਈ ਉਸ ਦਾ ਭਾਰ ਹੌਲ਼ਾ ਕਰਨ ਲਈ ਕੰਮ ਕਰ ਰਹੀਆਂ ਹਨ।

ਕਿਸਾਨ ਗੰਦੇ ਮੰਦੇ ਪਿੰਡਾਂ ਵਿੱਚ ਨਹੀਂ ਰਹਿਣਾ ਚਾਹੁੰਦਾ, ਜਿਵੇਂ ਕਿ ਉਹ ਸਦੀਆਂ ਤੋਂ ਰਹਿੰਦਾ ਆ ਰਿਹਾ ਹੈ ਸਗੋਂ ਜ਼ਰਾਇਤੀ ਸ਼ਹਿਰਾਂ ਵਿੱਚ ਰਹਿਣਾ ਚਾਹੁੰਦਾ ਹੈ ਜਿੱਥੇ ਚੰਗੇ ਸਕੂਲ ਤੇ ਉਸ ਦੇ ਬੱਚਿਆਂ ਲਈ ਬਾਲਵਾੜੀਆਂ ਅਤੇ ਉਸ ਦੇ ਆਪਣੇ ਲਈ ਥੇਟਰ, ਕਲੱਬ, ਲਾਇਬ੍ਰੇਰੀਆਂ ਤੇ ਸਿਨੇਮਾਂ ਘਰ ਹਨ। ਕਿਸਾਨ ਵਿੱਚ ਗਿਆਨ ਦੀ ਵੱਧ ਰਹੀ ਪਿਆਸ ਅਤੇ ਇੱਕ ਸੁਧਰੇ ਹੋਏ ਜੀਵਨ ਲਈ ਵਧਣ ਦੇ ਸੁਆਦ ਪੈਦਾ ਹੋ ਰਹੇ ਹਨ। ਜੇ ਕਿਸਾਨ ਇਹ ਸਭ ਕੁਝ ਨਾ ਸਮਝਿਆ ਹੁੰਦਾ ਤਾਂ ਸੋਵੀਅਤ ਯੂਨੀਅਨ ਵਿੱਚ ਇਹਨਾਂ 10 ਸਾਲਾਂ ਵਿੱਚ ਹੋਏ ਕੰਮ ਨੇ ਇਤਨੇ ਸ਼ਾਨਦਾਰ ਸਿੱਟੇ ਪ੍ਰਾਪਤ ਨਾ ਕੀਤੇ ਹੁੰਦੇ ਜੋ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਸਾਂਝੀਆਂ ਸ਼ਕਤੀਆਂ ਰਾਹੀਂ ਪ੍ਰਾਪਤ ਕੀਤੇ ਗਏ ਹਨ।

ਬੁਰਜੂਆ ਦੇਸ਼ਾਂ ਵਿੱਚ ਕਿਰਤੀ ਲੋਕ ਇੱਕ ਮੈਕਾਨਕ ਤਾਕਤ ਹਨ ਅਤੇ ਸਮੂਹਕ ਤੌਰ 'ਤੇ ਆਪਣੀ ਮਿਹਨਤ ਦੀ ਸੱਭਿਆਚਾਰਕ ਮਹੱਤਤਾ ਤੋਂ ਅਣਜਾਣ ਹਨ। ਤੁਹਾਡੇ ਦੇਸ਼ ਵਿੱਚ ਮਾਲਕ ਕੌਮੀ ਸ਼ਕਤੀਆਂ ਦੇ ਲੁਟੇਰਿਆਂ ਦੇ, ਕਿਰਤੀ ਲੋਕਾਂ ਦਾ ਲਹੂ ਚੂਸਣ ਵਾਲ਼ੀਆਂ ਜੋਕਾਂ

ਦੇ ਟਰੱਸਟ ਤੇ ਜਥੇਬੰਦੀਆਂ ਹਨ। ਆਪੋ ਵਿੱਚ ਲੜਦਿਆਂ, ਪੈਸੇ ਦੀ ਵਰਤੋਂ ਰਾਹੀਂ ਇੱਕ ਦੂਜੇ ਨੂੰ ਤਬਾਹ ਕਰਨ ਦੇ ਯਤਨ ਕਰਦਿਆਂ ਉਹ ਸਟਾਕ ਐਕਸਚੇਂਜ ਦੇ ਭਿਅੰਕਰ ਛਲ ਫਰੇਬਾਂ ਦੇ ਉਪਰਾਲੇ ਕਰਦੇ ਹਨ—ਅਤੇ ਹੁਣ ਅਖੀਰ, ਉਹਨਾਂ ਦੀ ਅਰਾਜਕਤਾ ਨੇ ਦੇਸ਼ ਨੂੰ ਅਸਾਧ ਸੰਕਟ ਵਿੱਚ ਫਸਾ ਦਿੱਤਾ ਹੈ। ਲੱਖਾਂ ਮਜ਼ਦੂਰ ਭੁੱਖ ਮਰੀ ਦਾ ਸ਼ਿਕਾਰ ਹੋ ਰਹੇ ਹਨ, ਕੌਮ ਦੀ ਸਿਹਤ ਛਿੰਨ-ਭਿੰਨ ਹੁੰਦੀ ਜਾ ਰਹੀ ਹੈ, ਬੱਚਿਆਂ ਦੀ ਮੌਤ ਦਰ ਤਬਾਹਕੁਨ ਹਾਲਤ ਤੱਕ ਵੱਧ ਰਹੀ ਹੈ, ਆਤਮਘਾਤਾਂ ਦੀ ਗਿਣਤੀ ਵੱਧ ਰਹੀ ਹੈ ਅਤੇ ਸੱਭਿਆਚਾਰ ਦੀ ਬੁਨਿਆਦੀ ਮਿੱਟੀ, ਇਸ ਦੀ ਜਿਊਂਦੀ ਮਨੁੱਖੀ ਸ਼ਕਤੀ ਨਿਖੁੱਟਦੀ ਜਾ ਰਹੀ ਹੈ ਅਤੇ ਇਸ ਗੱਲ ਨੂੰ ਧਿਆਨ ਵਿੱਚ ਨਾ ਰੱਖਦਿਆਂ ਤੁਹਾਡੀ ਸੈਨੇਟ ਨੇ ਬੇਰੁਜ਼ਗਾਰਾਂ ਨੂੰ ਤੁਰੰਤ ਮਦਦ ਦੇਣ ਲਈ ਸਾਢੇ ਸੈਂਤੀ ਕਰੋੜ ਡਾਲਰ ਦੀ ਰਕਮ ਲਈ ਲਾ ਫੋਲੇਤੇਕੋਸਟੀਗਨ ਬਿੱਲ ਅਪ੍ਰਵਾਨ ਕਰ ਦਿੱਤਾ ਹੈ, ਜਦ ਕਿ ਨਿਊਯਾਰਕ ਦਾ **ਯਾਰਕ ਅਮਰੀਕਨ** ਇਹ ਅੰਕੜੇ ਛਾਪ ਰਿਹਾ ਹੈ ਜੋ ਇਹ ਦਰਸਾਉਂਦੇ ਹਨ ਕਿ **ਨਿਊਯਾਰਕ** ਵਿੱਚ 1930 ਵਿੱਚ 15,3,731 ਤੇ 1931 ਵਿੱਚ 19,8,738 ਬੇਰੁਜ਼ਗਾਰਾਂ ਤੇ ਉਹਨਾਂ ਦੇ ਪਰਿਵਾਰਾਂ ਨੂੰ ਮਕਾਨਾਂ ਦਾ ਕਰਾਇਆ ਨਾ ਦੇਣ ਕਾਰਨ ਘਰਾਂ ਵਿੱਚੋਂ ਕੱਢ ਦਿੱਤਾ ਗਿਆ ਹੈ। ਇਸ ਸਾਲ ਜਨਵਰੀ ਵਿੱਚ, **ਨਿਊਯਾਰਕ** ਵਿੱਚ ਹਰ ਰੋਜ਼ ਸੈਂਕੜੇ ਬੇਰੁਜ਼ਗਾਰਾਂ ਨੂੰ ਘਰਾਂ ਵਿੱਚੋਂ ਕੱਢਿਆ ਜਾ ਰਿਹਾ ਹੈ।

ਸੋਵੀਅਤ ਯੂਨੀਅਨ ਵਿੱਚ ਰਾਜ ਪ੍ਰਬੰਧਕ ਤੇ ਵਿਧਾਨਕ ਮਜ਼ਦੂਰ ਤੇ ਕਿਸਾਨੀ ਦਾ ਉਹ ਭਾਗ ਹਨ ਜੋ ਜ਼ਮੀਨ ਦੀ ਨਿੱਜੀ ਮਾਲਕੀ ਨੂੰ ਖਤਮ ਕਰਨ ਦੀ ਅਤੇ ਖੇਤਾਂ ਦੀ ਕਾਸ਼ਤ ਦੇ ਸਮਾਜੀਕਰਨ ਤੇ ਮਸ਼ੀਨੀਕਰਨ ਦੀ ਜ਼ਰੂਰਤ ਨੂੰ ਸਮਝ ਗਏ ਹਨ, ਜੋ ਇਹ ਸਮਝ ਗਏ ਹਨ ਕਿ ਉਹਨਾਂ ਨੂੰ ਮਾਨਸਕ ਤੌਰ 'ਤੇ ਆਪਣੇ ਆਪ ਨੂੰ ਉਸੇ ਪ੍ਰਕਾਰ ਦੇ ਕਾਮਿਆਂ ਵਿੱਚ ਰਲ਼ਣਾ ਚਾਹੀਦਾ ਹੈ ਜਿਹੜੇ ਮਿੱਲਾਂ ਤੇ ਕਾਰਖਾਨਿਆਂ ਵਿੱਚ ਕੰਮ ਕਰਦੇ ਹਨ, ਦੂਜੇ ਸ਼ਬਦਾਂ ਵਿੱਚ, ਉਹਨਾਂ ਨੂੰ ਦੇਸ਼ ਦੇ ਅਸਲੀ ਤੇ ਇੱਕੋ ਇੱਕ ਮਾਲਕ ਬਣਨਾ ਚਾਹੀਦਾ ਹੈ। ਸਾਂਝੇ ਕਿਸਾਨ ਕਾਮਿਆਂ ਤੇ ਕਮਿਊਨਿਸਟਾਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਇਹ ਇਸ ਤੋਂ ਵੀ ਤੇਜ਼ ਰਫਤਾਰੀ ਨਾਲ਼ ਵਧੇਗੀ, ਜਿਉਂ ਜਿਉਂ ਨਵੀਂ ਪੀੜ੍ਹੀ ਭੋਂ ਗੁਲਾਮੀ ਦੇ ਅਤੇ ਸਦੀਆਂ ਦੀ ਗੁਲਾਮਾਨਾ ਹੋਂਦ ਵਿੱਚੋਂ ਪੈਦਾ ਹੋਏ ਵਹਿਮਾਂ ਦੇ ਵਿਰਸੇ ਤੋਂ ਮੁਕਤ ਹੁੰਦੀ ਜਾਵੇਗੀ।

ਸੋਵੀਅਤ ਯੂਨੀਅਨ ਵਿੱਚ ਕਾਨੂੰਨ ਹੇਠੋਂ ਬਣਾਏ ਜਾਂਦੇ ਹਨ, ਉਹ ਕਿਰਤੀ ਜਨਸਮੂਹਾਂ ਵਿਚਾਲੇ ਉਪਜਦੇ ਹਨ ਅਤੇ ਉਹਨਾਂ ਦੀ ਅਤਿ ਜ਼ਰੂਰੀ ਸਰਗਰਮੀ ਦੀਆਂ ਹਾਲਤਾਂ ਵਿੱਚੋਂ ਪ੍ਰਗਟ ਹੁੰਦੇ ਹਨ; ਸੋਵੀਅਤ ਸਰਕਾਰ ਤੇ ਪਾਰਟੀ ਉਹਨਾਂ ਨੂੰ ਤਿਆਰ ਕਰਦੀ ਹੈ ਅਤੇ ਵਿਧਾਨਕ ਤੌਰ 'ਤੇ ਉਸ ਨੂੰ ਹੀ ਅਮਲ ਵਿੱਚ ਲਿਆਂਦਾ ਜਾਂਦਾ ਹੈ ਜੋ ਮਜ਼ਦੂਰਾਂ ਤੇ ਕਿਸਾਨਾਂ ਦੀ ਮਿਹਨਤ ਦੇ ਅਮਲਾਂ ਵਿੱਚ ਪ੍ਰਪੱਕ ਹੁੰਦਾ ਹੈ—ਮਿਹਨਤ, ਜਿਸ ਦਾ ਮੁੱਖ ਉਦੇਸ਼ ਸਾਮਾਨ ਲੋਕਾਂ ਦੇ ਸਮਾਜ ਨੂੰ ਸਿਰਜਣਾ ਹੈ। ਪਾਰਟੀ ਕੇਵਲ ਇਸ ਹੱਦ ਤੱਕ ਡਿਕਟੇਟਰ ਹੈ ਜਿਸ ਤੱਕ ਉਹ ਜਥੇਬੰਦ ਕੇਂਦਰ ਹੈ, ਕਿਰਤੀ ਜਨ-ਸਮੂਹਾਂ ਦੀ ਮਾਨਸਕ-ਦਿਮਾਗੀ ਪ੍ਰਣਾਲੀ ਹੈ; ਪਾਰਟੀ ਦਾ ਉਦੇਸ਼ ਜਿਤਨੀ ਜਲਦੀ ਸੰਭਵ ਹੋਵੇ ਸਰੀਰਕ ਸ਼ਕਤੀ ਨੂੰ ਬੌਧਿਕ ਸ਼ਕਤੀ ਦੇ ਸੰਭਵ, ਸਭ ਤੋਂ ਵੱਡੇ ਅਨੁਪਾਤ ਵਿੱਚ ਤਬਦੀਲ ਕਰਨਾ ਹੈ, ਤਾਂ ਜੋ ਹਰ ਵਿਅਕਤੀ ਦੀਆਂ, ਵਸੋਂ ਦੇ ਸਮੁੱਚੇ

ਸਮੂਹ ਦੀਆਂ ਯੋਗਤਾਵਾਂ ਤੇ ਸਮਰੱਥਾਵਾਂ ਦੇ ਵਿਕਾਸ ਲਈ ਅਜ਼ਾਦੀ ਤੇ ਸਮਰੱਥਾ ਪ੍ਰਦਾਨ ਕੀਤਾ ਜਾਵੇ।

ਬੁਰਜੂਆ ਰਾਜ, ਵਿਅਕਤੀਵਾਦ ਨੂੰ ਪਰਣਾਇਆ ਹੋਣ ਕਾਰਨ, ਨੌਜਵਾਨਾਂ ਨੂੰ ਆਪਣੇ ਨਿੱਜੀ ਹਿੱਤਾਂ ਤੇ ਰਵਾਇਤਾਂ ਦੀ ਭਾਵਨਾ ਵਿੱਚ ਜ਼ੋਰ ਸ਼ੋਰ ਨਾਲ਼ ਸੁਸਿੱਖਿਅਤ ਕਰਦਾ ਹੈ। ਨਿਰਸੰਦੇਹ, ਇਹ ਗੱਲ ਕੁਦਰਤੀ ਹੈ। ਪਰ ਅਸੀਂ ਮੁੱਖ ਤੌਰ 'ਤੇ ਬੁਰਜੂਆ ਸਮਾਜ ਦੇ ਨੌਜਵਾਨਾਂ ਵਿੱਚ ਹੀ ਵੇਖਦੇ ਹਾਂ ਕਿ ਅਰਾਜਕਤਾਵਾਦੀ ਵਿਚਾਰ ਤੇ ਸਿਧਾਂਤ ਨਿਰੰਤਰ ਪੈਦਾ ਹੁੰਦੇ ਤੇ ਪਨਪਦੇ ਹਨ—ਅਤੇ ਇਹ ਗੱਲ ਗੈਰ ਕੁਦਰਤੀ ਹੈ ਅਤੇ ਇੱਕ ਅਜਿਹੇ ਵਾਤਾਵਰਣ ਦੇ ਅਸਧਾਰਨ ਤੇ ਬੀਮਾਰ ਵਾਤਾਵਰਨ ਦੀ ਸੂਚਕ ਹੈ ਜਿਸ ਵਿੱਚ ਲੋਕਾਂ ਦੇ ਸੰਘ ਘੁਟੀਂਦੇ ਹਨ ਅਤੇ ਅਖੀਰ ਵਿੱਚ ਵਿਅਕਤੀ ਅਸੀਮ ਖੁੱਲ੍ਹ ਪ੍ਰਾਪਤ ਕਰਨ ਲਈ ਸਮਾਜ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦੇ ਸੁਪਨੇ ਲੈਣ ਲੱਗ ਪੈਂਦਾ ਹੈ। ਜਿਵੇਂ ਤੁਸੀਂ ਜਾਣਦੇ ਹੋ, ਤੁਹਾਡਾ ਨੌਜਵਾਨ ਕੇਵਲ ਇਸ ਗੱਲ ਦਾ ਸੁਪਨਾ ਹੀ ਨਹੀਂ ਲੈਂਦਾ ਸਗੋਂ ਇਸੇ ਅਨੁਸਾਰ ਕੰਮ ਵੀ ਕਰਦਾ ਹੈ। ਯੂਰਪ ਦੀਆਂ ਅਖ਼ਬਾਰਾਂ ਵਿੱਚ "ਖਰਮਸਤੀਆਂ" ਦੀਆਂ ਵਧੇਰੇ ਤੋਂ ਵਧੇਰੇ ਰਿਪੋਰਟਾਂ ਵੇਖਣ ਵਿੱਚ ਆਉਂਦੀਆਂ ਹਨ—ਇਹ ਖਰਮਸਤੀਆਂ ਮੁਜਰਮਾਨਾ ਖਾਸੀਅਤ ਦੀਆਂ ਹੁੰਦੀਆਂ ਸਨ—ਜੋ ਤੁਹਾਡੇ ਅਤੇ ਇਸ ਦੇ ਬੁਰਜੂਆ ਨੌਜਵਾਨਾਂ ਵੱਲੋਂ ਕੀਤੀਆਂ ਜਾਂਦੀਆਂ ਹਨ। ਇਹ ਜੁਰਮ ਕੋਈ ਪਦਾਰਥਕ ਥੁੜ੍ਹ ਵਿੱਚੋਂ ਨਹੀਂ, ਸਗੋਂ "ਜ਼ਿੰਦਗੀ ਦੇ ਅਕੇਵੇ" ਵਿੱਚੋਂ, ਜਗਿਆਸਾ ਵਿੱਚੋਂ, "ਰੋਮਾਂਚ" ਲਈ ਉਤੇਜਨਾ ਵਿੱਚੋਂ ਪੈਦਾ ਹੁੰਦੇ ਹਨ ਅਤੇ ਇਹਨਾਂ ਸਾਰੇ ਜੁਰਮਾਂ ਦੀ ਤਹਿ ਵਿੱਚ ਵਿਅਕਤੀ ਤੇ ਉਸਦੇ ਜੀਵਨ ਦੀ ਬਹੁਤ ਨੀਵੀਂ ਰਾਏ ਸਥਿਤ ਹੈ। ਆਪਣੇ ਅੰਦਰ ਮਜ਼ਦੂਰਾਂ ਤੇ ਕਿਸਾਨਾਂ ਦੀ ਬਹੁਤ ਹੀ ਪ੍ਰਤਿਭਾਸ਼ਾਲੀ ਸੰਤਾਨ ਨੂੰ ਖਪਾਉਂਦਿਆਂ ਅਤੇ ਉਹਨਾਂ ਨੂੰ ਆਪਣੇ ਹਿੱਤਾਂ ਲਈ ਕੰਮ ਲਈ ਮਜਬੂਰ ਕਰਦਿਆਂ ਬੁਰਜੂਆਜ਼ੀ ਇੱਕ "ਯਕੀਨੀ ਨਿੱਜੀ ਖੁਸ਼ਹਾਲੀ"—ਇੱਕ ਸੁਖਦਾਈ ਘੁਰਨਾ, ਇੱਕ ਸੁਰੱਖਿਅਤ ਖੁੱਡ—ਵਿਅਕਤੀ ਦੀ "ਅਜ਼ਾਦੀ" ਦੀ ਫੜ੍ਹ ਮਾਰਦੀ ਹੈ। ਪਰ ਨਿਰਸੰਦੇਹ, ਤੁਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰੋਗੇ ਕਿ ਤੁਹਾਡੇ ਸਮਾਜ ਵਿੱਚ ਹਜ਼ਾਰਾਂ ਪ੍ਰਤਿਭਾਸ਼ਾਲੀ ਲੋਕ ਉਜੱਡ ਖੁਸ਼ਹਾਲੀ ਪ੍ਰਾਪਤ ਹੁੰਦੇ ਕਰਦੇ ਤਬਾਹ ਹੋ ਜਾਂਦੇ ਹਨ ਕਿਉਂ ਜੋ ਉਹ ਬੁਰਜੂਆ ਜੀਵਨ ਦੀਆਂ ਹਾਲਤਾਂ ਵੱਲੋਂ ਉਹਨਾਂ ਦੇ ਰਾਹ ਵਿੱਚ ਖੜ੍ਹੀਆਂ ਕੀਤੀਆਂ ਗਈਆਂ ਰੋਕਾਂ ਉੱਤੇ ਕਾਬੂ ਪਾਉਣ ਦੇ ਅਯੋਗ ਕਰਦੇ ਹਨ ਯੂਰਪ ਤੇ ਅਮਰੀਕਾ ਦਾ ਸਾਹਿਤ ਉਹਨਾਂ ਪ੍ਰਬੀਨ ਲੋਕਾਂ ਦੇ ਵਿਵਰਣਾਂ ਨਾਲ਼ ਭਰਿਆ ਹੋਇਆ ਹੈ ਜੋ ਇੱਕ ਫਲ-ਰਹਿਤ ਅੰਤ 'ਤੇ ਪੁੱਜਦੇ ਹਨ। ਬੁਰਜੂਆਜ਼ੀ ਦਾ ਇਤਿਹਾਸ ਇਸ ਦੀ ਆਤਮਕ ਕੰਗਾਲੀ ਦਾ ਇਤਿਹਾਸ ਹੈ। ਸਾਡੇ ਸਮਿਆਂ ਵਿੱਚ ਬੁਰਜੂਆਜ਼ੀ ਕਿਹੜੀਆਂ ਪ੍ਰਤਿਭਾਸ਼ਾਲੀ ਪ੍ਰਾਪਤੀਆਂ ਦੀ ਫੜ੍ਹ ਮਾਰ ਸਕਦੀ ਹੈ ? ਵੰਨ ਸੁਵੰਨੇ ਹਿਟਲਰਾਂ, ਖਬਤ ਦੇ ਸ਼ਿਕਾਰ ਗਿੱਠ-ਮੁੱਠੀਆਂ ਤੋਂ ਬਿਨਾਂ, ਇਸ ਕੋਲ਼ ਫੜ੍ਹ ਮਾਰਨ ਲਈ ਕੁਝ ਵੀ ਨਹੀਂ ਹੈ।

ਸੋਵੀਅਤ ਯੂਨੀਅਨ ਦੀਆਂ ਕੌਮਾਂ ਪੁਨਰ ਸੁਰਜੀਤੀ ਦੇ ਇੱਕ ਯੁੱਗ ਵਿੱਚ ਪ੍ਰਵੇਸ਼ ਕਰ ਰਹੀਆਂ ਹਨ। ਅਕਤੂਬਰ ਇਨਕਲਾਬ ਨੇ ਲੱਖਾਂ ਪ੍ਰਤਿਭਾਸ਼ਾਲੀ ਲੋਕਾਂ ਨੂੰ ਇੱਕ ਸਜੀਵ ਸਰਗਰਮੀ ਨਾਲ਼ ਉਤਸ਼ਾਹਤ ਕੀਤਾ ਹੈ, ਪਰ ਇਹ ਅਜੇ ਇਤਨੀ ਥੋੜ੍ਹੀ ਗਿਣਤੀ ਵਿੱਚ ਹਨ

ਕਿ ਮਜ਼ਦੂਰ ਜਮਾਤ ਵੱਲੋਂ ਆਪਣੇ ਲਈ ਨਿਸ਼ਚਿਤ ਕੀਤੇ ਮਹਾਨ ਉਦੇਸ਼ਾਂ ਨੂੰ ਪੂਰਾ ਨਹੀਂ ਕਰ ਸਕਦੇ। ਸੋਵੀਅਤ ਯੂਨੀਅਨ ਵਿੱਚ ਬੇਰੁਜ਼ਗਾਰੀ ਕੋਈ ਨਹੀਂ ਹੈ ਅਤੇ ਹਰ ਥਾਂ 'ਤੇ ਮਨੁੱਖੀ ਘਾਲਣਾ ਦੇ ਹਰ ਖੇਤਰ ਵਿੱਚ ਸ਼ਕਤੀਆਂ ਅਜੇ ਨਾ-ਕਾਫੀ ਹਨ, ਭਾਵੇਂ ਉਹ ਅਜਿਹੀ ਤੇਜ਼ ਰਫਤਾਰ ਨਾਲ ਵੱਧ ਰਹੀਆਂ ਹਨ ਜਿਹੋ ਜਿਹੀ ਪਹਿਲਾਂ ਕਿਸੇ ਥਾਂ 'ਤੇ ਕਦੇ ਵੇਖਣ ਵਿੱਚ ਨਹੀਂ ਆਈ।

ਤੁਸੀਂ, ਬੁੱਧੀਜੀਵੀ, "ਸੱਭਿਆਚਾਰ ਦੇ ਸੁਆਮੀ", ਚੰਗਾ ਹੋਵੇਗਾ ਜੇ ਇਹ ਸਮਝ ਜਾਵੋ ਕਿ ਜਦੋਂ ਇੱਕ ਵਾਰ ਮਜ਼ਦੂਰ ਜਮਾਤ ਰਾਜਨੀਤਕ ਸੱਤ੍ਹਾ ਆਪਣੇ ਹੱਥਾਂ ਵਿੱਚ ਲੈ ਲੈਂਦੀ ਹੈ, ਇਹ ਤੁਹਾਡੇ ਲਈ ਰਚਨਾਤਮਕ ਸੱਭਿਆਚਾਰਕ ਘਾਲਣਾ ਲਈ ਵਿਸ਼ਾਲ ਤੋਂ ਵਿਸ਼ਾਲ ਸੰਭਾਵਨਾਵਾਂ ਦੇ ਦਰ ਖੋਲ੍ਹ ਦੇਵੇਗੀ।

ਵੇਖੋ, ਇਤਿਹਾਸ ਨੇ ਰੂਸੀ ਬੁੱਧੀਜੀਵੀਆਂ ਨੂੰ ਕਿਤਨਾ ਕਠੋਰ ਸਬਕ ਦਿੱਤਾ ਹੈ। ਉਹਨਾਂ ਨੇ ਆਪਣੇ ਕਿਰਤੀ ਲੋਕਾਂ ਦਾ ਸਾਥ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਹੁਣ ਇਹ ਨਿਪੁੰਸਕ ਕਰੋਧ ਵਿੱਚ ਤਰੱਕ ਰਹੇ ਹਨ, ਦੇਸ਼ ਵਿੱਚ ਸੜ੍ਹਿਆਂਦ ਛੱਡ ਰਹੇ ਹਨ, ਛੇਤੀ ਉਹ ਪੂਰੀ ਤਰ੍ਹਾਂ ਖਤਮ ਹੋ ਜਾਣਗੇ ਅਤੇ ਕੇਵਲ ਗੱਦਾਰਾਂ ਵਜੋਂ ਚੇਤੇ ਕੀਤੇ ਜਾਣਗੇ।

ਬੁਰਜੂਆਜ਼ੀ ਸੱਭਿਆਚਾਰ ਦੀ ਦੁਸ਼ਮਣ ਹੈ ਅਤੇ ਦੁਸ਼ਮਣੀ ਕਰਨ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਕਰ ਸਕਦੀ—ਇਹ ਇੱਕ ਸੱਚਾਈ ਹੈ ਜਿਸ ਦੀ ਤਸਦੀਕ ਬੁਰਜੂਆ ਹਕੀਕਤ ਰਾਹੀਂ, ਪੂੰਜੀਵਾਦੀ ਰਾਜਾਂ ਦੇ ਸਾਰੇ ਅਮਲ ਰਾਹੀਂ ਹੋ ਗਈ ਹੈ। ਬੁਰਜੂਆਜ਼ੀ ਨੇ ਆਮ ਨਿਸ਼ਸਤਰੀਕਰਨ ਬਾਰੇ ਸੋਵੀਅਤ ਯੂਨੀਅਨ ਦੇ ਪ੍ਰੋਜੈਕਟ ਨੂੰ ਰੱਦ ਕਰ ਦਿੱਤਾ ਹੈ ਅਤੇ ਕੇਵਲ ਇਹੋ ਇਕੱਲੀ ਗੱਲ ਸਾਡੇ ਇਸ ਕਥਨ ਨੂੰ ਹੱਕੀ ਠਹਿਰਾਉਂਦੀ ਹੈ ਕਿ ਪੂੰਜੀਪਤੀ ਸਮਾਜਿਕ ਤੌਰ 'ਤੇ ਖਤਰਨਾਕ ਲੋਕ ਹਨ ਅਤੇ ਉਹ ਇੱਕ ਨਵੀਂ ਸੰਸਾਰ ਜੰਗ ਦੀ ਤਿਆਰੀ ਕਰ ਰਹੇ ਹਨ। ਉਹ ਸੋਵੀਅਤ ਯੂਨੀਅਨ ਨੂੰ ਸੁਰੱਖਿਆ ਦੀ ਤੀਖਣ ਹਾਲਤ ਵਿੱਚ ਰੱਖ ਰਹੇ ਹਨ, ਮਜ਼ਦੂਰ ਜਮਾਤ ਨੂੰ ਪੂੰਜੀਪਤੀਆਂ ਦੇ ਵਿਰੁੱਧ ਸੁਰੱਖਿਆ ਦੇ ਹਥਿਆਰਾਂ ਦੀ ਉਪਜ ਉੱਤੇ ਕੀਮਤੀ ਸਮਾਂ ਤੇ ਪਦਾਰਥ ਖਰਚ ਕਰਨ 'ਤੇ ਮਜ਼ਬੂਰ ਕਰ ਰਹੇ ਹਨ ਜਿਹੜੇ ਪੂੰਜੀਪਤੀ ਸੋਵੀਅਤ ਯੂਨੀਅਨ ਉੱਤੇ ਹਮਲਾ ਕਰਨ ਲਈ ਅਤੇ ਇਸ ਅਥਾਹ ਵੱਡੇ ਦੇਸ਼ ਨੂੰ ਆਪਣੀ ਬਸਤੀ, ਆਪਣੀ ਮੰਡੀ ਵਿੱਚ ਬਦਲਣ ਲਈ ਜਥੇਬੰਦ ਹੋ ਰਹੇ ਹਨ। ਸੋਵੀਅਤ ਯੂਨੀਅਨ ਦੀਆਂ ਕੌਮਾਂ ਨੂੰ ਪੂੰਜੀਪਤੀਆਂ ਦੇ ਵਿਰੁੱਧ ਸਵੈ-ਰੱਖਿਆ ਉੱਤੇ ਵਿਸ਼ਾਲ ਮਾਤਰਾ ਵਿੱਚ ਸ਼ਕਤੀ ਤੇ ਸਾਧਨ ਖਰਚਣੇ ਪੈ ਰਹੇ ਹਨ ਜਿਸ ਸ਼ਕਤੀ ਤੇ ਸਾਧਨਾਂ ਦਾ ਮਨੁੱਖਤਾ ਦੀ ਸੱਭਿਆਚਾਰਕ ਪੁਨਰ ਸੁਰਜੀਤੀ ਦੇ ਵਾਧੇ ਲਈ, ਸੋਵੀਅਤ ਯੂਨੀਅਨ ਵਿੱਚ ਉਸਾਰੀ ਦੇ ਅਮਲ ਲਈ ਵਰਤਿਆ ਜਾਣਾ ਸਾਰੀ ਮਨੁੱਖਤਾ ਲਈ ਮਹੱਤਵਪੂਰਨ ਹੋ ਸਕਦਾ ਹੈ।

ਬੁਰਜੂਆਜ਼ੀ ਦਾ, ਜੋ ਘ੍ਰਿਣਾ ਤੋਂ ਅਤੇ ਭਵਿੱਖ ਦੇ ਡਰ ਤੋਂ ਖਬਤੀ ਹੋ ਗਈ ਹੈ। ਗੰਦਾ ਵਾਤਾਵਰਨ ਮੂਰਖਾਂ ਦੀ ਨਿੱਤ-ਵੱਧਦੀ ਗਿਣਤੀ ਪੈਦਾ ਕਰ ਰਿਹਾ ਹੈ, ਜਿਨ੍ਹਾਂ ਨੂੰ, ਜਿਹੜਾ ਉਹ ਚੀਕ ਚਿਹਾੜਾ ਪਾ ਰਹੇ ਹਨ ਉਸ ਦੀ ਮਹੱਤਤਾ ਦਾ ਉੱਕਾ ਹੀ ਕੁਝ ਪਤਾ ਨਹੀਂ। ਉਹਨਾਂ ਵਿੱਚੋਂ ਇੱਕ "ਯੂਰਪ ਦੇ ਭੱਦਰ ਪੁਰਸ਼ਾਂ, ਹਾਕਮਾਂ ਤੇ ਡਿਪਲੋਮੈਟਾਂ" ਨੂੰ ਇਸ ਤਰ੍ਹਾਂ ਦੀ ਅਪੀਲ

ਕਰਦਾ ਹੈ: "ਸਮਾਂ ਆ ਗਿਆ ਹੈ ਕਿ ਯੂਰਪ ਤੀਜੀ ਇੰਟਰਨੈਸ਼ਨਲ ਨੂੰ ਕੁਚਲਣ ਲਈ ਪੀਲ਼ੀ ਨਸਲ ਦੀ ਵਰਤੋਂ ਕਰੇ।" ਇਹ ਬਿਲਕੁੱਲ ਸੰਭਵ ਹੈ ਕਿ ਇਸ ਮੂਰਖ ਨੇ "ਭੱਦਰ ਪੁਰਸ਼ਾਂ" ਦੇ, "ਡਿਪਲੋਮੈਟਾਂ ਤੇ ਹਾਕਮਾਂ" ਦੇ, ਆਪਣੇ ਵਰਗਿਆਂ ਦੇ ਸੁਪਨੇ ਤੇ ਇਰਾਦੇ ਉਗਲੱਛੇ ਹੋਣ। ਇਹ ਬਿਲਕੁੱਲ ਸੰਭਵ ਹੈ ਕਿ ਇੱਥੇ ਅਜਿਹੇ "ਭੱਦਰ ਪੁਰਸ਼" ਹਨ ਜਿਹੜੇ ਉਹੋ ਕੁਝ ਗੰਭੀਰਤਾ ਨਾਲ਼ ਸੋਚ ਰਹੇ ਹਨ ਜੋ ਕੁਝ ਇਸ ਮੂਰਖ ਨੇ ਉੱਚੀ ਆਵਾਜ਼ ਵਿੱਚ ਆਖ ਦਿੱਤਾ ਹੈ। ਯੂਰਪ ਤੇ ਅਮਰੀਕਾ ਉੱਤੇ ਗੈਰ-ਜ਼ਿੰਮੇਵਾਰ "ਭੱਦਰ ਪੁਰਸ਼" ਰਾਜ ਕਰਦੇ ਹਨ। ਹਿੰਦੁਸਤਾਨ, ਚੀਨ, ਹਿੰਦ-ਚੀਨ ਵਿਚਲੀਆਂ ਘਟਨਾਵਾਂ ਯੂਰਪੀ ਲੋਕਾਂ ਅਤੇ ਆਮ ਤੌਰ 'ਤੇ "ਗੋਰਿਆਂ" ਦੇ ਵਿਰੁੱਧ ਨਸਲੀ ਨਫਰਤ ਦੇ ਵਾਧੇ ਵਿੱਚ ਚੰਗਾ ਚੋਖਾ ਹਿੱਸਾ ਪਾ ਸਕਦੀਆਂ ਹਨ। ਇਹ ਤੀਜੀ ਨਫਰਤ ਹੋਵੇਗੀ ਤੇ ਤੁਸੀਂ, ਮਾਨਵਵਾਦੀ ਚੰਗੀ ਤਰ੍ਹਾਂ ਸੋਚੋਗੇ ਕਿ ਤੁਹਾਨੂੰ ਜਾਂ ਤੁਹਾਡੇ ਬੱਚਿਆਂ ਨੂੰ ਇਸ ਦੀ ਜ਼ਰੂਰਤ ਹੈ ਅਤੇ ਤੁਸੀਂ ਜਰਮਨੀ ਵਿੱਚ "ਪਵਿੱਤਰ ਨਸਲ"—ਇਹ ਫਿਰ ਨਸਲੀ ਨਫਰਤ ਹੀ ਹੈ—ਦੇ ਪ੍ਰਚਾਰ ਤੋਂ ਕਿਹੜੀ ਚੰਗੀ ਚੀਜ਼ ਪ੍ਰਾਪਤ ਕਰਨਾ ਚਾਹੁੰਦੇ ਹੋ ? ਇਹ ਹੈ ਨਮੂਨਾ:

"ਬੁਰਜੀਆ ਦੇ ਨਾਜ਼ੀ ਆਗੂ ਸਾਕਲ ਨੇ ਵੇਹਮਾਰ ਵਿਚਲੇ ਕੌਮੀ ਸੋਸ਼ਲਿਸਟ ਗਰੁੱਪ ਨੂੰ ਇਹ ਹੁਕਮ ਦਿੱਤਾ ਹੈ ਕਿ ਉਹ ਗੋਇਟੇ ਦੀ ਆਉਣ ਵਾਲ਼ੀ 100ਵੀਂ ਬਰਸੀ ਉੱਤੇ ਗੇਰਹਾਰਟ ਹਾਪਟਮਾਨ ਸ਼ਹਿਰ ਵਿੱਚ ਥਾਮਸ ਮਾਨ, ਵਾਲਟਰ ਵੋਨ ਮੋਲੋ ਅਤੇ ਪ੍ਰੋਫੈਸਰ ਹੈਨਰੀ ਲਿਚਟਨ ਬਰਗ ਦੀ ਆਮਦ ਦੇ ਵਿਰੁੱਧ ਰੋਸ ਪ੍ਰਗਟ ਕਰੇ। ਸਾਕਲ ਨੇ ਉਹਨਾਂ ਵਿਰੁੱਧ ਗੈਰ-ਆਰੀਆਈ ਨਸਲ ਦੇ ਹੋਣ ਦਾ ਇਲਜ਼ਾਮ ਲਾਇਆ ਹੈ।"

ਅਤੇ ਤੁਹਾਡੇ ਲਈ ਇਹ ਬਿਲਕੁੱਲ ਢੁੱਕਵਾਂ ਸਮਾਂ ਹੈ ਕਿ ਤੁਸੀਂ ਇਸ ਸਾਦੇ ਜਿਹੇ ਸੁਆਲ ਬਾਰੇ ਫੈਸਲਾ ਕਰੋ: ਤੁਸੀਂ "ਸੱਭਿਆਚਾਰ ਦੇ ਸੁਆਮੀਓ" ਕਿਹੜੇ ਪਾਸੇ ਹੋ ? ਕੀ ਤੁਸੀਂ ਸੱਭਿਆਚਾਰ ਦੇ ਦਸਤਕਾਰਾਂ ਦੇ ਨਾਲ਼ ਹੋ ਅਤੇ ਜੀਵਨ ਦੇ ਨਵੇਂ ਰੂਪ ਦੀ ਰਚਨਾ ਦੇ ਪੱਖ ਵਿੱਚ ਹੋ ਜਾਂ ਕੀ ਤੁਸੀਂ ਉਹਨਾਂ ਦੇ ਵਿਰੁੱਧ ਹੋ ਅਤੇ ਗੈਰ-ਜ਼ਿੰਮੇਵਾਰ ਲੁਟੇਰਿਆ ਦੀ ਇੱਕ ਜ਼ਾਤ ਦੀ ਸਦੀਵਤਾ ਦੇ ਹੱਕ ਵਿੱਚ ਹੋ, ਇੱਕ ਜ਼ਾਤ ਜਿਹੜੀ ਸਿਰ ਤੋਂ ਲੈ ਕੇ ਪੈਰਾਂ ਤੀਕ ਗਲ਼ ਸੜ ਗਈ ਹੈ ਅਤੇ ਜਿਹੜੀ ਕੇਵਲ ਗਤੀ ਹੀਣਤਾ ਵਿੱਚੋਂ ਕੰਮ ਕਰਨਾ ਜਾਰੀ ਰੱਖ ਰਹੀ ਹੈ ?

1932

ਚਿੱਠੀਆਂ

ਖਾਣ-ਪੁੱਟਾਂ ਦੀ ਪੱਛਮੀ ਫ਼ੈਡਰੇਸ਼ਨ ਦੇ ਆਗੂਆਂ ਵਿਲੀਅਮ ਡੀ. ਹੇਅਵੁੱਡ ਅਤੇ ਚਾਰਲਸ ਮੋਏਰ ਨੂੰ

8 ਅਤੇ 12 ਅਪ੍ਰੈਲ ਵਿਚਾਲੇ, 1906, ਨਿਊਯਾਰਕ।

ਸੋਸ਼ਲਿਸਟ–ਵੀਰੋ! ਮੈਂ ਤੁਹਾਨੂੰ ਸਲਾਮ ਭੇਜਦਾ ਹਾਂ। ਇਨਸਾਫ਼ ਦਾ ਅਤੇ ਸਾਰੇ ਸੰਸਾਰ ਦੇ ਦੱਬੇ ਕੁਚਲਿਆਂ ਦੀ ਮੁਕਤੀ ਦਾ ਦਿਨ ਨੇੜੇ ਹੈ।

ਭਰਾਤਰੀ ਤੌਰ 'ਤੇ ਸਦਾ ਲਈ, ਤੁਹਾਡਾ

ਹੋਟਲ ਬੇਲੇਕਲੇਅਰ ਐਮ. ਗੋਰਕੀ

ਨਿਊਯਾਰਕ ਦੀਆਂ ਅਖ਼ਬਾਰਾਂ ਦੇ ਸੰਪਾਦਕਾਂ ਨੂੰ

ਅਪ੍ਰੈਲ ਦਾ ਅੱਧ, 1906, ਨਿਊਯਾਰਕ।

ਮੇਰਾ ਵਿਚਾਰ ਹੈ ਕਿ ਮੇਰੇ ਵਿਰੁੱਧ ਇਹ ਅਯੋਗ ਛੇੜਛਾੜ ਅਮਰੀਕਨਾਂ ਵੱਲੋਂ ਨਹੀਂ ਸੀ ਹੋਣੀ ਚਾਹੀਦੀ, ਉਹਨਾਂ ਪ੍ਰਤੀ ਮੇਰਾ ਸਤਿਕਾਰ ਇੱਕ ਔਰਤ ਵੱਲ ਬਤਮੀਜ਼ੀ ਬਾਰੇ ਉਹਨਾਂ ਉੱਤੇ ਸ਼ੱਕ ਕਰਨ ਦੀ ਆਗਿਆ ਨਹੀਂ ਦੇਵੇਗਾ। ਮੇਰਾ ਕਿਆਸ ਹੈ ਕਿ ਇਹ ਗੰਦ ਰੂਸੀ ਸਰਕਾਰ ਦੇ ਕਿਸੇ ਦੋਸਤ ਵੱਲੋਂ ਉਕਸਾਇਆ ਗਿਆ ਹੈ।

ਮੇਰੀ ਪਤਨੀ ਮੇਰੀ ਪਤਨੀ ਹੈ, ਐਮ. ਗੋਰਕੀ ਦੀ ਪਤਨੀ ਹੈ। ਮੈਂ ਤੇ ਮੇਰੀ ਪਤਨੀ ਦੋਵੇਂ ਹੀ ਇਸ ਮਾਮਲੇ ਦੀ ਕਿਸੇ ਪ੍ਰਕਾਰ ਦੀ ਵਿਆਖਿਆ ਵਿੱਚ ਜਾਣਾ ਆਪਣੇ ਵਕਾਰ ਤੋਂ ਨੀਵੀਂ ਗੱਲ ਸਮਝਦੇ ਹਾਂ। ਨਿਰਸੰਦੇਹ, ਹਰ ਕਿਸੇ ਨੂੰ ਸਾਡੇ ਬਾਰੇ ਕੁੱਝ ਵੀ ਕਹਿਣ ਤੇ ਕੁੱਝ ਵੀ ਸੋਚਣ ਦਾ ਅਧਿਕਾਰ ਪ੍ਰਾਪਤ ਹੈ ਅਤੇ ਅਸੀਂ ਇਸ ਗੱਲ ਨੂੰ ਅੱਖੋਂ ਓਹਲੇ ਕਰਨ ਲਈ ਆਪਣੇ ਮਾਨਵੀ ਅਧਿਕਾਰ ਦੀ ਵਰਤੋਂ ਕਰਾਂਗੇ।

ਐੱਲ. ਬੀ. ਕਰਾਸਿਨ ਨੂੰ

ਮਈ ਦਾ ਅਰੰਭ, 1906, ਨਿਊਯਾਰਕ।

...ਹੁਣ ਜਦ ਕਿ ਕੁੱਝ ਗੱਲ ਬਣ ਗਈ ਹੈ, ਮੇਰੇ ਨਾਲ਼ ਜੋ ਕੁੱਝ ਵਾਪਰ ਰਿਹਾ ਹੈ ਉਸ ਬਾਰੇ ਤੁਹਾਨੂੰ ਕੁੱਝ ਵੇਰਵਾ ਦੇ ਸਕਦਾ ਹਾਂ।

ਇੱਥੇ ਮੇਰਾ ਬਹੁਤ ਹੀ ਨਿੱਘਾ ਸਵਾਗਤ ਕੀਤਾ ਗਿਆ ਅਤੇ ਪਹਿਲੇ 48 ਘੰਟੇ ਸਾਰੇ ਨਿਊਯਾਰਕ ਵਿੱਚ ਮੇਰੇ ਅਤੇ ਮੇਰੀ ਫੇਰੀ ਦੇ ਉਦੇਸ਼ ਸਬੰਧੀ ਲੇਖਾਂ ਦਾ ਹੜ੍ਹ ਆਇਆ ਰਿਹਾ।

ਵਰਡ ਨੇ ਇੱਕ ਲੇਖ ਪ੍ਰਕਾਸ਼ਤ ਕੀਤਾ ਜਿਸ ਵਿੱਚ ਉਸ ਨੇ ਪਹਿਲੀ ਥਾਂ 'ਤੇ ਮੇਰੇ ਉੱਤੇ ਦੋ ਪਤਨੀਆਂ ਰੱਖਣ ਦਾ ਤੇ ਦੂਜੀ ਥਾਂ 'ਤੇ ਅਰਾਜਕਤਾਵਾਦੀ ਵਿਚਾਰ ਰੱਖਣ ਦਾ ਇਲਜ਼ਾਮ ਲਾਇਆ। ਮੇਰੀ ਪਹਿਲੀ ਪਤਨੀ ਤੇ ਬੱਚਿਆਂ ਦੀ ਤਸਵੀਰ ਵੀ ਪ੍ਰਕਾਸ਼ਤ ਕੀਤੀ ਗਈ, ਜਿਨ੍ਹਾਂ ਨੂੰ ਮੈਂ ਉਹਨਾਂ ਦੀ ਕਿਸਮਤ 'ਤੇ ਛੱਡ ਦਿੱਤਾ ਸੀ ਅਤੇ ਹੁਣ ਉਹ ਭੁੱਖੇ ਮਰ ਰਹੇ ਸਨ। ਇੱਕ ਨਮੋਸ਼ੀ ਵਾਲ਼ਾ ਤੱਥ। ਹਰ ਕੋਈ ਮੇਰੇ ਕੋਲ਼ੋਂ ਤਰਹਿਣ ਲੱਗਾ। ਤਿੰਨਾਂ ਹੋਟਲਾਂ ਵਿੱਚੋਂ ਮੈਨੂੰ ਬਾਹਰ ਸੁੱਟਿਆ ਗਿਆ। ਇੱਕ ਅਮਰੀਕੀ ਲੇਖਕ ਨੇ ਮੈਨੂੰ ਉਠਾਇਆ ਅਤੇ ਮੈਂ ਹੈਰਾਨ ਸਾਂ ਕਿ ਹੁਣ ਕੀ ਹੋਵੇਗਾ? ਮੇਰੇ ਸਾਥੀ ਦਿਲ ਛੱਡ ਗਏ। ਅਖ਼ਬਾਰਾਂ ਨੇ ਮੈਨੂੰ ਇੱਥੋਂ ਬਾਹਰ ਕੱਢਣ ਦੀ ਲੋੜ ਬਾਰੇ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਰ **ਟਰਬਿਊਨ ਟਾਈਮਜ਼** ਅਤੇ **ਨਿਊਯਾਰਕ ਹਰਲਡ** ਵਰਗੀਆਂ ਵਧੀਆ ਤੇ ਬਹੁਤ ਅਸਰ ਰਸੂਖ ਵਾਲ਼ੀਆਂ ਅਖ਼ਬਾਰਾਂ ਨੇ ਕੁੱਝ ਨਾ ਲਿਖਿਆ। ਨਾ ਹੀ **ਅਮਰੀਕਨ** ਨੇ ਕੁੱਝ ਲਿਖਿਆ ਜਿਸ ਲਈ ਮੈਂ ਰੂਸ ਬਾਰੇ 15 ਲੇਖ ਲਿਖਣ ਦਾ ਇਕਰਾਰ ਕੀਤਾ ਸੀ। ਅਸੀਂ ਹੁਣ ਟਿਕ ਗਏ ਹਾਂ। ਅਸੀਂ ਚਾਰ ਜਣੇ ਹਾਂ ਅਤੇ ਇੱਥੇ ਹਰ ਚੀਜ਼ ਡਾਲਰਾਂ ਵਿੱਚ ਗਿਣੀ ਜਾਂਦੀ ਹੈ। ਮੈਂ ਪਹਿਲ **ਅਮਰੀਕਨ** ਨੂੰ ਦਿੱਤੀ ਅਤੇ ਦੂਜੀਆਂ ਅਖਬਾਰਾਂ ਨੂੰ ਨਰਾਜ਼ ਕਰ ਲਿਆ ਤੇ ਉਹਨਾਂ ਨੇ ਛੜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਮੇਰੀ ਕਮੇਟੀ ਵਿੱਚ ਕੁੱਲ ਮਿਲ਼ਾ ਕੇ 50 ਵਿਆਕਤੀ ਸ਼ਾਮਲ ਹਨ ਜਿਨ੍ਹਾਂ ਵਿੱਚ ਇੱਕ ਨਿਬੰਧ ਦਾ, ਜਿਸ ਦਾ ਰੂਸੀ ਵਿੱਚ ਅਨੁਵਾਦ ਵੀ ਹੋਇਆ ਹੈ। ਲੇਖਕ ਪ੍ਰੋਫ਼ੈਸਰ ਗਿਡਿੰਗਜ਼, ਇੱਕ ਫ਼ੈਬੀਅਨ ਸੋਸ਼ਲਿਸਟ ਪ੍ਰੋਫ਼ੈਸਰ ਮਾਰਟਿਨ, ਜੋ ਸਾਰੀਆਂ ਸ਼੍ਰੇਣੀਆਂ ਵਿੱਚ ਬਹੁਤ ਪ੍ਰਸਿੱਧ ਹੈ, ਇੱਕ ਕੋਈ ਪੂੰਜੀਪਤੀ ਜਿਸ ਦੇ ਨਾਂ ਦਾ ਸਪੱਸ਼ਟ ਉਚਾਰਨ ਨਹੀਂ ਕਰ ਸਕਦਾ, ਇੱਕ ਰਬੜ ਸਿੰਡੀਕੇਟ ਦਾ ਮੁਖੀ ਤੇ ਕਈ ਹੋਰ ਵੱਖ ਵੱਖ ਦਰਜਿਆਂ ਦੇ ਲੋਕ ਸ਼ਾਮਲ ਹਨ। ਉਹ ਬਹੁਤ ਕੋਸ਼ਿਸ਼ ਕਰ ਰਹੇ ਹਨ ਅਤੇ ਉਹ ਬਹੁਤ ਕੁੱਝ ਕਰ ਵੀ ਦੇਣਗੇ, ਪਰ ਸ਼ਰਤ ਇਹ ਹੈ ਕਿ ਮੈਂ ਇੱਥੇ ਪਤਝੜ ਤੱਕ ਟਿਕਾਂ ਅਤੇ ਅੰਗਰੇਜ਼ੀ ਬੋਲਣੀ ਸਿੱਖ ਜਾਵਾਂ। ਨਿਰਸੰਦੇਹ, ਮੈਂ ਪਹਿਲੀ ਸ਼ਰਤ ਪੂਰੀ ਕਰ ਦਿਆਂਗਾ ਤੇ ਦੂਜੀ ਪੂਰੀ ਕਰਨ ਦੀ ਕੋਸ਼ਿਸ਼ ਕਰਾਂਗਾ। ਇਸੇ ਸਮੇਂ ਦੌਰਾਨ ਮੈਂ ਕਮੇਟੀ ਤੋਂ 15 ਹਜ਼ਾਰ ਡਾਲਰ ਕਰਜ਼ ਲੈਣ ਦਾ ਯਤਨ ਕਰ ਰਿਹਾ ਹਾਂ ਜੋ ਮੈਂ ਤੁਹਾਨੂੰ ਦੇ ਦਿਆਂਗਾ, ਅਸੀਂ ਉਹ ਪਤਝੜ ਵਿੱਚ ਮੋੜ ਦਿਆਂਗੇ। ਪਹਿਲੀ ਅਦਾਇਗੀ ਮੈਂ ਛੇਤੀ ਕਰ ਦਿਆਂਗਾ, ਸਾਰੀ ਰਕਮ ਤੁਰੰਤ ਨਹੀਂ ਭੇਜ ਸਕਾਂਗਾ।

ਅਖ਼ੀਰ ਕਮੇਟੀ ਸਥਾਪਤ ਹੋ ਹੀ ਗਈ ਹੈ। ਇਸ ਦਾ ਨਾਂ **ਰੂਸੀ ਲੋਕਾਂ ਦੇ ਦੋਸਤ** ਰੱਖਿਆ ਜਾਣ ਵਾਲ਼ਾ ਹੈ ਅਤੇ ਬਹੁਤ ਵੱਡੇ ਬੈਂਕਾਂ ਵਿੱਚੋਂ ਇੱਕ ਇਸ ਦਾ ਖਜ਼ਾਨਚੀ ਨਿਯੁਕਤ ਕੀਤਾ ਜਾਵੇਗਾ। ਮੈਂ ਪੈਸਾ ਆਪਣੀ ਮਰਜ਼ੀ ਨਾਲ਼ ਵਰਤ ਸਕਾਂਗਾ ਅਤੇ ਇਹ ਮੈਨੂੰ ਮੇਰੀਆਂ ਨਿੱਜੀ ਰਸੀਦਾਂ ਦੇ ਬਦਲੇ ਦਿੱਤਾ ਜਾਵੇਗਾ। ਅਖੀਰ ਵਿੱਚ ਮੈਨੂੰ ਉਸ ਸੰਸਥਾ ਦਾ ਨਾ ਦੱਸਣਾ ਪਵੇਗਾ ਜਿਸ ਨੂੰ ਮੈਂ ਇਹ ਪੈਸਾ ਲਿਖਤੀ ਤੌਰ 'ਤੇ ਪਰਵਾਨਤ ਰਸੀਦ ਨਾਲ਼ ਸੌਂਪਣਾ ਹੈ। ਕਮੇਟੀ ਵਿਚਲੇ ਵਧੀਆ ਲੋਕ ਜਾਣਦੇ ਹਨ, ਇਹ ਸੰਸਥਾ ਕਿਹੜੀ ਹੋਵੇਗੀ, ਪਰ ਉਹ ਉਹਨਾਂ ਨੂੰ ਡਰਾਉਂਦੀ ਨਹੀਂ ਭਾਵੇਂ, ਉਹ ਵੀ... "ਸ੍ਰਿਸ਼ਟਾਚਾਰੀ" ਹਨ। ਅਸੀਂ ਜਾਣਦੇ ਹਾਂ ਕਿ ਇੱਥੇ ਹਰ ਚੀਜ਼ ਇਤਨੀ ਅਮਰੀਕਨ ਹੈ, ਕਿ ਕੋਈ ਵੀ ਕਿਸੇ ਚੀਜ਼ ਉੱਤੇ ਨਹੀਂ ਰੁਕੇਗਾ। ਇੱਥੋਂ ਤੱਕ ਕਿ

ਸਥਾਨਕ ਸੋਸ਼ਲ-ਜੈਮੋਕਰੇਟ, ਜੋ ਕਰੜ ਜ਼ਾਬਤੇ ਵਾਲ਼ੇ ਲੋਕ ਹਨ, ਤੁਹਾਨੂੰ ਬੂਟਾਂ ਸਮੇਤ ਹੜਪ ਕਰ ਜਾਣਗੇ ਜੇ ਤੁਸੀਂ ਚੌਕਸੀ ਨਹੀਂ ਵਰਤੋਗੇ। ਜਿਹੜੇ ਰਤਾ ਵਧੇਰੇ ਸਾਊ ਹਨ ਉਹ ਅਮਰੀਕਨ ਨਹੀਂ ਹਨ ਅਤੇ ਇਸ ਲਈ ਉਹ ਕਿਸੇ ਕੰਮ ਦੇ ਨਹੀਂ। ਇਸ ਸਮੇਂ ਸੋਸ਼ਲਿਸਟ, ਜਿਨ੍ਹਾਂ ਦਾ ਮੁਖੀ ਮੋਰਿਸ ਹਿਲਕਵਿਟ ਹੈ, ਚਾਹੁੰਦੇ ਹਨ ਕਿ ਮੈਂ ਹਰ ਥਾਂ 'ਤੇ ਇੱਕ ਸੋਸ਼ਲਿਸਟ ਵਾਂਗ ਵਿਖਾਈ ਦੇਵਾਂ, ਇਸ ਬਾਰੇ ਉਹ ਜ਼ਿੱਦ ਕਰਦੇ ਹਨ।

ਮੈਂ ਉਹਨਾਂ ਤੋਂ ਪੁੱਛਿਆ: "ਪਰ ਕੀ ਬੁਰਜੂਆਜ਼ੀ ਫਿਰ ਸਾਨੂੰ ਪੈਸਾ ਦੇਵੇਗੀ ?" "ਨਹੀਂ", ਉਹਨਾਂ ਉੱਤਰ ਦਿੱਤਾ।

"ਜੇ ਮਾਮਲਾ ਇਹ ਹੈ ਤਾਂ ਮੈਨੂੰ ਅਜਿਹੇ ਰੂਪ ਵਿੱਚ ਪੇਸ਼ ਨਾ ਹੋਣਾ ਹੀ ਚੰਗੀ ਗੱਲ ਹੋਵੇਗੀ।" "ਫਿਰ ਅਸੀਂ ਅਖ਼ਬਾਰਾਂ ਵਿੱਚ ਤੇਰੀ ਮਿੱਟੀ ਪਲੀਤ ਕਰਾਂਗੇ"। "ਜੇ ਤੁਸੀਂ ਇੰਞ ਕਰੋਗੇ ਤਾਂ ਬੁਰਜੁਆਜ਼ੀ ਮੈਨੂੰ ਇਸ ਤੋਂ ਵੱਧ ਪੈਸਾ ਦੇਵੇਗੀ, ਕਿਉਂ ਜੋ ਉਹਨਾਂ ਨੂੰ ਇਹ ਸਪੱਸ਼ਟ ਹੋਵੇਗਾ ਕਿ ਮੈਂ ਸੋਸ਼ਲਿਸਟ ਨਹੀਂ ਹਾਂ, ਬੱਸ ਇੱਕ ਅਜਿਹਾ ਬੰਦਾ ਹਾਂ ਜਿਹੜਾ ਰਾਜਨੀਤਕ ਇਨਕਲਾਬ ਚਾਹੁੰਦਾ ਹੈ, ਬੱਸ ਹੋਰ ਕੁੱਝ ਨਹੀਂ ਅਤੇ ਤੁਹਾਡੇ ਵੱਲੋਂ ਕੀਤੀ ਜਾਣ ਵਾਲ਼ੀ ਬਦਨਾਮੀ ਨੂੰ ਮੈਂ ਸਹਾਰ ਲਵਾਂਗਾ। ਮੈਂ ਤਾਂ ਬਹੁਤ ਹੀ ਘਟੀਆਂ ਗੱਲਾਂ ਨੂੰ ਬਰਦਾਸ਼ਤ ਕੀਤਾ ਹੈ।" ਉਹ ਹੱਸ ਪਏ ਤੇ ਕਹਿਣ ਲੱਗੇ ਕਿ ਮੈਂ ਇੱਕ ਅਮਰੀਕਨ ਬਣਦਾ ਜਾ ਰਿਹਾ ਹਾਂ।

ਮੈਨੂੰ ਯਕੀਨ ਹੈ ਕਿ ਅਖ਼ੀਰ ਮੈਂ ਬਹੁਤ ਸਾਰਾ ਪੈਸਾ ਹਾਸਲ ਕਰ ਲਵਾਂਗਾ ਅਤੇ ਇਹੋ ਗੱਲ ਸਭ ਤੋਂ ਵੱਧ ਮਹੱਤਵਪੂਰਨ ਹੈ।

ਰੂਸ ਵਿੱਚ ਜੋ ਕੁੱਝ ਵਾਪਰ ਰਿਹਾ ਹੈ ਮੈਨੂੰ ਉਸ ਬਾਰੇ ਜਾਣੂੰ ਰੱਖਣ ਦੀ ਕ੍ਰਿਪਾਲਤਾ ਕਰਨੀ। ਕਿਤਨੀ ਤਰਸਯੋਗ ਹਾਲਤ ਹੈ ਕਿ ਮੈਂ ਆਪਣੇ ਆਪ ਨੂੰ ਇੱਕ ਅੰਨ੍ਹੇ ਬੰਦੇ ਵਾਂਗ ਮਹਿਸੂਸ ਕਰਦਾ ਹਾਂ। ਕਈ ਵੱਡਮੁੱਲੇ ਅਮਰੀਕਨਾਂ ਨੇ ਕਮੇਟੀ ਵਿੱਚ ਸ਼ਾਮਲ ਹੋਣ ਤੋਂ ਮਹਿਜ਼ ਇਸ ਲਈ ਇਨਕਾਰ ਕਰ ਦਿੱਤਾ ਹੈ ਕਿ ਡੂਮਾ ਨੂੰ ਬੁਲਾਇਆ ਜਾ ਰਿਹਾ ਹੈ। ਇਹਨਾਂ ਫਿਟਕਾਰੇ ਹੋਏ ਲੋਕਾਂ ਨੂੰ ਮੈਂ ਇਹ ਸਮਝਾਉਣਾ ਚਾਹੁੰਦਾ ਹਾਂ ਕਿ ਇਹ ਡੂਮਾ ਨਹੀਂ ਹੈ, ਮਹਿਜ਼ ਕੂੜਾ ਹੈ, ਪਰ ਅਖ਼ਬਾਰਾਂ ਮੈਨੂੰ ਕੇਵਲ ਕਦੇ ਕਦੇ ਹੀ ਭੇਜੀਆਂ ਜਾਂਦੀਆਂ ਹਨ। ਪਾਰਟੀ ਵਿੱਚ ਕੀ ਕੁੱਝ ਵਾਪਰ ਰਿਹਾ ਹੈ ਇਸ ਬਾਰੇ ਮੈਨੂੰ ਕੁੱਝ ਪਤਾ ਨਹੀਂ ਹੈ।

ਉਦਾਹਰਣ ਵਜੋਂ, ਮੈਨੂੰ ਸਾਇਬੇਰੀਆ ਬਾਰੇ ਕੁੱਝ ਕਿਤਾਬਾਂ ਦੀ ਜ਼ਰੂਰਤ ਹੈ। ਮੈਨੂੰ ਪਰੀਮੋਰੀਬੇ, ਅਮੂਰ ਤੇ ਉਸੂਰੀ ਖੰਡਾਂ ਨੂੰ ਮਾਲਾਂ ਦੀ ਦਰਾਮਦ ਬਾਰੇ ਕੋਈ ਕਿਤਾਬ ਜਾਂ ਲੇਖ ਭੇਜੋ। ਮੈਨੂੰ ਉਹਨਾਂ ਦੀ ਬਹੁਤ ਜ਼ਰੂਰਤ ਹੈ।

ਹਰਮਨ ਆਪਣਾ ਪਿਆਰ ਭੇਜਦਾ ਹੈ ਅਤੇ ਮਾਰੀਆ ਫਿਉਦੋਰੋਵਨਾ ਵੀ। ਉਹਨਾਂ ਉਸ ਨੂੰ ਕਿਤਨੀ ਕਰੜੀ ਸੱਟ ਮਾਰੀ ਸੀ।

ਮੇਰੇ ਲਈ ਚਿੱਠੀ ਇਸ ਪਤੇ 'ਤੇ ਪਾਉਣੀ: ਮਿਸਟਰ ਜੋਹਨ ਮਾਰਟਿਨ (ਮੇਰੇ ਲਈ) ਸਟੇਟਨ ਆਈਲੈਂਡ, ਨਿਊਯਾਰਕ।

ਸ਼ੁੱਭ ਇਛਾਵਾਂ!

ਮੈਂ ਕਦੋਂ — ਮੁੜਾਂਗਾ ? — ਦਸੰਬਰ ਜਾਂ ਜਨਵਰੀ ਵਿੱਚ।

ਕੇ. ਪੀ. ਪਿਆਤਨਿਤਸਕੀ ਨੂੰ

1 ਮਈ, 1906, ਨਿਊਯਾਰਕ।

ਮੇਰੇ ਪਿਆਰੇ ਦੋਸਤ, ਤੂੰ ਜਾਣਨਾ ਚਾਹੁੰਦਾ ਏਂ ਕਿ ਅਸੀਂ ਯੂਰਪ ਨੂੰ ਕਦੋਂ ਮੁੜਨਾ ਚਾਹੁੰਦੇ ਹਾਂ। ਮੈਂ ਪਹਿਲਾਂ ਹੀ ਤੈਨੂੰ ਲਿਖ ਚੁੱਕਿਆ ਹਾਂ, ਮੇਰੇ ਵਿਚਾਰ ਵਿੱਚ ਛੇਤੀ ਨਹੀਂ ਮੁੜ ਸਕਾਂਗੇ, ਨਵੰਬਰ ਤੋਂ ਪਹਿਲਾਂ ਤਾਂ ਬਿਲਕੁੱਲ ਨਹੀਂ। ਜੇ ਇਸ ਫੇਰੀ ਦਾ ਕੋਈ ਚੰਗਾ ਸਿੱਟਾ ਨਿਕਲਦਾ ਵਿਖਾਈ ਦਿੱਤਾ ਤਾਂ ਮੈਂ ਪਤਝੜ ਤੱਕ ਇੱਥੇ ਜ਼ਰੂਰ ਠਹਿਰਾਂਗਾ।

ਗਰਮੀਆਂ ਵਿੱਚ ਮੈਂ ਪਹਾੜਾਂ 'ਤੇ ਚੱਲਿਆ ਜਾਵਾਂਗਾ ਤੇ ਉੱਥੇ ਕੰਮ ਕਰਾਂਗਾ। ਹਾਂ, ਤੇਰਾ ਇੱਥੇ ਆਉਣ ਬਾਰੇ ਕੀ ਵਿਚਾਰ ਹੈ? ਸਾਨੂੰ ਪਹਾੜਾਂ ਉੱਤੇ ਇੱਕ ਸਾਰੇ ਦਾ ਸਾਰਾ ਮਕਾਨ ਕੇਵਲ ਸਾਡੇ ਲਈ ਦੇ ਦਿੱਤਾ ਗਿਆ ਹੈ ਅਤੇ ਅਸੀਂ ਉੱਥੇ ਬੁੱਲੇ ਲੁੱਟਾਂਗੇ। ਇਸ ਬਾਰੇ ਸੋਚ ਲੈ। ਈਮਾਨਦਾਰੀ ਦੀ ਗੱਲ ਹੈ ਕਿ ਤੈਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਤੇ ਉੱਥੋਂ ਤੁਰੰਤ ਇੱਥੇ ਆ ਜਾਣਾ ਚਾਹੀਦਾ ਹੈ। ਤੂੰ ਜਾਣਦਾ ਹੀ ਏਂ, ਅਮਰੀਕੀ ਸੱਚਮੁੱਚ ਇੱਕ ਖਾਸ ਚੀਜ਼ ਹਨ, ਉਹਨਾਂ ਨੂੰ ਮਿਲ਼ਣਾ ਤੇ ਵੇਖਣਾ ਹਰ ਕਿਸੇ ਦੇ ਭਾਗਾਂ ਵਿੱਚ ਨਹੀਂ। ਇੱਥੇ ਅਚੰਭਾਜਨਕ ਦਿਲਚਸਪ ਗੱਲਾਂ ਹਨ ਅਤੇ ਬਹੁਤ ਹੀ ਖ਼ੂਬਸੂਰਤ, ਜਿਨ੍ਹਾਂ ਨੂੰ ਵੇਖ ਕੇ ਮੈਂ ਦੰਗ ਹੀ ਰਹਿ ਗਿਆ। ਕੋਈ ਤਿੰਨ ਦਿਨ ਹੋਏ ਅਸਾਂ ਕਾਰ ਵਿੱਚ ਨਿਊਯਾਰਕ ਦਾ ਚੱਕਰ ਲਾਇਆ ਅਤੇ ਮੈਂ ਤੈਨੂੰ ਦੱਸਣਾ ਚਾਹੁੰਦਾ ਹਾਂ ਕਿ ਹਡਸਨ ਦਰਿਆ ਦੇ ਕੰਢੇ ਬਹੁਤ ਹੀ ਸੁੰਦਰ ਤੇ ਪ੍ਰਭਾਵਸ਼ਾਲੀ ਹਨ। ਸੱਚਮੁੱਚ ਦਿਲ ਨੂੰ ਟੁੰਬਣ ਵਾਲ਼ੇ ਹਨ। ਕਾਰਾਂ ਇੱਥੇ ਇਤਨੀ ਤੇਜ਼ੀ ਨਾਲ਼ ਉੱਡਦੀਆਂ ਹਨ ਕਿ ਤੁਹਾਨੂੰ ਆਪਣਾ ਸਿਰ ਦੋਹਾਂ ਹੱਥਾਂ ਨਾਲ਼ ਪਕੜ ਕੇ ਰੱਖਣਾ ਪਏਗਾ ਜੇ ਤੁਸੀਂ ਨਹੀਂ ਚਾਹੁੰਦੇ ਕਿ ਹਵਾ ਉਸ ਨੂੰ ਧੜ ਤੋਂ ਵੱਖ ਨਾ ਕਰ ਦੇਵੇ।

ਅਜੇ ਮੇਰੇ ਰਾਹ ਵਿੱਚ ਅੜਿੱਕੇ ਹਨ, ਪਰ ਮੈਂ ਕਿਸੇ ਹੱਦ ਤੱਕ ਇਨ੍ਹਾਂ ਦਾ ਆਦੀ ਹੋ ਗਿਆ ਹਾਂ ਅਤੇ ਮੈਂ ਵੀ ਦੂਜਿਆਂ ਦੀਆਂ ਗਲਤੀਆਂ ਪਕੜਨੀਆਂ ਸ਼ੁਰੂ ਕਰ ਦਿੱਤੀਆਂ ਹਨ ਜਦੋਂ ਇਹ ਆਸਾਨੀ ਨਾਲ਼ ਫੜੀਆਂ ਜਾਣ। ਜਦੋਂ ਅਸੀਂ ਅਗਲੀ ਵਾਰ ਮਿਲ਼ਾਂਗੇ ਤਾਂ ਤੂੰ ਇੱਕ ਅਸਲੀ ਅਮਰੀਕੀ ਠੱਗ ਨੂੰ ਮਿਲ਼ੇਂਗਾ — ਅਤੇ ਉਹ ਮੈਂ ਹੀ ਹੋਵਾਂਗਾ।

ਮੈਂ ਅੰਗਰੇਜ਼ੀ ਲਿਖਦਾ ਹਾਂ, ਖੁਲਾਸੇ ਪੜ੍ਹਦਾ ਹਾਂ ਅਤੇ ਬੋਲਣੀ ਸਿਖਦਾ ਹਾਂ। ਇਹ ਇਸ ਤਰ੍ਹਾਂ ਦਾ ਔਖਾ ਕੰਮ ਹੈ ਜਿਵੇਂ ਦੰਦਾਂ ਨਾਲ਼ ਮੇਖਾਂ ਪੁੱਟਣੀਆਂ। ਇੱਕ ਇੱਕ ਸ਼ਬਦ ਦਾ ਉਚਾਰਨ ਤੇ ਜੋੜ ਯਾਦ ਕਰਨਾ ਪੈਂਦਾ ਹੈ। ਇਹ ਨੇਮਾਂ ਦੇ ਪੁਜਾਰੀ ਅਰਾਜਕਤਾਵਾਦੀਆਂ ਦੀ ਭਾਸ਼ਾ ਬੋਲਦੇ ਹਨ — ਇਸ ਵਿੱਚ ਇੱਕ ਵੀ ਨੇਮ ਨਹੀਂ ਹੈ।

ਮੈਂ ਰੂਸੀ ਅਖ਼ਬਾਰਾਂ ਪੜ੍ਹੀਆਂ ਹਨ ਜਿਨ੍ਹਾਂ ਵਿੱਚ ਮੇਰੇ ਕਾਰਨ ਅਮਰੀਕਨਾਂ ਦੀ ਲਾਹ ਪਾਹ ਕੀਤੀ ਗਈ ਹੈ। ਮੈਂ ਇਸ ਤੋਂ ਬਹੁਤ ਦੁੱਖੀ ਹੋਇਆ ਹਾਂ। ਮੈਂ **ਟਵੰਟੀਅਥ ਸੈਂਚਰੀ** ਨੂੰ ਇੱਕ ਚਿੱਠੀ ਲਿਖੀ ਹੈ ਜਿਸ ਵਿੱਚ ਆਪਣੇ ਸ਼ੁੱਭ ਚਿੰਤਕਾਂ ਨੂੰ ਮੱਧਮ ਜਿਹਾ ਇਸ਼ਾਰਾ ਕੀਤਾ ਹੈ ਕਿ ਉਹ ਕਿਸੇ ਹੱਦ ਤੱਕ ਨੁਕਤੇ ਤੋਂ ਉੱਕ ਗਏ ਹਨ।

ਕੀ ਤੂੰ ਮੈਨੂੰ ਸ਼ੈਲੇ ਦੀ ਤੀਜੀ ਜਿਲਦ ਭੇਜਣ ਦੀ ਖੇਚਲ ਕਰੇਂਗਾ (ਇਹ ਮਿਸਟਰ ਜੋਹਨ ਮਾਰਟਿਨ, ਸਟੇਟਨ ਆਈਲੈਂਡ, ਨਿਊਯਾਰਕ ਦੇ ਪਤੇ 'ਤੇ ਭੇਜਣੀ)।

ਅੰਗਰੇਜ਼ ਕਵੀਆਂ ਨੂੰ ਏਥੇ ਪੜ੍ਹਨ ਦੀ ਮੇਰੇ ਵਿੱਚ ਬੜੀ ਤੀਬਰ ਇੱਛਾ ਹੈ। ਤੂੰ ਮੈਨੂੰ ਇਹ ਪੁਸਤਕ ਜ਼ਰੂਰ ਭੇਜੀਂ, ਕੀ ਤੂੰ ਨਹੀਂ ਭੇਜੇਂਗਾ ? ਹਾਂ, ਹਰ ਕਿਸੇ ਨੂੰ ਮੇਰਾ ਪਿਆਰ ਦੇਈਂ। ਅਖ਼ੀਰ ਤੂੰ ਇੱਥੇ ਜ਼ਰੂਰ ਆਵੇਂਗਾ ਕਿਉਂਕਿ ਇਹ ਬਹਤ ਹੀ ਦਿਲਚਸਪ ਗੱਲ ਹੋਵੇਗੀ। ਜੇ ਤੂੰ ਕੇਵਲ ਜਾਣਦਾ ਹੀ ਏਂ, ਇੱਥੇ ਬਹੁਤ ਕੁੱਝ ਮੌਲਿਕ ਹੈ।

ਹੁਣ ਸੌਣ ਦਾ ਸਮਾਂ ਹੋ ਗਿਆ ਹੈ। ਮਾਰੀਆ ਫਿਉਦੋਰੋਵਨਾ ਇੱਕ ਮੀਟਿੰਗ ਵਿੱਚ ਹੈ ਅਤੇ ਮੈਂ ਕੱਲ੍ਹ ਇੱਕ ਹੋਰ ਹੋਣ ਵਾਲ਼ੀ ਮੀਟਿੰਗ ਲਈ ਤਿਆਰੀ ਕਰਨੀ ਹੈ। ਮੈਂ ਤੇਰੇ ਨਾਲ਼ ਹੱਥ ਮਿਲਾਉਂਦਾ ਹਾਂ ਤੇ ਤੇਰੇ ਅਮਰੀਕਾ ਆਉਣ ਦੀ ਕਾਮਨਾ ਕਰਦਾ ਹਾਂ।

ਤੇਰਾ ਸਮਾਂ ਜ਼ਾਇਆ ਨਹੀਂ ਹੋਵੇਗਾ!

ਏ.

ਏ. ਵੀ. ਐਮਫਿਤੀਤਰੋਵ ਨੂੰ

ਮਈ ਦਾ ਅੱਧ, 1906 ਨਿਊਯਾਰਕ।

ਪਿਆਰੇ ਅਲੈਗਜਾਂਦਰ ਵਾਲਤੀਨੋਵਿਚ,

ਕਈ ਕਾਰਨਾਂ ਕਰਕੇ ਮੈਨੂੰ ਪੈਰਿਸ ਆਉਣ ਦੇ ਸੱਦੇ ਨੂੰ ਪਰਵਾਨ ਕਰਨ ਤੋਂ ਇਨਕਾਰ ਕਰਨਾ ਪਿਆ ਹੈ। 19 ਤਰੀਕ ਨੂੰ ਮੇਰੀ ਫਿਲਾਡੇਲਫੀਆ ਵਿੱਚ ਮੀਟਿੰਗ ਹੈ, ਇੱਕ ਹੋਰ 21 ਨੂੰ ਬੋਨਟੇਨ ਵਿੱਚ, ਇਸ ਦੇ ਮਗਰੋਂ ਨਿਊਯਾਰਕ ਵਿੱਚ ਤੇ ਇਸ ਤਰ੍ਹਾਂ ਕਈ ਹੋਰ ਥਾਵਾਂ 'ਤੇ। ਏਥੇ ਮੇਰੇ ਕੰਮ, ਜਿਵੇਂ ਮੈਂ ਆਸ ਕਰਦਾ ਸਾਂ ਉਸ ਤੋਂ ਘੱਟ ਰਫ਼ਤਾਰ ਨਾਲ਼ ਹੋ ਰਹੇ ਹਨ ਅਤੇ ਇਸ ਲਈ ਮੈਂ ਓਨਾ ਚਿਰ ਇੱਥੇ ਠਹਿਰਾਂਗਾ ਜਦੋਂ ਤੱਕ ਪੁਲਸ ਮੈਨੂੰ ਠੁੱਡੇ ਮਾਰ ਕੇ ਏਥੋਂ ਨਹੀਂ ਕੱਢ ਦੇਂਦੀ ਜਾਂ ਆਪਣਾ ਸਾਰਾ ਕੰਮ ਮੁਕਾ ਕੇ ਇੱਥੋਂ ਜਾਣ ਲਈ ਤਿਆਰ ਨਹੀਂ ਹੁੰਦਾ। ਇਸ ਸਮੇਂ ਮੈਂ ਮੁਲਾਕਾਤਾਂ ਬਾਰੇ ਇੱਕ ਪੁਸਤਕ ਲਿਖ ਰਿਹਾ ਹਾਂ। ਇਸ ਵਿੱਚ ਵੇਸਿਲੀ ਫਿਉਦੋਰੋਵਿਚ ਨਾਲ਼, ਕੈਂਸਰ ਨਾਲ਼, ਫ਼ਰਾਂਸ, ਦੂਜੇ ਨਿਕੋਲਸ ਨਾਲ਼, ਇੱਕ ਕਰੋੜਪਤੀ ਨਾਲ਼, ਪਰੋਮੇਥੀਅਨ, ਫਿਰਤੂ ਯਹੂਦੀ ਨਾਲ਼, ਇੱਕ ਲਾਸ਼, ਇੱਕ ਪੇਸ਼ਾਵਰ ਗੁਨਾਹਗਾਰ ਨਾਲ਼ ਤੇ ਹੋਰ ਅਭਰਿਠ ਕਰਦਾਰਾਂ ਨਾਲ਼ ਵਾਰਤਾਲਾਪ ਦਰਜ ਹਨ। ਅਮਰੀਕਾ ਇੱਕ ਅਜਿਹਾ ਦੇਸ਼ ਹੈ ਜਿੱਥੇ ਬੰਦਾ ਚਾਹੁੰਦਾ ਹੈ ਕਿ ਉਸ ਕੋਲ਼ ਕੰਮ, ਹੋਰ ਕੰਮ ਤੇ ਹੋਰ ਵੀ ਕੰਮ ਕਰਨ ਲਈ ਚਾਰ ਸਿਰ ਤੇ 32 ਹੱਥ ਹੋਣ! ਹਰ ਕੋਈ ਆਪਣੇ ਆਪ ਨੂੰ ਇੱਕ ਬੰਬ ਵਾਂਗ ਮਹਿਸੂਸ ਕਰਦਾ ਹੈ ਜੋ ਹਰ ਸਮੇਂ ਫੱਟਦਾ ਰਹਿੰਦਾ ਹੈ, ਜਿਸ ਦਾ ਖੋਲ਼ ਸਹੀ ਸਲਮਾਤ ਰਹਿੰਦਾ ਹੈ ਤੇ ਵਿਚਲਾ ਪਦਾਰਥ ਤੇਜ਼ੀ ਨਾਲ਼ ਬਾਹਰ ਨਿਕਲ਼ਦਾ ਰਹਿੰਦਾ ਹੈ। ਈਮਾਨਦਾਰੀ ਦੀ ਗੱਲ ਹੈ ਕਿ ਅਮਰੀਕਾ ਉਸ ਬੰਬ ਲਈ ਇੱਕ ਸ਼ਾਨਦਾਰ ਦੇਸ਼ ਹੈ ਜੋ ਕੰਮ ਕਰ ਸਕਦਾ ਹੈ ਤੇ ਕੰਮ ਕਰਨਾ ਚਾਹੁੰਦਾ ਹੈ।

ਸਭ ਠੀਕ ਠਾਕ ਹੈ। ਮੈਂ ਤੇਰੇ ਰਸਾਲੇ ਦੀ ਉਡੀਕ ਕਰ ਰਿਹਾ ਹਾਂ, ਕੀ ਉਹ ਨਿਕਲ਼

ਆਇਆ ਹੈ ? ਆਪਣੀ ਪਤਨੀ ਨੂੰ ਮੇਰੇ ਵੱਲੋਂ ਪਿਆਰ ਤੇ ਸਤਿਕਾਰ ਦਈਂ।

ਮੇਰਾ ਪਤਾ ਹੈਃ ਮਿਸਟਰ ਜੋਹਨ ਮਾਰਟਨ, ਗਰੀਮੇਜ਼ ਹਿਲ, ਸਟੇਟਨ ਆਈਲੈਂਡ, ਨਿਊਯਾਰਕ।

ਵਾਈ. ਪੀ. ਪੇਸ਼ਕੋਵਾ ਨੂੰ

28 ਮਈ, 1906, ਫਿਲਾਡਲਫੀਆ।

ਵੇਖ ਮੈਂ ਕਿਤਨੇ ਸ਼ਾਨਦਾਰ ਹੋਟਲ ਵਿੱਚ ਰਹਿੰਦਾ ਹਾਂ ? ਪਰ ਮੈਨੂੰ ਰਹਿਣਾ ਪੈਂਦਾ ਹੈ।

ਇੱਥੇ ਸੋਸ਼ਲਿਸਟਾਂ ਲਈ ਕੋਈ ਇੱਜ਼ਤ ਮਾਣ ਨਹੀਂ ਹੈ। ਤੁਸੀਂ ਦੂਜੇ ਦਰਜੇ ਦੇ ਹੋਟਲ ਵਿੱਚ ਕਦੇ ਵੀ ਕਮਰਾ ਨਹੀਂ ਲੈ ਸਕਦੇ। ਸੋ ਤੁਹਾਨੂੰ ਉਹਨਾਂ ਨੂੰ ਉਸ ਰਕਮ ਨਾਲ਼ ਪ੍ਰਭਾਵਤ ਕਰਨਾ ਪੈਂਦਾ ਹੈ ਜੋ ਤੁਸੀਂ ਇੱਕ ਕਮਰੇ ਲਈ ਦੇਣ ਲਈ ਤਿਆਰ ਹੁੰਦੇ ਹੋ—ਇੱਥੇ ਹਰ ਚੀਜ਼ ਨੂੰ ਪੈਸੇ ਨਾਲ਼ ਤੋਲਿਆ ਜਾਂਦਾ ਹੈ, ਪੈਸੇ ਲਈ ਹਰ ਗੁਨਾਹ ਮੁਆਫ ਕਰ ਦਿੱਤਾ ਜਾਂਦਾ ਹੈ, ਹਰ ਚੀਜ਼ ਪੈਸੇ ਲਈ ਵਿਕਦੀ ਹੈ। ਮੈਂ ਤੈਨੂੰ ਦੱਸਾਂ, ਇਹ ਇੱਕ ਸ਼ਾਨਦਾਰ ਦੇਸ਼ ਹੈ ! ਹਰ ਬੰਦਾ ਸੋਨੇ ਲਈ ਇੱਕ ਰੋਗੀ ਲਾਲਸਾ ਦੀ ਜਕੜ ਵਿੱਚ ਜਕੜਿਆ ਹੋਇਆ ਹੈ, ਕੁੱਝ ਤਾਂ ਆਪਣੀ ਕਰੂਪਤਾ ਕਾਰਨ ਘ੍ਰਿਣਾ ਯੋਗ ਹਨ ਅਤੇ ਦੂਜੇ ਤਰਸਯੋਗ ਤੇ ਹਾਸੋਹੀਣੇ ਹਨ। ਏਥੇ ਮੇਰੇ ਕੋਲ਼ ਇੱਕ ਬਹੁਤ ਵਧੀਆ ਨੌਜਵਾਨ ਸਕੱਤਰ ਹੈ। ਅੱਜ ਮੇਰੀ ਓਪੇਰਾ ਹਾਊਸ ਵਿੱਚ ਮੀਟਿੰਗ ਹੈ। ਮੀਟਿੰਗ ਦੇ ਮਗਰੋਂ ਮੈਂ ਬੋਸਟਨ ਚਲਿਆ ਜਾਵਾਂਗਾ। ਉੱਥੇ ਮੇਰੀਆਂ ਦੋ ਮੀਟਿੰਗਾਂ ਹਨ।

ਇਸ ਦੇ ਮਗਰੋਂ ਮੈਂ ਆਦਿਰੋਨਡਾਕਸ ਆਰਾਮ ਕਰਨ ਲਈ ਜਾਵਾਂਗਾ ਅਤੇ ਪਤਝੜ ਹੋਣ ਤੱਕ ਲਿਖਾਂਗਾ। ਮੈਂ ਇੱਕ ਨਾਵਲ ਲਿਖਣ ਵਾਲ਼ਾ ਹਾਂ। ਮੈਂ ਆਪਣੀ ਪੁਸਤਕ **ਮੇਰੀਆਂ ਮੁਲਾਕਾਤਾਂ** ਮੁਕਾ ਲਈ ਹੈ ਜੋ ਦੂਜੇ ਵਿਲਹੇਲਮ, ਦੂਜੇ ਨਿਕੋਲਸ, ਫ਼ਰਾਂਸ ਅਤੇ ਇੱਕ ਅਮਰੀਕੀ ਬਾਦਸ਼ਾਹ ਤੇ ਕਈ ਹੋਰਾਂ ਨਾਲ਼ ਸਬੰਧਤ ਤੇ ਵਿਅੰਗਮਈ ਵਾਰਤਲਾਪਾਂ ਉੱਤੇ ਅਧਾਰਤ ਹੈ। ਮੈਂ ਸਮਾਜੀ ਜੀਵਨ ਢੰਗ ਬਾਰੇ ਰੂਪਕ ਕਹਾਣੀਆਂ ਦੀ ਇੱਕ ਛੋਟੀ ਜਿਹੀ ਕਿਤਾਬ ਵੀ ਅਰੰਭ ਕੀਤੀ ਹੋਈ ਹੈ। ਗੱਲ ਕੀ ਮੈਂ ਸਖ਼ਤ ਮਿਹਨਤ ਕਰ ਰਿਹਾ ਹਾਂ। ਮੇਰੇ ਲਈ ਇੱਥੇ ਰਹਿਣਾ ਕੋਈ ਸੌਖੀ ਗੱਲ ਨਹੀਂ ਹੈ ਪਰ ਫ਼ਿਰ ਵੀ ਇਹ ਇਤਨੀ ਤੜਕ ਭੜਕ ਵਾਲ਼ੀ ਹੈ ਜਿਤਨੀ ਦੋਜ਼ਖ ਵਿੱਚ ਹੁੰਦਿਆਂ ਮਹਿਸੂਸ ਹੁੰਦੀ ਹੈ।

ਮੈਂ ਆਪਣੇ ਸਾਰੇ ਬਾਦਬਾਨ ਖੋਲ੍ਹ ਦਿੱਤੇ ਹਨ ਅਤੇ ਇੰਜ ਜਾਪਦਾ ਹੈ ਕਿ ਮੈਨੂੰ ਸਾਗਰ ਵਿੱਚ ਲੰਮੀ ਦੇਰ ਤੱਕ ਰਹਿਣਾ ਪਵੇਗਾ। ਕੀ ਤੂੰ ਪਤਾ ਲਾਏਂਗੀ ਕਿ ਮਾਸਕੋਂ ਦੇ ਮੁਖ਼ਤਾਰ ਦਾ ਦਫ਼ਤਰ ਮੇਰੇ ਵਿਰੁੱਧ ਕਿਹੜੀ ਕਾਰਵਾਈ ਕਰ ਰਿਹਾ ਹੈ ?

ਮੈਕਸਿਮ ਨੂੰ ਫ਼ਰਾਂਸੀਸੀ ਭਾਸ਼ਾ ਸਿਖਾਓ—ਭਾਸ਼ਾਵਾਂ ਬਾਰੇ ਕੁੱਝ ਨਾ ਜਾਣਨਾ ਨਿਕੰਮਾਪਣ ਹੈ।

ਮੇਰੀ ਪਿਆਰੀ ! ਬੱਚਿਆਂ ਨੂੰ ਚੁੰਮਣਾ ਤੇ ਪਿਆਰ ਦੇਣਾ।

ਮੇਰਾ ਪਤਾ ਹੈਃ ਮਿਸਟਰ ਜੇ. ਮਾਰਟਿਨ, ਗਰੀਮੇਜ਼ ਹਿਲ, ਸਟੇਟਨ ਆਈਲੈਂਡ,

ਨਿਊਯਾਰਕ।

ਸ਼ੁੱਭ ਇਛਾਵਾਂ, ਸ਼ੁੱਭ ਕਾਮਨਾਵਾਂ।

ਕੇ. ਪੀ. ਪਿਆਤਨਿਤਸਕੀ ਨੂੰ

27 ਜੂਨ, 1906, ਨਿਊਯਾਰਕ।

ਪਿਆਰੇ ਦੋਸਤ,

ਇਹ ਚਾਰ ਲੇਖ ਅਮਰੀਕੀ ਰਸਾਲਿਆਂ ਦੇ ਅਗਸਤ ਮਹੀਨੇ ਦੇ ਪਰਚਿਆਂ ਵਿੱਚ ਛਪ ਜਾਣਗੇ।

ਖ਼ਬਰ ਵਜੋਂ ਮੈਂ ਤੈਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਂ ਰਾਸ਼ਟਰਪਤੀ ਬਣਨ ਦੇ ਉਮੀਦਵਾਰ ਅਤੇ ਇੱਕ ਸੋਸ਼ਲਿਸਟ ਮਿਸਟਰ ਹਰਸਟ ਤੋਂ ਠੱਗਿਆ ਗਿਆ ਹਾਂ। ਮਹਿਜ਼ ਇੱਕ ਕਾਮੇ ਲਈ ਸਤਿਕਾਰ ਤੇ ਮਾਣ ਬਾਰੇ ਸੋਚੋ! ਰੂਸੀ ਦੂਤਾਵਾਸ ਮੈਨੂੰ ਇੱਥੋਂ ਕਢਾਉਣ ਲਈ ਨੀਚ ਤੋਂ ਨੀਚ ਯਤਨ ਕਰ ਰਿਹਾ ਹੈ; ਬੁਰਜੂਆ ਪ੍ਰੈੱਸ ਅਜਿਹੇ ਲੇਖ ਪ੍ਰਕਾਸ਼ਤ ਕਰ ਰਿਹਾ ਹੈ ਜਿਨ੍ਹਾਂ ਵਿੱਚ ਪੜ੍ਹਨ ਯੋਗ ਲੋਕਾਂ ਨੂੰ ਉਹ ਦੱਸਿਆ ਗਿਆ ਹੁੰਦਾ ਹੈ ਕਿ ਮੈਂ **ਅਰਾਜਕਤਾਵਾਦੀ** ਹਾਂ ਅਤੇ ਇਸ ਲਈ ਮੈਨੂੰ ਸਾਗਰੋਂ ਪਾਰ ਭੇਜਣ ਲਈ ਤੁਹਾਡੀ ਮਰਜ਼ੀ ਚਾਹੀਦੀ ਹੈ।

ਕਿਰਪਾ ਕਰ ਕੇ ਪੈਸੇ, ਜਿਤਨੀ ਜਲਦੀ ਸੰਭਵ ਹੋਵੇ ਹੇਲਸਿੰਗਫੋਰਜ਼ ਨੂੰ ਭੇਜ ਦੇਵੋ।

ਪਰਸੋਂ ਮੈਂ ਆਦਿਰੋਨਡਾਕਸ ਨੂੰ ਜਾ ਰਿਹਾ ਹਾਂ।

ਮੈਨੂੰ ਪੁਰਾਣੇ ਪਤੇ ’ਤੇ ਉੱਤਰ ਦੇਣਾ।

ਏ. ਪੀ.

ਆਈ. ਪੀ. ਲੇਡੀਜ਼ਨੀਕੋਵ ਨੂੰ

27 ਜੂਨ, 1906, ਨਿਊਯਾਰਕ।

ਪਿਆਰੇ ਕਾਮਰੇਡ,

ਨਾਲ਼ ਭੇਜੇ ਜਾ ਰਹੇ ਚਾਰ ਲੇਖ ਅਗਸਤ ਮਹੀਨੇ ਅਮਰੀਕੀ ਰਸਾਲਿਆਂ ਵਿੱਚ ਪ੍ਰਕਾਸ਼ਤ ਹੋਣਗੇ। ਮੈਂ ਕੀ ਕਰ ਸਕਦਾ ਹਾਂ ਜੇ ਅਮਰੀਕੀ ਕੇਵਲ ਅਮਰੀਕਾ ਸਬੰਧੀ ਚੀਜ਼ਾਂ ਪੜ੍ਹਦੇ ਹਨ।

ਵਾਸ਼ਿੰਗਟਨ ਵਿੱਚ ਰੂਸੀ ਦੂਤਾਵਾਸ ਇਸ ਗੱਲ ’ਤੇ ਜ਼ੋਰ ਦੇ ਰਿਹਾ ਹੈ ਕਿ ਮੈਨੂੰ ਅਮਰੀਕਾ ਵਿੱਚੋਂ ਕੱਢ ਦਿੱਤਾ ਜਾਵੇ। ਜਾਸੂਸਾਂ ਦੀ ਇੱਕ ਭੀੜ ਮੇਰਾ ਪਿੱਛਾ ਕਰ ਰਹੀ ਹੈ—ਇੱਕ ਭਿਆਨਕ ਭੀੜ! ਕਾਫੀ ਚੰਗੀ ਰੂਸੀ ਭਾਸ਼ਾ ਵਿੱਚ ਲਿਖੀਆਂ ਚਿੱਠੀਆਂ ਮੈਨੂੰ ਮਿਲ਼ੀਆਂ ਹਨ ਜਿਨ੍ਹਾਂ ਵਿੱਚ ਮੈਨੂੰ ਚਿਤਾਵਨੀ ਦਿੱਤੀ ਗਈ ਹੈ ਕਿ ਮੈਨੂੰ ਮਾਰ ਦਿੱਤਾ ਜਾਵੇਗਾ। ਇਹ ਗੱਲ ਸਿੱਧ ਕਰਦੀ ਹੈ ਕਿ ਅਖ਼ੀਰ, ਮੈਂ ਸਫ਼ਲ ਹੋਣ ਹੀ ਵਾਲ਼ਾ ਹਾਂ। ਮੈਂ ਚਿੱਠੀਆਂ ਰਾਹੀਂ ਕਾਰਵਾਈ ਕਰਦਾ ਹਾਂ—ਮੈਂ

ਸਾਰੇ ਸ਼ਹਿਰ ਨੂੰ ਪੈਸੇ ਲਈ ਫਿਰਤੂ ਅਪੀਲ ਡਾਕ ਰਾਹੀਂ ਭੇਜੀ ਹੈ।

ਮੈਂ ਪਰਸੋਂ ਆਦਿਰੋਨਡਾਕਸ ਜਾ ਰਿਹਾ ਹਾਂ ਜਿੱਥੇ ਮੈਂ ਅਗਸਤ ਦੇ ਅਖੀਰ ਤੱਕ ਠਹਿਰਾਂਗਾ ਅਤੇ ਜੁਲਾਈ ਵਿੱਚ—ਇਸ ਤੋਂ ਪਹਿਲਾਂ ਵੀ ਹੋ ਸਕਦਾ ਹੈ— ਮੈਂ ਤੈਨੂੰ ਆਪਣਾ ਨਾਟਕ ਭੇਜਾਂਗਾ। ਆਦਿਰੋਨਡਾਕਸ ਵਿੱਚ ਮੈਂ ਵੱਖ ਵੱਖ ਲੋਕਾਂ ਨੂੰ ਅਤੇ ਅਮਰੀਕਾ ਦੀਆਂ ਸਾਰੀਆਂ ਮਜ਼ਦੂਰ ਜਥੇਬੰਦੀਆਂ ਨੂੰ ਚਿੱਠੀਆਂ ਲਿਖਦਾ ਰਹਾਂਗਾ।

ਮੈਨੂੰ ਅਖ਼ਬਾਰ ਕਦੇ ਕਦਾਈਂ ਮਿਲ਼ਦੇ ਹਨ—ਰਤਾ ਸੋਚੋ ਇਹ ਕਿਤਨੀ ਖ਼ੁਸ਼ੀ ਦੀ ਗੱਲ ਹੈ।

ਮੈਂ ਸਾਰਿਆਂ ਦੀ ਸ਼ੁਭ ਕਾਮਨਾ ਚਿਤਵਦਾ ਹਾਂ। ਮੈਂ ਅਮਰੀਕਾ ਬਾਰੇ ਹੋਰ ਲੇਖ ਲਿਖਦਾ ਰਹਾਂਗਾ। ਅਸਲ ਗੱਲ ਇਹ ਹੈ ਕਿ ਮੈਂ ਕੰਮ ਬਹੁਤ ਕਰਦਾ ਹਾਂ ਪਰ ਉਸ ਦਾ ਸਿੱਟਾ ਬਹੁਤ ਹੀ ਘੱਟ ਨਿਕਲ਼ਦਾ ਹੈ।

ਕਾਤੇਰੀਨਾ ਨੂੰ ਮੇਰਾ ਪਿਆਰ ਦੇਣਾ। ਅਸੀਂ ਸਾਰੇ ਠੀਕ ਠਾਕ ਹਾਂ।

ਏ. ਪੇਸ਼ਕੋਵ

ਆਈ. ਪੀ. ਲੇਡੀਜ਼ਨੀਕੋਵ ਨੂੰ

ਅਗਸਤ ਦਾ ਅੰਤ, 1906, ਆਦਿਰੋਨਡਾਕਸ।

ਪਿਆਰੇ ਈਵਾਨ ਪਾਵਲੋਵਿਚ,

ਮੈਂ ਆਪਣੀ ਪੁਸਤਕ **ਮੁਲਾਕਾਤਾਂ** ਇੱਕ ਰਸਾਲੇ ਨੂੰ ਪੰਜ ਹਜ਼ਾਰ ਡਾਲਰ ਲੈ ਕੇ ਵੇਚ ਦਿੱਤੀ ਹੈ। ਮੈਂ ਤੈਨੂੰ ਮੌਲਕ ਇਕਰਾਰ-ਨਾਮਾ ਭੇਜਾਂਗਾ ਤੇ ਫਿਰ ਕੀ ਤੂੰ ਇਸ ਫਰਮ ਨੂੰ ਮੇਰੀਆਂ ਕਿਰਤਾਂ ਦੀ ਪੂਰਨ ਸੰਗ੍ਰਹਿ ਛਾਪਣ ਦਾ ਸੁਝਾਅ ਦੇਵੇਂਗਾ ? ਇੱਥੇ ਮੈਨੂੰ ਬਹੁਤ ਪੜ੍ਹਿਆ ਜਾਂਦਾ ਹੈ—ਪਿਛਲੇ ਦਿਨ ਮੇਰੀ ਪੁਸਤਕ **ਫੋਮਾ** ਦੀ 17ਵੀਂ ਐਡੀਸ਼ਨ ਪ੍ਰਕਾਸ਼ਤ ਹੋਈ, ਹਰ ਵਾਰ ਵਾਂਗ ਇਸ ਦੀਆਂ 5 ਹਜ਼ਾਰ ਕਾਪੀਆਂ ਛਪੀਆਂ ਹਨ। ਇਹ ਬਹੁਤ ਵੱਡੀ ਗੱਲ ਹੈ! ਬੇਲਾਮੀ ਕੇਵਲ 6 ਹਜ਼ਾਰ ਵਿਕਿਆ ਹੈ ਅਤੇ ਯੂਪਟਨ ਸਿਨਕਲੇਅਰ ਦੀ ਪੁਸਤਕ **ਦੀ ਜੰਗਲ** ਕੇਵਲ ਤਿੰਨ ਹਜ਼ਾਰ ਵਿਕੀ ਹੈ ਅਤੇ ਫਿਰ ਵੀ ਉਸ ਨੇ ਸਾਰੇ ਅਮਰੀਕਾ ਵਿੱਚ ਸਨਸਨੀ ਪੈਦਾ ਕਰ ਦਿੱਤੀ ਹੈ। ਸਮੁੱਚੇ ਤੌਰ 'ਤੇ ਇੱਥੇ ਕਿਤਾਬਾਂ ਦਾ ਮਾਮਲਾ ਭੈੜਾ ਹੀ ਹੈ। ਬੜੀ ਨਮੋਸ਼ੀ ਵਾਲ਼ਾ। ਸਥਾਨਕ ਸੋਸ਼ਲਿਸਟ ਉਦੋਂ ਹੌਂਕਣ ਲੱਗ ਜਾਂਦੇ ਹਨ ਜਦੋਂ ਮੈਂ ਉਹਨਾਂ ਨੂੰ ਰੂਸ ਵਿੱਚ ਸੋਸ਼ਲਿਸਟ ਸਾਹਿਤ ਦੀਆਂ ਛਪੀਆਂ ਕਾਪੀਆਂ ਦੀ ਗਿਣਤੀ ਦੱਸਦਾ ਹਾਂ।

ਤੈਨੂੰ ਪਤਾ ਹੈ ਮੈਂ ਤੈਨੂੰ ਕੀ ਦੱਸਣਾ ਚਾਹੁੰਦਾ ਹਾਂ ? ਆਪਣੇ ਸਾਰੇ ਮੰਦੇ ਭਾਗਾਂ ਦੇ ਬਾਵਜੂਦ ਅਸੀਂ ਇਸ ਸੁਤੰਤਰ ਅਮਰੀਕਾ ਨਾਲ਼ੋਂ ਕਿਤੇ ਅਗਾਂਹ ਹਾਂ। ਇਹ ਗੱਲ ਵਿਸ਼ੇਸ਼ ਤੌਰ 'ਤੇ ਉਦੋਂ ਪ੍ਰਗਟ ਹੁੰਦੀ ਹੈ ਜਦੋਂ ਅਸੀਂ ਸਥਾਨਕ ਕਿਸਾਨ ਤੇ ਕਾਮੇ ਦਾ ਆਪਣੇ ਕਿਸਾਨ ਤੇ ਕਾਮੇ ਨਾਲ਼ ਮੁਕਾਬਲਾ ਕਰਦੇ ਹਾਂ।

ਉਹ ਸਾਰੇ ਟਵੇਰਸਕੋਏਸ ਤੇ ਹੋਰ ਰੂਸੀ ਲੇਖਕ ਕਿਤੇ ਮੂਰਖ ਹਨ ਜੋ ਅਮਰੀਕਾ ਬਾਰੇ

ਲਿਖਦੇ ਹਨ।

ਫਿਰ ਉਹ ਇੱਕ ਦਰਸ਼ਨ ਹੈ। ਜਿੱਥੋਂ ਤੱਕ ਹਕੀਕਤ ਦਾ ਸਬੰਧ ਹੈ — ਮੈਂ ਬੁਰੀ ਤਰ੍ਹਾਂ ਥੱਕ ਟੁੱਟ ਗਿਆ ਹਾਂ।

ਮੈਂ ਛੇਤੀ ਹੀ ਆਪਣੀ ਕਹਾਣੀ ਮੁਕਾ ਦਿਆਂਗਾ।

ਪਿਆਰ ਤੇ ਸਤਿਕਾਰ।

ਅਸੀਂ ਸਾਰੇ ਠੀਕ ਠਾਕ ਹਾਂ।

ਏ. ਪੇਸ਼ਕੋਵ

ਕੇ. ਪੀ. ਪਿਆਤਨਿਤਸਕੀ ਨੂੰ

ਅਗਸਤ ਦਾ ਅੰਤ, 1906, ਆਦਿਰੋਨਡਾਕਸ।

ਪਿਆਰੇ ਦੋਸਤ,

ਮੈਂ ਲੇਡੀਜ਼ਨੀਕੋਵ ਨੂੰ ਆਪਣਾ ਨਾਟਕ **ਦੁਸ਼ਮਣ** ਭੇਜ ਦਿੱਤਾ ਹੈ ਤੇ ਉਸ ਨੂੰ ਆਖਿਆ ਹੈ ਕਿ ਜਿਤਨੀ ਜਲਦੀ ਆਸਾਨ ਹੋਵੇ ਤੈਨੂੰ ਭੇਜ ਦੇਵੇ। ਮੈਂ ਆਪਣਾ ਨਾਵਲ **ਮਾਂ** ਮੁਕਾ ਰਿਹਾ ਹਾਂ। ਮੈਂ ਨਾਟਕ ਤੈਨੂੰ ਸਿੱਧਾ ਇਸ ਲਈ ਨਹੀਂ ਸੀ ਭੇਜਿਆ ਕਿਉਂ ਜੋ ਮੈਨੂੰ ਡਰ ਸੀ ਕਿਤੇ ਤੈਨੂੰ ਪੁੱਜੇ ਹੀ ਨਾ। ਜ਼ਿੰਦਗੀ ਜਿਹੜੀ ਤੂੰ ਜੀਅ ਰਿਹਾ ਏਂ ਇਤਨੀ ਭੀੜ ਭੜੱਕੇ ਤੇ ਸ਼ੋਰ ਸ਼ਰਾਬੇ ਵਾਲ਼ੀ ਹੈ ਕਿ ਮੈਨੂੰ ਡਰ ਹੈ ਕਿ ਤੇਰੇ ਚਿੱਠੀ ਪੱਤਰ ਅਧਿਕਾਰੀ ਜ਼ਰੂਰ ਪੜ੍ਹਦੇ ਹੋਣਗੇ।

ਜੇ ਇੱਥੇ ਇਨਕਲਾਬ ਹੁਣ ਤੋਂ ਦਸਾਂ ਸਾਲਾਂ ਤੱਕ ਸਥਾਨਕ ਕਰੋੜਪਤੀਆਂ ਦੀਆਂ ਮੂੜ੍ਹ ਖੋਪੜੀਆਂ ਉੱਤੇ ਵਦਾਣ ਵਾਂਗ ਨਹੀਂ ਪੈਂਦਾ ਤਾਂ ਉਸ ਨੂੰ ਆਉਣ ਵਿੱਚ ਬਹੁਤ ਦੇਰ ਹੋ ਜਾਵੇਗੀ। ਮੇਰਾ, ਕਿਹੋ ਜਿਹਾ ਦਿਲਚਸਪ ਦੇਸ਼ ਹੈ! ਤੈਨੂੰ ਵੇਖਣਾ ਚਾਹੀਦਾ ਹੈ ਕਿ ਇਹ ਦੈਂਤ ਕੀ ਕੁੱਝ ਕਰ ਰਹੇ ਹਨ, ਇਹ ਕਿਵੇਂ ਕੰਮ ਕਰਦੇ ਹਨ, ਇਹ ਤਾਕਤ, ਅਣਜਾਣਤਾ, ਸਵੈ-ਮਗਨਤਾ ਤੇ ਵਹਿਸ਼ੀਪੁਣੇ ਨਾਲ਼ ਕਿੰਨੇ ਭਰੇ ਹੋਏ ਹਨ। ਮੈਂ ਉਹਨਾਂ ਦੀ ਸ਼ਲਾਘਾ ਕਰਦਾ ਹਾਂ ਅਤੇ ਮੈਂ ਉਹਨਾਂ ਨੂੰ ਫਿਟਕਾਰਦਾ ਵੀ ਹਾਂ, ਮੈਂ ਉਦਾਸ ਤੇ ਖੁਸ਼ ਅਤੇ ਬਹੁਤ ਹੀ ਅਨੰਦਤ ਮਹਿਸੂਸ ਕਰਦਾ ਹਾਂ। ਕੀ ਤੂੰ ਸੋਸ਼ਲਿਸਟ ਬਣਨਾ ਚਾਹੁੰਦਾ ਹਾਂ? ਤਾਂ ਫਿਰ ਇੱਥੇ ਆ ਜਾ। ਸੋਸ਼ਲਿਜ਼ਮ ਦੀ ਲੋੜ ਇੱਥੇ ਅਤਿ ਜ਼ਰੂਰੀ ਸਪੱਸ਼ਟਤਾ ਨਾਲ਼ ਸਾਹਮਣੇ ਆਈ ਹੈ।

ਕੀ ਤੂੰ ਇੱਕ ਅਰਾਜਕਤਾਵਾਦੀ ਬਣਨਾ ਚਾਹੁੰਦਾ ਏਂ? ਮੈਂ ਤੈਨੂੰ ਯਕੀਨ ਦਵਾਉਂਦਾ ਹਾਂ ਕਿ ਤੂੰ ਇੱਕ ਮਹੀਨੇ ਵਿੱਚ ਬਣ ਸਕਦਾ ਏਂ।

ਅਸਲ ਵਿੱਚ, ਇੱਥੇ ਆਉਣ ਵਾਲ਼ੇ ਲੋਕ ਉਜੱਡ, ਲਾਲਚੀ ਜਾਨਵਰਾਂ ਵਿੱਚ ਬਦਲ ਜਾਂਦੇ ਹਨ। ਇਹਨਾਂ ਸਾਰੀਆਂ ਦੌਲਤਾਂ ਨੂੰ ਵੇਖਦਿਆਂ, ਇਹ ਆਪਣੇ ਦੰਦ ਕੱਢ ਲੈਂਦੇ ਹਨ ਤੇ ਏਧਰ ਉੱਧਰ ਇਸ ਤਰ੍ਹਾਂ ਫਿਰਦੇ ਹਨ ਕਿ ਜਾਂ ਤਾਂ ਉਹ ਕਰੋੜਪਤੀ ਬਣ ਜਾਣਗੇ ਜਾਂ ਫਿਰ ਕਰੋੜਪਤੀ ਬਣਨ ਦੇ ਯਤਨ ਵਿੱਚ ਭੁੱਖੇ ਮਰ ਜਾਣਗੇ।

ਅਤੇ ਇਹ ਪਰਵਾਸੀ! ਇਹ ਭਿਅੰਕਰ ਚੀਜ਼ ਹਨ। ਇਹਨਾਂ ਲੋਕਾਂ ਵਰਗੇ ਉੱਕਾ ਹੀ

ਨਹੀਂ ਜਿਨ੍ਹਾਂ ਨੇ ਅਮਰੀਕਾ ਬਣਾਇਆ ਸੀ। ਅੱਜ ਦਾ ਪਰਵਾਸੀ ਕੇਵਲ ਯੂਰਪ ਦਾ ਕੂੜਾ ਕਰਕਟ ਹੀ ਹੈ, ਇਸ ਦੀ ਰਹਿੰਦ ਖੂੰਹਦ ਹੈ, ਇੱਕ ਸੁਸਤ, ਕਾਇਰ, ਨਿਪੁੰਸਕ ਛੋਟਾ ਬੌਣਾ ਹੈ ਜਿਸ ਵਿੱਚੋਂ ਤਾਕਤ ਨੁੱਚੜ ਚੁੱਕੀ ਹੈ, ਜਿਸ ਤਾਕਤ ਤੋਂ ਬਿਨਾਂ ਇੱਥੇ ਕੋਈ ਵੀ ਰਹਿ ਨਹੀਂ ਸਕਦਾ। ਇਹ ਆਧੁਨਿਕ ਪਰਵਾਸੀ ਇੱਕ ਜ਼ਿੰਦਗੀ ਬਣਾਉਣ ਦੇ ਅਯੋਗ ਹੈ। ਉਹ ਕੇਵਲ ਇੱਕ ਤਿਆਰ-ਬਰ-ਤਿਆਰ ਸੁਰੱਖਿਅਤ ਤੇ ਸਮਾਜ ਤੋਂ ਵੱਖਰੀ ਹੋਂਦ ਦੀ ਭਾਲ਼ ਹੀ ਕਰ ਸਕਦਾ ਹੈ। ਅਜਿਹੇ ਪਰਵਾਸੀਆਂ ਨੂੰ ਮਹਾਂਸਾਗਰ ਵਿੱਚ ਡੋਬ ਦੇਣਾ ਹੀ ਵਧੀਆ ਗੱਲ ਹੈ ਅਤੇ ਜਦੋਂ ਮੈਂ ਸੈਨੇਟ ਦਾ ਮੈਂਬਰ ਚੁਣਿਆ ਗਿਆ ਤਾਂ ਮੈਂ ਇਹ ਸੁਝਾਅ ਵੋਟਾਂ ਲਈ ਰੱਖਾਂਗਾ।

ਅਸੀਂ ਆਦਿਰੋਨਡਾਕਸ ਵਿੱਚ ਰਹਿੰਦੇ ਹਾਂ, ਜਿਵੇਂ ਕਿ ਮੇਰਾ ਵਿਚਾਰ ਮੈਂ ਪਹਿਲਾਂ ਹੀ ਆਪਣੀ ਪਿਛਲੀ ਚਿੱਠੀ ਵਿੱਚ ਤੈਨੂੰ ਦੱਸ ਚੁੱਕਿਆ ਹਾਂ, ਜਿਸ ਚਿੱਠੀ ਦਾ ਮੈਨੂੰ ਜਵਾਬ ਵੀ ਨਹੀਂ ਮਿਲ਼ਿਆ। ਇਹ ਪਹਾੜ ਪੱਤਿਆਂ ਵਾਲ਼ੇ ਜੰਗਲ ਨਾਲ਼ ਕੱਜੇ ਹੋਏ ਹਨ। ਸਭ ਤੋਂ ਉੱਚੀ ਸਿਖਰ 1500 ਫੁੱਟ ਹੈ, ਇੱਥੋਂ ਤੁਸੀਂ ਝੀਲ ਦਾ ਦ੍ਰਿਸ਼ ਵੇਖ ਸਕਦੇ ਹੋ। ਇਹ ਦ੍ਰਿਸ਼ ਉੱਕਾ ਹੀ ਭੈੜਾ ਨਹੀਂ। ਸਾਡੇ ਤੋਂ ਇੱਕ ਮੀਲ ਦੀ ਦੂਰੀ 'ਤੇ ਫਿਲਾਸਫੀ ਦਾ ਇੱਕ ਸਕੂਲ ਹੈ। ਨੇੜੇ ਜਿਹੇ ਰਹਿੰਦੇ ਪ੍ਰੋਫੈਸਰ, ਇਹ ਵੇਖਦਿਆਂ ਕਿ ਛੁੱਟੀਆਂ ਦਾ ਵਿਹਲਾ ਸਮਾਂ ਹੈ, ਥੋੜ੍ਹਾ ਜਿਹਾ ਪੈਸਾ ਬਣਾਉਣ ਦਾ ਯਤਨ ਕਰਦੇ ਹਨ ਅਤੇ ਸਾਰੇ ਜਾਣੇ-ਜਾਂਦੇ ਵਿਗਿਆਨਾਂ ਉੱਤੇ ਲੈਕਚਰ ਦੇਂਦੇ ਹਨ। ਤੁਸੀਂ ਹਫਤੇ ਦੇ 10 ਡਾਲਰ ਦੇ ਕੇ ਛੇ ਲੈਕਚਰ ਸੁਣ ਸਕਦੇ ਹੋ। ਇਸ ਤੋਂ ਉਪਰੰਤ ਤੁਹਾਡਾ ਪੇਟ ਵੀ ਭਰ ਜਾਂਦਾ ਹੈ, ਪਰ ਬਹੁਤਾ ਘਾਹ ਨਾਲ਼। ਸਰੋਤੇ ਇੱਕ ਛੋਟੇ ਜਿਹੇ ਕਮਰੇ ਵਿੱਚ ਬੈਠਦੇ ਹਨ—ਬਹੁਤ ਹੀ ਅਕਾਅ ਦੇਣ ਵਾਲ਼ੀ ਥਾਂ!...ਮਨੋਵਿਗਿਆਨ ਉੱਤੇ ਲੈਕਚਰ ਸੁਣਨਾ...ਬਹੁਤ ਹੀ ਅਕਾਊ!...ਛੋਟੇ ਜਿਹੇ ਪ੍ਰੋਫੈਸਰ ਮੋਰਿਸ ਵੱਲੋਂ ਪੜ੍ਹਿਆ ਜਾਣਾ...ਅਤਿ ਅਕਾਊ! ਅਧਿਆਤਮਕਵਾਦ, ਇਸਤਰੀਓ ਤੇ ਭੱਦਰ ਪੁਰਸ਼ੋ! ਅਧਿਆਤਮਕਵਾਦੀ ਕੀ ਹੈ? ਹਰ ਇੱਕ ਸ਼ਬਦ, ਹਾਂ ਹਰ ਸ਼ਬਦ ਇੱਕ ਚਿੰਨ੍ਹ ਹੈ, ਇਸਤਰੀਓ ਤੇ ਭੱਦਰ ਪੁਰਸ਼ੋ! ਜਦੋਂ ਮੈਂ ਅਧਿਆਤਮਕਵਾਦ ਕਹਿੰਦਾ ਤਾਂ ਮੈਂ ਇੱਕ ਪੌੜੀ ਦਾ ਕਿਆਸ ਕਰਦਾ ਹਾਂ ਜੋ ਹੇਠੋਂ ਸ਼ੁਰੂ ਹੋ ਕੇ ਪੁਲਾੜ ਵਿੱਚ ਅਲੋਪ ਹੋ ਜਾਂਦੀ ਹੈ। ਜਦੋਂ ਮੈਂ ਮਨੋਵਿਗਿਆਨ ਬਾਰੇ ਗੱਲ ਕਰਦਾ ਹਾਂ ਤਾਂ ਮੈਨੂੰ ਥੰਮ੍ਹਾਂ ਦੀ ਇੱਕ ਕਤਾਰ ਵਿਖਾਈ ਦੇਂਦੀ ਜਾਪਦੀ ਹੈ।" ਇਹ ਅੱਖਰ ਅੱਖਰ ਸਹੀ ਹੈ। ਮੈਂ ਇੱਕ ਖੰਭਾ ਉਸ ਦੇ ਸਿਰ ਉੱਤੇ ਮਾਰ ਉਸ ਨੂੰ ਚੂਰ ਕਰ ਦੇਣਾ ਚਾਹੁੰਦਾ ਹਾਂ। ਮੈਂ ਜੇਮਜ਼, ਚਾਨਿੰਗ ਤੇ ਹੋਰਨਾਂ ਨੂੰ ਮਿਲ਼ਿਆ ਹਾਂ। ਜੇਮਜ਼ ਇੱਕ ਵਧੀਆ ਬੰਦਾ ਹੈ, ਪਰ ਉਹ ਵੀ ਇੱਕ ਅਮਰੀਕਨ ਹੈ ਤੇ ਇਹਨਾਂ ਸਾਰਿਆਂ ਨੂੰ ਉਡਾ ਦਿਓ। ਇਹ ਇੱਕ ਦਿਲਚਸਪ ਹਾਸੋਹੀਣੀ ਭੀੜ ਹਨ, ਵਿਸ਼ੇਸ਼ ਤੌਰ 'ਤੇ ਉਦੋਂ ਜਦੋਂ ਉਹ ਆਪਣੇ ਆਪ ਨੂੰ ਸੋਸ਼ਲਿਸਟ ਆਖਦੇ ਹਨ।

ਮੈਂ ਆਪਣੀ ਪੁਸਤਕ **ਮੁਲਾਕਾਤਾਂ** ਪੰਜ ਹਜ਼ਾਰ ਡਾਲਰਾਂ ਤੋਂ ਰਸਾਲਿਆਂ ਨੂੰ ਵੇਚ ਦਿੱਤੀ ਹੈ। ਕੀ ਤੈਨੂੰ ਪੈਸਿਆਂ ਦੀ ਲੋੜ ਹੈ? ਮੈਂ ਆਪਣਾ ਨਾਟਕ ਵੀ ਵੇਚ ਦਿਆਂਗਾ।

ਤਬਦੀਲੀ ਲਈ ਹੀ ਸਹੀ ਮੈਨੂੰ ਇੱਕ ਸਤਰ ਜ਼ਰੂਰ ਲਿਖ।

ਮੇਰੀ ਕਾਮਨਾ ਹੈ ਕਿ ਤੂੰ ਕਦੇ ਵੀ ਅਮਰੀਕਾ ਨਾ ਵੇਖੇਂ ਅਤੇ ਇਹ ਇੱਕ ਚੰਗੀ ਕਾਮਨਾ ਹੈ, ਮੇਰੇ 'ਤੇ ਇਤਬਾਰ ਕਰ।

ਮੇਰੇ ਵਰਗੇ ਨਿਕੰਮੇ ਬੰਦੇ ਲਈ ਧਰਤੀ ਬੜੀ ਖੁਸ਼ ਰਹਿਣੀ ਥਾਂ ਹੈ ਅਤੇ ਤੇਰੇ ਲਈ ਕਿਹੋ ਜਿਹੀ ਹੈ ? ਮੇਰਾ ਕਹਿਣ ਤੋਂ ਭਾਵ ਇਹ ਹੈ ਕਿ ਤੂੰ ਕਿਵੇਂ ਮਹਿਸੂਸ ਕਰਦਾ ਏਂ ?

ਹੱਛਾ, ਸ਼ੁਭ ਕਾਮਨਾਵਾਂ !

ਮੈਂ ਤੇਰੇ ਨਾਲ਼ ਗਪ-ਸ਼ਪ ਕਰਨਾ ਚਾਹੁੰਦਾ ਸਾਂ। ਅਸਲ ਵਿੱਚ ਤੂੰ ਹੀ ਇੱਕ ਅਜਿਹਾ ਵਿਅਕਤੀ ਏਂ ਜਿਸ ਨਾਲ਼ ਹਰ ਚੀਜ਼ ਬਾਰੇ ਗੱਲਬਾਤ ਕੀਤੀ ਜਾ ਸਕਦੀ ਹੈ, ਇਹ ਗੱਲ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ।

ਉਂਜ ਇੱਥੇ ਕਿਤਨੇ ਹੀ ਲੋਕ ਹਨ ! ਅਤੇ ਮਨੁੱਖ ਕੁੱਝ ਕੁ ਹੀ ਹਨ ਪਰ ਇਤਨੇ ਉਦਾਸ। ਅਲਵਿਦਾ !

ਏ.

ਏ. ਵੀ. ਐਮਫਿਤੀਤਰੋਵ ਨੂੰ

ਅਗਸਤ ਦਾ ਅੰਤ, 1906, ਆਦਿਰੋਨਡਾਕਸ।

ਪਿਆਰੇ ਏ. ਵੀ.,

ਮੈਂ ਆਪਣੇ ਨਾਵਲ ਉੱਤੇ ਕੰਮ ਕਰ ਰਿਹਾ ਹਾਂ। ਮੈਂ ਇੱਕ ਵਹਿਸ਼ੀ ਦੀ ਹਿਰਸੀ ਜਿਗਿਆਸਾ ਨਾਲ਼ ਅਮਰੀਕੀ ਸੱਭਿਆਚਾਰ ਨੂੰ ਵੀ ਵਾਚ ਰਿਹਾ ਹਾਂ। ਸਮੁੱਚੇ ਤੌਰ 'ਤੇ ਇਹ ਸਭ ਕੁੱਝ ਮੈਨੂੰ ਉਦਾਸ ਕਰ ਦੇਂਦਾ ਹੈ, ਪਰ ਕਈ ਵਾਰ ਮੈਂ ਇੱਕ ਪਾਗਲ ਵਾਂਗ ਹੱਸਦਾ ਹਾਂ। ਮੈਂ ਅਮਰੀਕਾ ਬਾਰੇ ਕੁੱਝ ਅਜਿਹੀ ਗੱਲ ਲਿਖਣ ਦੇ ਯੋਗ ਮਹਿਸੂਸ ਕਰਦਾ ਹਾਂ ਜਿਸ ਦੇ ਬਦਲੇ ਮੈਨੂੰ ਇੱਥੋਂ ਠੁੱਡੇ ਮਾਰ ਕੇ ਬਾਹਰ ਕੱਢਿਆ ਜਾਵੇਗਾ।

ਤੂੰ ਜਾਣਦਾ ਹੀ ਏਂ ਕਿ ਇਹ ਇੱਕ ਅਚੰਭਾਜਨਕ ਕੌਮ ਹਨ। ਭਾਵੇਂ ਕੁੱਝ ਵੀ ਇੱਥੇ ਛਪਾਵਾਂ ਇਹ ਤੁਰੰਤ ਉਸ ਉੱਤੇ ਇਤਰਾਜ਼ ਕਰਦੇ ਹਨ। ਜਿਸ ਫਾਰਮ ਵਿੱਚ ਮੈਂ ਰਹਿੰਦਾ ਹਾਂ ਉਸ ਦੇ ਬੂਹੇ ਉੱਤੇ ਊਟ ਪਟਾਂਗ ਇਤਰਾਜ਼ ਲਿਖ ਕੇ ਚਿਪਕਾ ਜਾਂਦੇ ਹਨ। ਜਿਵੇਂ ਹੀ ਉਹ ਮੈਨੂੰ ਸੜਕ ਉੱਤੇ ਜਾਂਦਾ ਵੇਖਦੇ ਹਨ ਟਿੱਡਿਆਂ ਵਾਂਗ ਉੱਛਲ ਕੇ ਲਾਂਭੇ ਹੋ ਜਾਂਦੇ ਹਨ। ਇਹ ਬੜਾ ਲੁਭਾਉਣਾ ਦ੍ਰਿਸ਼ ਹੁੰਦਾ ਹੈ। ਸਭ ਤੋਂ ਵੱਧ ਇਤਰਾਜ਼ ਸੈਨੇਟਰਾਂ ਵੱਲੋਂ ਆਏ ਹਨ।

ਮੈਨੂੰ ਆਸ ਹੈ ਕਿ ਨਵੰਬਰ ਵਿੱਚ ਮੈਂ ਪੈਰਿਸ ਵਿੱਚ ਹੋਵਾਂਗਾ।

ਉਦੋਂ ਤੱਕ ਅਲਵਿਦਾ।

ਮੈਨੂੰ **ਮਾਂ** ਮੁਕਾ ਲੈਣ ਦਿਓ ਫਿਰ ਮੈਂ ਤੈਨੂੰ ਇੱਕ ਛੋਟੀ ਕਹਾਣੀ "ਅਮਰੀਕਾ ਵਿੱਚ ਪ੍ਰਚਲਤ ਦ੍ਰਿਸ਼ ਨਾਲ਼" ਭੇਜਾਂਗਾ — ਜੇ ਮੈਂ ਨਾ ਭੇਜੀ ਤਾਂ ਜ਼ਰੂਰ ਪੁੱਛੀਂ।

ਤੁਸਾਂ ਦੋਹਾਂ ਨੂੰ ਪਿਆਰ ਤੇ ਸਤਿਕਾਰ।

ਏ. ਪੇਸ਼ਕੋਵ

ਏ. ਵੀ. ਐਮਫਿਤੀਤਰੋਵ ਨੂੰ

ਸਤੰਬਰ 21 ਅਰੰਭ (6 ਤਰੀਕ ਤੋਂ ਪਿੱਛੋਂ ਨਹੀਂ)
1906, ਆਦਿਰੋਨਡਾਕਸ।

ਮੇਰੀ ਖ਼ਰਾਬ ਸਿਹਤ ਉਹ ਬਹੁਤਾ ਕੁੱਝ ਨਹੀਂ ਕਰਨ ਦੇਂਦੀ ਜੋ ਕੁੱਝ ਮੈਂ ਚਾਹੁੰਦਾ ਹਾਂ, ਪਰ ਮੈਂ ਇਸ ਦਾ ਆਦੀ ਹੋ ਗਿਆਂ ਅਤੇ ਇਹ ਮੇਰੀ ਜ਼ਿੰਦਗੀ ਜ਼ਿੰਮੇ ਕੰਮ ਵਿੱਚ ਕੋਈ ਦਖ਼ਲ ਨਹੀਂ ਦੇਂਦੀ। ਮੈਂ ਆਪਣਾ ਨਾਵਲ ਲਿਖ ਰਿਹਾ ਹਾਂ ਅਤੇ ਅਮਰੀਕਨਾਂ ਨਾਲ਼ ਮਿਲ਼ਣੀਆਂ ਕਰ ਰਿਹਾ ਹਾਂ।

ਉਹ ਡੂਮਾ ਦੇ ਵਤੀਰੇ ਦੀ ਰੱਜ ਕੇ ਸ਼ਲਾਘਾ ਕਰਦੇ ਹਨ। ਵੱਡੀਆਂ ਗਿਣਤੀਆਂ ਨਾਲ਼ ਵਰਤਣ ਦੇ ਆਦੀ ਹੋਣ ਕਾਰਨ ਇਹ ਗੱਲ ਉਹਨਾਂ ਨੂੰ ਹੈਰਾਨ ਕਰਦੀ ਹੈ ਕਿ 450 ਵਿੱਚੋਂ ਕੇਵਲ ਤਿੰਨਾਂ ਨੇ ਹੀ ਗ਼ੱਦਾਰੀ ਕੀਤੀ ਹੈ। ਵੱਡੇ ਵਪਾਰੀ ਅਤੇ ਕਹਿੰਦੇ-ਕਹਾਉਂਦੇ ਲੋਕ ਕਹਿੰਦੇ ਹਨ ਜੇ ਰੂਸ ਵਿੱਚ ਜ਼ਾਰ ਨੂੰ ਤਖਤੋਂ ਲਾਹ ਦਿੱਤਾ ਗਿਆ ਤਾਂ ਅਮਰੀਕੀ ਉਸ ਸਰਕਾਰ ਨੂੰ ਜਿਹੜੀ ਵੀ ਉਸ ਦੀ ਥਾਂ 'ਤੇ ਸਥਾਪਤ ਹੋਈ ਮਾਲੀ ਮਦਦ ਦੇਣਗੇ। ਇਹ ਗੱਲ ਹੁਣ ਉਹਨਾਂ ਨੂੰ ਸਪੱਸ਼ਟ ਹੈ ਕਿ ਰੂਸੀ ਆਪ ਹਕੂਮਤ ਕਰਨ ਦੇ ਸਮਰੱਥ ਹਨ...। ਜੇ ਤੁਸੀਂ ਕਿਆਸ ਕਰ ਸਕੋ ਕਿ ਇਹ ਕਿਤਨੇ ਮੂੜ੍ਹ ਨੀਰਸ ਤੇ ਅਨਜਾਣ ਲੋਕ ਹਨ। ਇਹ ਗੱਲ ਕਿਤਨੀ ਅਚੰਭਾਜਨਕ ਤੇ ਅਨੋਖੀ ਹੈ।

ਉਹਨਾਂ ਨੇ ਮੈਨੂੰ ਅਖ਼ਬਾਰਾਂ ਵਿੱਚ ਫਿਰ ਫੋਲਣਾ ਸ਼ੁਰੂ ਕਰ ਦਿੱਤਾ ਹੈ — ਮੈਂ ਇੱਕ ਸਥਾਨਕ ਰਸਾਲੇ ਵਿੱਚ ਨਿਊਯਾਰਕ ਬਾਰੇ ਇੱਕ ਲੇਖ ਪ੍ਰਕਾਸ਼ਤ ਕੀਤਾ ਅਤੇ ਉਸ ਦਾ ਸਿਰਲੇਖ ਰੱਖਿਆ: **ਪੀਲ਼ੇ ਦੈਂਤ ਦਾ ਸ਼ਹਿਰ**। ਉਹਨਾਂ ਨੂੰ ਇਹ ਪਸੰਦ ਨਾ ਆਇਆ। ਸੈਨੇਟਰਾਂ ਨੇ ਆਪਣੇ ਇਤਰਾਜ਼ ਲਿਖ ਮਾਰੇ ਅਤੇ ਮਜ਼ਦੂਰ ਹੱਸਦੇ ਹਨ। ਕਿਸੇ ਖਾਸ ਵਿਅਕਤੀ ਨੇ ਖੁੱਲ੍ਹੇ ਆਮ ਆਪਣੀ ਨਿਰਾਸਤਾ ਦਾ ਪ੍ਰਗਟਾਅ ਕੀਤਾ। ਲੋਕ ਅਮਰੀਕਾ ਦੀ ਬਦਖੋਹੀ ਕਰਦੇ ਸਨ ਜਦੋਂ ਉਹ ਇੱਥੋਂ ਚਲੇ ਜਾਂਦੇ ਸਨ ਅਤੇ ਅੱਜ ਕੱਲ੍ਹ ਉਹ ਇੱਥੇ ਇਸ ਦੇਸ਼ ਵਿੱਚ ਰਹਿੰਦੇ ਹੋਏ ਵੀ ਇਸ ਬਾਰੇ ਚੰਗੀ ਗੱਲ ਨਹੀਂ ਕਰਦੇ — ਇਸ ਦਾ ਕੀ ਅਰਥ ਹੈ ? ਮੇਰਾ ਕਿਆਸ ਹੈ ਕਿ ਅਖੀਰ ਮੈਨੂੰ ਇੱਥੋਂ ਕੱਢ ਦਿੱਤਾ ਜਾਵੇਗਾ। ਫਿਰ ਵੀ ਮੈਨੂੰ ਆਪਣੇ ਪੈਸੇ ਮਿਲ਼ਣਗੇ।

ਮੈਂ ਚਾਹੁੰਦਾ ਹਾਂ ਕਿ ਤੂੰ ਮੈਨੂੰ ਬਹੁਤ ਹੀ ਦਿਲਚਸਪ ਸਾਹਿਤ ਭੇਜੇਂ, ਘੱਟੋ ਘੱਟ ਰੂਸੀ ਅਖ਼ਬਾਰਾਂ ਦੀਆਂ ਕਾਤਰਾਂ ਹੀ ਸਹੀ। ਤੇਰੇ ਕੋਲ਼ ਜ਼ਰੂਰ ਕਈ ਹੋਣਗੀਆਂ। ਅਸੀਂ ਰੂਸ ਤੋਂ ਖ਼ਬਰਾਂ ਲਈ ਤਰਸ ਗਏ ਹਾਂ। ਮੈਨੂੰ ਅਖ਼ਬਾਰ ਮਿਲ਼ਦੇ ਤਾਂ ਹਨ ਪਰ ਉਹ ਕਿਸੇ ਥਾਂ 'ਤੇ ਰਾਹ ਵਿੱਚ ਬਹੁਤ ਲੰਮੇ ਸਮੇਂ ਲਈ ਰੋਕ ਲਏ ਜਾਂਦੇ ਹਨ।

ਪਰ ਪਤਝੜ ਵਿੱਚ, ਸੌ ਵਿਸਵੇ ਅਕਤੂਬਰ ਵਿੱਚ ਮਹਾਂਸਾਗਰ ਨੂੰ ਪਾਰ ਕਰਾਂਗਾ, ਪਰ ਮੈਨੂੰ ਪਤਾ ਨਹੀਂ ਕਿ ਮੈਂ ਕਿੱਥੇ ਜਾਵਾਂਗਾ। ਜੇ ਹਾਲਤ ਚੰਗੇ ਰਹੇ ਤਾਂ ਮੈਂ ਇਸ ਤੋਂ ਵੀ ਪਹਿਲਾਂ ਆ ਜਾਵਾਂਗਾ, ਨਿਰਸੰਦੇਹ, ਮੈਂ ਤੈਨੂੰ ਮਿਲ਼ਾਂਗਾ। ਆਪਣੀ ਪਤਨੀ ਨੂੰ ਮੇਰਾ ਨਿੱਘਾ ਪਿਆਰ

ਦੇਣਾ ਅਤੇ ਸਾਡੇ ਰੂਸੀ ਤੇ ਮਾਲਿਕ ਕਾਮਰੇਡਾਂ ਨੂੰ ਮੇਰੀਆਂ ਸ਼ੁਭ ਇਛਾਵਾਂ। ਮੈਂ ਤੈਨੂੰ 5ਵੀਂ ਕਿਤਾਬ ਲਈ ਵੀ ਕੁੱਝ ਨਾ ਕੁੱਝ ਭੇਜਣ ਦਾ ਯਤਨ ਕਰਾਂਗਾ।

ਸਦਾ ਲਈ ਤੇਰਾ,
ਏ. ਪੇਸ਼ਕੋਵ

ਵਾਈ. ਪੀ. ਪੇਸ਼ਕੋਵਾ ਨੂੰ

ਅਗਸਤ ਦਾ ਅੰਤ ਜਾਂ ਸਤੰਬਰ ਦਾ ਮੁੱਢ, 1906,
ਆਦਿਰੋਨਡਾਕਸ।

ਮੈਂ ਤੈਨੂੰ ਇੱਕ ਚਿੱਠੀ ਭੇਜੀ ਸੀ ਅਤੇ ਤੇਰੇ ਬੱਚਿਆਂ ਦੀਆਂ ਤਸਵੀਰਾਂ ਨਾਲ਼ ਚਿੱਠੀ ਮੈਨੂੰ ਮਿਲ਼ ਗਈ ਹੈ। ਐਨ ਸਮੇਂ ਸਿਰ।

ਮੈਕਸਿਮ ਦੀਆਂ ਅੱਖਾਂ ਦਿਲਚਸਪ ਹਨ ਅਤੇ ਉਹ ਖ਼ੂਬਸੂਰਤ ਵੀ ਜ਼ਰੂਰ ਹੋਣਗੀਆਂ। ਉਸਨੂੰ ਦੱਸੀਂ ਕਿ ਮੈਂ ਉਸ ਲਈ ਅਸਲੀ ਰੈੱਡ ਇੰਡੀਅਨ ਤੀਰ ਤੇ ਕਮਾਨ ਲੈ ਕੇ ਆਵਾਂਗਾ ਜੇ ਮੈਨੂੰ ਲੱਭ ਸਕਿਆ ਅਤੇ ਕੁੱਝ ਅਮਰੀਕੀ ਤਿਤਲੀਆਂ ਵੀ, ਇੱਥੇ ਇਹ ਬਹੁਤ ਹੀ ਸੁੰਦਰ ਹਨ। ਇੱਥੇ ਹਰ ਕੋਈ ਚੀਜ਼ ਸੁੰਦਰ ਨਹੀਂ, ਕਿਉਂ ਜੋ ਹਰ ਖ਼ੂਬਸੂਰਤ ਚੀਜ਼ ਇੱਥੇ ਯੂਰਪ ਤੋਂ ਆਉਂਦੀ ਹੈ। ਅਮਰੀਕਾ ਆਪ ਅਜੇ ਸੁੰਦਰਤਾ ਦੇ ਅਰਥ ਸਮਝਣ ਦੇ ਪੱਖੋਂ ਬਹੁਤ ਛੋਟੀ ਉਮਰ ਦਾ ਹੈ। ਅਮਲੀ ਤੌਰ ’ਤੇ ਮੈਂ ਕੈਨੇਡਾ ਦੀ ਸਰਹੱਦ ਉੱਤੇ ਰਹਿੰਦਾ ਹਾਂ ਅਤੇ ਮੈਂ ਦਿਉਖੋਬੋਰੀ ਫਿਰਕੇ ਅਤੇ ਰੈੱਡ ਇੰਡੀਅਨਾਂ ਨੂੰ ਵੇਖਣ ਲਈ ਜ਼ਰੂਰ ਜਾਵਾਂਗਾ। ਇੰਡੀਅਨ ਅਤੇ ਨੀਗਰੋ ਇੱਥੋਂ ਦੇ ਬਹੁਤ ਹੀ ਦਿਲਚਸਪ ਲੋਕ ਹਨ, ਜਿੱਥੋਂ ਤੱਕ ਖ਼ੁਦ ਅਮਰੀਕਾ ਦਾ ਸਬੰਧ ਹੈ ਉਹ ਆਪਣੀ ਅਚੰਭਾਜਨਕ ਅਣਜਾਣਤਾ ਅਤੇ ਪੈਸੇ ਲਈ ਆਪਣੇ ਨਿਰਾਸ਼ਾਜਨਕ ਲਾਲਚ ਦੇ ਕਾਰਨ ਕੇਵਲ ਅਲੋਕਾਰ ਲੋਕ ਹਨ।

ਇੰਜ ਜਾਪਦਾ ਹੈ ਕਿ ਮੈਂ ਪ੍ਰਧਾਨਗੀ ਲਈ ਇੱਕ ਸੰਭਾਵੀ ਉਮੀਦਵਾਰ ਨਾਲ਼ ਅਦਾਲਤੀ ਮੁਕੱਦਮੇ ਵਿੱਚ ਉੱਲਝ ਜਾਵਾਂਗਾ ਜਿਸ ਦੇ ਵਿਰੁੱਧ ਮੈਂ ਧੋਖਾਦੇਹੀ ਦਾ ਮੁਕੱਦਮਾ ਕਰਨਾ ਚਾਹੁੰਦਾ ਹਾਂ।

ਜੇ ਤੂੰ ਕੇਵਲ ਜਾਣ ਸਕੇਂ ਜਾਂ ਵੇਖ ਸਕੇਂ ਕਿ ਮੈਂ ਇੱਥੇ ਕਿਵੇਂ ਰਹਿੰਦਾ ਹਾਂ! ਤੂੰ ਹੱਸ ਹੱਸ ਕੇ ਮਰ ਜਾਏਂਗੀ ਜਾਂ ਚੁੱਪ ਚਾਪ ਵੇਖਦੀ ਰਹਿ ਜਾਏਂਗੀ। ਮੈਂ ਇਸ ਦੇਸ਼ ਵਿੱਚ ਬਹੁਤ ਹੀ ਹੌਲਨਾਕ ਵਿਅਕਤੀ ਹਾਂ ਤੇ ਜਿਵੇਂ ਇੱਕ ਅਖ਼ਬਾਰ ਲਿਖਦਾ ਹੈ: “ਦੇਸ਼ ਨੇ ਕਦੇ ਵੀ ਅਜਿਹੀ ਨਮੋਸ਼ੀ ਤੇ ਬੇਹੁਰਮਤੀ ਨਹੀਂ ਸੀ ਵੇਖੀ ਜਿਹੋ ਜਿਹੀ ਹੁਣ ਇਸ ਪਾਗਲ ਰੂਸੀ ਅਰਾਜਕਤਾਵਾਦੀ ਵੱਲੋਂ ਇਸ ਦੇ ਸਿਰ ਮੜ੍ਹੀ ਗਈ ਹੈ ਜੋ ਬਿਨਾਂ ਕਿਸੇ ਸ਼ਿਸ਼ਟਾਚਾਰ ਦੇ ਜੰਮਿਆ ਸੀ ਜਿਹੜਾ ਮਜ਼੍ਹਬ, ਕਾਨੂੰਨ ਤੇ ਜ਼ਾਬਤੇ ਅਤੇ ਆਖ਼ਰੀ ਪਰ ਜ਼ਰੂਰੀ ਲੋਕਾਂ ਪ੍ਰਤੀ ਘਿਰਣਾ ਨਾਲ਼ ਹਰ ਕਿਸੇ ਨੂੰ ਹੈਰਾਨ ਕਰਦਾ ਹੈ।” ਇੱਕ ਹੋਰ ਅਖ਼ਬਾਰ ਨੇ ਸੈਨੇਟ ਦੇ ਨਾਂਅ ਅਪੀਲ ਪ੍ਰਕਾਸ਼ਤ ਕੀਤੀ ਹੈ ਕਿ ਮੈਨੂੰ ਦੇਸ਼ੋਂ ਬਾਹਰ ਕੱਢ ਦਿੱਤਾ ਜਾਵੇ। ਉਤੇਜਨਾ ਪੈਦਾ ਕਰਨ ਵਾਲ਼ੇ ਅਖ਼ਬਾਰ ਝਲਿਆਏ ਹੋਏ ਹਨ।

ਮੇਰੇ ਵਿਰੁੱਧ ਬਹੁਤ ਹੀ ਜ਼ੋਰਦਾਰ ਹਮਲੇ ਅਸਲ ਵਿੱਚ ਉਸ ਘਰ ਦੇ ਬੂਹੇ ਉੱਤੇ ਚਿਪਕਾਏ ਜਾਂਦੇ ਹਨ ਜਿਸ ਵਿੱਚ ਮੈਂ ਰਹਿੰਦਾ ਹਾਂ। ਇੱਥੋਂ ਤੱਕ ਕਿ ਤੈਨੂੰ ਵੀ ਨਹੀਂ ਬਖਸ਼ਿਆ ਜਾਂਦਾ।

ਇਸ ਸਭ ਕੁੱਝ ਦੇ ਬਾਵਜੂਦ ਤੈਨੂੰ ਪਤਾ ਹੋਣਾ ਚਾਹੀਦਾ ਹੈ, ਅਖ਼ਬਾਰ ਮੰਗਤਿਆਂ ਵਾਂਗ ਮੇਰੇ ਲੇਖਾਂ ਲਈ ਰੌਲ਼ਾ ਪਾਉਂਦੇ ਹਨ। ਇਹ ਇੱਕ ਚੰਗਾ ਕਾਰੋਬਾਰ ਹੈ ਅਤੇ ਚੰਗੇ ਕਾਰੋਬਾਰ ਦਾ ਅਰਥ ਏਥੇ ਹਰ ਚੀਜ਼ ਹੈ।

ਕੀ ਮੈਂ ਤੈਨੂੰ ਦੱਸ ਚੁੱਕਿਆ ਹਾਂ ਕਿ ਨਿਊਯਾਰਕ ਬਾਰੇ ਮੇਰੇ ਲੇਖ ਦੇ ਵਿਰੁੱਧ 1200 ਰੋਸ ਪ੍ਰਗਟ ਕੀਤੇ ਗਏ ? ਸੈਨੇਟਰਾਂ ਵੱਲੋਂ ਵੀ। ਮੈਂ ਕਿਆਸ ਕਰ ਸਕਦਾ ਹਾਂ ਕਿ ਉਦੋਂ ਕੀ ਵਾਪਰੇਗਾ ਜਦੋਂ ਮੇਰੀਆਂ ਮੁਲਾਕਾਤਾਂ ਅਤੇ ਅਮਰੀਕਾ ਬਾਰੇ ਦੂਜੇ ਲੇਖ ਪ੍ਰਕਾਸ਼ਤ ਹੋਏ !

ਮੈਂ ਇੱਕ ਜੰਗਲ ਵਿੱਚ ਇਕਾਂਤਮਈ ਥਾਂ ’ਤੇ ਰਹਿੰਦਾ ਹਾਂ, ਇਹ ਏਲਿਜ਼ਬੇਥ ਟਾਊਨ ਤੋਂ ਜੋ ਸਭ ਤੋਂ ਨੇੜਲਾ ਕਸਬਾ ਹੈ, 18 ਮੀਲ ਦੀ ਦੂਰੀ ’ਤੇ ਹੈ, ਪਰ ਫਿਰ ਵੀ ਅਮਰੀਕਨ ਮੈਨੂੰ ਵੇਖਣ ਲਈ ਇੱਥੇ ਆਉਂਦੇ ਰਹਿੰਦੇ ਹਨ। ਉਹ ਮੇਰੇ ਘਰ ਵਿੱਚ ਆਉਣ ਤੋਂ ਡਰਦੇ ਹਨ—ਮੇਰੇ ਨਾਲ਼ ਜਾਣ ਪਹਿਚਾਣ ਸ਼ਾਇਦ ਉਹਨਾਂ ਨੂੰ ਸ਼ੱਕੀ ਬਣਾਉਂਦੀ ਹੋਵੇ ਅਤੇ ਇਸ ਲਈ ਉਹ ਮੈਨੂੰ ਮਿਲ਼ਣ ਦਾ ਮੌਕਾ ਲੱਭਣ ਲਈ ਜੰਗਲ ਵਿੱਚ ਏਧਰ ਉੱਧਰ ਫਿਰਦੇ ਰਹਿੰਦੇ ਹਨ। ਘਰ ਵਿੱਚ ਅਸੀਂ ਪੰਜ ਜਣੇ ਹਾਂ: ਮੈਂ, ਜ਼ੀਨਾ ਇੱਕ ਰੂਸੀ ਜੋ ਮੇਰੇ ਨਾਲ਼ ਇੱਕ ਸਕੱਤਰ ਵਜੋਂ ਕਾਇਮ ਸੀ, ਭੌਤਿਕ ਵਿਗਿਆਨ ਦਾ ਇੱਕ ਪ੍ਰੋਫੈਸਰ ਅਤੇ ਮਿਸ ਬਰੁੱਕਸ ਇੱਕ ਵਧੀਆ ਬੁੱਢ-ਕੁਆਰੀ। ਸਾਡੇ ਕੋਲ਼ ਕੋਈ ਨੌਕਰ ਨਹੀਂ, ਅਸੀਂ ਆਪਣੀ ਖ਼ੁਰਾਕ ਆਪ ਤਿਆਰ ਕਰਦੇ ਹਾਂ ਅਤੇ ਹਰ ਕੰਮ ਆਪ ਕਰਦੇ ਹਾਂ। ਮੈਂ ਪਲੇਟਾਂ ਸਾਫ ਕਰਦਾ ਹਾਂ, ਜ਼ੀਨਾ ਘੋੜੇ ’ਤੇ ਸੁਆਰ ਹੋ ਕੇ ਸ਼ਹਿਰੋਂ ਖਾਣ ਪੀਣ ਦੀਆਂ ਚੀਜ਼ਾਂ ਲਿਆਉਂਦੀ ਹੈ, ਪ੍ਰੋਫੈਸਰ ਚਾਹ ਤੇ ਕਾਫ਼ੀ ਬਣਾਉਂਦਾ ਹੈ ਅਤੇ ਹਰ ਕੋਈ ਕੁੱਝ ਨਾ ਕੁੱਝ ਕਰਦਾ ਹੈ। ਕਈ ਵਾਰ ਮੈਂ ਖਾਣਾ ਤਿਆਰ ਕਰਦਾ ਹਾਂ—ਮੈਂ ਪੇਲਮੇਨੀ, ਜਾਂ ਗੋਭੀ ਦਾ ਸ਼ੋਰਬਾ ਜਾਂ ਕੁੱਝ ਹੋਰ ਬਣਾਉਂਦਾ ਹਾਂ। ਅਸੀਂ ਸਵੇਰੇ ਸੱਤ ਵਜੇ ਉੱਠਦੇ ਹਾਂ, ਮੈਂ ਅੱਠ ਵਜੇ ਤੋਂ 12 ਵਜੇ ਤੱਕ ਕੰਮ ਕਰਦਾ ਹਾਂ। ਇੱਕ ਵਜੇ ਦੁਪਹਿਰ ਅਸੀਂ ਖਾਣਾ ਖਾਂਦੇ ਹਾਂ, ਚਾਰ ਵਜੇ ਚਾਹ ਤੇ ਰਾਤ ਦਾ ਖਾਣਾ ਅੱਠ ਵਜੇ, ਇਸ ਦੇ ਮਗਰੋਂ ਮੈਂ ਫਿਰ ਅੱਧੀ ਰਾਤ ਤੱਕ ਕੰਮ ਕਰਦਾ ਹਾਂ। ਰੂਸੀ ਕਾਮਰੇਡ ਇੱਕ ਸੰਗੀਤ ਸਕੂਲ ਦਾ ਗਰੈਜੂਏਟ ਹੈ ਅਤੇ ਉਹ ਪਿਆਨੋ ਬਹੁਤ ਵਧੀਆ ਵਜਾਉਂਦਾ ਹੈ। ਅਸੀਂ 6 ਤੋਂ 7-30 ਵਜੇਂ ਤੱਕ ਮਨੋਰੰਜਨ ਕਰਦੇ ਹਾਂ। ਇਸ ਸਮੇਂ ਅਸੀਂ ਸਕੈਂਡੀਨੇਵੀਅਨ ਸੰਗੀਤ—ਗਰੀਗ, ਓਲੇ ਓਲਸੇਨ, ਲਿਊਡਵਿਗ ਸ਼ੀਤੇ ਤੇ ਹੋਰ—ਦਾ ਅਧਿਅਨ ਕਰ ਰਹੇ ਹਾਂ।

ਮੈਂ ਆਪਣੀਆਂ ਸਾਰੀਆਂ ਚੀਜ਼ਾਂ ਅਮਰੀਕਾ ਰਸਾਲਿਆਂ ਨੂੰ 16 ਸੈਂਟ ਪ੍ਰਤੀ ਇੱਕ ਸ਼ਬਦ ਦੇ ਹਿਸਾਬ ਵੇਚ ਦਿੱਤੀਆਂ ਹਨ, ਜਿਨ੍ਹਾਂ ਦੀ ਰਕਮ 30000 ਅੱਖਰਾਂ ਦੇ ਹਿਸਾਬ ਨਾਲ਼ ਕੋਈ ਦੋ ਹਜ਼ਾਰ ਡਾਲਰ ਬਣਦੀ ਹੈ। ਜਦੋਂ ਕੋਈ ਕੰਮ ਵਿੱਚ ਰੁੱਝਿਆ ਹੋਵੇ ਤਾਂ ਸਮਾਂ ਤੇਜ਼ੀ ਨਾਲ਼ ਉੱਡਦਾ ਜਾਂਦਾ ਹੈ।

ਮੈਂ ਦੂਜਿਆਂ ਤੋਂ ਵੱਖਰਾ ਦਾਨਿਆਂ ਦੇ ਇੱਕ ਵੱਡੇ ਕੋਠੇ ਵਿੱਚ ਰਹਿੰਦਾ ਹਾਂ, ਜੋ ਛੱਤ ਤੋਂ ਬਿਨਾਂ ਹੈ ਤੇ ਉਸ ਵਿੱਚ ਲੋਹੇ ਦਾ ਚੁੱਲ੍ਹਾ ਹੈ। ਦੋ ਕੰਧਾਂ ਵੱਡੇ ਸ਼ੀਸ਼ੇ ਦੇ ਫਰੇਮ ਹਨ ਜੋ ਉਤਾਂਹ

ਉਠਾਏ ਜਾ ਸਕਦੇ ਹਨ, ਇਹ ਮੈਂ ਉਦੋਂ ਕਰਦਾ ਹਾਂ ਜਦੋਂ ਸੌਣ ਲੱਗਦਾ ਹਾਂ। ਲਿਖਣ-ਮੇਜ਼ ਦੇ ਸਾਹਮਣੇ ਬਹੁਤ ਲੰਮਾ ਸਮਾਂ ਬੈਠਣ ਨਾਲ਼ ਮੇਰੀ ਪਿੱਠ ਦਰਦ ਕਰਦੀ ਹੈ। ਕਈ ਵਾਰ ਮੇਰੇ ਲਈ ਸਾਹ ਲੈਣਾ ਔਖਾ ਹੋ ਜਾਂਦਾ ਹੈ, ਮੇਰਾ ਭਾਰ ਬਹੁਤ ਘੱਟ ਗਿਆ ਹੈ, ਗਰਮੀ ਨਾਲ਼ ਝੁਲਸ ਗਿਆ ਹਾਂ ਤੇ ਮੈਂ ਆਪਣੇ ਸਿਰ ਦੀ ਹਜ਼ਾਮਤ ਕਰ ਦਿੱਤੀ ਹੈ। ਪਰ ਸਮੁੱਚੇ ਤੌਰ 'ਤੇ ਮੇਰੀ ਸਿਹਤ ਅਜੇ ਕੰਮ ਚਲਾਉਣ ਦੇ ਯੋਗ ਹੈ।

ਸਾਡੇ ਤੋਂ ਥੋੜ੍ਹੀ ਦੂਰ ਇੱਕ ਫ਼ਿਲਾਸਫ਼ੀ ਦਾ ਸਕੂਲ ਹੈ ਜੋ ਕੇਵਲ ਗਰਮੀਆਂ ਵਿੱਚ ਹੀ ਲੱਗਦਾ ਹੈ—ਸਾਲ ਵਿੱਚ ਤਿੰਨ ਮਹੀਨੇ। ਇਸ ਦੀ ਨੀਂਹ ਪ੍ਰੋਫ਼ੈਸਰ ਡੀਵੇ ਨੇ ਰੱਖੀ ਸੀ। ਇਸ ਅਧਿਅਨ ਲਈ ਕੋਈ ਬਾਕਾਇਦਾ ਕੋਰਸ ਨਹੀਂ ਹੈ ਅਤੇ ਜਿਹੜਾ ਵੀ ਇੱਥੇ ਹੁੰਦਾ ਹੈ ਉਹ ਲੈਕਚਰ ਪੜ੍ਹਦਾ ਹੈ। ਪਿਛਲੇ ਦਿਨ ਇੱਥੇ ਪ੍ਰੋਫ਼ੈਸਰ ਜੇਮਜ਼ ਦਾ ਲੈਕਚਰ ਸੀ, ਉਹ ਇੱਕ ਮਨੋਵਿਗਿਆਨੀ ਹੈ, ਜਿਸ ਨੂੰ ਇੱਥੇ ਬਹੁਤ ਹੀ ਗਿਆਨਵਾਨ ਸਮਝਿਆ ਜਾਂਦਾ ਹੈ। ਮੈਂ ਉਸ ਨੂੰ ਮਿਲ਼ਿਆ ਸਾਂ, ਉਹ ਇੱਕ ਸਾਊ ਬੁੱਢਾ ਹੈ। ਗਿਡਿੰਗਜ਼ ਇੱਕ ਸਮਾਜ ਵਿਗਿਆਨੀ ਵਧੀਆ ਬੰਦਾ ਹੈ, ਮੈਂ ਉਸਨੂੰ ਆਪਣਾ ਦੋਸਤ ਬਣਾ ਲਿਆ ਹੈ।

ਅੰਗਰੇਜ਼ ਲੋਕਾਂ ਦਾ ਸੱਭਿਆਚਾਰ ਇੱਕ ਬਹੁਤ ਹੀ ਦਿਲਚਸਪ ਚੀਜ਼ ਹੈ। ਜਿਹੜੀ ਗੱਲ ਮੈਨੂੰ ਹੈਰਾਨ ਕਰਦੀ ਹੈ, ਉਹ ਇਹ ਹੈ ਕਿ ਇਸ ਵਿੱਚ ਨਿਪਟ ਆਤਮਕ ਗੁਲਾਮੀ ਦੇ ਨਾਲ਼ ਨਾਲ਼ ਰਾਜਨੀਤਕ ਅਜ਼ਾਦੀ ਮੌਜੂਦ ਹੈ। ਫੌਜੀ ਦਸਤੇ ਉਹਨਾਂ ਲਈ ਜ਼ਿੰਦਗੀ ਦਾ ਸਾਹ ਹਨ ਅਤੇ ਉਹ ਅਧਿਕਾਰੀਆਂ ਦੀ ਜਾਂਗਲੀਆਂ ਵਾਂਗ ਪੂਜਾ ਕਰਦੇ ਹਨ।

ਪਰਸੋਂ ਕੋਈ ਜੌਹਨ ਮਾਰਟਿਨ ਲਗਭਗ ਸੌ ਬੰਦਿਆਂ ਨਾਲ਼ ਇੱਥੇ ਆ ਰਿਹਾ ਹੈ, ਮੇਰਾ ਖਿਆਲ ਹੈ ਉਹ ਫੈਬੀਅਨ ਸੋਸ਼ਲਿਸਟ ਹਨ। ਮੈਂ ਉਹਨਾਂ ਨੂੰ ਮਿਲ਼ਾਂਗਾ। ਉਹ ਮੇਰੇ ਘਰ ਚਾਹ 'ਤੇ ਆ ਰਹੇ ਹਨ।

ਸੋ, ਮੇਰੇ ਜੀਵਣ ਢੰਗ ਤੇ ਮੇਰੇ ਵਿਚਾਰਾਂ ਲਈ ਇਤਨਾ ਹੀ ਕਾਫ਼ੀ ਹੈ। ਭਾਵੇਂ, ਇਹ ਮੇਰੇ ਸਾਰੇ ਵਿਚਾਰ ਸਹੀ ਹਨ! ਦਿਮਾਗ ਇੱਥੇ ਬੜੀ ਸਰਗਰਮੀ ਨਾਲ਼ ਕੰਮ ਕਰਦਾ ਹੈ, ਮੈਂ ਹਰ ਸਮੇਂ ਇੱਕ ਬੜੀ ਉਤੇਜਨਾ ਤੇ ਜੋਸ਼ ਦੀ ਹਾਲਤ ਵਿੱਚ ਰਹਿੰਦਾ ਹਾਂ, ਮੇਰੇ ਕੋਲ਼ ਅਮੁੱਕ ਕੰਮ ਪਿਆ ਹੈ, ਘੱਟੋ ਘੱਟ 16 ਵਰ੍ਹਿਆਂ ਵਿੱਚ ਮੁਕਾਉਣ ਜੋਗਾ।

ਸਮਾਂ ਹੈ ਕਿ ਮੈਂ ਕਿਸੇ ਗੰਭੀਰ ਕੰਮ ਨੂੰ ਹੱਥ ਵਿੱਚ ਲਵਾਂ, ਹੁਣ ਮੈਂ ਇਹੋ ਮਹਿਸੂਸ ਕਰਦਾ ਹਾਂ, ਕਾਹਲੀ ਵਿੱਚ ਝਰੀਟੀਆਂ ਇਹ ਮੇਰੀਆਂ ਲਿਖਤਾਂ ਬਹੁਤ ਹੀ ਥੋੜ੍ਹੇ ਗੁਣ ਵਾਲ਼ੀਆਂ ਹਨ।

ਚੰਗਾ, au revoir, ਮੇਰੇ ਮਿਹਰਵਾਨ ਦੋਸਤ। ਹਰ ਗੱਲ ਲਈ ਆਪਣੇ ਦਿਲ ਦੀ ਡੂੰਘਾਈ ਵਿੱਚੋਂ ਮੁੜ ਧੰਨਵਾਦ।

ਤੇਰੇ ਕੋਲ਼ ਪੁੱਜਣ ਵਿੱਚ ਇਸ ਚਿੱਠੀ ਨੂੰ 15 ਦਿਨ ਲੱਗਣਗੇ ਅਤੇ ਤੇਰਾ ਜਵਾਬ ਆਉਣ ਵਿੱਚ ਹਰ ਪੰਦਰਾਂ ਦਿਨ।

ਜਵਾਬ ਦੇਣ ਦੀ ਮਿਹਰਬਾਨੀ ਕਰਨੀ। ਮੈਂ ਇਹ ਥਾਂ ਅਕਤੂਬਰ ਦੇ ਮੁੱਢ ਵਿੱਚ ਛੱਡ ਜਾਵਾਂਗਾ — ਇਸ ਦਾ ਫੈਸਲਾ ਹੋ ਗਿਆ ਹੈ। ਇਸ ਲਈ ਮੈਨੂੰ ਜਵਾਬ ਹੇਠ ਲਿਖੇ ਪਤੇ 'ਤੇ ਦੇਣਾ:

Buhnen — und Buchverlag russischer Autoren J. Ladyschnikow, Berlin W. 15 Uhlandstr, 145.

ਈਵਾਨ ਪਾਵਲੋਵਿਚ ਚਿੱਠੀਆਂ ਮੈਨੂੰ ਭੇਜ ਦੇਵੇਗਾ, ਉਸ ਨੂੰ ਹਰ ਸਮੇਂ ਪਤਾ ਹੁੰਦਾ ਹੈ ਕਿ ਮੈਂ ਕਿੱਥੇ ਹਾਂ।

ਚੰਗਾ, au revoir, ਤੈਨੂੰ ਮਿਲ਼ ਕੇ ਮੈਨੂੰ ਬਹੁਤ ਖੁਸ਼ੀ ਹੋਵੇਗੀ। ਮੇਰੇ ਵੱਲੋਂ ਮੈਕਸਿਮ ਨੂੰ ਚੁੰਮੀ ਦੇਣਾ। ਕੀ ਉਸ ਨੂੰ ਇੰਡੀਅਨਾਂ ਦੀਆਂ ਤਸਵੀਰਾਂ ਵਾਲ਼ੇ ਪੋਸਟ ਕਾਰਡ ਮਿਲ਼ ਰਹੇ ਹਨ ? ਮੈਂ ਉਸ ਨੂੰ ਅਕਸਰ ਭੇਜਦਾ ਰਹਿੰਦਾ ਹਾਂ।

ਤੇਰੇ ਲਈ ਸਭ ਤੋਂ ਵਧੀਆ ਗੱਲ ਦੀ ਕਾਮਨਾ ਕਰਦਾ ਹਾਂ। ਕਿਸੇ ਵੀ ਗੱਲ ਤੋਂ ਪਹਿਲਾਂ ਸਹਿਣਸ਼ੀਲਤਾ ਤੇ ਹਿੰਮਤ ਦੀ ਕਾਮਨਾ ਕਰਦਾ ਹਾਂ। ਇਹ ਸਾਰਿਆਂ ਨਾਲ਼ੋਂ ਵਧੀਆ ਤੇ ਵੱਡਮੁੱਲੀ ਚੀਜ਼ ਹੈ।

ਤੇਰਾ, ਏ.

*****

ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

1. ਮੇਰਾ ਬਚਪਨ (ਨਾਵਲ) (ਮੈਕਸਿਮ ਗੋਰਕੀ)	80.00
2. ਮੇਰੇ ਸ਼ਗਿਰਦੀ ਦੇ ਦਿਨ (ਨਾਵਲ) (ਮੈਕਸਿਮ ਗੋਰਕੀ)	100.00
3. ਮੇਰੇ ਵਿਸ਼ਵ-ਵਿਦਿਆਲੇ (ਨਾਵਲ) (ਮੈਕਸਿਮ ਗੋਰਕੀ)	70.00
4. ਪ੍ਰੇਮ, ਪਰੰਪਰਾ ਅਤੇ ਵਿਦਰੋਹ (ਕਾਤਿਆਇਨੀ)	20.00
5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖ਼ਤ)	15.00
6. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ	15.00
7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ	10.00
8. ਪਹਿਲਾ ਅਧਿਆਪਕ (ਨਾਵਲੈੱਟ—ਚੰਗੀਜ਼ ਆਇਤਮਾਤੋਵ)	20.00
9. ਸ਼ੋਲੋਖੋਵ ਦੀਆਂ ਕਹਾਣੀਆਂ	30.00
10. ਸ਼ਾਂਤ ਸਰਘੀ ਵੇਲਾ (ਨਾਵਲ—ਬੋਰਿਸ ਵਾਸੀਲਿਯੇਵ)	30.00
11. ਭਾਂਜ (ਨਾਵਲ—ਐਲੈਗਜ਼ਾਂਦਰ ਫ਼ਦੇਯੇਵ)	100.00
12. ਫ਼ੌਲਾਦੀ ਹੜ੍ਹ (ਨਾਵਲ—ਅਲੈਗਜ਼ਾਂਦਰ ਸਰਾਫ਼ੀਮੋਵਿਚ)	100.00
13. ਇਕਤਾਲ਼ੀਵਾਂ (ਨਾਵਲੈੱਟ—ਬੋਰਿਸ ਲਵਰੇਨਿਓਵ)	30.00

‘ਦਸਤਕ ਪ੍ਰਕਾਸ਼ਨ’ ਇੱਕ ਗੈਰ ਵਪਾਰਕ ਅਦਾਰਾ ਹੈ। ਇਹ ਪ੍ਰਕਾਸ਼ਨ ਮੁਨਾਫ਼ੇ ਲਈ ਨਹੀਂ, ਸਗੋਂ ਸਮਾਜ ਵਿੱਚ ਚੇਤਨਾ ਦੇ ਪਸਾਰੇ ਲਈ ਕਿਤਾਬਾਂ ਛਾਪਦਾ ਹੈ। ਇਹ ਪ੍ਰਕਾਸ਼ਨ ਸਰਕਾਰ, ਸਾਮਰਾਜੀ ਫੰਡਿੰਗ ਏਜੰਸੀਆਂ, ਪ੍ਰਸ਼ਾਸਨ, ਪੂੰਜੀਪਤੀ ਘਰਾਣਿਆਂ, ਸੰਸਦੀ ਸਿਆਸੀ ਪਾਰਟੀਆਂ ਜਾਂ ਕਿਸੇ ਤੋਂ ਕੋਈ ਵੀ ਸ਼ਰਤੀਆ ਵਿੱਤੀ ਮਦਦ ਨਹੀਂ ਲੈਂਦਾ। ਇਹ ਪ੍ਰਕਾਸ਼ਨ ਆਮ ਕਿਰਤੀ ਲੋਕਾਂ, ਵਿਦਿਆਰਥੀਆਂ-ਨੌਜਵਾਨਾਂ, ਲੋਕ-ਪੱਖੀ ਬੁੱਧੀਜੀਵੀਆਂ ਦੇ ਸਹਿਯੋਗ ਨਾਲ਼ ਕਿਤਾਬਾਂ ਛਾਪਦਾ ਹੈ। ਕਿਤਾਬਾਂ ਦੇ ਪ੍ਰਕਾਸ਼ਨ ਅਤੇ ਵੰਡ ਦੇ ਪੂਰੇ ਪ੍ਰਬੰਧ ਵਿੱਚ ਕੋਈ ਵੀ ਤਨਖਾਹਦਾਰ ਮੁਲਾਜ਼ਮ ਨਹੀਂ ਹੈ। ਇਹ ਪੂਰਾ ਪ੍ਰਾਜੈਕਟ ਸਮਾਜਿਕ ਤਬਦੀਲੀ ਲਈ ਸਮਰਪਿਤ ਵਲੰਟੀਅਰਾਂ ਦੇ ਦਮ ’ਤੇ ਅੱਗੇ ਵੱਧ ਰਿਹਾ ਹੈ।



ਦਸਤਕ ਪ੍ਰਕਾਸ਼ਨ
ਲੁਧਿਆਣਾ

ਕੀਮਤ
` 80.00